ISSN 2278-5167
www.shabaduk.co.uk

16

# ਸ਼ਬਦ

ਸਪਲੀਮੈਂਟ

ਮੁੱਲ 50 ਰੁਪਏ
ਅਕਤੂਬਰ 2020



ਜਗਰੂਪ ਸਿੰਘ ਦਾਤੇਵਾਸ ਵਿਸ਼ੇਸ਼ ਅੰਕ



ਜਗਰੂਪ ਸਿੰਘ ਦਾਤੇਵਾਸ ਆਪਣੀ ਵੱਡੀ ਬੇਟੀ ਪੁਨੀਤ ਸਿੰਘ ਨਾਲ

ਸਾਹਿਤ, ਕਲਾ ਤੇ ਸਭਿਆਚਾਰ ਦਾ ਅੰਤਰਰਾਸ਼ਟਰੀ ਤ੍ਰੈਮਾਸਿਕ

*SHABAD is an International Quarterly of Literature, Art and Culture*

# ਸ਼ਬਦ

ਸਪਲੀਮੈਂਟ

**ਸਾਲ : 23** **ਅਕਤੂਬਰ, 2020 (ਜਗਰੂਪ ਸਿੰਘ ਦਾਤੇਵਾਸ ਵਿਸ਼ੇਸ਼ ਅੰਕ)**

Website : www.shabaduk.co.uk

*ਮੁੱਖ ਸੰਪਾਦਕ*

**ਹਰਮਹਿੰਦਰ ਚਹਿਲ**

7305, Sterling Grove Dr., Springfield VA 22150 U.S.A.

Ph. 001-703-362-3239

Email : Chahals57@Yahoo.com

*ਸੰਪਾਦਕ*

**ਹਰਜੀਤ ਅਟਵਾਲ**

67, Hillside Road, Southall, Middlesex , England. UB1 2PE

Ph. : 020-85780393 Mobile : 07782-265726

e mail: harjeetatwal@yahoo.co.uk

harjeetatwal@hotmail.co.uk

**ਜਿੰਦਰ**

984, Rajput Nagar, Near Surinder Welding Works,

Model House, Jalandhar-144003

Mobile : 98148 03254

Email : jinder340@gmail.com

ਇੰਡੀਆ ਵਿੱਚ 'ਸ਼ਬਦ' ਲਈ ਸਹਿਯੋਗ ਰਾਸ਼ੀ ਬੈਂਕ ਵਿੱਚ Saiffi ਦੇ ਨਾਂ ਭੇਜੀ ਜਾਵੇ।
Saiffi, Bank Of India, Account No 640410100003680, IFSC No BKID0006404. Branch Satluj Markeet , Jalandhar

**ਵਿਸ਼ੇਸ਼ ਨੋਟ :** ਚੈੱਕ, ਬੈਂਕ ਡਰਾਫਟ 'ਤੇ ਕੇਵਲ Saiffi ਲਿਖਿਆ ਹੋਣਾ ਚਾਹੀਦਾ ਹੈ।

***ਚੰਦਾ :*** 200 ਰੁ: ਸਾਲਾਨਾ, 20 ਪੌਂਡ ਸਾਲਾਨਾ, 40 ਡਾਲਰ ਸਾਲਾਨਾ,

***ਲਾਈਫ ਮੈਂਬਰਸ਼ਿਪ :*** ਪੰਜ ਹਜ਼ਾਰ ਰੁਪਏ

ਨੋਟ : 'ਅਦਾਰਾ ਸ਼ਬਦ' ਦਾ ਲੇਖਕਾਂ ਦੇ ਵਿਚਾਰਾਂ ਨਾਲ ਸਹਿਮਤ ਹੋਣਾ ਜ਼ਰੂਰੀ ਨਹੀਂ।
ਕੋਈ ਵੀ ਕਾਨੂੰਨੀ ਕਾਰਵਾਈ ਲੰਦਨ ਦੀ ਅਦਾਲਤ 'ਚ ਹੋਵੇਗੀ।

# ਤਤਕਰਾ

**ਮੇਰਾ ਪੰਨਾ** —ਹਰਜੀਤ ਅਟਵਾਲ 5

- **ਜਗਰੂਪ ਸਿੰਘ ਦਾਤੇਵਾਸ ਦੀਆਂ 7 ਕਹਾਣੀਆਂ**

1. ਅੰਟੀ ਨੇ ਠੀਕ ਕਿਹਾ ਸੀ 6
2. ਤਿਕੋਨ 13
3. ਸਿਆਣੀ ਬਣ ਧੀਏ 21
4. ਚੱਲ ਬਰਨਾਲ਼ੇ ਚੱਲੀਏ 34
5. ਬੰਜਰ 42
6. ਦੋ ਦੂਣੀ ਸੱਤ 46
7. ਤਾਇਆ ਪੰਜਾਬ ਸਿੰਘ 54

**ਮਿੱਤਰਾਂ ਦੀ ਨਜ਼ਰ**

1. ਦਰਸ਼ਨ ਸਿੰਘ ਗੋਪਾਲਪੁਰੀ 57
2. ਜਿੰਦਰ 66
3. ਹਰਮਹਿੰਦਰ ਚਹਿਲ 75
4. ਧਰਮ ਕੰਮੇਆਣਾ 77

**ਆਲੋਚਨਾ**

1. ਪਰਮਜੀਤ ਢੀਂਗਰਾ 80
2. ਜੇ. ਬੀ. ਸੇਖੋਂ 88
3. ਡਾ. ਗੁਰਦੀਪ ਸਿੰਘ 96
4. ਪ੍ਰੋ. ਕੰਵਲਜੀਤ ਸਿੰਘ 102
5. ਨਵਜੋਤ ਕੌਰ 109
6. ਰਜਨੀਸ਼ ਕੌਰ 114
7. ਮਨਵੀਰ ਕੌਰ 118

## ਮੇਰਾ ਪੰਨਾ

ਜਦ ਪੰਜਾਬੀ ਸਾਹਿਤ ਵਿੱਚ ਤੀਜੀ ਪੀੜ੍ਹੀ ਦੀ ਕਹਾਣੀ ਅਰੂਜ਼ ’ਤੇ ਸੀ ਤਾਂ ਚਿੰਤਕ ਆਖਦੇ ਕਿ ਇਸ ਤੋਂ ਅੱਗੇ ਦੀ ਹੁਣ ਕਹਾਣੀ ਕੀ ਹੋਵੇਗੀ, ਪਰ ਪਿਛਲੀ ਸਦੀ ਦੇ ਨੱਬਿਵਿਆਂ ਵਿੱਚ ਜਦ ਚੌਥੀ ਪੀੜ੍ਹੀ ਦੇ ਕਹਾਣੀਕਾਰਾਂ ਦੀ ਅਜਿਹੀ ਫ਼ਸਲ ਹੋਈ ਕਿ ਸਾਰੇ ਹੈਰਾਨ ਰਹਿ ਗਏ। ਇਕੋ ਵਕਤ ਦਰਜਨ ਭਰ ਕਹਾਣੀਕਾਰ ਵਧੀਆ ਕਹਾਣੀ ਲਿਖਦੇ ਨਜ਼ਰ ਆਏ। ਇਹਨਾਂ ਵਿੱਚ ਪ੍ਰਮੁੱਖ ਨਾਂ ਤਲਵਿੰਦਰ ਸਿੰਘ, ਸੁਖਜੀਤ, ਬਲਵਿੰਦਰ ਗਰੇਵਾਲ, ਜਗਰੂਪ ਸਿੰਘ ਦਾਤੇਵਾਸ, ਜਿੰਦਰ, ਅਮਨਪਾਲ ਸਾਰਾ ਆਦਿ ਆਉਂਦੇ ਹਨ। ਇਹਨਾਂ ਲੇਖਕਾਂ ਦੀ ਕਹਾਣੀ ਵਿਸ਼ੇ ਤੇ ਵਸਤੂ ਪੱਖੋਂ ਵੱਖਰੀ ਸੀ। ਇਹ ਬਹੁਤ ਸਾਰੇ ਉਹਨਾਂ ਵਿਸ਼ਿਆਂ ਉਪਰ ਲਿਖ ਰਹੇ ਸਨ ਜਿਹਨਾਂ ਉਪਰ ਇਹਨਾਂ ਤੋਂ ਪਹਿਲਾਂ ਵਾਲੀ ਪੀੜ੍ਹੀ ਲਿਖਣ ਤੋਂ ਝਿਜਕਦੀ ਸੀ। ਤੀਜੀ ਪੀੜ੍ਹੀ ਨਵੇਂ ਤਜ਼ਰਬੇ ਕਰਨ ਤੋਂ ਵੀ ਗੁਰੇਜ਼ ਕਰਦੀ ਸੀ ਜੋ ਇਸ ਪੀੜ੍ਹੀ ਨੇ ਕੀਤੇ। ਜਿਥੇ ਵਿਸ਼ੇ ਨਵੇਂ ਸਨ ਉਥੇ ਗੱਲ ਕਹਿਣ ਦਾ ਅੰਦਾਜ਼ ਵੀ ਨਵਾਂ ਸੀ। ਇਸ ਪੀੜ੍ਹੀ ਦਾ ਇਕ ਵਿਲੱਖਣ ਕਹਾਣੀਕਾਰ ਜਗਰੂਪ ਸਿੰਘ ਦਾਤੇਵਾਸ ਸੀ ਜਿਸ ਨੇ ‘ਅੰਟੀ ਨੇ ਠੀਕ ਕਿਹਾ ਸੀ’, ‘ਤਾਇਆ ਪੰਜਾਬ ਸਿੰਘ’, ‘ਬੰਜਰ’, ‘ਦੋ ਦੂਣੀ ਸੱਤ’, ‘ਤਿਕੋਣ’ ਵਰਗੀਆਂ ਕਹਾਣੀਆਂ ਸਿਰਜੀਆਂ, ਜਿਹਨਾਂ ਨੂੰ ਪਾਠਕਾਂ ਵੱਲੋਂ ਬਹੁਤ ਹੀ ਭਰਵਾਂ ਹੁੰਗਾਰਾ ਮਿਲਿਆ ਸੀ। ਜਗਰੂਪ ਸਿੰਘ ਦਾਤੇਵਾਸ ਦਾ ਸਫ਼ਰ ਮਿੰਨੀ ਕਹਾਣੀ ਤੋਂ ਸ਼ੁਰੂ ਹੋਇਆ ਸੀ। ਉਸ ਨੇ ਦੋ ਮਿੰਨੀ ਕਹਾਣੀ ਸੰਗ੍ਰਹਿ ਵੀ ਛਪਾਏ। ਉਸ ਤੋਂ ਬਾਅਦ ਉਸ ਨੂੰ ਮਹਿਸੂਸ ਹੋਇਆ ਕਿ ਮਿੰਨੀ ਕਹਾਣੀ ਵਿੱਚ ਉਹ ਆਪਣੀ ਗੱਲ ਸਹੀ ਤਰੀਕੇ ਨਾਲ ਨਹੀਂ ਕਹਿ ਸਕਦਾ, ਉਹ ਰਵਾਇਤੀ ਪੰਜਾਬੀ ਕਹਾਣੀ ਦੀ ਵਿਧਾ ਵੱਲ ਆ ਗਿਆ। ਇਸ ਵਿਧਾ ਨੂੰ ਉਸ ਨੇ ਬਾਖ਼ੂਬੀ ਨਾਲ ਅਪਣਾਇਆ ਤੇ ਇਸ ਵਿੱਚ ਉਸ ਨੂੰ ਕਾਮਯਾਬੀ ਮਿਲੀ। ਜਗਰੂਪ ਸਿੰਘ ਦਾਤੇਵਾਸ ਵਿੱਚ ਆਪਣੀ ਗੱਲ ਕਹਿਣ ਦੀ ਹਿੰਮਤ ਸੀ। ਉਹ ਤਿੱਖੀ ਗੱਲ ਕਰਦਾ ਸੀ। ਪਰ ਪੰਜਾਬੀ ਕਹਾਣੀ ਦੀ ਬਦਕਿਸਮਤੀ ਕਿ ਉਸ ਨੂੰ ਅਜਿਹੀ ਭਿਆਨਕ ਬਿਮਾਰੀ ਲੱਗੀ ਕਿ ਆਪਣੇ ਨਾਲ ਹੀ ਲੈ ਕੇ ਗਈ। ਜਗਰੂਪ ਸਿੰਘ ਦੀ ਮੌਤ ਦਾ ਪੰਜਾਬੀ ਕਹਾਣੀ ਜਗਤ ਨੇ ਬਹੁਤ ਅਫ਼ਸੋਸ ਮਨਾਇਆ ਸੀ। ਹਾਲੇ ਉਸ ਨੇ ਬਹੁਤ ਸਾਰੀਆਂ ਕਹਾਣੀਆਂ ਲਿਖਣੀਆਂ ਸਨ। ਪੰਜਾਬੀ ਸਾਹਿਤ ਜਗਤ ਵਿੱਚ ਬਹੁਤ ਸਾਰੀਆਂ ਮੱਲਾਂ ਮਾਰਨੀਆਂ ਸਨ। ਜਗਰੂਪ ਸਿੰਘ ਦਾਤੇਵਾਸ ਨਿਰੋਲ ਪੇਂਡੂ ਪਿਛੋਕੜ ਤੋਂ ਆਇਆ ਸੀ, ਜਿਥੇ ਅਨਪੜ੍ਹਤਾ ਦਾ ਬੋਲ ਬਾਲਾ ਹੈ ਪਰ ਆਪਣੀ ਮਿਹਨਤ ਤੇ ਲਗਨ ਸਦਕਾ ਉਹ ਅਗਾਂਹ ਤੋਂ ਅਗਾਂਹ ਪੁਲਾਂਘਾਂ ਪੱਟਦਾ ਗਿਆ। ਪੜ੍ਹਾਈ ਵੀ ਕੀਤੀ ਤੇ ਠੀਕ ਜਿਹੀ ਨੌਕਰੀ ਵੀ ਹਾਸਲ ਕੀਤੀ। ਉਹ ਯਾਰਾਂ ਦਾ ਯਾਰ ਤੇ ਵਧੀਆ ਮੇਜ਼ਬਾਨ ਤੇ ਪਰਿਵਾਰਕ ਆਦਮੀ ਸੀ। ਜਗਰੂਪ ਦਾਤੇਵਾਸ ਵਾਂਗ ਹੀ ਪੰਜਾਬੀ ਸਾਹਿਤ ਦੇ ਕੁਝ ਹੋਰ ਹੀਰੇ ਵੀ ਸਮੇਂ ਤੋਂ ਪਹਿਲਾਂ ਸਾਡੇ ਕੋਲੋਂ ਤੁਰ ਗਏ ਹਨ। ਅਸੀਂ ‘ਸ਼ਬਦ’ ਵੱਲੋਂ ਅਜਿਹੇ ਸਾਹਿਤ ਜਗਤ ਦੇ ਅਸਮਾਨ ਤੋਂ ਟੁੱਟੇ ਤਾਰਿਆਂ ਨੂੰ ਚੇਤੇ ਕਰਨ ਲਈ ਉਹਨਾਂ ਦੀ ਯਾਦ ਵਿੱਚ ਵਿਸ਼ੇਸ਼ ਅੰਕ ਕੱਢਣ ਦਾ ਵਿਚਾਰ ਬਣਾਇਆ ਹੈ। ਇਸ ਲੜੀ ਵਿੱਚ ਅਸੀਂ ਜਗਰੂਪ ਸਿੰਘ ਦਾਤੇਵਾਸ ਦੀ ਯਾਦ ਵਿੱਚ ਇਹ ਵਿਸ਼ੇਸ਼ ਅੰਕ ਕੱਢ ਰਹੇ ਹਾਂ। ਉਮੀਦ ਹੈ ਪਾਠਕਾਂ ਨੂੰ ਪਸੰਦ ਆਏਗਾ।

**—ਹਰਜੀਤ ਅਟਵਾਲ**

# ਅੰਟੀ ਨੇ ਠੀਕ ਕਿਹਾ ਸੀ

ਅੱਧੀ ਰਾਤ ਵਾਲ਼ੀ ਗੱਡੀ ਲੰਘ ਗਈ ਹੈ।

ਲੋਹੜੇ ਦੀ ਗਰਮੀ ਤੇ ਮੱਛਰਾਂ ਦੀ ਭਿਣਕਾਹਟ ਹੈ।

ਕਈ ਦਿਨਾਂ ਤੋਂ ਬਿਜਲੀ ਬੰਦ ਹੈ। ਸ਼ਾਇਦ ਪਿੰਡਾਂ 'ਚ ਏਦਾਂ ਹੀ ਹੁੰਦਾ ਹੋਏਗਾ। ਸ਼ਹਿਰਾਂ 'ਚ ਤਾਂ ਏਦਾਂ ਕਦੇ ਨਹੀਂ ਹੋਇਆ। ਚੁੰਨੀ ਨਾਲ, ਪਈ ਬੱਚੀ ਨੂੰ ਹਵਾ ਝੱਲ ਰਹੀ ਹਾਂ। ਅੱਖ ਲਾਉਣ ਦੀ ਕੋਸ਼ਿਸ਼ ਕਰਦੀ ਹਾਂ ਤਾਂ ਮੱਛਰ ਕੰਨਾਂ 'ਚ ਘੂੰਰੂ ਪਾਉਂਦੇ ਨੇ ਤੇ ਮੇਰਾ ਛਾਤੀ ਤੇ ਟਿਕਿਆ ਹੱਥ ਬੱਚੀ ਨੂੰ ਫਿਰ ਹਵਾ ਝੱਲਣੀ ਸ਼ੁਰੂ ਕਰ ਦਿੰਦਾ ਹੈ। ਡਰਦੀ ਹਾਂ ਕਿ ਜੇ ਬੱਚੀ ਨੂੰ ਮਲੇਰੀਆ ਵਗੈਰਾ ਹੋ ਗਿਆ ਤਾਂ ਰਣਜੀਤ ਦੇ ਅਜੀਬੋ ਗਰੀਬ ਸਵਾਲਾਂ ਦਾ ਸਾਹਮਣਾ ਕਰਨਾ ਪਏਗਾ।

—ਤੂੰ ਕਦੇ ਬੱਚੇ ਨੂੰ ਪਿੰਡੋਂ ਸਹੀ ਸਲਾਮਤ ਵੀ ਲੈ ਆਇਆ ਕਰ ?

—ਬੱਚਿਆਂ ਦੀ ਸ਼ਕਲ ਵਿਗੜ ਜਾਂਦੀ ਹੈ ਪਿੰਡ ਜਾ ਕੇ। ਕੁੜੀ ਦਾ ਰੰਗ ਵੇਖ ਜਿਵੇਂ ਚਮਾਰਾਂ ਦੀ ਹੋਵੇ ?

—ਦੇਖਿਐ, ਇਨ੍ਹਾਂ ਨੂੰ ਗਾਲ਼ਾਂ ਤੋਂ ਬਿਨਾਂ ਕੁੱਝ ਸਿਖਾਅ ਕੇ ਵੀ ਲਿਆਂਦੈ ਕਦੇ ? ਆਪਣੇ ਵਰਗੇ ਕਰ ਲੇ ਇਹ ਤੂੰ।

ਰਣਜੀਤ ਦੇ ਖਰਵ੍ਹੇ ਬੋਲਾਂ 'ਚ ਇੱਕ ਵਾਰੀ ਮੱਛਰਾਂ ਦੀ ਭਿਣਕਾਹਟ ਗੁਆਚ ਜਾਂਦੀ ਹੈ ਤੇ ਮੇਰਾ ਚੁੰਨੀ ਵਾਲਾ ਹੱਥ ਤੇਜ਼ ਚਲਣਾ ਸ਼ੁਰੂ ਹੋ ਜਾਂਦਾ ਹੈ।

ਮੀਨੂੰ ਵੱਲ ਵੇਖਦੀ ਹਾਂ। ਉਹ ਵੱਖੀ ਨਾਲ ਲੱਗੀ ਘੁਰਾੜੇ ਮਾਰ ਰਹੀ ਹੈ। ਮੈਂ ਉਸ ਦੇ ਮੂੰਹ ਤੇ ਪੋਲਾ ਜਿਹਾ ਹੱਥ ਫੇਰਦੀ ਹਾਂ। ਮੇਰਾ ਹੱਥ ਮੁੜ੍ਹਕੇ ਨਾਲ ਭਿੱਜ ਜਾਂਦਾ ਹੈ। ਉਸ ਨੂੰ ਪਾਸਾ ਪਰਤਾਉਂਦੀ ਹਾਂ ਤੇ ਉਹ ਫਿਰ ਮੇਰੇ ਵੱਲ ਉਲਟ ਜਾਂਦੀ ਹੈ ਤੇ ਦੋਵੇਂ ਹੱਥਾਂ ਨਾਲ ਮੈਨੂੰ ਟੋਹਣ ਲੱਗ ਪੈਂਦੀ ਹੈ। ਉਸ ਦੇ ਹੱਥਾਂ ਦੀ ਛੁਹ ਨਾਲ ਮੈਨੂੰ ਨੀਂਦ ਆਉਣ ਲੱਗਦੀ ਹੈ।

ਰਣਜੀਤ ਨੇ ਜ਼ੋਰ ਦੀ ਅੱਡੀ ਮੰਜੀ ਦੀ ਬਾਹੀ ਤੇ ਮਾਰੀ ਤੇ ਉੱਚੀ ਸਾਰੀ ਗਾਲ਼ ਕੱਢੀ। ਮੇਰੇ ਬਦਨ ਨੂੰ ਝਟਕਾ ਜਿਹਾ ਵੱਜਿਆ। ਪਤਾ ਨਹੀਂ ਇੰਜ ਉਸ ਨੇ ਮੇਰਾ ਧਿਆਨ ਆਪਣੇ ਵੱਲ ਖਿੱਚਣ ਲਈ ਕੀਤਾ ਜਾਂ ਮੱਛਰ ਦੇ ਕੱਟਣ ਕਰ ਕੇ। ਉਸ ਨੇ ਬੈਠਾ ਹੋ ਕੇ, ਪੈਰ ਖੁਰਕ ਕੇ ਤੇ ਫਿਰ ਗਾਲ਼ ਕੱਢੀ। ਪਤਾ ਨਹੀਂ ਉਸ ਨੇ ਇੰਜ ਕਰ ਕੇ ਕਿਸ ਤੇ ਗੁੱਸਾ ਕੱਢਿਐ। ਮੇਰੇ ਤੇ ਜਾਂ ਆਪਣੇ ਆਪ ਤੇ।

"ਕੀ ਹੋਇਐ ?" ਮੈਂ ਪੁੱਛਿਆ।

"ਤੇਰੀ ਮਾਂ ਦਾ ਸਿਰ।" ਉਸ ਨੇ ਮੂੰਹ ਪਾਸੇ ਕਰ ਲਿਆ।

"ਮੈਂ ਦੁਆਲ਼ੇ ਨਜ਼ਰ ਘੁਮਾਉਂਦੀ ਹਾਂ। ਤਕਰੀਬਨ ਸਾਰੇ ਹੀ ਜਾਗ ਰਹੇ ਹਨ। ਵੱਡੀ ਭੈਣ ਵੱਲ ਵੇਖਿਆ। ਉਹ ਰਸੋਈ ਦੇ ਦਰਵਾਜ਼ੇ ਕੋਲ ਮੰਜੀ 'ਚ ਪਈ ਪਾਸੇ ਮਾਰ ਰਹੀ ਹੈ। ਸ਼ਾਇਦ ਉਸ ਦੇ ਕੰਨਾਂ 'ਚ ਰਣਜੀਤ ਦੀਆਂ ਗਾਲ਼ਾਂ ਦੀ ਅਵਾਜ਼ ਪਹੁੰਚ ਗਈ ਹੋਵੇ।

ਵੈਸੇ ਵੱਡੀ ਭੈਣ ਕਦੋਂ ਸੁੱਤੀ ਹੈ। ਹਰ ਸਵੇਰ ਉਸ ਦੀਆਂ ਅੱਖਾਂ ਉਸ ਦੇ ਨਾ ਸੌਣ ਦੀ ਗਵਾਹੀ ਭਰਦੀਆਂ ਹਨ। ਉਸ ਦੀਆਂ ਅੱਖਾਂ ਦੀ ਨਮੀ ਉਸ ਦੀ ਉਦਾਸੀ ਦਾ ਸਬੂਤ ਹੈ। ਭਾਵੇਂ ਉਹ ਆਪਣਾ ਦੁੱਖ ਛੁਪਾਉਣ ਦਾ ਲੱਖ ਯਤਨ ਕਰਦੀ ਹੈ, ਪਰ ਘਰ 'ਚ ਕੋਈ ਵੀ ਅਨਜਾਣ ਨਹੀਂ। ਸੱਭ ਉਸ ਦਾ ਅੰਦਰ ਜਾਨਣ ਵਾਲੇ ਨੇ।

ਉਸ ਨੂੰ ਵਿਆਹਿਆਂ ਛੇ ਸਾਲ ਹੋ ਗਏ ਹਨ, ਪਰ ਪੰਜਾਂ ਸਾਲਾਂ ਤੋਂ ਬਾਪੂ ਦੀਆਂ ਦਹਿਲੀਜ਼ਾਂ 'ਚ ਬੈਠੀ ਹੈ। ਜੀਜਾ ਜੀ ਨਾਲ ਅਣਬਣ ਦਾ ਕਾਰਨ ਨਾ ਕਦੇ ਉਸ ਨੇ ਦੱਸਿਆ ਹੈ ਤੇ ਨਾ ਹੀ ਮੇਰੀ ਪੁੱਛਣ ਦੀ ਕਦੇ ਹਿੰਮਤ ਪਈ ਹੈ। ਘਰਦਿਆਂ ਤੇ ਉਸ ਦਾ ਇਸ ਹੱਦ ਤੱਕ ਦੱਬਦਬਾ ਹੈ ਕਿ ਜੋ ਕੁੱਝ ਉਹ ਨਹੀਂ ਦੱਸਣਾ ਚਾਹੁੰਦੀ, ਕਿਸੇ ਦੀ ਕੀ ਹਿੰਮਤ ਹੈ ਕਿ ਪੁੱਛਣ ਦੀ ਜੁਅੱਰਤ ਕਰ ਸਕੇ। ਇੱਕ ਦਿਨ ਉਸ ਨੂੰ ਚਾਚੀ ਕੋਲ ਇੰਨਾ ਕੁ ਕਹਿੰਦਿਆਂ ਜ਼ਰੂਰ ਸੁਣਿਆ ਸੀ— "ਜੇ ਸਿਰਫ਼ ਉਸ ਦੀਆਂ ਰੋਟੀਆਂ ਹੀ ਸੇਕਣੀਆਂ ਨੇ, ਫਿਰ ਬਾਪੂ ਦਾ ਘਰ ਕੀ ਮਾੜੈ ਚਾਚੀ ? ਜੇ ਮੈਂ ਉਸ ਦੀ ਜੁਲੀ 'ਚ ਸੌਣਾ ਨੀਂ, ਵਿਛਾਵਾਂ ਕਿਉਂ ? ਜਿਹੜੀ ਸੌਂਦੀ ਐ, ਉਸ ਤੋਂ ਵਿਛਾਵੇ।" ਉਸ ਦਿਨ ਮੈਂ ਸੋਚਿਆ ਸੀ ਕਿ ਉਹ ਭੈਣ ਦੀ ਜਠਾਣੀ ਹੋਵੇਗੀ— "ਜੇ ਜੂਠ ਹੀ ਖਾਣੀ ਆਂ, ਫਿਰ ਪਿੰਡ ਦੇ ਮੁੰਡੇ ਕੀ ਮਰ ਗੇ ਚਾਚੀਏ। ਜੇ ਉਸ ਨੂੰ ਤੀਵੀਆਂ ਦਾ ਘਾਟਾ ਨੀਂ, ਮੇਰੇ ਵਾਸਤੇ ਕਿਹੜਾ ਕਾਲ਼ੀ ਚਿੱੜੀ ਫਿਰਗੀ।"

ਭੈਣ ਦੀਵਾਰ ਵਾਂਗ ਖੜ੍ਹੀ ਹੈ। ਉਸ ਦੀ ਜਿੱਦ ਉਸ ਤੋਂ ਵੀ ਵੱਡੀ ਹੈ। ਮੈਨੂੰ ਪਤਾ ਹੈ ਉਹ ਬਾਜ਼ੀ ਹਾਰ ਜਾਏਗੀ। ਪਰ ਜਿੱਦ ਨਹੀਂ ਛੱਡੇਗੀ।

ਭੈਣ ਉੱਤੋਂ ਦੀ ਹੁੰਦੀ ਹੋਈ ਮੇਰੀ ਨਿਗਾਹ ਬਾਪੂ ਤੇ ਜਾ ਪਈ ਹੈ— 'ਬਹੁੜੀਂ ਵੇ ਰੱਬਾ' ਕਹਿ ਕੇ ਉਹ ਮੰਜੀ ਤੋਂ ਉੱਠਿਆ ਹੈ।

ਬਾਪੂ ਨੂੰ ਗੋਡਿਆਂ ਦੀ ਤਕਲੀਫ਼ ਹੈ। ਨਾ ਉਹ ਸੌਖਿਆਂ ਬੈਠ ਸਕਦਾ ਹੈ ਤੇ ਨਾ ਹੀ ਖੜ੍ਹਾ ਹੋ ਸਕਦਾ ਹੈ। ਬੈਠਦਾ ਵੀ ਰੱਬ ਨੂੰ ਗਾਲ਼ਾਂ ਕੱਢਣ ਲੱਗ ਪੈਂਦਾ ਹੈ ਤੇ ਉੱਠਦਿਆਂ ਵੀ। ਜਿਵੇਂ ਰੱਬ ਉਸ ਦਾ ਕਰਜ਼ਾਈ ਹੋਵੇ। ਇਸ ਤੋਂ ਬਿਨਾਂ ਉਸ ਨੂੰ ਪਿਸ਼ਾਬ ਦੀ ਤਕਲੀਫ਼ ਵੀ ਹੈ। ਦੱਸ-ਦੱਸ ਮਿੰਟਾਂ ਬਾਅਦ ਉਸ ਨੂੰ ਪਿਸ਼ਾਬ ਕਰਨ ਉੱਠਣਾ ਪੈਂਦਾ ਹੈ। ਕਈ ਵਾਰ ਤਾਂ ਉੱਠਦਿਆਂ ਹੀ ਪਿਸ਼ਾਬ ਵਿੱਚੇ ਨਿਕਲ ਜਾਂਦਾ ਹੈ। ਸਵੇਰੇ ਉਸ ਦਾ ਬਿਸਤਰਾ ਇੰਜ ਭਿੱਜਿਆ ਹੁੰਦਾ ਹੈ ਜਿਵੇਂ ਕਿਸੇ ਨੇ ਬਿਸਤਰੇ 'ਚ ਪਾਣੀ ਦੀ ਬਾਲਟੀ ਡੋਲ੍ਹੀ ਹੋਵੇ। ਕਈ ਵਾਰ ਤਾਂ ਉਹ ਆਪਣੀ ਕਿਸਮਤ ਤੇ ਰੋਣ ਵੀ ਲੱਗ ਪੈਂਦਾ ਹੈ। ਫਿਰ ਜੋ ਸਾਹਮਣੇ ਹੋਵੇ, ਗਾਲ਼ਾਂ ਕੱਢਣ ਲੱਗ ਪੈਂਦਾ ਹੈ। ਅਜਿਹੇ ਮੌਕਿਆਂ ਤੇ ਅਕਸਰ ਬੇਬੇ ਨੂੰ ਹੀ ਤੱਤੀਆਂ ਠੰਢੀਆਂ ਸੁਣਨੀਆਂ ਪੈਂਦੀਆ ਹਨ। ਡਾਕਟਰਾਂ ਅਨੁਸਾਰ ਬਾਪੂ ਦੇ ਗਦੂਦ ਵੱਧੇ ਹੋਏ ਹਨ।

ਬਾਪੂ ਦੇ ਕੋਲ਼ ਕਰ ਕੇ ਹੀ ਛੋਟੀ ਭੈਣ ਦੀ ਮੰਜੀ ਹੈ। ਉਸ ਵਿਚਾਰੀ ਨੂੰ ਚੈਨ ਨਹੀਂ। ਉਹ ਵੀ ਪਾਸੇ ਮਾਰ ਰਹੀ ਹੈ ਤੇ ਕਦੇ ਕਦਾਈਂ ਹੱਥਲੇ ਗੱਤੇ ਨਾਲ ਹਵਾ ਝੱਲਣ ਲੱਗ ਪੈਂਦੀ ਹੈ। ਪਹਿਲਾ ਜਣੇਪਾ ਕਰਨ ਆਈ ਹੈ ਇਹ।ਤੇ ਥੋੜ੍ਹੇ ਹੀ ਦਿਨ ਬਾਕੀ ਨੇ। ਬੱਚੇ ਦੀ ਹਿਲਜੁਲ ਤੇ ਗਰਭ ਦੀਆਂ ਪੀੜਾਂ ਕਰ ਕੇ ਚੈਨ ਕਿਥੇ ? ਹਵਾ ਝਲਦੀ ਦੀ ਉਸ ਦੀਆਂ ਚੂੜੀਆਂ ਦੀ ਅਵਾਜ਼ ਮੇਰੇ ਕੰਨਾਂ ਨਾਲ ਟਕਰਾਅ ਰਹੀ ਹੈ।

ਇੱਕ ਬੇਬੇ ਹੈ ਜੋ ਸਾਡੇ ਨਾਲ ਦੀ ਮੰਜੀ ਤੇ ਘੂਕ ਸੁੱਤੀ ਪਈ ਹੈ। ਹੱਡੀਆਂ ਦੀ ਮੁੱਠ ਜਿਹੀ ਮੰਜੀ 'ਚ ਕੱਠੀ ਹੋਈ ਪਈ ਹੈ। ਮੰਜੀ 'ਚ ਡਿੱਗਦਿਆਂ ਹੀ ਸੌਂ ਗਈ ਸੀ ਉਹ।

ਸਾਰਾ ਦਿਨ ਬੇਬੇ ਚੂਹੀ ਵਾਂਗ ਭੱਜੀ ਫਿਰਦੀ ਹੈ। ਘਰ ਦੇ ਪਸ਼ੂ ਸਾਂਭਣ ਤੋਂ ਲੈ ਕੇ ਬਾਪੂ ਨੂੰ ਸਾਂਭਣ ਦੇ ਸਾਰੇ ਕੰਮ ਉਹ ਆਪ ਕਰਦੀ ਹੈ। ਬਾਪੂ ਨੂੰ ਸਾਂਭਣ ਤੋਂ ਬਿਨਾਂ ਉਸ ਨੂੰ ਬਾਪੂ ਦੀਆਂ ਗਾਲ਼ਾਂ ਦਾ ਭਾਰ ਵੀ ਚੁੱਕਣਾ ਪੈਂਦਾ ਹੈ। ਪਾਣੀ ਵਾਂਗੂੰ ਪੀ ਜਾਂਦੀ ਹੈ ਸਾਰਾ ਕੁੱਝ ਉਹ। ਕਦੇ ਕਦਾਈਂ ਵੱਡੀ ਭੈਣ ਵੱਲ ਦੇਖ ਕੇ ਜ਼ਰੂਰ ਸਵਾਤ 'ਚ ਵੜ ਕੇ ਰੋਣ ਲੱਗ ਪੈਂਦੀ ਹੈ। ਭੈਣ ਨੂੰ ਜ਼ਾਹਿਰ ਇਹ ਵੀ ਨਹੀਂ ਹੋਣ ਦਿੰਦੀ।

ਮੇਰੀ ਸੋਚ ਸਾਰੀਆਂ ਮੰਜੀਆਂ ਤੋਂ ਦੀ ਘੁੰਮ ਰਹੀ ਹੈ। ਮੰਜੀਆਂ ਤੋਂ ਘੁੰਮ ਕੇ ਮੇਰੀ ਸੋਚ ਪਸ਼ੂਆਂ

ਵੱਲ ਚਲੀ ਗਈ ਹੈ। ਸੱਭ ਧਰਤੀ ਤੇ ਸਿਰ ਸੁੱਟੀ ਸੁੱਤੇ ਪਏ ਹਨ। ਕੁੱਤਾ ਵੀ ਭੌਂਕ ਭੌਂਕ ਕੇ ਸੌਂ ਗਿਆ ਹੈ। ਚਿੱੜੀਆਂ ਜੋ ਸ਼ਾਮ ਵੇਲੇ ਵਿਹੜੇ 'ਚ ਖੜ੍ਹੇ ਤੂਤ ਤੇ ਸ਼ੋਰ ਮਚਾ ਰਹੀਆਂ ਸਨ, ਪੱਤਿਆਂ 'ਚ ਦੁੱਬਕ ਕੇ ਬੈਠ ਗਈਆਂ ਹਨ। ਮੈਨੂੰ ਜਾਪਿਆ ਜਿਵੇਂ ਸਾਰਾ ਜਹਾਨ ਸੁੱਤਾ ਪਿਆ ਹੈ। ਇੱਕ ਮੈਂ ਹੀ ਜਾਗ ਰਹੀ ਹਾਂ। ਉਹ ਵੀ ਕਾਹਦੇ ਲਈ ? ਮੈਨੂੰ ਆਪਣੇ ਜੀਣ ਤੇ ਸ਼ਰਮ ਜਿਹੀ ਆਈ।

ਸੋਚ ਰਹੀ ਹਾਂ, ਰਣਜੀਤ ਨੂੰ ਕਿਵੇਂ ਸਮਝਾਵਾਂ ? ਉਸ ਦਾ ਗੁੱਸਾ ਕਿਵੇਂ ਸ਼ਾਂਤ ਕਰਾਂ ?

"ਮੂੰਹ ਪਾਸੇ ਕਰ ਲਿਐ ?" ਮੈਂ ਉਸ ਦੀ ਚਾਦਰ ਖਿੱਚਦਿਆਂ ਕਿਹਾ। ਜਿਹੜੀ ਪਤਾ ਨਹੀਂ ਮੱਛਰਾਂ ਕਰ ਕੇ ਤਾਣੀ ਸੀ ਜਾਂ ਮੈਥੋਂ ਖਿੱਝ ਕੇ।

"ਹੋਰ ਤੇਰੇ ਘਸਾੜ ਵੱਲ ਦੇਖਦਾ ਰਹਾਂ। ਦੋ ਘੰਟੇ ਹੋਗੇ ਤੇਰਾ ਮੂੰਹ ਦੇਖਦਿਆਂ। ਇੱਕ ਤੂੰ ਆਂ ਸਾਲ਼ੀ ਬਰਫ਼ ਦੀ ਸਿੱਲ। ਠੰਢੀ ਤੀਵੀਂ।" ਕਹਿ ਕੇ ਉਸ ਨੇ ਪਰ੍ਹਾਂ ਮੂੰਹ ਕਰ ਲਿਆ।

"ਫੇਰ ਕੀ ਹੋਇਆ ? ਕਿਉਂ ਇੰਨਾ ਖਿੱਝਦੇ ਓਂ ? ਮੌਕਾ ਵੀ ਵੇਖੀਦੈ। ਸਾਰੇ ਜਾਗਦੇ ਪਏ ਆ। ਸਿਆਣੇ ਬਣੋ।" ਪਿਆਰ ਨਾਲ ਮੈਂ ਉਸ ਦਾ ਹੱਥ ਫੜ ਕੇ ਚੁੰਮਣਾ ਚਾਹਿਆ ਪਰ ਉਨ੍ਹਾਂ ਮੇਰਾ ਹੱਥ ਮਰੋੜ ਕੇ ਪਰ੍ਹੇ ਧੱਕ ਦਿੱਤਾ।

"ਅੱਧੀ ਰਾਤ ਹੋਗੀ ਤੈਨੂੰ ਸਮਝਾਉਂਦਿਆਂ, ਮੈਂ ਨੀਂ ਸਾਰੀ ਰਾਤ ਜਾਗ ਸਕਦਾ। ਚਾਰ ਘੰਟਿਆਂ ਦਾ ਸਫ਼ਰ ਕਰ ਕੇ ਪਹੁੰਚਿਆਂ ਏਥੇ। ਸੌਡੇ ਤੀਵੀਆਂ ਦੇ ਤਾਂ ਚਲਿੱਤਰ ਨੀਂ ਮੁੱਕਦੇ।"

"ਤੁਸੀਂ ਸਫ਼ਰ ਆਪਣੇ ਲਈ ਕੀਤੈ ? ਮੇਰੇ ਤੇ ਬੱਚੀ ਲਈ ਨਹੀਂ ?" ਮੈਂ ਫਿਰ ਰਣਜੀਤ ਦਾ ਹੱਥ ਘੁੱਟਦੀ ਹਾਂ ਪਰ ਉਹ ਹੱਥ ਛੁਡਾਅ ਕੇ ਪਾਸਾ ਪਰਤ ਲੈਂਦਾ ਹੈ।

ਬੱਚੀ ਨੂੰ ਡੇਢ ਮਹੀਨੇ ਦੀਆਂ ਗਰਮੀਆਂ ਦੀਆਂ ਛੁੱਟੀਆਂ ਸਨ। ਬਾਪੂ ਦੀ ਤਬੀਅਤ ਠੀਕ ਨਾ ਹੋਣ ਕਰ ਕੇ ਮੈਂ ਬੱਚੀ ਨੂੰ ਨਾਲ਼ ਲੈ ਕੇ ਪੇਕੇ ਆ ਗਈ ਸਾਂ ਤਾਂ ਜੋ ਦੁੱਖੀ ਬਾਪੂ ਦਾ ਦੁੱਖ ਕੁੱਝ ਘੱਟ ਸਕੇ। ਰਣਜੀਤ, ਸ਼ਨੀਚਰਵਾਰ ਨੂੰ ਡਿਊਟੀ ਤੋਂ ਸਿੱਧਾ, ਬੱਸ ਫੜ ਕੇ ਸਾਡੇ ਕੋਲ ਪਹੁੰਚ ਜਾਂਦਾ ਸੀ। ਤੇ ਦੋ ਰਾਤਾਂ ਲਾ ਕੇ ਸੋਮਵਾਰ ਨੂੰ ਵਾਪਸ ਪਰਤ ਜਾਂਦਾ ਸੀ। ਇਹ ਦੋ ਰਾਤਾਂ ਅਸੀਂ ਇਸੇ ਤਰ੍ਹਾਂ ਲੜ ਝਗੜ ਕੇ ਲੰਘਾ ਦਿੰਦੇ ਸਾਂ।

ਪਰ ਅੱਜ ਦੀ ਰਾਤ ਰਣਜੀਤ ਦੀ ਜਿੱਦ ਬਣ ਕੇ ਖੜ੍ਹੀ ਹੈ।

"ਕੁੱਝ ਅਕਲ ਤੋਂ ਕੰਮ ਲਉ। ਮਾਂ ਦਾ ਮੰਜਾ ਨਾਲ਼ ਹੈ। ਜੇ ਸੁਣ ਲਿਆ ਕੀ ਕਹਿਣਗੇ ?" ਮੈਂ ਉਨ੍ਹਾਂ ਦਾ ਹੱਥ ਫੜ ਕੇ ਬੱਚੀ ਦੇ ਸਿਰ ਤੇ ਰੱਖਣਾ ਚਾਹਿਆ।

"ਤੇਰੀ ਮਾਂ ਨੇ ਅੱਜ ਸਾਡੇ ਨਾਲ ਹੀ ਮਰਨਾ ਸੀ। ਤੈਨੂੰ ਕਿਹਾ ਸੀ ਹੇਠਾਂ ਮੱਛਰ ਹੈ, ਮੰਜੀਆਂ ਕੋਠੇ ਤੇ ਡਾਹ ਲੈ। ਪਰ ਤੂੰ ਸਾਲ਼ੀ ਮੰਨੇਂ ਵੀ।"

ਕਿੰਨੇ ਚਿਰ ਤੋਂ ਉਹ ਮੇਰੀ ਮੰਜੀ ਤੇ ਆਉਣ ਦੀ ਜਿੱਦ ਕਰ ਰਿਹੈ। ਪਰ ਮੈਂ ਰੋਕੀ ਜਾ ਰਹੀ ਹਾਂ। ਸੋਚਦੀ ਹਾਂ ਕਿ ਦੁੱਖ ਨਾਲ ਕਰਾਹ ਰਿਹਾ ਬਾਪੂ ਜੋ ਜਾਗਦਾ ਪਿਐ, ਕੀ ਸੋਚੇਗਾ। ਜੇ ਪਤਾ ਲੱਗ ਗਿਆ ? ਇਹੋ ਨਾ, ਇਹ ਕੰਜਰ ਮੇਰਾ ਪਤਾ ਨੀਂ ਲੈਣ ਆਇਆ, ਮੇਰੇ ਸਿਰ ਸੁਆਹ ਪਾਉਣ ਆਇਐ। ਦੁੱਖ ਭੁਲਾਉਣ ਦੀ ਬਜਾਏ, ਮੇਰਾ ਦੁੱਖ ਵਧਾਉਣ ਆਇਐ। ਤੜਫ਼ਾਉਣ ਆਇਐ ਮੈਨੂੰ।

ਮੈਂ ਨਹੀਂ ਚਾਹੁੰਦੀ ਬਾਪੂ ਇੰਜ ਸੋਚੇ।

ਮੈਂ ਨਹੀਂ ਚਾਹੁੰਦੀ ਬਾਪੂ ਦੁੱਖੀ ਹੋਵੇ।

ਜਦੋਂ ਦਾ ਕਰਨੈਲ ਜੀਜਾ ਜੀ ਨੇ ਆਉਣਾ ਛੱਡਿਐ, ਉਦੋਂ ਤੋਂ ਹੀ ਬਾਪੂ ਤੇ ਬੇਬੇ ਆਪਣੇ ਆਪ ਨੂੰ ਇਕੱਲੇ ਸਮਝਦੇ ਨੇ। ਰੱਬ, ਇੱਕ ਪੁੱਤ ਦੇ ਦਿੰਦਾ, ਸ਼ਾਇਦ ਉਨ੍ਹਾਂ ਦਾ ਇਹ ਹਾਲ ਨਾ

ਹੁੰਦਾ। ਇਸ ਗੱਲੋਂ ਉਹ ਦੁਨੀਆ ਨਾਲ ਤਾਂ ਕੀ, ਰੱਬ ਨਾਲ ਵੀ ਨਰਾਜ਼ ਨੇ। ਇਸੇ ਲਈ ਉਨ੍ਹਾਂ ਨੇ ਕਦੇ ਘਰ 'ਚ ਧਾਰਮਿਕ ਰਸਮ ਨਹੀਂ ਸੀ ਕਰਾਈ। ਮੇਰੇ ਵਿਆਹ ਵੇਲੇ ਵੀ ਉਹ ਅਨੰਦ ਕਾਰਜ ਧਾਰਮਿਕ ਰੀਤਾਂ ਮੁਤਾਬਕ ਨਹੀਂ ਸੀ ਕਰਨਾ ਚਾਹੁੰਦੇ, ਪਰ ਸਾਡੇ ਭੈਣ ਦੇ ਜ਼ੋਰ ਪਾਉਣ ਤੇ ਉਹ ਮਸਾਂ ਮੰਨੇ ਸਨ। ਦੁੱਖੀ ਹੋਏ ਉਹ ਕਹਿੰਦੇ ਹਨ– "ਕੋਈ ਰੱਬ ਰੁਬ ਨਹੀਂ, ਲੋਕ ਐਵੇਂ ਸਾਲ਼ੇ ਬਕਵਾਸ ਕਰਦੇ ਆ। ਨਰਕ ਸੁਰਗ ਸੱਭ ਇੱਥੇ ਹੀ ਆ। ਸੱਭ ਲੈਣ ਦੇਣ ਇਸੇ ਜਨਮ 'ਚ ਹੁੰਦੈ।"

ਵੱਡੀ ਭੈਣ ਦੇ ਵਿਆਹ ਤੋਂ ਇੱਕ ਸਾਲ ਬਾਅਦ ਤੱਕ ਉਹ ਬੜਾ ਖ਼ੁਸ਼ ਰਹੇ ਤੇ ਉਨ੍ਹਾਂ ਨੂੰ ਲੱਗਿਆ ਸੀ ਜਿਵੇਂ ਰੱਬ ਨੇ ਉਨ੍ਹਾਂ ਨੂੰ ਪੁੱਤ ਦੇ ਦਿੱਤਾ ਹੋਵੇ। ਭੈਣ ਤੇ ਜੀਜਾ ਜੀ 'ਚ ਆਏ ਫ਼ਰਕ ਨੇ ਉਨ੍ਹਾਂ ਨੂੰ ਪਹਿਲਾਂ ਵਾਲੀ ਥਾਂ ਤੇ ਲੈ ਆਂਦਾ ਸੀ। ਉਨ੍ਹਾਂ ਇੱਕ ਦਿਨ ਬੇਬੇ ਨੂੰ ਕਿਹਾ ਸੀ–"ਇਹ ਸਾਡਾ ਭਰਮ ਸੀ ਭਾਗਵਾਨੇ। ਜੁਆਈ ਕਦੇ ਪੁੱਤ ਨੀਂ ਬਣਦੇ। ਜੇ ਅਜਿਹਾ ਹੋ ਸਕਦਾ, ਤਾਂ ਦੁਨੀਆ ਪੁੱਤਾਂ ਨੂੰ ਕਿਉਂ ਰੋਂਦੀ ?" ਮੈਨੂੰ ਬਾਪੂ ਦੀ ਇਸ ਗੱਲ ਤੇ ਗੁੱਸਾ ਜਿਹਾ ਆਇਆ ਸੀ ਤੇ ਮੈਂ ਬਾਪੂ ਨੂੰ ਕਿਹਾ ਸੀ– "ਨ੍ਹੀਂ ਬਾਪੂ ਜੀ, ਸਾਰੀ ਦੁਨੀਆ ਬਰਾਬਰ ਤਾਂ ਨੀਂ ਹੁੰਦੀ। ਰਣਜੀਤ ਵੀ ਤਾਂ ਜੁਆਈ ਐ।"

"ਜੋ ਵੱਡੇ ਨੇ ਚੰਨ ਚਾੜ੍ਹਿਐ, ਉਹੀ ਇਹ ਚਾੜ੍ਹੇਗਾ ? ਇਕੱਲੀਆਂ ਧੀਆਂ ਆਲ਼ੇ ਬਾਪ ਨੂੰ ਲੋਭੀ ਜੁਆਈ ਮਿਲਦੇ ਆ ਧੀਏ, ਜੋ ਪੁੱਤ ਤਾਂ ਕੀ, ਜੁਆਈ ਵੀ ਨਹੀਂ ਬਣਦੇ।" ਬਾਪੂ ਨੇ ਦਿੱਲ 'ਚੋਂ ਉੱਠੀ ਚੀਸ ਵਾਂਗ ਕਿਹਾ ਸੀ।

ਬਾਪੂ ਦੀ ਆਖੀ ਹੋਈ ਗੱਲ ਇੱਕ ਦਿਨ ਮੇਰੀਆਂ ਅੱਖਾਂ ਸਾਹਮਣੇ ਹੀ ਸਾਬਤ ਹੋ ਗਈ ਸੀ। ਜਦੋਂ ਮੈਂ ਰਣਜੀਤ ਨੂੰ ਵੱਡੀ ਭੈਣ ਦੀ ਪਿੱਠ ਤੇ ਚੂੰਢੀ ਭਰਦਿਆਂ ਵੇਖ ਲਿਆ ਸੀ। ਦੁੱਖੀ ਹੁੰਦਿਆਂ ਉਹ ਸਿਰਫ਼ ਇੰਨਾ ਹੀ ਕਹਿ ਸਕੀ ਸੀ– "ਦੁਨੀਆ 'ਚ ਔਰਤ ਮਰਦ ਦਾ ਸਿਰਫ਼ ਇੱਕੋ ਰਿਸ਼ਤਾ ਬਚਿਐ ਰਣਜੀਤ, ਬਾਕੀ ਰਿਸ਼ਤਿਆਂ ਦਾ ਕੋਈ ਅਰਥ ਨਹੀਂ ਰਿਹਾ।" ਰਣਜੀਤ ਬੇਸ਼ਰਮਾਂ ਵਾਂਗ ਖਚਰੀ ਜਿਹੀ ਹਾਸੀ ਹੱਸਦਿਆਂ ਬੈਠਕ 'ਚ ਜਾ ਪਿਆ ਸੀ। ਰਣਜੀਤ ਨੇ ਭੈਣ ਨੂੰ ਸ਼ਾਇਦ ਘਰੋਂ ਕੱਢੀ ਗਾਂ ਸਮਝ ਲਿਆ ਸੀ।

ਮਨ ਨੇ ਚਾਹਿਆ ਵੀ ਸੀ ਰਣਜੀਤ ਨੂੰ ਪੁੱਛਾਂ। ਪਰ ਵੱਡੀ ਭੈਣ ਤੇ ਪਿਉ ਵੱਲ ਵੇਖ ਕੇ ਚੁੱਪ ਕਰ ਗਈ। ਸੋਚਿਆ ਸੀ, ਔਰਤ ਗਾਂ ਹੀ ਤਾਂ ਹੁੰਦੀ ਆ। ਫੰਡਰ ਗਾਂ ਵਰਗੀ।

ਵੱਡੀ ਭੈਣ ਵੱਲ ਵੇਖ ਕੇ ਕਈ ਵਾਰ ਮੇਰੀਆਂ ਵੀ ਅੱਖਾਂ ਗਿੱਲੀਆਂ ਹੋ ਜਾਂਦੀਆਂ ਹਨ। ਕਿੰਨਾ ਵੱਡਾ ਜੇਰਾ ਹੈ ਭੈਣ ਦਾ। ਆਪਣੇ ਮਰਦ ਤੋਂ ਬਿਨਾਂ ਜੀਣਾ ਕੋਈ ਛੋਟੀ ਗੱਲ ਹੈ ? ਪੰਜ ਸਾਲ ਹੋ ਗਏ, ਉਸ ਨੂੰ ਪੇਕੇ ਘਰ ਦੀ ਮੰਜੀ ਤੇ ਸੌਂਦਿਆਂ। ਇੰਨੇ ਚਿਰ 'ਚ ਤਾਂ ਔਰਤ ਪਾਗਲ ਹੋ ਜਾਂਦੀ ਹੈ। ਕਦੇ ਕਦੇ ਜੀਅ ਕਰਦੈ, ਕੁੱਝ ਦਿਨ ਵਾਸਤੇ ਉਸ ਨੂੰ ਰਣਜੀਤ ਦੇ ਦਿਆਂ। ਪਰ ਉਸ ਅੱਗੇ ਅਜਿਹੀ ਗੱਲ ਕਰਨ ਦੀ ਮੇਰੇ 'ਚ ਹਿੰਮਤ ਕਿੱਥੇ ? ਉਸ ਦੀ ਇੱਕ ਘੁਰਕੀ ਤੋਂ ਸਾਰਾ ਟੱਬਰ ਡਰਦੈ। ਮੈ ਸ਼ਾਇਦ ਗ਼ਲਤ ਸੋਚ ਰਹੀ ਹਾਂ। ਆਪਣਾ ਮਰਦ ਕਿਸੇ ਨੂੰ ਕਦੋਂ ਦਿੱਤਾ ਜਾਂਦੈ। ਭੈਣ ਹੋਵੇ, ਭਾਵੇਂ ਕੋਈ ਹੋਰ। ਪਤਾ ਨਹੀਂ ਭੈਣ ਚੰਦਰੀ ਕਿਹੜੀ ਮਿੱਟੀ ਦੀ ਬਣੀ ਹੈ ? ਪਸ਼ੂ ਪੰਛੀ ਵੀ ਕਲੋਲਾਂ ਕਰਦੇ ਨੇ, ਤੇ ਭੈਣ। ਉਫ਼ ! ਕਿੰਨਾ ਔਖਾ ਹੈ ਆਪਣੇ ਆਪ ਨੂੰ ਮਾਰਨਾ ? ਤੇ ਮਰ ਕੇ ਜੀਣਾ ?

ਕੁੱਤੇ ਦੇ ਭੌਂਕਣ ਦੀ ਆਵਾਜ਼ ਸੁਣ ਕੇ ਮੇਰੀ ਸੋਚ ਮੇਰੇ ਆਪਣੇ 'ਚ ਪਰਤ ਆਈ।

ਰਣਜੀਤ ਇੰਨੀ ਜਿੱਦ ਕਰੇਗਾ ਮੈਨੂੰ ਆਸ ਵੀ ਨਹੀਂ ਸੀ। ਵੱਡੇ ਛੋਟੇ ਦੀ ਕੋਈ ਸ਼ਰਮ ਤਾਂ ਹੋਣੀ ਚਾਹੀਦੀ ਹੈ। ਮੈਂ ਕਿਹੜਾ ਕਿਰਾਏ ਦੀ ਤੀਵੀਂ ਹਾਂ, ਜੋ ਰਾਤ ਲੰਘ ਜਾਣ ਤੋਂ ਬਾਅਦ ਪੈਸੇ ਲੈ ਕੇ ਤੁਰਦੀ ਬਣਾਂਗੀ। ਕੋਲ਼ ਪਿਆ ਬਾਪੂ ਤੇ ਛੋਟੀ ਭੈਣ ਜਿਸ ਨੂੰ ਮੈਂ ਹੁਣ ਤੱਕ ਚੰਗੇ-ਮੰਦੇ ਦੀਆਂ

ਮੱਤਾਂ ਦਿੰਦੀ ਆਈ ਹਾਂ, ਕੀ ਸੋਚਣਗੇ ?

ਮੈਂ ਸੋਚੀ ਜਾ ਰਹੀ ਹਾਂ। ਚੁੰਨੀ ਦੇ ਪੱਲੇ ਵਾਂਗ ਮੇਰੀ ਸੋਚ ਇੱਧਰ ਉੱਧਰ ਦੌੜ ਰਹੀ ਹੈ। ਉਸ ਨੇ ਫਿਰ ਮੇਰਾ ਹੱਥ ਫੜ ਕੇ ਖਿੱਚਿਆ ਹੈ।

ਉਹ ਮੇਰੀ ਮੰਜੀ ਵੱਲ ਖਿਸਕ ਰਿਹਾ ਸੀ। ਉਸ ਦੇ ਗਰਮ ਹੱਥਾਂ 'ਚੋਂ ਆਪਣਾ ਹੱਥ ਛੁਡਾ ਕੇ ਮੈਂ ਦੋਵੇਂ ਹੱਥ ਉਸ ਅੱਗੇ ਜੋੜ ਦਿੱਤੇ।

"ਕਿਉਂ ਛਿੱਤਰਾਂ ਨੂੰ ਥਾਂ ਕਰਦੈਂ ? ਮੈਂ ਕੱਲ੍ਹ ਨੂੰ ਤੁਹਾਡੇ ਨਾਲ ਹੀ ਫਿਰੋਜ਼ਪੁਰ ਚਲੀ ਜਾਵਾਂਗੀ। ਫਿਰ ਜਿਹੜੀ ਖੇਹ...........। ਮਾਂ-ਧੀ, ਪਿਉ-ਧੀ ਤੇ ਭੈਣ ਦੇ ਇਸ ਪਵਿੱਤਰ ਰਿਸ਼ਤੇ 'ਚ ਕਿਉਂ ਸੁਆਹ ਪਾਉਂਦੈਂ। ਮੇਰੀ ਇਸ ਘਰ ਮਾਣ-ਇੱਜ਼ਤ ਬਣੀ ਰਹਿਣ ਦੇ, ਰੱਬ ਦੇ ਵਾਸਤੇ। ਇਸ ਬੱਚੀ ਦੀ ਸਹੁੰ ਤੁਹਾਨੂੰ ?"

ਕੀ ਸੋਚ ਕੇ ਬੱਚੀ ਦੀਆਂ ਛੁੱਟੀਆਂ ਕੱਟਣ ਆਈ ਸੀ। ਤੇ ਇੰਜ ਵੀ ਹੋਵੇਗਾ, ਮੈਨੂੰ ਚਿੱਤ ਚੇਤਾ ਵੀ ਨਹੀਂ ਸੀ।

ਉਸ ਨੇ ਢਿੱਡ ਦੇ ਹੇਠਾਂ ਕਰ ਕੇ ਲੱਤ ਕੱਢ ਮਾਰੀ ਤੇ ਮੇਰੀਆਂ ਉਂਗਲੀਆਂ ਮਰੋੜ ਕੇ ਬੋਲਿਆ— "ਕੁੱਤੀਏ ਤੇਰੇ ਵਰਗੀਆਂ ਤੀਵੀਆਂ ਹੀ ਆਦਮੀਆਂ ਨੂੰ ਹੋਰ ਪਾਸੇ ਮੂੰਹ ਮਾਰਨ ਵਾਸਤੇ ਮਜ਼ਬੂਰ ਕਰਦੀਆਂ ਨੇ। ਏਸੇ ਕਰ ਕੇ ਆਦਮੀ ਹੋਰ ਕੰਧਾਂ ਕੋਠੇ ਟੱਪਦੈ। ਮੈਂ ਆਪਣੀ ਆਈ ਤੇ ਜੇ ਆ ਗਿਆ, ਪਛਤਾਏਂਗੀ ਫਿਰ ? ਪ੍ਰੀਤੋ ਵਿਆਹੀ ਨੀਂ ਅਜੇ, ਸਮਝ ਗਈ ?" ਉਸ ਨੇ ਚਾਦਰ ਖਿੱਚ ਕੇ ਨੱਕ ਤੱਕ ਕਰ ਲਈ। ਮੈਂ ਨਹੀਂ ਸਮਝੀ। ਨਾ ਸਮਝਣ ਵਾਲੀ ਵੀ ਏਡੀ ਕਿਹੜੀ ਗੱਲ ਸੀ। ਇਹ ਫੁੰਕਾਰਾ ਸੀ ਰਣਜੀਤ ਦਾ। ਇੱਕ ਲਲਕਾਰਾ। ਇਹੋ ਜਿਹੇ ਲਲਕਾਰੇ ਮਾਰ ਕੇ ਹਰ ਮਰਦ ਆਪਣੇ ਆਪ ਤੇ ਫ਼ਖਰ ਮਹਿਸੂਸ ਕਰਦਾ ਹੈ। ਸਦੀਆਂ ਤੋਂ ਔਰਤ ਨੇ ਮਰਦ ਦੇ ਇਹ ਲਲਕਾਰੇ ਸੁਣੇ ਨੇ ਤੇ ਜੋ ਅੱਜ ਮੈਂ ਵੀ ਸੁਣ ਲਿਆ, ਕਿਹੜੀ ਹੇਠਲੀ ਉਤੇ ਹੋ ਗਈ। ਮੇਰਾ ਸਰੀਰ ਗੁੱਸੇ ਨਾਲ ਕੰਬਣ ਲਗਦਾ ਹੈ। ਮੁੱਠੀਆਂ ਮੀਚੀਆਂ ਜਾਂਦੀਆਂ ਹਨ। ਇਸ ਕਰਕੇ ਨਹੀਂ ਕਿ ਮੈਂ ਡਰ ਗਈ ਹਾਂ। ਸੋਚਦੀ ਹਾਂ ਜੇ ਇਹ ਲਲਕਾਰਾ ਰਣਜੀਤ ਨੂੰ ਮੈਂ ਮਾਰ ਦਿਆਂ, ਉਸ ਦੀ ਸਾਰੀ ਮਰਦਾਨਗੀ ਗਰਕ ਹੋ ਜਾਏਗੀ। ਬਿਜਲੀ ਦੇ ਕਰੰਟ ਵਾਂਗ। ਰਣਜੀਤ ਨੇ ਸੋਚਿਆ ਸੀ ਮੈਂ ਡਰ ਜਾਵਾਂਗੀ। ਤੇ ਉਸ ਦਾ ਹੱਥ ਫੜ ਕੇ ਹਨੇਰੀ ਬੈਠਕ ਵੱਲ ਤੁਰ ਪਵਾਂਗੀ। ਪਰ, ਡਰ ਹੀ ਤਾਂ ਗਈ ਹਾਂ ਮੈਂ। ਮੈਨੂੰ ਆਪਣਾ ਕੱਦ ਛੋਟਾ ਜਿਹਾ ਜਾਪਿਆ, ਜਿਵੇਂ ਮੈਂ ਸੁੰਗੜ ਕੇ ਰਬੜ ਦੀ ਡੌਲ ਬਣ ਗਈ ਹੋਵਾਂ। ਵੱਡੀ ਭੈਣ ਮੇਰੇ ਸਾਹਮਣੇ ਜੁ ਪਈ ਹੈ। ਮੂੰਹ ਖੋਲ੍ਹਣ ਦੇ ਇਲਜ਼ਾਮ 'ਚ ਜਲਾਵਤਨੀ ਭੁਗਤ ਰਹੀ ਵੱਡੀ ਭੈਣ।

ਪ੍ਰੀਤੋ ਦਾ ਨਾਂ ਸੁਣਦਿਆਂ ਮੂੰਹ ਬੱਕਬਕਾ ਜਿਹਾ ਹੋ ਗਿਆ। ਜਿਵੇਂ ਮੈਨੂੰ ਕਿਸੇ ਨੇ ਜੂਠ ਪਿਲਾਅ ਦਿੱਤੀ ਹੋਵੇ। ਮੇਰੇ ਮੂੰਹ 'ਚ ਥੁੱਕ ਦਾ ਗੋਲ਼ਾ ਜਿਹਾ ਬਣ ਗਿਆ। ਮੈਂ ਚਾਰੇ ਪਾਸੇ ਨਜ਼ਰ ਘੁਮਾਈ। ਮੈਨੂੰ ਜਾਪਿਆ, ਜਿਵੇਂ ਸਾਰੇ ਸੁੰਗੜ ਕੇ ਆਪਣੇ ਆਪਣੇ ਮੰਜਿਆਂ 'ਚ ਦੁਬਕ ਗਏ ਹੋਣ। ਬਿਨਾਂ ਧੜਾਂ ਤੋਂ ਲਾਸ਼ਾਂ ਜਿਹੀਆਂ। ਮੇਰੀ ਹਿੰਮਤ ਢੇਰੀ ਹੋ ਗਈ ਹੈ। ਜੀ ਤਾਂ ਕਰਦੈ ਰਣਜੀਤ ਲਈ ਹਿੰਮਤ ਇਕੱਠੀ ਕਰਾਂ। ਪਰ ਪਿਉ ਦੇ ਵਿਹੜੇ 'ਚੋਂ ਪੁਰਖਿਆਂ ਦੀਆਂ ਅੱਖਾਂ ਮੈਨੂੰ ਘੂਰ ਰਹੀਆਂ ਹਨ। ਮਾਪਿਆਂ ਦਾ ਘਰ ਮੈਥੋਂ ਖ਼ੈਰ ਮੰਗ ਰਿਹਾ ਹੈ। ਜਿਸ ਵਿਹੜੇ 'ਚ ਮੈਂ ਮਿੱਟੀ ਦੇ ਘਰ ਬਣਾਏ, ਗੁੱਡੀਆਂ ਪਟੋਲੇ ਖੇਡੀ ਤੇ ਜਵਾਨੀ ਦੇ ਗੀਤ ਗਾਏ, ਉਹ ਮੇਰੀਆਂ ਸੋਚਾਂ ਅੱਗੇ ਹਿੱਕ ਤਾਣੀ ਖੜ੍ਹਾ ਹੈ। ਭੈਣ ਵੱਲ ਦੇਖਦਿਆਂ ਹਿੰਮਤ ਇਕੱਠੀ ਕਰਨ ਲੱਗ ਪੈਂਦੀ ਹਾਂ ਤੇ ਪਿਉ ਵੱਲ ਵੇਖ ਕੇ ਢੇਰੀ ਕਰ ਦਿੰਦੀ ਹਾਂ। ਮੈਂ ਕਿੱਥੇ ਜਾਵਾਂ ?

ਅਣ-ਦੇਖੀ ਪ੍ਰੀਤੋ ਦਾ ਖਿਆਲ ਆਉਂਦਾ ਹੈ। ਕੌਣ ਹੈ ਉਹ ? ਰਣਜੀਤ ਉਸ ਨੂੰ ਕਿਵੇਂ

ਜਾਣਦੈ ? ਮੈਂ ਉਸ ਨੂੰ ਕਿਉਂ ਨਹੀਂ ਦੇਖਿਆ ? ਇਨ੍ਹਾਂ ਸਵਾਲਾਂ ਪਿੱਛੇ ਮੇਰੀ ਸੋਚ ਖਿੰਡ ਜਾਂਦੀ ਹੈ ਤੇ ਇਸ ਖਿੰਡੀ ਸੋਚ ਸਾਹਮਣੇ ਫਿਰ ਪਤਾ ਨਹੀਂ ਕਦੋਂ ਅੰਟੀ ਨਸੀਬੋ ਆ ਖੜ੍ਹੋਂਦੀ ਹੈ।

"ਬਿਲਕੁਲ ਤੇਰੇ ਤੇ ਗਈ ਐ ਕੁੜੀ। ਅੱਖਾਂ, ਨੱਕ, ਬੁੱਲ੍ਹ, ਮਾਂ ਵਰਗੇ।" ਜਦੋਂ ਮੈਂ ਜਣੇਪਾ ਕੱਟ ਕੇ ਵਾਪਸ ਫਿਰੋਜ਼ਪੁਰ ਗਈ ਤਾਂ ਨਾਲ ਦੇ ਮਕਾਨ ਵਾਲੀ ਅੰਟੀ ਨੇ ਕਿਹਾ ਸੀ। ਜੋ ਅਕਸਰ ਵਿਹਲੇ ਸਮੇਂ ਮੇਰੇ ਕੋਲ ਬੈਠਿਆ ਕਰਦੀ ਸੀ।

"ਰਣਜੀਤ ਨਾਲ ਕੁੱਝ ਨੀਂ ਮਿਲਦਾ ?"ਮੈਂ ਹੱਸਦਿਆਂ ਪੁੱਛਿਆ।

"ਧੀਆਂ ਮਾਂ ਤੇ ਜਾਂਦੀਆਂ ਨੇ, ਮੁੰਡੇ ਲੰਡਰ, ਪਿਉ ਤੇ।"ਅੰਟੀ ਨੇ ਮੱਥੇ ਤਿਉੜੀਆਂ ਪਾ ਕੇ ਕਿਹਾ।

"ਮੁੰਡੇ ਲੰਡਰ ਨੀਂ ਹੁੰਦੇ ਅੰਟੀ। ਮੁੰਡਿਆਂ ਨਾਲ ਤਾਂ ਦੁਨੀਆ ਵੱਸਦੀ ਆ।"

"ਦੁਨੀਆ ਧੀਆਂ ਨਾਲ ਆ ਧੀਏ। ਇਹ ਵੱਗ ਅਸੀਂ ਜੰਮਿਆਂ ਕੁੜੀਏ, ਅਸੀਂ ਜੰਮਿਐ।" ਅੰਟੀ ਨੇ ਦੂਰ ਸੜਕ ਤੇ ਜਾ ਰਹੀ ਭੀੜ ਵੱਲ ਇਸ਼ਾਰਾ ਕੀਤਾ— "ਇਹ ਆਦਮੀ ਸਾਡੀ ਮਿੱਟੀ 'ਚੋਂ ਜੰਮਿਆ ਤੇ ਇੱਕ ਦਿਨ ਇਹੋ ਆਦਮੀ ਸਾਡੀ ਧੁੰਨੀ ਤੇ ਲੱਤ ਮਾਰ ਕੇ ਤੁਰਦਾ ਬਣਦੈ। ਸਾਡੇ ਨਹੁੰਆਂ 'ਚੋਂ ਅਜੇ ਤੱਕ ਇਨ੍ਹਾਂ ਦਾ ਗੂੰਹ ਨਹੀਂ ਨਿਕਲਿਆ।" ਅੰਟੀ ਮੇਰੇ ਮੂਹਰੇ ਆਪਣੇ ਪੀਲ਼ੇ ਹੋ ਚੁੱਕੇ ਨਹੁੰ ਕਰ ਦਿੰਦੀ ਹੈ— "ਫਿਰ ਵੱਡਾ ਹੋਣ ਤੇ ਇਸ ਤੋਂ ਵਫ਼ਾ ਦੀ ਆਸ ਕਿੱਥੇ ?"

ਅੰਟੀ ਦੇ ਘਰ ਵਾਲਾ ਉਸ ਦੀ ਗੋਦ ਇੱਕ ਸਾਲ ਦਾ ਮੁੰਡਾ ਛੱਡ ਕੇ ਕਿਸੇ ਹੋਰ ਤੀਵੀਂ ਨਾਲ ਨਿਕਲ ਗਿਆ ਸੀ। ਕਿਉਂਕਿ ਉਹ ਆਪ ਸਰੀਰ ਦੀ ਉੱਘੜ ਦੁੱਗੜੀ ਸੀ। ਪਿੱਠ ਭਾਰੀ, ਛਾਤੀ ਚਿੱਪਕੀ, ਬੁੱਲ੍ਹ ਮੋਟੇ ਤੇ ਰੰਗ ਦੀ ਕਾਲ਼ੀ। ਅੰਟੀ ਆਪੇ ਹੀ ਦੱਸਿਆ ਕਰਦੀ ਸੀ ਕਿ ਉਹ ਉਸ ਦੇ ਮੁਕਾਬਲੇ ਅੰਤਾਂ ਦਾ ਸੁਨੱਖਾ ਸੀ ਤੇ ਉਸ ਨਾਲ ਨੱਕ ਚਾੜ੍ਹ ਕੇ ਸੌਂਦਾ ਸੀ। ਕਦੇ ਕਦਾਈਂ ਉਸ ਨਾਲ ਸੁੱਤਾ ਸੁੱਤਾ ਹੀ ਗਾਲ਼ਾਂ ਕੱਢਣ ਲੱਗ ਪੈਂਦਾ ਸੀ ਤੇ ਕਪੜੇ ਪਾ ਕੇ ਬਾਹਰ ਨਿਕਲ ਜਾਂਦਾ ਸੀ।

ਫਿਰ ਮੁੰਡਾ ਵਿਆਹ ਕਰਾ ਕੇ ਦੂਜੇ ਸ਼ਹਿਰ ਰਹਿਣ ਲੱਗ ਪਿਆ ਸੀ ਤੇ ਅੰਟੀ ਜਿਵੇਂ ਖ਼ਸਮ ਕਰ ਕੇ ਇਕੱਲੀ ਸੀ। ਪੁੱਤ ਵਿਆਹ ਕੇ ਵੀ ਇਕੱਲੀ ਹੋ ਗਈ ਸੀ। ਤੇ ਵਿਚਾਰੀ ਘਰ ਦਾ ਅੱਧਾ ਹਿੱਸਾ ਕਿਰਾਏ ਤੇ ਦੇ ਕੇ ਗੁਜ਼ਾਰਾ ਕਰ ਰਹੀ ਸੀ।

ਕਈ ਵਾਰ ਅੰਟੀ ਬਹੁਤ ਸਿਆਣੀਆਂ ਗੱਲਾਂ ਕਰਨ ਲੱਗ ਪੈਂਦੀ ਸੀ। ਅਚੇਤ ਹੀ, ਪਤਾ ਨਹੀਂ ਸੁਚੇਤ।

"ਮਰਦ ਤੇ ਘੋੜਾ ਇੱਕੋ ਚੀਜ਼ ਨੇ ਧੀਏ।" ਉਸ ਨੇ ਇੱਕ ਦਿਨ ਕਿਹਾ ਸੀ— "ਖੁਲ੍ਹੇ ਛੱਡੋ ਦੋਵੇਂ ਬੇਕਾਬੂ ਹੋ ਜਾਂਦੇ ਨੇ। ਆਪਣੀ ਤੀਵੀਂ ਦੂਰ ਹੋਵੇ, ਆਦਮੀ ਰੱਸਾ ਤੁੜਵਾਉਣਾ ਸ਼ੁਰੂ ਕਰ ਦਿੰਦੈ। ਇਹ ਤੀਵੀਂ ਦੀਆਂ ਬਾਹਾਂ 'ਚ ਹੀ ਕਾਬੂ ਰਹਿੰਦੈ।"..........।

"ਸਾਡੀ ਰਿਸ਼ਤੇਦਾਰੀ 'ਚੋਂ ਇੱਕ ਗੱਭਰੂ ਫੌਜ 'ਚ ਭਰਤੀ ਹੋ ਗਿਆ ਸੀ ਕੁੜੀਏ।" ਅੰਟੀ ਨੇ ਕੋਈ ਪੁਰਾਣੀ ਗੱਲ ਯਾਦ ਕਰਦਿਆਂ ਕਿਹਾ ਸੀ—"ਤੇ ਪਿੱਛੇ ਛੱਡ ਗਿਆ ਜੁਆਨ ਤੀਵੀਂ। ਸਾਲ-ਛੇ ਮਹੀਨਿਆਂ ਬਾਅਦ ਜਦੋਂ ਉਹ ਛੁੱਟੀ ਕੱਟ ਕੇ ਵਾਪਸ ਮੁੜਦਾ, ਉਹ ਤੀਵੀਂ ਨਾਲ ਲਿਪਟ ਕੇ ਧਾਹਾਂ ਮਾਰਨ ਲੱਗ ਪੈਂਦਾ। ਘਰੋਂ ਜਾ ਕੇ ਇੱਕ ਵਾਰੀ ਉਹ ਇੱਕ ਰਾਤ ਨਵੇਂ ਰੰਗਰੂਟ ਨਾਲ ਜਾ ਸੁੱਤਾ। ਰੰਗਰੂਟ ਉਸੇ ਤਰ੍ਹਾਂ ਨੰਗਾ ਆਪਣੇ ਸਾਬ੍ਹ ਦੇ ਜਾ ਪੇਸ਼ ਹੋਇਆ। ਪਿੱਠੂ ਲਾ ਕੇ ਉਸ ਨੂੰ ਨੌਕਰੀਓਂ ਕੱਢਤਾ। ਤੀਵੀਂ ਨੂੰ ਤਰਸਦਾ ਫੌਜੀ ਨੌਕਰੀ ਗੁਆ ਕੇ ਘਰ ਆ ਵੜਿਆ।"

"ਇਸ ਦਾ ਮਤਲਬ ਮੈਨੂੰ ਰਣਜੀਤ ਦਾ ਖ਼ਿਆਲ ਰੱਖਣਾ ਚਾਹੀਦੈ ? ਮੈਨੂੰ ਕੀ ਕਰਨਾ ਚਾਹੀਦੈ ਅੰਟੀ ?"ਅੰਟੀ ਦੀ ਗੱਲ ਸੁਣ ਕੇ ਮੈਂ ਹੱਸ ਹੱਸ ਦੂਹਰੀ ਹੁੰਦੀ ਨੇ ਪੁੱਛਿਆ ਸੀ।

"ਤੈਨੂੰ ਮਖੌਲ ਸੁੱਝਦੇ ਨੇ ? ਸਿਆਣੇ ਦੇ ਕਹੇ ਦਾ ਤੇ ਔਲ਼ੇ ਦੇ ਖਾਧੇ ਦਾ ਬਾਅਦ ਵਿੱਚ ਪਤਾ ਚਲਦੈ ਕੁੜੀਏ। ਚਲੋ, ਇਸ ਬਹਾਨੇ ਕਦੇ ਅੰਟੀ ਨੂੰ ਯਾਦ ਕਰ ਲੇਂਗੀ।" ਅੰਟੀ ਨੇ ਠੰਢਾ ਸਾਹ ਭਰ ਕੇ ਕਿਹਾ ਸੀ।

ਅੰਟੀ ਨੂੰ ਯਾਦ ਹੀ ਤਾਂ ਕਰ ਰਹੀ ਹਾਂ। ਅੱਜ ਔਲ਼ੇ ਦਾ ਸੁਆਦ ਵੀ ਦੇਖ ਲਿਐ। ਕਿਹੋ ਜਿਹੈ ? ਪਤਾ ਨਹੀਂ। ਰਣਜੀਤ ਘੁਰਾੜੇ ਮਾਰ ਰਿਹਾ ਹੈ। ਪਤਾ ਨਹੀਂ ਉਹ ਸੌਂ ਗਿਐ ਜਾਂ ਜਾਗਦੈ। ਮੈਨੂੰ ਕਿੰਨੀ ਵਾਰ ਮੱਛਰ ਨੇ ਕੱਟ ਲਿਐ। ਮੈਨੂੰ ਪਤਾ ਹੀ ਨਹੀਂ ਲੱਗਿਆ। ਰਣਜੀਤ ਗੋਲ਼ਾ ਦਾਗ਼ ਕੇ ਸੌਂ ਗਿਆ। ਪਰ ਮੈਂ ਟੁਕੜਿਆਂ 'ਚ ਖਿਲਰੀ ਪਈ ਹਾਂ। ਮੇਰੇ ਟੁਕੜੇ ਮੇਰੇ ਅੰਦਰ ਬਾਹਰ ਖਿਲਰੇ ਪਏ ਨੇ।

ਇੱਕ ਹੱਥ ਮੇਰੇ ਸਿਰ ਤੇ ਆ ਟਿਕਦਾ ਹੈ। ਨਿੱਘਾ ਜਿਹਾ ਹੱਥ, ਜਿਸ ਦੀ ਛੁਹ ਬਾਪੂ ਦੇ ਹੱਥ ਵਰਗੀ ਵੀ ਹੈ, ਤੇ ਮਾਂ ਦੇ ਹੱਥ ਵਰਗੀ ਵੀ। ਮੈਂ ਤ੍ਰਭੱਕ ਜਾਂਦੀ ਹਾਂ। ਸੁੰਗੜ ਜਾਂਦੀ ਹਾਂ। ਰਬੜ ਦੀ ਡੌਲ ਬਣ ਗਈ ਹਾਂ ਮੈਂ।

ਵੱਡੀ ਭੈਣ ਦਾ ਮੂੰਹ ਮੇਰੇ ਨੇੜੇ ਆਉਂਦਾ ਹੈ।

"ਜਾਹ ਬੈਠਕ 'ਚ ਮੰਜੀ ਪਈ ਹੈ। ਸਿਆਣੀ ਬਣ। ਜ਼ਿੱਦ ਨੀਂ ਕਰਦੇ।"

ਮੇਰੇ ਸਾਹ ਸੁੱਕ ਗਏ। ਜੀਭ ਤਾਲੂਏ ਨਾਲ ਜਾ ਲੱਗੀ। ਲੇਟਿਆਂ ਹੀ ਭੈਣ ਦੇ ਮੂੰਹ ਵੱਲ ਵੇਖਦੀ ਹਾਂ। ਉਸ ਦੀਆਂ ਅੱਖਾਂ 'ਚ ਤਰਲੇ ਵਰਗਾ ਕੁੱਝ ਸੀ। ਮੇਰਾ ਅੰਦਰਲਾ ਭੁੱਬ ਮਾਰਦਾ ਹੈ। ਮੇਰੀ ਭੈਣ ਵੱਲ ਵੇਖਣ ਦੀ ਹਿੰਮਤ ਨਹੀਂ ਪੈਂਦੀ।

"ਸਾਡੇ ਨਸੀਬਾਂ 'ਚ ਇਹੋ ਕੁੱਝ ਹੈ, ਜਾ ਮੇਰੀ ਸਿਆਣੀ ਭੈਣ।" ਉਹ ਜਾਂਦੀ ਜਾਂਦੀ ਆਪਣੀਆਂ ਅੱਖਾਂ ਦੀ ਇੱਕ ਗਰਮ ਬੂੰਦ ਮੇਰੇ ਮੱਥੇ ਤੇ ਸੁੱਟ ਜਾਂਦੀ ਹੈ।

ਮੈਂ ਉੱਠ ਕੇ ਬੈਠ ਜਾਂਦੀ ਹਾਂ।

ਦੁਆਲ਼ੇ ਨਜ਼ਰ ਮਾਰਦੀ ਹਾਂ। ਬਾਪੂ ਦਰਦ ਨਾਲ ਕਰਾਹ ਰਿਹੈ। ਛੋਟੀ ਭੈਣ ਪੱਖੀ ਝੱਲ ਰਹੀ ਹੈ। ਮਾਂ ਨਾਲ ਦੀ ਮੰਜੀ ਤੇ ਘੁਰਾੜੇ ਮਾਰ ਰਹੀ ਹੈ। ਬੱਚੀ ਮੇਰੀ ਛਾਤੀ ਨਾਲ ਲੱਗੀ ਹੋਈ ਹੈ। ਤੇ ਵੱਡੀ ਭੈਣ ਸ਼ਾਇਦ ਮੇਰੇ ਤੁਰਨ ਦੀ ਉਡੀਕ ਕਰ ਰਹੀ ਹੈ।

ਤੇ ਮੈਂ ਤੁਰ ਪੈਂਦੀ ਹਾਂ। ਰਣਜੀਤ ਦੀ ਮੰਜੀ ਨੂੰ ਠੋਕਰ ਮਾਰ ਕੇ। ਉਸ ਹਨੇਰੇ ਵੱਲ, ਜਿੱਥੇ ਕੁੱਝ ਚਿਰ ਪਹਿਲਾਂ ਭੈਣ ਮੰਜੀ ਡਾਹ ਆਈ ਹੈ।

ਤੁਰਦਿਆਂ ਮੈਨੂੰ ਜਾਪਦਾ ਹੈ ਜਿਵੇਂ ਮੇਰੇ 'ਚ ਮੈਂ ਨਹੀਂ, ਅਣ-ਦੇਖੀ ਪ੍ਰੀਤੋ ਤੁਰ ਰਹੀ ਹੋਵੇ। ਵੱਡੀ ਭੈਣ ਤੁਰ ਰਹੀ ਹੋਵੇ।

---

'ਅਦਾਰਾ ਸ਼ਬਦ' ਵੱਲੋਂ ਉਨ੍ਹਾਂ ਲੇਖਕਾਂ ਦੇ ਵਿਸ਼ੇਸ਼ ਅੰਕ ਕੱਢਣ ਦੀ ਕੋਸ਼ਿਸ਼ ਹੈ, ਜਿਹੜੇ ਸਾਡੇ ਵੱਲੋਂ ਵਿਸਾਰੇ ਜਾ ਰਹੇ ਹਨ। ਹੇਠ ਲਿਖੇ ਲੇਖਕਾਂ ਦੀਆਂ ਕਿਤਾਬਾਂ ਤੇ ਹੋਰ ਮੈਟਰ, ਜੇ ਤੁਹਾਡੇ ਕੋਲ ਪਿਆ ਹੈ, ਤਾਂ ਸਾਨੂੰ ਅਵੱਸ਼ ਭੇਜੋ। ਸਾਡੀ ਇਹ ਕੋਸ਼ਿਸ਼ ਰਹੇਗੀ ਕਿ ਲੇਖਕ ਦੀ ਮੂਲ ਰਚਨਾ ਤੋਂ ਬਿਨਾਂ ਬਾਕੀ ਦਾ ਸਾਰਾ ਅਣਪ੍ਰਕਾਸ਼ਤ ਮੈਟਰ ਹੀ ਛਾਪਿਆ ਜਾਵੇ।

1. ਜਰਨੈਲ ਪੁਰੀ
2. ਅਜੀਤ ਪੱਤੋ
3. ਗੁਲਜ਼ਾਰ ਮੁਹੰਮਦ ਗੋਰੀਆ

# ਤਿਕੋਨ

ਘਰ ਅੱਜ ਫਿਰ ਚੁੱਪ ਹੈ। ਘਰ ਅੰਦਰਲੀ ਜ਼ਿੰਦਗੀ ਸਿਸਕ ਸਿਸਕ ਕੇ ਜੀਅ ਰਹੀ ਹੈ। ਘਰ ਦੀਆਂ ਮੱਕੜੀਆਂ ਤਣਾਅ ਦੇ ਜਾਲ਼ੇ ਬੁਣ ਰਹੀਆਂ ਹਨ। ਕਿਸੇ ਦੀ ਉੱਚੀ ਸਾਹ ਲੈਣ ਦੀ ਵੀ ਅਵਾਜ਼ ਨਹੀਂ ਆ ਰਹੀ। ਕੰਧ ਨਾਲ ਚਿੱਪਕੇ ਕਲਾਕ ਦੀ ਟਿੱਕ ਟਿੱਕ, ਖੜ੍ਹੇ ਪਾਣੀਆਂ 'ਚ ਪੱਥਰ ਮਾਰਨ ਵਰਗੀ ਅਵਾਜ਼ ਪੈਦਾ ਕਰ ਰਹੀ ਹੈ। ਇੱਕ ਸ਼ੋਰ ਜਿਹਾ ਪੈਦਾ ਕਰ ਰਹੀ ਹੈ। ਜਿਸ ਦਾ ਪ੍ਰਭਾਵ ਘਰ ਦੇ ਜੀਆਂ ਦੇ ਚੇਹਰਿਆਂ ਤੋਂ ਇੰਜ ਮਹਿਸੂਸ ਹੋ ਰਿਹਾ ਹੈ ਜਿਵੇਂ ਕੋਈ ਉਨ੍ਹਾਂ ਦੀਆਂ ਹਿੱਕਾਂ ਵਿੱਚ ਮੁੱਕੀਆਂ ਮਾਰ ਰਿਹਾ ਹੋਵੇ। ਰਸੋਈ 'ਚੋਂ ਬਰਤਨ ਖੜਕਣ ਦੀ ਅਵਾਜ਼ ਆ ਰਹੀ ਹੈ। ਸ਼ਾਇਦ ਮਿੰਦਰ ਬਰਤਨ ਸਾਫ਼ ਕਰ ਰਹੀ ਹੈ। ਉਹ ਇਸ ਤਰ੍ਹਾਂ ਬਰਤਨ ਇੱਧਰ ਉੱਧਰ ਸੁੱਟ ਰਹੀ ਹੈ ਜਿਵੇਂ ਉਹ ਰਸੋਈ ਦੀਆਂ ਚੀਜਾਂ ਤੇ ਗੁੱਸਾ ਕੱਢ ਰਹੀ ਹੋਵੇ! ਬਰਤਨਾਂ ਦੀ ਖੜਾਕ ਨਾਲ ਬਿੰਦੂ ਮੰਮੀ ਵੱਲ ਦੇਖਦੀ ਹੈ ਪਰ ਬੋਲਦੀ ਕੁੱਝ ਨਹੀਂ। ਸਰਦੂਲ ਔਚਵੀ ਜਿਹੀ ਮਹਿਸੂਸ ਕਰਦਾ ਹੈ ਤੇ ਉਹ ਰਜਾਈ ਵਿੱਚ ਹੀ ਪਾਸਾ ਪਰਤ ਲੈਂਦਾ ਹੈ। ਉਸ ਦੇ ਸੁਭਾਅ ਮੁਤਾਬਕ ਲੱਗਦਾ ਹੈ ਕਿ ਉਹ ਹੁਣੇ ਹੀ ਮਿੰਦਰ ਨੂੰ ਗਾਲ਼ ਕੱਢੇਗਾ। ਪਰ ਅੱਜ ਉਸ ਦੇ ਹੋਂਠ ਨਾ ਖੁਲ੍ਹਣ ਲਈ ਚੁੱਪ ਨੇ। ਛੋਟੀ ਬੱਚੀ ਚੀਨੂੰ ਸੁੱਤੀ ਪਈ ਹੈ ਅਤੇ ਵੱਡੀ ਬਿੰਦੂ, ਸੇਬ ਦੀਆਂ ਫਾੜੀਆਂ ਵਾਲ਼ੀ ਕੌਲੀ ਹੱਥ ਲਈ ਦਿਵਾਨ ਨਾਲ ਲੱਗੀ ਖੜ੍ਹੀ ਹੈ। ਕਦੇ ਉਹ ਰਸੋਈ 'ਚ ਖੜ੍ਹੀ ਮੰਮੀ ਵੱਲ ਤੱਕਦੀ ਹੈ ਤੇ ਕਦੀ ਰਜਾਈ ਦੱਬੀ ਪਏ ਪਾਪਾ ਵੱਲ। ਉਹ ਚੀਨੂੰ ਵੱਲ ਧਿਆਨ ਨਾਲ ਦੇਖਦੀ ਹੈ ਤੇ ਫਿਰ ਉਂਗਲਾਂ ਦੇ ਪੋਟਿਆਂ ਨਾਲ ਉਸ ਦੀਆਂ ਗੱਲ੍ਹਾਂ ਛੂਹ ਕੇ ਵਾਪਸ ਪਰਤ ਆਉਂਦੀ ਹੈ। ਤੇ ਸਰਦੂਲ, ਘੋੜੇ ਵੇਚ ਕੇ ਸੁੱਤਿਆਂ ਵਾਂਗ ਜਾਗਦਾ ਹੀ ਪਿਐ। ਉਸ ਨੇ ਚਾਰੇ ਪਾਸਿਆਂ ਤੋਂ ਰਜਾਈ ਦੱਬੀ ਹੋਈ ਹੈ। ਪਤਾ ਨਹੀਂ ਉਸ ਨੂੰ ਠੰਢ ਲੱਗ ਰਹੀ ਹੈ ਜਾਂ ਉਹ ਘਰਦਿਆਂ ਦੀ ਸ਼ਕਲ ਨਹੀਂ ਦੇਖਣੀ ਚਾਹੁੰਦਾ। ਪਤਾ ਨਹੀਂ ਰਜਾਈ ਉਸ ਨੇ ਸੌਣ ਲਈ, ਲਈ ਹੋਈ ਹੈ ਜਾਂ ਜਾਗਣ ਲਈ। ਪਰ ਇਸ ਤਰ੍ਹਾਂ ਮੰਜੀ ਉਸ ਨੇ ਕਈ ਵਾਰ ਮੱਲੀ ਹੈ।

ਹਫ਼ਤਾ-ਦੱਸ ਦਿਨਾਂ ਬਾਅਦ ਹੀ ਘਰ ਦੇ ਸ਼ਾਂਤ ਵਗਦੇ ਪਾਣੀਆਂ 'ਚ ਬਿਜਲੀ ਗਿਰ ਜਾਂਦੀ ਹੈ। ਅਜੇ ਪਿੱਛਲੇ ਹਫ਼ਤੇ ਹੀ ਤਾਂ ਗਿਰੀ ਸੀ ਇੱਕ ਬਿਜਲੀ, ਜਿਸ ਨਾਲ ਘਰ ਅੱਜ ਵਾਂਗ ਹੀ ਰੋਇਆ ਸੀ। ਖ਼ੁਸ਼ੀ ਦੇ ਸਾਰੇ ਪਲ ਸੂਲ਼ੀ ਟੰਗੇ ਗਏ ਸਨ। ਘਰ ਦੀ ਹਵਾ ਨੂੰ ਕਾਂਬਾ ਛਿੜ ਪਿਆ ਸੀ। ਖਾਮੋਸ਼ੀ ਘਰ ਦੀ ਹਰੀ ਘਾਹ ਤੇ ਕੋਰੇ ਵਾਂਗ ਜੰਮ ਗਈ ਸੀ। ਘਰ ਦੇ ਜੀਆਂ ਦੀਆਂ ਧੜਾਂ ਤੇ ਜਾਨਵਰਾਂ ਦੇ ਸਿੰਗ ਉੱਗ ਆਏ ਸਨ। ਘਰ ਦੀਆਂ ਕੰਧਾਂ, ਖੰਡਰਾਂ ਦੀ ਬੋਲੀ ਬੋਲਣ ਲੱਗ ਪਈਆਂ ਸਨ।

ਅਚਾਨਕ ਹੇਠਲੀ ਉਤੇ ਹੋ ਗਈ ਸੀ। ਘਰ ਚੁੱਪ ਦੀ ਕੈਦ ਹੋ ਗਿਆ ਸੀ, ਜਿਸ ਕਰਕੇ ਘਰ ਦੇ ਜੀਆਂ ਨੇ ਦੋ ਦਿਨ ਦੋ ਸਾਲਾਂ ਵਾਂਗ ਕੱਟੇ ਸਨ।

ਛੋਟੀ ਬੱਚੀ ਬਿਮਾਰ ਸੀ।

ਸੁੱਤੀ ਪਈ ਰਾਤ ਨੂੰ ਅਚਾਨਕ ਚੀਕਾਂ ਮਾਰਨ ਲੱਗ ਪਈ। ਮਿੰਦਰ ਨੇ ਕਈ ਵਾਰ ਉੱਠਣ ਦੀ ਕੋਸ਼ਿਸ਼ ਕੀਤੀ। ਪਰ ਸਰਦੂਲ ਦੇ ਮਜ਼ਬੂਤ ਹੱਥਾਂ ਨੇ ਉਸ ਨੂੰ ਸਿਰ ਵੀ ਨਾ ਚੁੱਕਣ ਦਿੱਤਾ।

"ਕੁੜੀ ਬਿਮਾਰ ਹੈ, ਦੁੱਧ ਦੇ ਦਾਂ, ਭੁੱਖੀ ਹੋਏਗੀ।" ਮਿੰਦਰ ਨੇ ਤਰਲਾ ਕੀਤਾ।

"ਇਸ ਨੇ ਹੁਣੇ ਮਰਨਾ ਸੀ, ਇਸ ਨੂੰ ਇਸੇ ਵਕਤ ਰੋਣਾ ਯਾਦ ਆਉਂਦੈ?" ਸਰਦੂਲ ਨੇ ਮਿੰਦਰ ਵੱਲ ਅੱਖਾਂ ਕੱਢੀਆਂ ਜਿਵੇਂ ਸਾਰਾ ਕਸੂਰ ਉਸੇ ਦਾ ਹੋਵੇ।

"ਫਿਰ ਕੀ ਹੋਇਆ? ਬੱਚਾ ਐ। ਏਨਾ ਨੀ ਸੋਚਦੇ।" ਮਿੰਦਰ ਨੇ ਫਿਰ ਉੱਠਣ ਦੀ ਕੋਸ਼ਿਸ਼ ਕੀਤੀ।

"ਤੂੰ ਤਾਂ ਕਹੇਂਗੀ ਹੀ, ਤੈਨੂੰ ਕੀ ਫ਼ਰਕ ਪੈਂਦੈ ?"

ਸਰਦੂਲ ਦੇ ਹੱਥਾਂ 'ਚ ਜਿੰਨ ਵਰਗੀ ਜਾਨ ਸੀ।

ਬੱਚੀ ਨੇ ਘਰ ਸਿਰ ਤੇ ਚੁੱਕ ਲਿਆ, ਚੀਕਾਂ ਨਾਲ।

ਸਰਦੂਲ ਨੂੰ ਜਾਪਿਆ ਜਿਵੇਂ ਉਹ ਬਰਫ਼ 'ਚ ਧੱਸਦਾ ਜਾ ਰਿਹਾ ਹੋਵੇ। ਉਸ ਨੇ ਮਿੰਦਰ ਨੂੰ ਤੋੜਨਾ ਸ਼ੁਰੂ ਕਰ ਦਿੱਤਾ, ਜਿਵੇਂ ਉਸ ਦਾ ਇੱਕ ਇੱਕ ਅੰਗ ਪੁੱਟ ਕੇ ਸੁੱਟਣਾ ਹੋਵੇ। ਡਿਸਮੈਂਟਲ ਕਰਨਾ ਹੋਵੇ।

ਬੱਚੀ ਦੀਆਂ ਹੋਰ ਉੱਚੀਆਂ ਹੋ ਰਹੀਆਂ ਚੀਕਾਂ ਨਾਲ ਮਿੰਦਰ 'ਚੋਂ ਸਰਦੂਲ ਮਨਫ਼ੀ ਹੋਣ ਲੱਗਾ। ਉਸ ਨੇ ਸਰਦੂਲ ਦੀਆਂ ਜਿੰਨ ਬਾਹਾਂ ਆਪਣੇ ਨਾਲੋਂ ਤੋੜੀਆਂ ਤੇ ਛਾਲ ਮਾਰ ਕੇ ਬੱਚੀ ਦੀ ਮੰਜੀ ਤੇ ਗਿਰ ਗਈ।ਉਹ ਮਮਤਾ 'ਚ ਇੰਨੀ ਬੇਕਾਬੂ ਹੋ ਗਈ ਕਿ ਉਸ ਨੂੰ ਪਿੱਠ ਤੇ ਪਈ ਸਰਦੂਲ ਦੀ ਲੱਤ ਦਾ ਦਰਦ ਸਵੇਰੇ ਜਾ ਕੇ ਮਹਿਸੂਸ ਹੋਇਆ। ਉਹ ਮੰਜੀ 'ਚੋਂ ਕੁੱਬਿਆਂ ਵਾਂਗ ਉੱਠੀ ਸੀ।

ਉਸ ਨੇ ਫਿਰ ਜਦੋਂ ਸਵੇਰੇ ਸਰਦੂਲ ਨੂੰ ਚਾਹ ਦਾ ਗਿਲਾਸ ਫੜਾਇਆ ਸੀ, ਸਰਦੂਲ ਨੇ ਚਾਹ ਦਾ ਭਰਿਆ ਭਰਾਇਆ ਗਿਲਾਸ ਵਾਪਸ ਉਸ ਦੇ ਪੈਰਾਂ 'ਚ ਵਗਾਹ ਮਾਰਿਆ ਸੀ।ਫਿਰ ਘਰ 'ਚ ਜਿਵੇਂ ਕਿਸੇ ਦੀ ਮੌਤ ਹੋ ਗਈ ਸੀ।ਘਰ 'ਚ ਤਣਾਅ ਦਾ ਤਾਣਾ ਬੁਣ ਦਿੱਤਾ ਗਿਆ। ਸਾਰਿਆਂ ਦੇ ਮੂੰਹਾਂ ਨੂੰ ਤਾਲਾ ਵੱਜ ਗਿਆ। ਇਕ ਬਿੰਦੂ ਸੀ ਜੋ ਸੂਲ਼ੀ ਟੰਗੇ ਬੋਲਾਂ ਨੂੰ ਉਤਾਰਨ ਲੱਗੀ ਹੋਈ ਸੀ। ਦੋ ਦਿਨਾਂ ਬਾਅਦ ਉਹ ਘਰ 'ਚ ਹਾਸੇ ਮੋੜ ਲਿਆਈ ਸੀ।

ਅਜਿਹੇ ਮੌਕਿਆਂ ਤੇ ਮਿੰਦਰ ਚੁੱਪ ਹੀ ਰਹਿੰਦੀ ਸੀ, ਤੇ ਉਹ ਅੱਜ ਵੀ ਚੁੱਪ ਹੈ। ਉਸ ਨੂੰ ਪਤਾ ਸੀ ਕਿ ਉਸ ਦੇ ਬੋਲਣ ਨਾਲ ਚੁੱਪ ਵਧਦੀ ਹੈ। ਸਰਦੂਲ ਖਿਝਦਾ ਹੈ।

ਰੋਸ਼ਨਦਾਨ 'ਚੋਂ ਧੁੱਪ ਕਮਰੇ 'ਚ ਝਰਨ ਲੱਗ ਪਈ ਸੀ। ਜਿਸ ਕਰਕੇ ਤਣਾਅ ਹੋਰ ਸਾਫ਼ ਦਿੱਸਣ ਲੱਗ ਪਿਆ।ਸੁੱਜੇ ਹੋਏ ਚੇਹਰਿਆਂ ਤੋਂ ਕੁੱਝ ਵੀ ਲੁੱਕਿਆ ਹੋਇਆ ਨਹੀਂ ਸੀ। ਗੁਆਂਢਲੇ ਗੁਰਦਵਾਰੇ 'ਚੋਂ ਭਾਈ ਜੀ ਦੀ ਅਵਾਜ਼ ਕੰਨਾਂ ਦੇ ਪਰਦੇ ਪਾੜ ਰਹੀ ਸੀ।ਅਜਿਹਾ ਕਰ ਕੇ ਪਤਾ ਨਹੀਂ ਉਹ ਮੁਹੱਲੇ ਵਾਲਿਆਂ ਨਾਲ ਕਿਹੜੀ ਕਿੜ ਕੱਢਣੀ ਚਾਹੁੰਦਾ ਹੈ। ਲੋਕ ਨਾਸ਼ਤਾ ਕਰ ਕੇ ਆਪਣੇ ਆਪਣੇ ਕੰਮਾਂ ਤੇ ਜਾਣ ਦੀ ਤਿਆਰੀ 'ਚ ਨੇ, ਪਰ ਸਰਦੂਲ ਅਜੇ ਵੀ ਲੰਮੀਆਂ ਤਾਣੀ ਪਿਆ ਹੈ। ਘਰ ਦੇ ਸਾਰੇ ਜੀਆਂ ਦੀਆਂ ਨਜ਼ਰਾਂ ਉਸ ਦੀ ਰਜਾਈ ਨਾਲ ਟਕਰਾਅ ਟਕਰਾਅ ਕੇ ਵਾਪਸ ਪਰਤ ਰਹੀਆਂ ਨੇ। ਕਿੰਨੀ ਦੇਰ ਹੋ ਗਈ ਜਾਗਿਆਂ, ਪਰ ਕਿਸੇ ਨੇ ਵੀ ਚੁੱਪ ਤੋੜਨ ਦਾ ਹੀਆ ਨਹੀਂ ਕੀਤਾ। ਇੱਕ ਬਿੰਦੂ ਹੈ ਜੋ ਉਸਲਵੱਟੇ ਲੈ ਰਹੀ ਹੈ।

ਉਹ ਖਾਣ ਲਈ ਸੇਬ ਦੀ ਫਾੜੀ ਹੋਠਾਂ ਤੱਕ ਲਿਆਉਂਦੀ ਹੈ ਪਰ ਫਿਰ ਵਾਪਸ ਪਰਤਾਅ ਲੈਂਦੀ ਹੈ। ਉਹ ਉਦਾਸ ਹੋ ਜਾਂਦੀ ਹੈ।ਛੋਟੇ ਛੋਟੇ ਤੇ ਹੌਲੀ ਹੌਲੀ ਕਦਮ ਪੁੱਟਦੀ, ਉਹ ਰਸੋਈ 'ਚ ਕੰਮ ਕਰਦੀ ਮੰਮੀ ਦੀ ਕਮੀਜ ਜਾ ਫੜਦੀ ਹੈ ਤੇ ਕਿੰਨਾ ਚਿਰ ਖੜ੍ਹੀ ਰਹਿੰਦੀ ਹੈ।ਉਹ ਸੋਚਦੀ ਹੈ, ਮੰਮੀ ਉਸ ਨੂੰ ਕੁੱਝ ਕਹੇਗੀ। ਕੁੱਝ ਪੁੱਛੇਗੀ। ਪਰ ਮਿੰਦਰ ਉਸੇ ਤਰ੍ਹਾਂ ਕੰਮ 'ਚ ਲੱਗੀ ਹੋਈ ਹੈ। ਸ਼ਾਇਦ ਉਸ ਨੂੰ ਬਿੰਦੂ ਦੇ ਆਉਣ ਦਾ ਪਤਾ ਹੀ ਨਹੀਂ ਲੱਗਦਾ।

ਮੰਮੀ ਦਾ ਉਦਾਸ ਚੇਹਰਾ ਵੇਖ, ਬਿੰਦੂ ਪਾਪਾ ਦੀ ਮੰਜੀ ਕੋਲ ਆ ਖੜ੍ਹਦੀ ਹੈ। ਕਿੰਨਾ ਚਿਰ ਉਹ ਰਜਾਈ 'ਚ ਪਏ ਸਰਦੂਲ ਨੂੰ ਤੱਕਦੀ ਰਹਿੰਦੀ ਹੈ। ਬੋਲਣ ਦੀ ਉਸ 'ਚ ਹਿੰਮਤ ਨਹੀਂ ਪੈ ਰਹੀ। ਉਹ ਜਾਣਦੀ ਹੈ ਆਪਣੇ ਪਾਪਾ ਨੂੰ, ਉਸ ਦੀ ਜ਼ਿੱਦ ਨੂੰ।

ਫਿਰ ਉਸ ਨੇ ਹਿੰਮਤ ਇਕੱਠੀ ਕਰ ਕੇ ਸਰਦੂਲ ਦੀ ਰਜਾਈ ਦਾ ਸਿਰ ਵਾਲਾ ਸਿਰਾ ਥੋੜ੍ਹਾ ਜਿੰਨਾ ਖਿੱਚਿਆ।ਪਰ ਇੰਨੀ ਉਸ ਦੀ ਅਜੇ ਵੀ ਹਿੰਮਤ ਨਾ ਪਈ ਕਿ ਉਹ ਸਰਦੂਲ ਦਾ ਮੂੰਹ ਨੰਗਾ

ਕਰ ਸਕਦੀ।

ਅਕਸਰ ਉਹ ਸਰਦੂਲ ਤੋਂ ਇੰਨਾ ਨਹੀਂ ਡਰਦੀ ਤੇ ਸਰਦੂਲ ਵੀ ਉਸ ਨੂੰ ਆਪਣੀ ਜਾਨ ਨਾਲੋਂ ਵੱਧ ਸਮਝਦੈ। ਪਰ ਅਜਿਹੇ ਮੌਕਿਆਂ ਤੇ ਸਰਦੂਲ ਨੂੰ ਪਤਾ ਨਹੀਂ ਕੀ ਹੋ ਜਾਂਦੈ ? ਕਿਉਂ ਬੱਚਿਆਂ ਤੋਂ ਇਸ ਤਰ੍ਹਾਂ ਟੁੱਟ ਜਾਂਦੈ ਕਿ ਬੱਚਿਆਂ ਦੀ ਉਸ ਨੂੰ ਬੁਲਾਉਣ ਦੀ ਹਿੰਮਤ ਨਹੀਂ ਪੈਂਦੀ। ਕਿਉਂ ਬੱਚਿਆਂ ਦੇ ਨੇੜੇ ਆਉਣ ਤੇ ਵੀ ਉਹ ਦੂਰ ਭੱਜਦੈ ?

ਬਿੰਦੂ ਨੇ ਦੋਵਾਂ ਹੱਥਾਂ ਨਾਲ ਰਜਾਈ ਦੇ ਬਾਹਰੋਂ ਹੀ ਸਰਦੂਲ ਦਾ ਮੂੰਹ ਟੋਹਿਆ ਤੇ ਫਿਰ ਉਸ ਨੇ ਆਪਣੇ ਹੋਂਠ ਪਾਪਾ ਦੇ ਮੂੰਹ ਤੇ ਰੱਖ ਦਿੱਤੇ। ਆਪਣੇ ਹੋਂਠਾਂ ਨਾਲ ਪਚਾਕਾ ਮਾਰ ਕੇ ਸਰਦੂਲ ਨੂੰ ਆਪਣੇ ਚੁੰਮਣ ਦਾ ਅਹਿਸਾਸ ਕਰਾਉਣਾ ਚਾਹਿਆ। ਉਸ ਨੂੰ ਉਮੀਦ ਸੀ ਕਿ ਪਾਪਾ ਜ਼ਰੂਰ ਰਜਾਈ 'ਚੋਂ ਮੂੰਹ ਬਾਹਰ ਕੱਢਣਗੇ ਤੇ ਉਸ ਨੂੰ ਆਪਣੀਆਂ ਬਾਹਾਂ 'ਚ ਲੈ ਕੇ ਘੁੱਟਣਗੇ। ਉਸ ਨੂੰ ਚੁੰਮਣਗੇ। ਗੁੱਡ ਮਾਰਨਿੰਗ ਕਹਿਣਗੇ। ਤੇ ਉਸ ਨੂੰ ਰਜਾਈ 'ਚ ਲੁਕਾਅ ਲੈਣਗੇ। ਕਿੰਨਾ ਚਿਰ ਖੜ੍ਹੀ, ਉਹ ਇਸ ਸੱਭ ਕਾਸੇ ਦਾ ਇੰਤਜ਼ਾਰ ਕਰਦੀ ਰਹੀ ਪਰ ਰਜਾਈ 'ਚੋਂ ਨਾ ਸਰਦੂਲ ਦਾ ਮੂੰਹ ਬਾਹਰ ਆਇਆ ਤੇ ਨਾ ਹੀ ਬਾਹਾਂ।

ਬਿੰਦੂ ਦੀਆਂ ਅੱਖਾਂ ਭਰ ਆਈਆਂ।

ਉਸ ਨੇ ਫਿਰ ਸਰਦੂਲ ਦੀ ਰਜਾਈ ਦਾ ਸਿਰਾ ਹੌਲੀ ਜਿਹੀ ਖਿੱਚਿਆ। ਉਸ ਨੂੰ ਬਰਾਬਰ ਡਰ ਵੀ ਸੀ ਕਿ ਕਿਤੇ ਪਾਪਾ ਦੀ ਚਪੇੜ ਮੂੰਹ ਤੇ ਨਾ ਆ ਵੱਜੇ। ਉਸ ਨੇ ਸਰਦੂਲ ਨੂੰ ਜੱਫੀ 'ਚ ਘੱਟ ਲਿਆ।

"ਪਾਪਾ....... ਪਾਪਾ ਪਲੀਜ .......... ਪਾਪਾ। ਉੱਠੋ ਪਾਪਾ ਜੀ।"

ਉਹ ਸਰਦੂਲ ਦੇ ਬੋਲਣ ਦਾ ਇੰਤਜ਼ਾਰ ਕਰਨ ਲੱਗੀ।

ਸਰਦੂਲ ਚੁੱਪ ਰਿਹਾ।

"ਉੱਠੋ ਪਾਪਾ..........। ਅੱਜ ਮੇਰਾ ਟੈਸਟ ਆ ਪਾਪਾ.......... ਮੈਂ ਫਸਟ ਆਉਣੈ। ਤੁਸੀਂ ਉੱਠੋ ਤਾਂ .......।" ਬਿੰਦੂ ਸਰਦੂਲ ਦੇ ਨਾਲ ਲੇਟ ਗਈ ਤੇ ਉਸ ਦੀ ਰਜਾਈ 'ਚ ਘੁਸਣ ਦੀ ਕੋਸ਼ਿਸ਼ ਕਰਨ ਲੱਗੀ।

"ਤੰਗ ਨਾ ਕਰ ਬਿੰਦੂ, ਮੈਨੂੰ ਸੌਣ ਦੇ...... ਜੋ ਕਹਿਣੈ, ਆਪਣੀ ਮੰਮੀ ਨੂੰ ਆਖ।" ਸਰਦੂਲ ਨੇ ਧੱਕਾ ਮਾਰ ਕੇ ਉਸ ਨੂੰ ਮੰਜੀ ਤੋਂ ਲਾਹ ਦਿੱਤਾ।

"ਤਿਆਰ ਤਾਂ ਤੁਸੀਂ ਹੀ ਕਰਦੇ ਓ ਪਾਪਾ... ਅੱਜ ਵੀ ਕਰ ਦੋ ਨਾ। ਸਕੂਲ ਦਾ ਟਾਈਮ ਹੋ ਰਿਹੈ......... ਰਿਕਸ਼ਾ ਆਉਣ ਵਾਲੈ ....... ।" ਬਿੰਦੂ ਨੇ ਰਜਾਈ 'ਚੋਂ ਸਰਦੂਲ ਦਾ ਹੱਥ ਖਿੱਚ ਕੇ ਚੁੰਮਦਿਆਂ ਕਿਹਾ।

ਸਰਦੂਲ ਨੇ ਆਪਣਾ ਹੱਥ ਵਾਪਸ ਖਿੱਚ ਲਿਆ।

"ਉੱਠੋ ਪਾਪਾ, ਪਲੀਜ਼....। ਤੁਸੀਂ ਨੀ ਉੱਠੋਗੇ ਤਾਂ ਮੈਨੂੰ ਕੰਘੀ ਕੌਣ ਕਰੂ ? ਮੇਰੇ ਟਾਈ ਕੌਣ ਲਾਊ ? ਬੂਟ ਕੌਣ ਪਾਊ ? ਅੱਗੇ ਤਾਂ ਇਹ ਸੱਭ ਕੁੱਝ ਤੁਸੀਂ ਕਰਦੇ ਓ ਪਾਪਾ।" ਉਸ ਨੇ ਰਜਾਈ 'ਚ ਬਾਂਹ ਪਾ ਕੇ ਫਿਰ ਸਰਦੂਲ ਦਾ ਹੱਥ ਖਿੱਚਿਆ।

"ਮੰਮੀ ਨੂੰ ਕਹਿ ਬਿੰਦੂ, ਮੈਨੂੰ ਖਿਝਾਅ ਨਾ।" ਸਰਦੂਲ ਨੇ ਗੁੱਸੇ ਨਾਲ ਕਿਹਾ।

ਬਿੰਦੂ ਦੋ ਕਦਮ ਪਿੱਛੇ ਹੱਟ ਗਈ।

"ਮੈਂ ਤਾਂ ਆਪਣੇ ਪਾਪਾ ਤੋਂ ਤਿਆਰ ਹੋਣੈ। ਮੰਮੀ ਤਾਂ ਮੇਰੇ ਲਈ ਪਰੌਂਠਾ ਬਣਾ ਰਹੇ ਐ, ਨਾਲੇ ਦੀਦੀ ਵੀ ਤਾਂ ਰੋ ਰਹੀ ਆ ਪਾਪਾ।"

ਵੈਸੇ ਵੀ, ਬਿੰਦੂ ਨੂੰ ਅਕਸਰ ਸਰਦੂਲ ਹੀ ਤਿਆਰ ਕਰਦੈ। ਮਿੰਦਰ ਉਸ ਨੂੰ ਨੁਹਾ ਕੇ ਹੋਰ ਕੰਮ

ਲੱਗ ਜਾਂਦੀ ਹੈ ਤੇ ਸਰਦੂਲ ਉਸ ਨੂੰ ਕੰਘੀ ਕਰਦੈ। ਟਾਈ ਲਾਉਂਦੈ। ਪੈਂਟ ਸ਼ਰਟ ਪਾਉਂਦੈ। ਬੂਟ ਪਾਉਂਦੈ। ਰੁਮਾਲ ਦੀ ਤੈਹ ਲਾ ਕੇ ਉਸ ਦੇ ਕੋਟ ਦੀ ਜੇਬ 'ਚ ਪਾਉਂਦੈ।

ਪਰ ਅੱਜ ਸਰਦੂਲ ਆਪਣੀ ਜ਼ੁੰਮੇਵਾਰੀ ਤੋਂ ਬੇਖ਼ਬਰ ਮੂਕ ਦਰਸ਼ਕ ਬਣ ਕੇ ਸੱਭ ਕੁੱਝ ਦੇਖ ਰਿਹਾ ਹੈ। ਸੌਣ ਦਾ ਢੌਂਗ ਕਰ ਰਿਹਾ ਹੈ।

ਬਿੰਦੂ ਨੂੰ ਸ਼ਾਇਦ ਇਸ ਗੱਲ ਦਾ ਅਹਿਸਾਸ ਹੈ ਕਿ ਪਾਪਾ ਦੇ ਉੱਠਣ ਨਾਲ ਘਰ 'ਚੋਂ ਤਣਾਅ ਖ਼ਤਮ ਹੋ ਜਾਵੇਗਾ। ਇਸੇ ਲਈ ਉਹ ਸਰਦੂਲ ਨੂੰ ਉੱਠਾਉਣ ਦੀ ਜਿੱਦ ਕਰ ਰਹੀ ਹੈ। ਨਾਕਾਮ ਜਿਹੀ ਕੋਸ਼ਿਸ਼ ਕਰ ਰਹੀ ਹੈ।

ਪਰ ਉਹ ਦਾਅ ਹਾਰ ਰਹੀ ਹੈ।

ਬਿੰਦੂ ਦੇ ਤਰਲੇ ਸੁਣ ਕੇ ਮਿੰਦਰ ਦਾ ਅੰਦਰ ਰੋ ਰਿਹਾ ਹੈ। ਪਰੌਂਠਾ ਬਣਾਉਂਦੀ ਬਣਾਉਂਦੀ ਨੇ ਉਸ ਨੇ ਕਮੀਜ ਨਾਲ ਕਈ ਵਾਰ ਅੱਖਾਂ ਪੂੰਝੀਆਂ। ਉਸ ਤੋਂ ਬਿੰਦੂ ਦੇ ਤਰਲਿਆਂ ਦਾ ਬੋਝ ਚੁੱਕਿਆ ਨਹੀਂ ਜਾ ਰਿਹਾ।

"ਉੱਠੋ ਪਾਪਾ ਜੀ ?"ਉਹ ਪੈਂਦੇ ਜਾ ਕੇ ਸਰਦੂਲ ਦੇ ਪੈਰ ਪਲੋਸਣ ਲੱਗ ਪੈਂਦੀ ਹੈ ਜਿਵੇਂ ਕਿਸੇ ਗੁਨਾਹ ਲਈ ਪਾਪਾ ਦੇ ਪੈਰ ਫੜ ਰਹੀ ਹੋਵੇ।

"ਕਿਉਂ ਹਾੜ੍ਹੇ ਕਢਦੀ ਆਂ ਬਿੰਦੂ, ਤੂੰ ਜਾਣਦੀ ਤਾਂ ਹੈਂ ਆਪਣੇ ਪਾਪਾ ਦੀ ਜਿੱਦ ਨੂੰ। ਪੱਥਰ ਨੇ। ਤੋੜਨਾ ਜਾਣਦੇ ਨੇ, ਆਪ ਨਹੀਂ ਟੁੱਟਦੇ।" ਮਿੰਦਰ ਆਟੇ ਵਾਲੇ ਹੱਥਾਂ ਨਾਲ ਫਿਰ ਅੱਖਾਂ ਸਾਫ਼ ਕਰਦੀ ਹੈ।

ਬਿੰਦੂ ਡਰਿਆਂ ਵਾਂਗ ਮਿੰਦਰ ਦਾ ਹੱਥ ਆ ਫੜਦੀ ਹੈ ਤੇ ਫਿਰ ਅੱਖਾਂ ਭਰ ਕੇ ਉਸ ਦੀਆਂ ਲੱਤਾਂ ਨੂੰ ਚਿੰਬੜ ਜਾਂਦੀ ਹੈ।

—ਪਾਪਾ ਨੂੰ ਕੀ ਹੋ ਜਾਂਦੈ ਮੰਮੀ ?

—ਪਾਪਾ ਨਾਲ ਤੁਸੀਂ ਕਿਉਂ ਲੜਦੇ ਹੋ ?

—ਉਹ ਤੁਹਾਨੂੰ ਗਾਲ੍ਹਾਂ ਕਿਉਂ ਕੱਢਦੇ ਨੇ ?

—ਉਹ ਇਸ ਤਰ੍ਹਾਂ ਕਿਉਂ ਕਰਦੇ ਨੇ ?

—ਪਾਪਾ ਸਾਡੇ ਨਾਲ ਕਿਉਂ ਨਹੀਂ ਬੋਲਦੇ ?

ਬਿੰਦੂ ਕਿੰਨਾ ਕੁੱਝ ਇੱਕੋ ਸਾਹੇ ਪੁੱਛ ਜਾਂਦੀ ਹੈ।

"ਕੀ ਦੱਸਾਂ ਬਿੰਦੂ ? ਮੈਨੂੰ ਵੀ ਨਹੀਂ ਪਤਾ ਮੈਥੋਂ ਕੀ ਪਾਪ ਹੋ ਗਿਐ ? ਸ਼ਾਇਦ ਸਾਨੂੰ ਸਜ਼ਾ ਦੇ ਕੇ ਇਨ੍ਹਾਂ ਨੂੰ ਸੁਆਦ ਆਉਂਦੈ।" ਮਿੰਦਰ ਆਪਣੇ ਪਿਆਰ ਭਰੇ ਹੱਥਾਂ ਨਾਲ ਉਸ ਦੇ ਵਾਲਾਂ 'ਚ ਕੰਘੀ ਕਰਨ ਲੱਗ ਪੈਂਦੀ ਹੈ।

"ਕਿਉਂ ਵਿਚਾਰੀ ਨੂੰ ਤੜਫਾ ਰਹੇ ਓ ? ਇਸ ਦਾ ਮੂੰਹ ਦੇਖੋ ? ਰੰਗ ਬੱਗਾ ਪੂਣੀ ਵਰਗਾ ਹੋ ਗਿਐ।" ਸਰਦੂਲ ਦੀ ਮੰਜੀ ਕੋਲ਼ ਆ ਕੇ ਮਿੰਦਰ ਬੋਲੀ।

ਸਰਦੂਲ ਚੁੱਪ ਹੈ।

"ਇਸ ਨੇ ਕੀ ਵਿਗਾੜਿਐ ਤੁਹਾਡਾ, ਨਿੱਕੀ ਜਿਹੀ ਜਿੰਦ ਨੇ। ਕਿਉਂ ਇਸ ਨੂੰ ਸੂਕਣੀ ਪਾਇਐ ?"

"ਤੂੰ ਜੁ ਹੈਂ ਭੌਂਕਣ ਵਾਸਤੇ। ਮੇਰੇ ਨਾਲ ਭੌਂਕ ਸਕਦੀ ਏਂ, ਇਸ ਨਾਲ ਨੀਂ ਭੌਂਕ ਸਕਦੀ। ਦਫ਼ਾ ਹੋ ਜੋ ਏਥੋਂ, ਮੈਂ ਲੱਤਾਂ ਤੋੜਦੂੰ ਕਿਸੇ ਦੀਆਂ।"

ਦੋਵੇਂ ਮਾਵਾਂ ਧੀਆਂ ਇੱਕ ਦੂਜੀ ਦਾ ਮੂੰਹ ਤੱਕਣ ਲੱਗੀਆਂ।

"ਅੱਗੇ ਤੁਸੀਂ ਕੇਹੜਾ ਕਸਰ ਛੱਡੀ ਆ ? ਪੁੜੇ 'ਚੋਂ ਅਜੇ ਤੱਕ ਚੀਸਾਂ ਨੀਂ ਗਈਆਂ।" ਮਿੰਦਰ ਨੇ ਪੁੜਾ ਥੱਪਥਪਾਇਆ— "ਵੇ ਚੰਦਰਿਆ, ਤੂੰ ਹੋਰ ਕਰ ਵੀ ਕੀ ਸਕਦੈਂ ? ਤੂੰ ਤੋੜ ਹੀ ਸਕਦੈਂ, ਕੁੱਝ ਜੋੜ ਨੀਂ ਸਕਦਾ। ਵੇ ਗਊ ਦਾ ਕੀ ਮਾਰਨਾ। ਲੱਤਾਂ ਤੋੜ ਦੇਵੇਂਗਾ ? ਕੁੱਟ ਲਏਂਗਾ ? ਫਿਰ ਵੀ ਉਸ ਤੇਰੀ ਹੀ ਖੁਰਲੀ ਤੇ ਆਉਣੈ। ਗਾਂ, ਆਪਣੀ ਖੁਰਲੀ ਛੱਡ ਕੇ ਜਾਏਗੀ ਵੀ ਕਿੱਥੇ ? ਉਸ ਨੇ ਤਾਂ ਹਲਾਲ ਹੀ ਹੋਣੈ। ਕਸਾਈ ਹੱਥੋਂ ਨਾ ਸਹੀ, ਮਾਲਕ ਹੱਥੋਂ ਸਹੀ।"

ਮਿੰਦਰ ਫੇਰ ਰੋਣ ਲੱਗ ਪਈ।

ਬਿੰਦੂ ਮੰਮੀ ਨੂੰ ਪਰ੍ਹੇ ਖਿਚਣ ਲੱਗ ਪਈ।

"ਸੁੱਤੇ ਰਹੋ ਪਾਪਾ ਜੀ। ਮੈਂ ਨੀਂ ਉਠਾਉਂਦੀ, ਮੰਮੀ ਆਪੇ ਤਿਆਰ ਕਰ ਦੇਣਗੇ।" ਉਸ ਦੇ ਚੇਹਰੇ ਤੇ ਡਰ ਦੇ ਕਿੱਲ ਉੱਭਰ ਆਏ।

"ਗਾਂ, ਤੂੰ ?" ਸਰਦੂਲ ਨੇ ਵਿਅੰਗ ਜਿਹੇ 'ਚ ਕਿਹਾ।

"ਹਾਂ, ਹਾਂ, ਗਾਂ। ਤੂੰ ਤੀਵੀਂ ਨੂੰ ਜਾਨਵਰ ਸਮਝਦੈਂ ? ਜਿਸ ਨੂੰ ਜਦੋਂ ਮਰਜ਼ੀ ਕੁੱਟ ਲਿਆ, ਜਿਵੇਂ ਮਰਜ਼ੀ ਵਰਤ ਲਿਆ।"

"ਗਾਂ ਖੌਰੂ ਨੀਂ ਪੱਟਦੀ, ਪਰ ਤੂੰ ......।"

"ਵੇ ਮੈਂ ਚੰਦਰਿਆ ਖੌਰੂ ਕੀ ਪੱਟਣੈ। ਮੇਰੇ ਪੈਰਾਂ 'ਚ ਬੱਚਿਆਂ ਦਾ ਡਾਹਾ ਜੁ ਤੂੰ ਪਾ ਦਿੱਤੈ। ਇਹ ਨਾ ਹੁੰਦਾ, ਮੈਂ ਇਸ ਰੋਜ਼ ਦੇ ਰੰਡੀ-ਰੋਣੇ ਨਾਲੋਂ ਕੁਸ ਖਾ ਕੇ ਮਰ ਜਾਂਦੀ। ਹੁਣ ਤੇਰੀ ਛੁਰੀ ਮੇਰਾ ਚੰਮ ਵੀ ਉਤਾਰ ਲਵੇ, ਮੈਂ ਫਿਰ ਵੀ ਜੀਆਂਗੀ। ਆਪਣੇ ਬੱਚਿਆਂ ਲਈ।"

ਅਜਿਹਾ ਕਰਨਾ ਸਰਦੂਲ ਦੀ ਫ਼ਿਤਰਤ ਜਿਹੀ ਬਣ ਗਿਐ।

ਜਦੋਂ ਵੀ ਘਰ 'ਚ, ਭਾਵ ਮੀਆਂ-ਬੀਵੀ 'ਚ ਉੱਨੀ ਇੱਕੀ ਹੋ ਜਾਂਦੀ ਹੈ, ਉਹ ਕਈ ਕਈ ਦਿਨ ਬੋਲ਼ਾ ਬਣ ਜਾਂਦੈ। ਗੁੰਗਾ ਬਣ ਜਾਂਦੈ। ਨਾ ਕਿਸੇ ਨੂੰ ਕੁੱਝ ਕਹਿੰਦਾ ਹੈ ਤੇ ਨਾ ਕਿਸੇ ਦੀ ਸੁਣਦਾ ਹੈ। ਬਿੰਦੂ ਉਸ ਦੇ ਅੱਗੇ-ਪਿੱਛੇ ਤੁਰੀ ਫਿਰਦੀ ਹੈ ਪਰ ਉਹ ਵੀ ਉਸ ਦੀ ਚੁੱਪ ਨਹੀਂ ਤੋੜ ਸਕਦੀ। ਮਿੰਦਰ ਉਸ ਨੂੰ ਮਨਾਉਣ ਦੀ ਕੋਸ਼ਿਸ਼ ਕਰਦੀ ਹੈ। ਉਸ ਨੂੰ ਛੇੜ-ਛਾੜ ਕਰਦੀ ਹੈ। ਉਸ ਨੂੰ ਬਾਹਾਂ 'ਚ ਲੈ ਕੇ ਘੁੱਟਦੀ ਹੈ। ਉਹ ਉਸ ਨਾਲ ਨਿਰ-ਵਸਤਰ ਹੋ ਕੇ ਪੈਂਦੀ ਹੈ। ਪਰ ਸਰਦੂਲ ਉਸ ਨੂੰ ਮਾਂ ਭੈਣ ਦੀਆਂ ਨੰਗੀਆਂ ਗਾਲ੍ਹਾਂ ਕੱਢਣ ਲੱਗ ਪੈਂਦੈ। ਉਸ ਨੂੰ ਮੰਜੀ ਤੋਂ ਧੱਕਾ ਮਾਰਦੈ। ਕਿੰਨਾ ਕਿੰਨਾ ਚਿਰ ਪਈ ਉਹ ਆਪਣੀ ਕਿਸਮਤ ਤੇ ਝੂਰਦੀ ਹੈ ਤੇ ਕੱਪੜੇ ਪਾਉਂਦਿਆਂ ਆਪਣੇ ਨੰਗੇ ਬਦਨ ਨੂੰ ਗਾਲ੍ਹਾਂ ਕੱਢਦੀ ਹੈ। ਕਈ ਵਾਰ ਉਹ ਬੇਸ਼ਰਮਾਂ ਵਾਂਗ ਮੁਸਕਰਾ ਛੱਡਦੀ ਹੈ। ਉਹ ਸੋਚਦੀ ਹੈ ਕਿ ਅੱਜ ਨਹੀਂ ਤਾਂ ਸਰਦੂਲ ਕੱਲ੍ਹ ਨੂੰ ਮੰਨ ਜਾਏਗਾ।

ਸਰਦੂਲ ਦੀ ਚੁੱਪ ਦਾ ਸਰਾਪ ਸੱਭ ਤੋਂ ਵੱਧ ਬਿੰਦੂ ਹੰਢਾਉਂਦੀ ਹੈ। ਸਰਦੂਲ ਪਤਾ ਨਹੀਂ ਕਿਸ ਮਿੱਟੀ ਦਾ ਬਣਿਆ ਹੈ ਕਿ ਉਸ ਤੇ ਬਾਲ ਮਨ ਨੂੰ ਪਹੁੰਚੀ ਠੇਸ ਦਾ ਰੱਤੀ ਭਰ ਅਸਰ ਨਹੀਂ ਹੁੰਦਾ। ਕਈ ਵਾਰ ਇੰਜ ਪਰਤੀਤ ਹੁੰਦੈ ਜਿਵੇਂ ਇਸ ਸੱਭ ਕਾਸੇ 'ਚੋਂ ਉਹ ਸੁਆਦ ਲੈ ਰਿਹੈ। ਜਿਵੇਂ ਸਾਰੇ ਪਰਿਵਾਰ ਨੂੰ ਤੜਫ਼ਾ ਕੇ ਉਸ ਦੀ ਰੂਹ ਨੂੰ ਸਕੂਨ ਮਿਲਦੈ ਤੇ ਕਈ ਵਾਰ ਉਹ ਇਸ ਦੇ ਬਿਲਕੁਲ ਉਲਟ ਜਾ ਪੈਂਦੈ। ਜਦੋਂ ਉਸ ਨੂੰ ਆਪਣੀ ਗਲਤੀ ਦਾ ਅਹਿਸਾਸ ਹੁੰਦੈ ਤਾਂ ਉਹ ਰੋਣ ਲੱਗ ਪੈਂਦੈ। ਝੱਲਿਆਂ ਵਾਂਗ ਆਪਣੀਆਂ ਬੱਚੀਆਂ ਨੂੰ ਘੁੱਟਦਾ ਹੈ। ਚੁੰਮਦਾ ਚੱਟਦਾ ਹੈ। ਮਿੰਦਰ ਅੱਗੇ ਆਪਣੇ ਕੰਨਾਂ ਨੂੰ ਹੱਥ ਲਾਉਂਦਾ ਹੈ। ਅੱਗੇ ਤੋਂ ਗਲਤੀ ਨਾ ਕਰਨ ਦੀ ਤੋਬਾ ਕਰਦਾ ਹੈ।

ਇਹੋ ਜਿਹੀ ਬੁਝਾਰਤ ਹੈ ਸਰਦੂਲ ਦਾ ਕਰੈਕਟਰ।

ਮਿੰਦਰ ਜਾਣਦੀ ਹੈ ਕਿ ਅਜਿਹਾ ਕਰ ਕੇ ਸਰਦੂਲ ਉਸ ਨੂੰ ਸਜਾ ਦੇ ਰਿਹੈ। ਉਸ ਦੇ ਅੰਦਰ ਦੀ

ਔਰਤ ਨੂੰ ਜ਼ਲੀਲ ਕਰ ਰਿਹੈ। ਪਰ ਫਿਰ ਵੀ ਉਹ ਮੁਸਕਰਾਉਂਦੀ ਹੈ। ਸਰਦੂਲ ਲਈ। ਆਪਣੇ ਬੱਚਿਆਂ ਲਈ।ਆਪਣੇ ਘਰ ਲਈ। ਆਪਣੇ ਆਪ ਲਈ ਉਹ ਰੋਂਦੀ ਹੈ। ਆਪਣੇ ਜਨਮ ਤੇ ਝੁਰਦੀ ਹੈ। ਜਿਵੇਂ ਕਹਿ ਰਹੀ ਹੋਵੇ ਕਿ 'ਕੀ ਗੱਡਾ ਖੜ੍ਹਿਆ ਸੀ ਇਸ ਦੁਨੀਆ ਦਾ ਤੇਰੇ ਬਿਨਾ'।

ਸਰਦੂਲ ਨੇ ਦੇਖਿਆ, ਬਿੰਦੂ ਤਿਆਰ ਹੋ ਗਈ। ਉਸ ਦੇ ਹੱਸਦੇ ਚੇਹਰੇ ਤੇ ਪਲਿੱਤਣ ਦੀਆਂ ਛਾਈਆਂ ਉੱਭਰ ਆਈਆਂ ਹਨ।ਉਸ ਨੇ ਦੁੱਧ ਦਾ ਇਕ ਘੁੱਟ ਭਰ ਕੇ ਗਿਲਾਸ ਉਦਾਂ ਹੀ ਰੱਖ ਦਿੱਤਾ ਹੈ।

ਰਿਕਸ਼ਾ ਆ ਗਿਆ ਹੈ।

ਸਰਦੂਲ ਸੋਚ ਰਿਹਾ ਹੈ ਕਿ ਬਿੰਦੂ ਹੁਣ ਪਹਿਲਾਂ ਚੀਨੂੰ ਕੋਲ ਜਾਏਗੀ।ਉਸ ਦਾ ਮੂੰਹ ਚੁੰਮ ਕੇ ਹੱਥਾਂ ਨਾਲ ਉਸ ਦੀਆਂ ਗੱਲ੍ਹਾਂ ਥੱਪਥਪਾਏਗੀ ਤੇ ਕਹੇਗੀ— "ਅੱਛਾ ਦੀਦੀ।ਮੈਂ ਸਕੂਲ ਚੱਲੀ ਆਂ। ਮੈਥੋਂ ਬਾਅਦ ਰੋਣਾ ਨਹੀਂ। ਮੰਮੀ ਨੂੰ ਤੰਗ ਨਹੀਂ ਕਰਨਾ।"

ਫਿਰ ਉਹ ਸਰਦੂਲ ਕੋਲ ਜਾਏਗੀ ਤੇ ਉਸ ਦਾ ਹੱਥ ਫੜ ਕੇ ਕਹੇਗੀ— 'ਚਲੋ ਪਾਪਾ ਰਿਕਸ਼ਾ ਆ ਗਿਐ। ਤੁਸੀ ਵੀ ਚੱਲੋ ਮੰਮੀ।' ਉਹ ਦੋਵਾਂ ਨੂੰ ਬਾਹਰ ਨੂੰ ਧੂਹ ਤੁਰੇਗੀ।ਸਰਦੂਲ ਬਿੰਦੂ ਦੇ ਰੁਟੀਨ ਬਾਰੇ ਸੋਚ ਰਿਹਾ ਹੈ।

ਰਿਕਸ਼ੇ 'ਚ ਸੱਭ ਤੋਂ ਪਿੱਛੇ ਬੈਠੇਗੀ। ਤੁਰਨ ਤੋਂ ਪਹਿਲਾਂ, ਵਾਰੀ ਵਾਰੀ ਦੋਵਾਂ ਦੀਆਂ ਗੱਲ੍ਹਾਂ ਚੁੰਮੇਗੀ ਤੇ ਦੋਵਾਂ ਅੱਗੇ ਆਪਣਾ ਮੂੰਹ ਕਰ ਦਏਗੀ।

"ਅਜੇ ਨਹੀਂ ਅੰਦਰ ਜਾਣਾ। ਇੱਥੇ ਹੀ ਖੜ੍ਹੇ ਰਹਿਣੈ।ਜਦੋਂ ਤੱਕ ਰਿਕਸ਼ਾ ਗਲ਼ੀ ਦਾ ਮੋੜ ਨਹੀਂ ਮੁੜ ਜਾਂਦਾ।" ਉਹ ਹੱਥ ਹਿਲਾ ਕੇ ਮੋੜ ਤੱਕ 'ਬਾਏ' ਕਰਦੀ ਜਾਏਗੀ। ਦੋਵੇਂ ਮੀਆਂ-ਬੀਵੀ ਹੱਥ ਹਿਲਾ ਕੇ ਉਸ ਦੇ ਹੁਕਮ ਦੀ ਪਾਲਣਾ ਕਰਦੇ ਨੇ।

ਰਿਕਸ਼ੇ ਵਾਲੇ ਨੇ ਫਿਰ ਬੈੱਲ ਮਾਰੀ।

ਉਹ ਚੀਨੂੰ ਕੋਲ ਗਈ। ਉਸ ਨੂੰ ਚੁੰਮਿਆ, ਪਰ ਬੋਲੀ ਕੁੱਝ ਨਾ। ਫਿਰ ਭਰੀਆਂ ਅੱਖਾਂ ਨਾਲ ਕੁੱਝ ਪਲ ਸਰਦੂਲ ਦੀ ਮੰਜੀ ਕੋਲ ਰੁਕੀ। ਮਿੰਦਰ ਤੋਂ ਬਿੰਦੂ ਦੀ ਹਾਲਤ ਦੇਖੀ ਨਾ ਗਈ ਤੇ ਉਹ ਰਸੋਈ 'ਚ ਜਾ ਵੜੀ। ਬਿਨਾਂ ਕੁੱਝ ਬੋਲਿਆਂ ਉਸ ਨੇ ਸਰਦੂਲ ਦੇ ਸਿਰ ਨੂੰ ਰਜਾਈ ਦੇ ਬਾਹਰੋਂ ਹੀ ਚੁੰਮਿਆ ਤੇ ਅੱਖਾਂ ਪੂੰਝਦੀ ਮਿੰਦਰ ਨੂੰ ਬਾਹੋਂ ਖਿੱਚ ਕੇ ਬਾਹਰ ਲੈ ਤੁਰੀ।ਮਾਵਾਂ-ਧੀਆਂ 'ਚ ਇੱਕ ਦੂਜੀ ਨਾਲ ਅੱਖਾਂ ਮਿਲਾਉਣ ਦੀ ਹਿੰਮਤ ਨਾ ਪਈ। ਘਰ ਦੇ ਬਾਹਰਲੇ ਗੇਟ 'ਚ ਜਾ ਕੇ ਉਸ ਨੇ ਇੱਕ ਵਾਰ ਫੇਰ ਪਿਛਾਂਹ ਤੱਕਿਆ ਤੇ ਚੁੱਪ ਚਾਪ ਰਿਕਸ਼ੇ 'ਚ ਜਾ ਬੈਠੀ। ਰਿਕਸ਼ੇ 'ਚ ਬੈਠੀ ਨੂੰ ਉਸ ਨੂੰ ਮਿੰਦਰ ਨੇ ਤਾਂ ਚੁੰਮਿਆ ਪਰ ਆਪ ਬਿੰਦੂ ਅਡੋਲ ਬੈਠੀ ਰਹੀ।ਨਾ ਉਸ ਨੇ ਮਿੰਦਰ ਨੂੰ ਚੁੰਮਿਆ ਤੇ ਨਾ ਹੀ ਤੁਰਦੇ ਰਿਕਸ਼ੇ 'ਚੋਂ ਹੱਥ ਹਿਲਾਇਆ।

ਮਿੰਦਰ ਵਾਪਸ ਰਸੋਈ 'ਚ ਆ ਵੜਦੀ ਹੈ।

ਉਸ ਨੇ ਗਿੱਲੀਆਂ ਅੱਖਾਂ ਪੂੰਝੀਆਂ। ਗਲ਼ਾ ਸਾਫ਼ ਕੀਤਾ ਖੰਘ ਕੇ— "ਵਾਹ ਨੀ ਤਕਦੀਰੇ।" ਉਸ ਦੇ ਮੂੰਹੋਂ ਉੱਚੀ ਅਵਾਜ਼ 'ਚ ਨਿਕਲਿਆ ਤੇ ਫਿਰ ਆਪਣੇ ਨਸੀਬਾਂ ਨੂੰ ਕੋਸਦੀ ਉਹ ਆਪਣੇ ਆਹਰੇ ਲੱਗ ਗਈ।

ਬਿੰਦੂ ਦੇ ਜਾਣ ਤੋਂ ਅੱਧਾ-ਪੌਣਾ ਘੰਟਾ ਬਾਅਦ ਹੀ ਸਰਦੂਲ ਨੂੰ ਅੱਚਵੀ ਜਿਹੀ ਮਹਿਸੂਸ ਹੋਣੀ ਸ਼ੁਰੂ ਹੋ ਗਈ। ਉਹ ਮੰਜੀ ਤੇ ਪਿਆ ਪਿਆ ਪਾਸੇ ਮਾਰਨ ਲੱਗਾ। ਉਸ ਨੂੰ ਜਾਪਿਆ ਜਿਵੇਂ ਉਸ ਦੇ ਪਿੰਡੇ ਤੇ ਜੂੰਆਂ ਤੁਰ ਰਹੀਆਂ ਹੋਣ। ਉਸ ਦੇ ਵਾਲ਼ਾਂ 'ਚ ਖਲਬਲੀ ਮਚਾਅ ਰਹੀਆਂ ਹੋਣ। ਉਸ ਨੂੰ ਬੇਚੈਨੀ ਜਿਹੀ ਮਹਿਸੂਸ ਹੋਣ ਲੱਗੀ ਤੇ ਇਸ ਬੇਚੈਨੀ 'ਚ ਉਸ ਨੂੰ ਉਦਾਸ ਤੁਰੀ ਫਿਰਦੀ ਬਿੰਦੂ ਦਾ

ਚੇਹਰਾ ਦਿੱਸਿਆ। ਉਸ ਨੂੰ ਜਾਪਿਆ ਜਿਵੇਂ ਬਿੰਦੂ ਅਜੇ ਵੀ ਉਸ ਦੀ ਮੰਜੀ ਕੋਲ ਖੜ੍ਹੀ ਹੈ ਤੇ ਰਜਾਈ ਉਪਰੋਂ ਉਸ ਦਾ ਮੱਥਾ ਚੁੰਮ ਰਹੀ ਹੈ। ਉਸ ਨੇ ਰਜਾਈ 'ਚੋਂ ਸਿਰ ਬਾਹਰ ਕੱਢਿਆ। ਕੋਈ ਵੀ ਕੋਲ ਨਹੀਂ ਸੀ। ਰਸੋਈ 'ਚੋਂ ਸ਼ੂ-ਸ਼ੂ ਦੀ ਅਵਾਜ਼ ਆ ਰਹੀ ਹੈ। ਸ਼ਾਇਦ ਚਾਹ ਦਾ ਪਾਣੀ ਮੱਚ ਰਿਹਾ ਹੈ, ਗੈਸ 'ਤੇ। ਘਰ ਦੀਆਂ ਚਾਰੇ ਕੂੰਟਾਂ 'ਚ ਚੁੱਪ ਹੈ। ਬਿੰਦੂ ਦੀ ਗੈਰ-ਹਾਜ਼ਰੀ ਸਰਦੂਲ ਨੂੰ ਸੇਹ ਦੇ ਤੱਕਲੇ ਵਾਂਗ ਚੁੱਭ ਰਹੀ ਹੈ। ਉਸ ਦਾ ਜੀਅ ਕੀਤਾ ਉਹ ਕਿਸੇ ਨਾਲ ਬਿੰਦੂ ਬਾਰੇ ਗੱਲਾਂ ਕਰੇ। ਉਸ ਦੀ ਉਦਾਸੀ ਬਾਰੇ ਪੁੱਛੇ। ਪੁੱਛੇ, ਕਿ ਰਿਕਸ਼ੇ 'ਚ ਬੈਠਿਆਂ ਉਹ ਕਿੰਜ ਮਹਿਸੂਸ ਕਰ ਰਹੀ ਸੀ, ਪਰ ਕਿਸ ਨੂੰ ਪੁੱਛੇ। ਮਿੰਦਰ ਦਾ ਖਿਆਲ ਆਉਂਦਿਆਂ ਗੁੱਸੇ ਨਾਲ ਉਸ ਦੀਆਂ ਨਸਾਂ ਤਣ ਗਈਆਂ। ਉਸ ਨੇ ਮਨ 'ਚ ਹੀ ਉਸ ਨੂੰ ਗਾਲ਼ ਕੱਢੀ।

"ਸਾਲ਼ੀ ਕੁੱਤੀ ਤੀਵੀਂ। ਪਤਾ ਨੀਂ ਹਰਾਮਜਾਦੀ ਨੂੰ ਕਦੇ ਕਦੇ ਕੀ ਦੌਰਾ ਪੈਂਦੈ ?"

ਬੀਵੀ ਵੱਲੋਂ ਪਰਤ ਕੇ ਉਹ ਬਿੰਦੂ ਬਾਰੇ ਫਿਰ ਸੋਚਣ ਲੱਗ ਪੈਂਦਾ ਹੈ। ਬੇਸਬਰੀ ਨਾਲ ਉਸ ਦੀ ਉਡੀਕ ਕਰਦਾ ਹੈ। ਭਾਵੇਂ ਉਸ ਨੂੰ ਗਈ ਨੂੰ ਅਜੇ ਬਹੁਤਾ ਵਕਤ ਨਹੀਂ ਹੋਇਆ ਤੇ ਉਸ ਨੇ ਕਈ ਘੰਟਿਆਂ ਬਾਅਦ ਮੁੜਨਾ ਹੈ। ਪਰ ਉਸ ਦੀ ਸੋਚ ਹੁਣੇ ਤੋਂ ਘਰ ਦੇ ਬੂਹੇ 'ਚ ਜਾ ਖੜ੍ਹੀ ਹੈ।

ਉਸ ਨੇ ਰਜਾਈ 'ਚੋਂ ਫਿਰ ਸਿਰ ਬਾਹਰ ਕੱਢਿਆ। ਘਰ ਦੇ ਸਾਰੇ ਪਾਸੇ ਨਿਗਾਹ ਮਾਰੀ। ਘਰ ਚੁੱਪ ਹੈ। ਉਸ ਦੀ ਨਜ਼ਰ ਟੇਬਲ ਤੇ ਪਈ ਕਾਪੀ ਪੈਨਸਲ ਤੇ ਪੈਂਦੀ ਹੈ। ਕਾਗਜ਼ ਤੇ ਅਧੂਰੀ ਜਿਹੀ ਤਿਕੋਨ ਹੈ। ਲਾਈਨਾਂ ਵਾਰ ਵਾਰ ਰਬੜ ਨਾਲ ਮਿਟਾਅ ਕੇ ਖਿੱਚੀਆਂ ਹੋਈਆਂ ਹਨ। ਸ਼ਾਇਦ ਬਿੰਦੂ ਰਾਤ ਕੰਮ ਕਰਦੀ ਕਰਦੀ ਸੌਂ ਗਈ ਹੋਵੇ ਜਾਂ ਫਿਰ ਸਵੇਰੇ ਉੱਠ ਕੇ ਉਹ ਵਾਹ ਹੀ ਨਾ ਸਕੀ ਹੋਵੇ। ਕਾਗਜ਼ ਤੇ ਇੱਕ ਸਿੱਧੀ ਲਾਈਨ ਖਿੱਚ ਕੇ ਦੋ ਸਿੱਧੀਆਂ-ਟੇਢੀਆਂ ਲਾਈਨਾਂ ਉਸ ਉਪਰ ਖੜ੍ਹੀਆਂ ਕੀਤੀਆਂ ਹੋਈਆਂ ਹਨ, ਜੋ ਆਪਸ ਵਿੱਚ ਮਿਲਣ ਦੀ ਬਜਾਏ ਦੂਰ ਭੱਜ ਰਹੀਆਂ ਹੋਣ। ਇੱਕ ਦੂਜੀ ਵੱਲ ਹਿੱਕਾਂ ਤਾਣ ਕੇ ਖੜ੍ਹੀਆਂ ਹੋਣ। ਸਰਦੂਲ ਨੂੰ ਜਾਪਿਆ ਜਿਵੇਂ ਦੋ ਲਾਈਨਾਂ ਇੱਕ ਦੂਜੀ ਨੂੰ ਘੂਰ ਰਹੀਆਂ ਹੋਣ। ਤੇ ਉਸ ਦਾ ਆਪਣਾ ਮੂੰਹ ਵੀ ਚਿੜਾ ਰਹੀਆਂ ਹੋਣ। ਫਿਰ ਉਸ ਨੂੰ ਜਾਪਿਆ ਜਿਵੇਂ ਤਿੰਨ ਰੇਖਾਵਾਂ ਦੇ ਸਿਰਿਆਂ ਤੇ ਆਦਮ ਸਿਰ ਉੱਗ ਆਏ ਹੋਣ ਅਤੇ ਉਨ੍ਹਾਂ 'ਚ ਇੱਕ ਸਿਰ ਉਸ ਦਾ ਆਪਣਾ ਹੋਵੇ ਜੋ ਦੋਵਾਂ ਨਾਲ ਜੁੜਨ ਦੀ ਬਜਾਏ ਉਨ੍ਹਾਂ ਨਾਲੋਂ ਟੁੱਟ ਰਿਹਾ ਹੈ।

ਸਰਦੂਲ ਦਾ ਫਿਰ ਜੀਅ ਕਰਦੈ ਉਹ ਮਿੰਦਰ ਨੂੰ ਕੋਲ ਬੁਲਾਵੇ ਤੇ ਉਸ ਨੂੰ ਬਾਹਾਂ 'ਚ ਲੈ ਕੇ ਘੁੱਟੇ। ਪਰ ਉਸ ਦਾ ਆਦਮ-ਮਨ ਨਹੀਂ ਮੰਨਦਾ। ਉਹ ਈਨ ਨਹੀਂ ਮੰਨਣੀ ਚਾਹੁੰਦਾ। ਮਨਵਾਉਣੀ ਚਾਹੁੰਦਾ ਹੈ। ਔਰਤ ਅੱਗੇ ਝੁਕਣਾ ਉਹ ਹੇਠੀ ਸਮਝਦੈ। ਛੋਟਾ ਹੋ ਜਾਣਾ ਸਮਝਦੈ। ਉਸ ਦਾ ਧਿਆਨ ਫਿਰ ਇੱਕ ਵਾਰ ਅਧੂਰੀ ਤਿੱਕੋਨ ਵੱਲ ਚਲਿਆ ਗਿਆ। ਉਸ ਨੂੰ ਜਾਪਿਆ ਜਿਵੇਂ ਉਹ ਕਾਗਜ਼ ਕਿਸੇ ਜੱਜ ਵੱਲੋਂ ਲਿਖਿਆ, ਉਸ ਦੇ ਗੁਨਾਹ ਦਾ ਫ਼ੈਸਲਾ ਹੋਵੇ। ਹੁਣ ਉਹ ਹੋਰ ਬੇਸਬਰੀ ਨਾਲ ਬਿੰਦੂ ਦੀ ਉਡੀਕ ਕਰਨ ਲੱਗ ਪਿਆ ਹੈ। ਉਹ ਚਾਹੁੰਦਾ ਹੈ ਕਿ ਕਦੋਂ ਬਿੰਦੂ ਆਵੇ ਤੇ ਉਹ ਕੰਨ ਪਕੜ ਕੇ ਸੌਰੀ ਆਖੇ। ਉਸ ਨੂੰ ਪਤਾ ਸੀ ਕਿ ਅਕਸਰ ਵਾਂਗੂੰ ਬਿੰਦੂ ਆ ਕੇ ਉਸ ਦਾ ਮੱਥਾ ਚੁੰਮੇਗੀ ਤੇ ਕਹੇਗੀ—

—ਤੁਸੀਂ ਮੰਮੀ ਨਾਲ ਕਿਉਂ ਲੜਦੇ ਹੋ ਪਾਪਾ ?

—ਕਿਉਂ ਵਿਚਾਰੀ ਮੰਮੀ ਨੂੰ ਰੁਆਉਂਦੇ ਹੋ ?

—ਨਹੀਂ ਲੜਦਾ ਬੇਟੇ। ਹੁਣ ਨਹੀਂ ਰੁਆਉਂਦਾ। ਮੈਥੋਂ ਗਲਤੀ ਹੋ ਗਈ। ਸਰਦੂਲ ਦੇ ਇਹੋ ਸ਼ਬਦ ਹੁੰਦੇ ਨੇ। ਉਸ ਨੂੰ ਆਪਣੀ ਗਲਤੀ ਦਾ ਅਹਿਸਾਸ ਹੁੰਦਾ ਹੈ।

—ਕਹੋ ਫਿਰ ਸੌਰੀ।

—ਸੌਰੀ ਬੇਟੇ। ਸਰਦੂਲ ਕਹਿੰਦੈ।

—ਇਸ ਤਰ੍ਹਾਂ ਨਹੀਂ। ਕੰਨ ਫੜ ਕੇ ਕਹੋ। ਉਹ ਸਰਦੂਲ ਦੇ ਕੰਨ ਫੜ ਲੈਂਦੀ ਹੈ।

ਸਰਦੂਲ ਉਸ ਨੂੰ ਘੁੱਟ ਕੇ ਛਾਤੀ ਨਾਲ ਲਾ ਲੈਂਦਾ ਹੈ।

—ਸੌਰੀ ਬੇਟਾ ਜੀ। ਸਰਦੂਲ ਕੰਨ ਫੜਦਾ ਹੈ।

ਬਿੰਦੂ ਖੁਸ਼ੀ ਨਾਲ ਖਿੜ ਜਾਂਦੀ ਹੈ।

—ਲਿਆਉ ਫਿਰ ਪੱਪੀ। ਉਹ ਸਰਦੂਲ ਦੀ ਗੱਲ੍ਹ ਚੁੰਮਦੀ ਹੈ।

ਇੰਜ ਤ੍ਰਿੱਕੋਨ ਪੂਰੀ ਹੋ ਜਾਂਦੀ ਹੈ।

ਮਿੰਦਰ ਨਾਸ਼ਤੇ ਵਾਲੀ ਪਲੇਟ ਤੇ ਚਾਹ ਦਾ ਗਿਲਾਸ ਮੇਜ਼ ਤੇ ਲਿਆ ਧਰਦੀ ਹੈ, ਜਿੱਥੇ ਅਧੂਰੀ ਤ੍ਰਿੱਕੋਨ ਪਈ ਹੈ।

"ਲਉ ਨਾਸ਼ਤਾ ਕਰ ਲੋ।ਉੱਠੋ, ਕਮਲੇ ਨੀਂ ਬਣੀਂਦਾ। ਬੱਚੀ ਦਾ ਖਿਆਲ ਕਰੋ।ਉਸ ਦਾ ਫੁੱਲ ਵਰਗਾ ਕੁਮਲਾਇਆ ਚਿਹਰਾ ਮੈਥੋਂ ਦੇਖਿਆ ਨੀਂ ਗਿਆ। ਜੇ ਤੁਸੀਂ ਸਮਝਦੇ ਹੋ ਕਿ ਕਸੂਰ ਮੇਰਾ ਐ, ਫਿਰ ਬੱਚਿਆਂ ਨੂੰ ਸਜ਼ਾ ਕਿਉਂ ਦਿੰਦੇ ਹੋ? ਮੇਰਾ ਗਲ਼ਾ ਘੁੱਟ ਦਿਆ ਕਰੋ।"

ਸਰਦੂਲ ਨੇ ਮੂੰਹ ਦੂਜੇ ਪਾਸੇ ਘੁੰਮਾ ਲਿਆ।

"ਕਾਹਦੇ ਲਈ ਕਲੇਸ਼ ਖੜ੍ਹਾ ਕੀਤੈ? ਜ਼ਰਾ ਸੋਚੋ। ਸੱਭ ਕੁੱਝ ਦੱਸਣ ਦੇ ਬਾਵਜੂਦ ਘਰ 'ਚ ਇਹ ਮਹਾਂਭਾਰਤ ਜ਼ਰੂਰੀ ਸੀ। ਇਹੋ ਜਿਹੇ ਦਿਨਾਂ ਦੇ ਅਰਥ ਵੀ ਮੈਨੂੰ ਦੱਸਣੇ ਪੈਣਗੇ?" ਮਿੰਦਰ ਪਿਆਰ ਨਾਲ ਬੋਲੀ।

"ਤੇਰਾ ਤਾਂ ਘੜਿਆ ਘੜਾਇਆ ਇਹੋ ਜਵਾਬ ਹੁੰਦੈ।" ਸਰਦੂਲ ਦੇ ਬੋਲਾਂ 'ਚ ਹੁਣ ਗੁੱਸਾ ਨਹੀਂ ਸੀ।

"ਇਸ ਨੂੰ ਬਹਾਨਾ ਸਮਝਦੈਂ। ਘੜਿਆ ਘੜਾਇਆ ਜਵਾਬ ਸਮਝਦੈਂ। ਸ਼ਰਮ ਨਹੀਂ ਨਾ? ਮੈਂ ਤਾਂ ਚੰਦਰਿਆ ਬਿਮਾਰ ਠਮਾਰ ਰਹਿ ਕੇ ਵੀ ਤੇਰੇ ਲਈ ਭੱਠੀ ਬਾਲਦੀ ਆਂ।ਆਪ ਕੱਚੇ ਲਿਊੜਾਂ ਵਾਂਗ ਤਿੜਕਦੀ ਆਂ। ਤੂੰ ਕੀ ਜਾਣੇ ਔਰਤ ਹੋ ਕੇ ਜਿਉਣਾ ਕਿੰਨਾ ਔਖਾ ਹੁੰਦੈ। ਤੇਰੇ ਵਰਗੇ ਮਰਦ ਨੂੰ ਤਾਂ ਔਰਤ ਦਾ ਬਦਨ ਚਾਹੀਦੈ, ਭਾਵੇਂ ਲਹੂ-ਮਾਸ ਤੋਂ ਸੱਖਣਾ ਹੋਵੇ। ਸਾਹਾਂ ਤੋਂ ਖਾਲੀ ਹੋਵੇ।"........।

"ਨਿਕਰਮਿਆਂ, ਔਰਤ ਤਾਂ ਹੈ ਹੀ ਸਰਾਪ ਦਾ ਨਾਂ—ਮੈਲੇ ਕਪੜਿਆਂ 'ਚ ਉਮਰ ਭਰ ਲਿੱਪਟੀ ਰਹਿਣ ਦਾ ਸਰਾਪ। ਇਹ ਸਰਾਪ ਕਿਸੇ ਮਰਦ ਨੂੰ ਭੋਗਣਾ ਪਵੇ, ਫਿਰ ਪਤਾ ਲੱਗੇ। ਤੂੰ ਬੱਚਿਆਂ ਵਾਂਗ ਜਿੱਦ ਕਰਦੈਂ। ਕੁੱਝ ਵੀ ਨਹੀਂ ਸੋਚਦਾ। ਜੇ ਤੈਨੂੰ ਵੀ ਆਪਣਾ ਖਿਆਲ ਨਹੀਂ ਤਾਂ ਮੈਂ ਤੈਨੂੰ ਨੀਂ ਰੋਕਦੀ।"

ਮਿੰਦਰ ਸ਼ੀਸ਼ੇ ਅੱਗੇ ਜਾ ਕੇ ਵਾਲ ਠੀਕ ਕਰਨ ਲੱਗਦੀ ਹੈ।

ਸਰਦੂਲ ਮਗਰਮੱਛ ਵਾਲੇ ਹੰਝੂ ਪੂੰਝਦਾ ਹੈ। ਉਸ ਦੀਆਂ ਅੱਖਾਂ 'ਚ ਚਮਕ ਆ ਜਾਂਦੀ ਹੈ। ਮਿੰਦਰ ਦਾ ਭਾਸ਼ਨ ਘਰ ਦੀ ਚੁੱਪ ਨਿੱਗਲ ਜਾਂਦੀ ਹੈ।

ਉਹ ਉੱਠਦਾ ਹੈ ਤੇ ਅੰਦਰੋਂ ਕੁੰਡੀ ਮਾਰ ਲੈਂਦਾ ਹੈ।

ਅਗਲੇ ਸਾਲ ਅਸੀਂ **ਕਵਿਤਾ ਵਿਸ਼ੇਸ਼ ਅੰਕ** ਕੱਢ ਰਹੇ ਹਾਂ, ਜਿਸ ਦੀ ਸੰਪਾਦਨਾ ਦੀ ਜ਼ੁੰਮੇਵਾਰੀ **ਦਰਸ਼ਨ ਦਰਵੇਸ਼** ਦੀ ਲਾਈ ਗਈ ਹੈ।

# ਸਿਆਣੀ ਬਣ ਧੀਏ

ਮਨ ਦੀ ਗੱਲ ਕਹਿ ਕੇ ਸਾਧੋ ਦੀ ਹਿਕ ਤੋਂ ਜਿਵੇਂ ਮਣਾਂ ਮੂੰਹੀਂ ਭਾਰ ਲਹਿ ਗਿਆ ਸੀ। ਉਸ ਦਾ ਅਫ਼ਰੇਵਾਂ ਘੱਟ ਗਿਆ ਸੀ ਤੇ ਉਸ ਨੂੰ ਆਪਣਾ ਢਿੱਡ ਖਾਲੀ ਖਾਲੀ ਜਾਪਿਆ। ਉਸ ਨੂੰ ਜਾਪਿਆ ਜਿਵੇਂ ਹੁਣ ਉਸ ਨੂੰ ਨੀਂਦ ਆ ਸਕੇਗੀ, ਭੁੱਖ ਲੱਗ ਸਕੇਗੀ, ਉਹ ਚੈਨ ਨਾਲ ਤੁਰ ਫਿਰ ਸਕੇਗੀ। ਤੇ ਚੈਨ ਨਾਲ ਮਰ ਵੀ ਸਕੇਗੀ। ਜੇ ਮਰ ਗਈ, ਉਸ ਨੂੰ ਆਪਣੇ ਆਪ ਤੇ ਕੋਈ ਗਿੱਲਾ ਨਹੀਂ ਹੋਏਗਾ।

ਜੋ ਉਸ ਨੇ ਕਹਿਣਾ ਸੀ, ਦੰਦਾਂ ਹੇਠ ਜੀਭ ਦੇ ਕੇ ਕਹਿ ਦਿੱਤਾ। ਉਸ ਨੂੰ ਜ਼ਹਿਰ ਦਾ ਘੁੱਟ ਭਰਨ ਵਾਂਗ ਮਹਿਸੂਸ ਹੋਇਆ ਸੀ। ਇਹ ਗੁਨਾਹ ਭਾਵੇਂ ਪੁੰਨ ਵਰਗਾ ਸੀ, ਪਰ ਉਸ ਨੇ ਇਹ ਦਿੱਲ ਤੇ ਪੱਥਰ ਰੱਖ ਕੇ ਕੀਤਾ ਸੀ।

ਸਾਧੋ ਆਪਣੀ ਗੱਲ ਕਹਿ ਕੇ ਅੱਗੇ ਤੁਰ ਗਈ। ਅਮਰੋ ਦੀਆਂ ਅੱਖਾਂ 'ਚ ਗੁੱਸੇ ਦਾ ਸੂਰਜ ਵੇਖ, ਉਸ ਤੋਂ ਖੜ੍ਹਿਆ ਨਾ ਗਿਆ। ਉਸ ਨੇ ਆਪਣੀਆਂ ਐਨਕਾਂ ਠੀਕ ਕੀਤੀਆਂ। ਸੋਟੀ ਨਾਲ ਜੁੱਤੀ ਦਾ ਰੇਤਾ ਝਾੜਿਆ ਤੇ ਕਦਮ ਗਿਣਦੀ ਅੱਗੇ ਤੁਰ ਗਈ। ਉਹ ਸੋਚਦੀ ਤੁਰ ਰਹੀ ਸੀ ਕਿ ਅਮਰੋ ਹੁਣੇ ਉਸ ਨੂੰ ਗਾਲ਼ ਕੱਢੇਗੀ ਤੇ ਕਹੇਗੀ– "ਤੇਰੀ ਬੁੜ੍ਹੀਏ ਐਸੀ ਤੈਸੀ ਤੇਰੇ ਧੌਲ਼ੇ ਝਾਟੇ ਨੂੰ ਕੀ ਹੋ ਗਿਐ ? ਤੇਰੀ ਸੰਗ ਸ਼ਰਮ ਕਿੱਥੇ ਗਈ ?"

ਕਿੰਨੇ ਹੀ ਮਹੀਨਿਆਂ ਤੋਂ ਸਾਧੋ ਸ਼ਸ਼ੋਪੰਜ ਜਿਹੀ 'ਚ ਸੀ। ਉਸ ਨੂੰ ਕਿਤੇ ਵੀ ਚੈਨ ਨਹੀਂ ਸੀ। ਉਹ ਤੁਰੀ ਫਿਰਦੀ ਸੀ। ਬੌਰਿਆਂ ਵਾਂਗੂ। ਝੱਲਿਆਂ ਵਾਂਗੂ। ਉਸ ਦਾ ਪੇਟ ਆਫ਼ਰਿਆ ਪਿਆ ਸੀ। ਉਸ ਨੂੰ ਭੁੱਖ ਨਹੀਂ ਸੀ ਲੱਗਦੀ। ਪਿਆਸ ਨਹੀਂ ਸੀ ਲੱਗਦੀ। ਉਸ ਦੇ ਪੈਰਾਂ 'ਚੋਂ ਸੇਕ ਨਿਕਲਦਾ ਸੀ। ਜਿਹੜਾ ਉਸ ਨੂੰ ਕਦੇ ਦਲੀਪੋ ਦੇ ਘਰ ਲੈ ਜਾਂਦਾ ਸੀ, ਕਦੇ ਸੰਤੋ ਦੇ ਘਰ ਲੈ ਤੁਰਦਾ ਸੀ। ਉਹ ਸਾਰੇ ਵਿਹੜੇ ਦਾ ਚੱਕਰ ਲਾ ਆਉਂਦੀ ਸੀ। ਉਹ ਮਨ ਦਾ ਭਾਰ ਲਾਹੁਣ ਗਈ, ਹੋਰ ਭਾਰ ਲੈ ਕੇ ਮੁੜਦੀ ਸੀ। ਘਰ ਵੜਦੀ ਹੀ ਨਾਰ੍ਹੇ ਨੂੰ ਗਾਲ਼ਾਂ ਕੱਢਣ ਲੱਗ ਪੈਂਦੀ। ਸੁਨੱਖੇ ਨੂੰ ਗਾਲ਼ਾਂ ਕੱਢਦੀ। ਅਮਰੋ ਨੂੰ ਗੱਲ ਗੱਲ ਤੇ ਝਾੜਾਂ ਪਾਉਂਦੀ। ਪਸ਼ੂਆਂ ਦਾ ਗੋਹਾ ਹਟਾਉਂਦੀ, ਉਨ੍ਹਾਂ ਦੇ ਗਿੱਟੇ ਭੰਨਣ ਲੱਗ ਪੈਂਦੀ। ਕੁੱਤਾ ਭੌਂਕਦਾ ਤੇ ਕੁੱਤੇ ਨੂੰ ਸੋਟੀਆਂ ਮਾਰਦੀ। ਵਿਹੜੇ 'ਚ ਤੁਰਦੀ ਫਿਰਦੀ ਧੀਮੀ ਅਵਾਜ਼ 'ਚ ਸ਼ਰੀਕਾਂ ਨੂੰ ਗਾਲ਼ਾਂ ਕੱਢਣ ਲੱਗ ਪੈਂਦੀ। ਕਦੇ ਆਪਣੇ ਅਗਲਿਆਂ ਪਿੱਛਲਿਆਂ ਨੂੰ ਛਟਾਕੇ ਦੇਣ ਲੱਗ ਪੈਂਦੀ।

ਉਸ ਨੂੰ ਔੜ ਨਹੀਂ ਸੀ ਰਿਹਾ ਕਿ ਉਹ ਕਿੱਥੋਂ ਗੱਲ ਸ਼ੁਰੂ ਕਰੇ ? ਕਿਵੇਂ ਕਰੇ ? ਕੀ ਕਹੇ, ਅਮਰੋ ਨੂੰ ਕਹੇ, ਨਾਰ੍ਹੇ ਨੂੰ ਕਹੇ ਜਾਂ ਸੁਨੱਖੇ ਨੂੰ ਕਹੇ ? ਨਾਰ੍ਹੇ ਤੋਂ ਉਹ ਡਰਦੀ ਕੰਬਦੀ ਸੀ। ਉਸ ਨੂੰ ਪਤਾ ਸੀ ਕਿ ਨਾਰ੍ਹਾ ਉਸ ਦੇ ਧੌਲ਼ਿਆਂ ਨੂੰ ਇੱਕ ਇੱਕ ਕਰ ਦੂ। ਅਮਰੋ ਭਾਵੇਂ ਤੀਵੀਂ ਸੀ ਪਰ ਬਿਗਾਨੀ ਧੀ ਦਾ ਕੀ ਪਤਾ, ਕੀ ਕਹੇ ? ਕੀ ਮਤਲਬ ਕੱਢੇ ? ਉਸ ਦੇ ਸ਼ਬਦਾਂ ਨੂੰ ਕਿਹੜੇ ਅਰਥ ਦੇਵੇ। ਪਤਾ ਨਹੀਂ ਹਜ਼ਮ ਵੀ ਕਰ ਸਕੇ ਕਿ ਨਹੀਂ। ਵਿਹੜੇ ਦੀਆਂ ਤੀਵੀਆਂ 'ਚ ਮੂੰਹ ਕਾਲ਼ਾ ਵੀ ਕਰ ਸਕਦੀ ਐ। ਨਾਰ੍ਹੇ ਤੋਂ ਗੁੱਤ ਵੀ ਪੁੱਟਾ ਸਕਦੀ ਆ। ਸੁਨੱਖੇ ਨੂੰ ਕਿਵੇਂ ਸਮਝਾਵੇ ? ਸੁਨੱਖੇ ਨੂੰ ਕਈ ਵਾਰ ਅਸਿੱਧੇ ਤਰੀਕੇ ਨਾਲ ਸਮਝਾਇਆ ਵੀ ਸੀ ਪਰ ਉਸ ਦੇ ਕੁੱਝ ਪੱਲੇ ਨਹੀਂ ਸੀ ਪਿਆ। ਹੋਰ ਉਹ ਸੁਨੱਖੇ ਨੂੰ ਕੀ ਘੋਲ ਕੇ ਪਿਆਵੇ ? ਸਿੱਧਰਾ ਸੁਨੱਖਾ ਕੀ ਜਾਣੇ ਕਿ ਡੱਡਾਂ ਕਦੋਂ ਪਾਣੀ ਪੀਂਦੀਆਂ ਨੇ ? ਸੂਰਜ ਕਿੱਧਰੋਂ ਚੜ੍ਹਦੈ ਤੇ ਕਿੱਧਰ ਛੁਪਦੈ। ਉਸ ਨੂੰ ਨਾ ਦਿਨ ਦੇ ਅਰਥ ਦਾ ਪਤਾ ਸੀ ਨਾ ਰਾਤ ਦੇ ਅਰਥਾਂ ਦਾ। ਉਸ ਨੂੰ ਤਾਂ ਸਿਰਫ਼ ਇੰਨਾ ਪਤਾ ਸੀ ਕਿ ਮਿੱਟੀ ਨਾਲ ਮਿੱਟੀ ਕਿਵੇਂ ਹੋਣੈ ? ਪਸ਼ੂਆਂ ਨਾਲ ਪਸ਼ੂ ਕਿਵੇਂ ਬਣਨੈ। ਉਂਜ ਵੀ ਸੁਨੱਖੇ 'ਚ, ਮਿੱਟੀ 'ਚ ਤੇ ਪਸ਼ੂਆਂ 'ਚ ਕੋਈ ਫ਼ਰਕ ਨਹੀਂ ਸੀ। ਤਿੰਨਾਂ ਦੀ ਇੱਕੋ ਹੀ ਜ਼ਾਤ ਸੀ।

ਸੁਨੱਖਾ, ਸਾਧੋ ਦਾ ਨਾਰ੍ਹੇ ਤੋਂ ਛੋਟਾ ਪੁੱਤ ਸੀ। ਸੁਨੱਖਾ ਸਿਰਫ਼ ਸਾਧੋ ਲਈ ਹੀ ਸੁਨੱਖਾ ਸੀ ਪਰ

ਪਿੰਡ ਦੇ ਲੋਕਾਂ ਲਈ ਉਹ ਭੈਂਗਾ ਸੀ। ਘਰ ਦੇ ਬਾਕੀ ਮੈਂਬਰਾਂ ਲਈ ਵੀ ਉਹ ਭੈਂਗਾ ਸੀ। ਟੀਰ ਕੱਢਣ ਦੀ ਅੱਲ ਨੇ ਉਸ ਨੂੰ ਸੁਨੱਖੇ ਤੋਂ ਭੈਂਗਾ ਬਣਾ ਦਿੱਤਾ ਸੀ। ਆਪਣੇ ਨੈਣ-ਨਕਸ਼ਾਂ ਵਰਗੀ ਹੀ ਸੀ ਉਸ ਦੀ ਅਕਲ। ਬੱਚੇ ਉਸ ਤੋਂ ਡਰਦੇ ਸਨ। ਪਤਾ ਨਹੀਂ ਉਸ ਦੀ ਅਕਲ ਤੋਂ ਡਰਦੇ ਸਨ ਜਾਂ ਸ਼ਕਲ ਤੋਂ। ਨੱਕ ਮੋਟਾ ਤੇ ਬੈਠਿਆ ਹੋਇਆ। ਹੇਠਲਾ ਬੁੱਲ੍ਹ ਊਠ ਦੇ ਬੁੱਲ੍ਹ ਵਾਂਗੂ ਡਿੱਗਿਆ ਹੋਇਆ ਤੇ ਦੰਦਰੌਲ ਬਾਹਰ ਨੂੰ ਨਿਕਲੀ ਹੋਈ। ਮੱਥਾ ਅੰਦਰ ਨੂੰ ਧੱਸਿਆ ਹੋਇਆ ਤੇ ਕੰਨ ਬਾਂਦਰ ਵਾਂਗੂ। ਨੱਕ ਚੌਵੀ ਘੰਟੇ ਵਗਦਾ ਹੀ ਰਹਿੰਦਾ ਸੀ। ਉਸ ਦੇ ਜੁੱਤਿਆਂ ਦਾ ਨੰਬਰ ਕਿਸੇ ਨਾਲ ਮੇਲ ਨਹੀਂ ਸੀ ਖਾਂਦਾ। ਪੈਰ ਇੰਨੇ ਸਖ਼ਤ ਸਨ ਕਿ ਨਾ ਉਸ ਨੂੰ ਖੇਤ 'ਚ ਕਰਚੇ ਚੁੱਭਣ ਦਾ ਅਹਿਸਾਸ ਹੁੰਦਾ ਸੀ ਤੇ ਨਾ ਹੀ ਪੱਥਰਾਂ ਵਰਗੇ ਡਲ੍ਹਿਆਂ ਦਾ ਦਰਦ ਮਹਿਸੂਸ ਹੁੰਦਾ ਸੀ। ਗਿੱਠਾ ਜਿਹਾ ਸ਼ਰੀਰ ਜਿਸ 'ਚ ਦੋ ਆਦਮੀਆਂ ਜਿੰਨੀ ਜਾਨ ਸੀ, ਬੋਲਦਾ ਘੱਟ ਹੀ ਸੀ। ਪਰ ਜਦੋਂ ਬੋਲਦਾ, ਇੰਜ ਲੱਗਦਾ ਸੀ ਜਿਵੇਂ ਕੋਈ ਖੂਹ 'ਚ ਉੱਤਰ ਕੇ ਗਾਲ੍ਹਾਂ ਕੱਢ ਰਿਹਾ ਹੋਵੇ। ਗਲ਼ ਲੰਮਾ ਕੁੜਤਾ ਤੇ ਤੇੜ ਸਿਰਫ਼ ਲੰਗੋਟ ਹੀ ਰੱਖਦਾ ਸੀ। ਉਸ ਲਈ ਮੈਲੇ ਤੇ ਸਾਫ਼ ਕੱਪੜਿਆਂ ਵਿੱਚ ਕੋਈ ਫ਼ਰਕ ਨਹੀਂ ਸੀ। ਕਿੰਨੇ ਕਿੰਨੇ ਦਿਨ ਬਿਨਾ ਨਹਾਤਿਆਂ ਹੀ ਲੰਘਾ ਦਿੰਦਾ ਸੀ। ਜਦੋਂ ਸਾਧੋ ਸੋਟੀ ਲੈ ਕੇ ਪਿੱਛੇ ਪੈ ਜਾਂਦੀ ਤਾਂ ਕਿਤੇ ਜਾ ਕੇ ਉਹ ਚਾਰ ਬੁੱਕਾਂ ਪਾਣੀ ਸਿਰ 'ਚ ਡੋਲਦਾ ਸੀ। ਜਦੋਂ ਸਿਰ 'ਚ ਜੂੰਆਂ ਹੁਰਲ ਹੁਰਲ ਕਰਨ ਲੱਗ ਪੈਂਦੀਆਂ, ਉਹ ਪਿੰਡ ਦੇ ਨ੍ਹਾਮੇ ਨਾਈ ਤੋਂ ਕੈਂਚੀ ਫਿਰਵਾ ਆਉਂਦਾ। ਉਸ ਦੀ ਟਿੰਡ ਨੂੰ ਪਿੰਡ ਦੇ ਸ਼ਰਾਰਤੀ ਮੁੰਡੇ ਖੁੰਡੇ ਠੋਲ੍ਹੇ ਮਾਰਦੇ। ਠੋਲ੍ਹੇ ਖਾਣਾ ਉਸ ਨੂੰ ਬੜਾ ਚੰਗਾ ਲੱਗਦਾ ਤੇ ਉਹ ਉੱਚੀ ਉੱਚੀ ਹੱਸਦਾ।

ਸਾਧੋ ਨੇ ਸਿਰ ਘੁਮਾ ਕੇ ਅਮਰੋ ਵੱਲ ਦੇਖਿਆ। ਅਮਰੋ ਢਾਕ ਤੇ ਹੱਥ ਧਰ ਕੇ ਉਸ ਵੱਲ ਦੇਖੀ ਜਾ ਰਹੀ ਸੀ। ਸਾਧੋ ਹੋਰ ਅੱਗੇ ਤੁਰ ਪਈ। ਉਸ ਦਾ ਮਨ ਪੈਰ 'ਚੋਂ ਕੰਡਾ ਨਿਕਲਣ ਵਰਗਾ ਸਕੂਨ ਮਹਿਸੂਸ ਕਰ ਰਿਹਾ ਸੀ। ਉਸ ਨੂੰ ਜਾਪਿਆ ਜਿਵੇਂ ਉਸ ਨੇ ਕਿੰਨੇ ਸਾਲਾਂ ਤੋਂ ਮਨ 'ਚ ਖੁੱਭੀ ਸੂਲ ਪੁੱਟ ਕੇ ਵਗਾਹ ਮਾਰੀ ਹੋਵੇ। ਕਿੰਨਾ ਕੁੱਝ ਉਸ ਦੇ ਜ਼ਹਿਨ 'ਚ ਉਸਲਵੱਟੇ ਲੈਂਦਾ ਰਿਹਾ ਸੀ। ਉਹ ਵਿਹੜੇ 'ਚ ਵਾਣ ਦੀ ਮੰਜੀ ਤੇ ਪਈ ਸੁਪਨੇ ਬੁਣਦੀ ਤੇ ਕਦੇ ਉਧੇੜਦੀ। ਭਵਿੱਖ ਦਾ ਪੂਰ ਕੱਤਦੀ ਕੱਤਦੀ ਤੰਦਾਂ ਜੋੜਦੀ ਵੀ ਤੇ ਤੋੜਦੀ ਵੀ। ਤੁਰੀ ਫਿਰੀ ਉਹ ਕਦੇ ਮੱਝ ਨੂੰ ਖਰਖਰਾ ਕਰਨ ਲੱਗ ਪੈਂਦੀ ਤੇ ਕਦੇ ਕੱਟੀ ਦੀ ਪੂਛ ਚੁੱਕ ਕੇ ਚਿੱਚੜ ਤੋੜਨ ਲੱਗ ਪੈਂਦੀ। ਪਾਂ ਖਾਧੇ ਕੁੱਤੇ ਕੋਲ ਖੜ੍ਹੀ ਖੜ੍ਹੀ ਉਸ ਨੂੰ ਸੋਟੀ ਕੱਢ ਮਾਰਦੀ। ਉੱਚੀ ਉੱਚੀ ਬਰੜੌਣ ਲੱਗ ਪੈਂਦੀ। ਉੱਚੀ ਉੱਚੀ ਗਾਲ੍ਹਾਂ ਕੱਢਣ ਲਗ ਪੈਂਦੀ। ਪਰ ਉਸ ਨੂੰ ਖੁਦ ਵੀ ਪਤਾ ਨਾ ਹੁੰਦਾ ਕਿ ਉਹ ਗਾਲ੍ਹਾਂ ਕਿਸ ਨੂੰ ਕੱਢ ਰਹੀ ਹੈ। ਜਦੋਂ ਕਦੇ ਕਦਾਈਂ ਉਸ ਦੀ ਸੋਚ ਉਸ ਨੂੰ ਸੁਚੇਤ ਕਰਦੀ ਤਾਂ ਉਹ ਹੌਲ਼ੀ ਹੌਲ਼ੀ ਸ਼ਰੀਕਾਂ ਨੂੰ ਬਿਨਾ ਨਾਂ ਲਏ ਗਾਲ੍ਹਾਂ ਕੱਢਣ ਲੱਗ ਪੈਂਦੀ। ਉਸ ਦੀ ਦੇਹ ਨੂੰ ਚੈਨ ਨਹੀਂ ਸੀ ਕਿਤੇ। ਅਮਰੋ ਨੂੰ ਦੇਖ ਉਸ ਦਾ ਹਿਰਦਾ ਦੁੱਖੀ ਹੋ ਉੱਠਦਾ। ਉਸ ਨੂੰ ਉਹ ਗਰੀਬਣੀ ਜਿਹੀ ਲੱਗਦੀ ਜਿਸ ਦਾ ਖਸਮ ਲਾਮ ਨੂੰ ਗਿਆ ਵਾਪਸ ਨਾ ਮੁੜਿਆ ਹੋਵੇ। ਅਮਰੋ ਦੇ ਵਾਲਾਂ 'ਚ ਧੌਲ਼ੇ ਵੇਖ ਉਸ ਦੇ ਮਨੋਂ ਧਾਹ ਮਾਰਨ ਵਰਗਾ ਹਉਕਾ ਨਿਕਲਦਾ ਤੇ ਉਹ ਉਸ ਦੀ ਉਮਰ ਦੇ ਵਰ੍ਹਿਆਂ ਦਾ ਹਿਸਾਬ ਕਿਤਾਬ ਲਾਉਣ ਲੱਗ ਪੈਂਦੀ। ਕਿੰਨੇ ਗਏ ਤੇ ਇੰਨੇ ਰਹਿ ਗਿਆਂ ਨੂੰ ਉਹ ਅੰਗੂਠੇ ਨਾਲ ਉਂਗਲਾਂ ਦੇ ਪੋਟਿਆਂ ਤੇ ਗਿਣਦੀ। ਅਮਰੋ ਵੱਲੋਂ ਹੱਟ ਕੇ ਉਹ ਆਪਣੇ ਬੁਢਾਪੇ 'ਚ ਪਰਤਣ ਦੇ ਸਾਲ ਤੋਂ ਪਹਿਲਾਂ ਵਰ੍ਹਿਆਂ ਦੀ ਗਿਣਤੀ ਕਰਨ ਲੱਗ ਪੈਂਦੀ। ਅਜਿਹਾ ਕਰਦਿਆਂ ਸਾਧੋ ਸਕੂਲੀ ਬੱਚੇ ਵਾਂਗ ਹਰਕਤਾਂ ਕਰਦੀ ਤੇ ਅੱਖਾਂ ਭਰ ਕੇ ਇਸ ਤਰ੍ਹਾਂ ਉੱਠਦੀ ਜਿਵੇਂ ਉਸ ਬੱਚੇ ਨੂੰ ਮਾਸਟਰ ਨੇ ਕਿਸੇ ਗੁਨਾਹ ਦੀ ਸਜ਼ਾ ਦਿੱਤੀ ਹੋਵੇ।

ਬਾਹਰਲੇ ਦਰਵਾਜ਼ੇ ਦੀ ਚੀਂ-ਚੀਂ ਸੁਣ ਕੇ ਸਾਧੋ ਆਪਣੇ ਆਪ 'ਚ ਪਰਤੀ। ਸੁਨੱਖਾ ਧਰਤੀ ਨੂੰ ਠੋਕਰਾਂ ਮਾਰਦਾ ਦਰਵਾਜ਼ਾ ਲੰਘਿਆ। ਉਸ ਦੇ ਪੈਰਾਂ 'ਚ ਧੌੜੀ ਦਾ ਇਕ ਜੁੱਤਾ ਸੀ। ਦੂਜਾ ਉਹ ਕਿੱਤੇ

ਸੁੱਟ ਆਇਆ ਸੀ। ਉਸ ਦੇ ਮੂੰਹ 'ਚੋਂ ਝੱਗ ਗਿਰ ਰਹੀ ਸੀ। ਉਸ ਨੇ ਕੁੜਤੇ ਦੇ ਮੂਹਰਲੇ ਹਿੱਸੇ ਨਾਲ ਸੀਂਢ ਪੂੰਝਿਆ ਤੇ ਵਿਹੜੇ 'ਚ ਬੈਠੇ ਕੁੱਤੇ ਦੇ ਠੁੱਡਾ ਮਾਰਿਆ।

"ਵੇ ਤੂੰ ਅੱਜ ਫਿਰ ਪੀ ਕੇ ਆਇਐਂ ? ਉਨ੍ਹਾਂ ਕੰਜਰਾਂ ਸਾਡਾ ਘਰ ਪੱਟਣੇ ਵੇ ਚੰਦਰੀ ਮਾਂ ਦਿਆ ਸਿੰਧਾਰਿਆ।"ਸਾਧੋ ਨੇ ਸਿਰ ਉਪਰਲੀ ਚਾਦਰ ਨਾਲ ਨੱਕ ਦੱਬਦਿਆਂ ਕਿਹਾ— "ਵੇ ਤੂੰ ਮਰ ਕਿਉਂ ਨਹੀਂ ਗਿਆ। ਏਦੂੰ ਤਾਂ ਮੂਤ ਪੀ ਲੈਂਦਾ ਕੁੱਤਿਆ ? ਸੋਨੂੰ ਕੀੜੇ ਪੈਣਗੇ ਦੋਵਾਂ ਨੂੰ, ਮੇਰਾ ਬੁਢਾਪਾ ਰੋਲਣ ਲੱਗੇ ਓ। ਮਰ ਉਨ੍ਹਾਂ ਮਾਂ ਦੇ ਖ਼ਸਮਾਂ ਕੋਲ਼ ਜਿਨ੍ਹਾਂ ਤੇਰਾ ਮੂੰਹ ਝੁਲਸਿਐ।" ਸਾਧੋ ਨੇ ਸੋਟੀ ਸੁਨੱਖੇ ਦੇ ਚਿੱਤੜਾਂ ਤੇ ਕੱਢ ਮਾਰੀ।

"ਐਵੇਂ ਮੇਰੇ ਪੁੜੇ ਭੰਨੀ ਜਾਨੀ ਆਂ, ਮੈਥੋਂ ਕੀ ਗੱਧੀ ਮਰ ਗੀ। ਵੱਡਾ ਸੋਡਾ ਪਤੰਦਰ ਰੋਜ਼ ਪੀ ਕੇ ਆਉਂਦੈ ?" ਸੁਨੱਖਾ ਲੋਹੇ ਦਾ ਥਣ ਬਣਿਆ ਹਿੱਕ ਤਾਣੀ ਖੜ੍ਹਾ ਸੀ।

"ਇਹ ਘਰ ਉਜੜਣੈ ਜਾਏ ਵੱਢਿਓ। ਘੁਮੰਡਾ ਸੋਨੂੰ ਕੱਖੋਂ ਹੌਲਾ ਕਰੂ। ਠੂਠੇ ਫੜਾਊ ਉਹ ਸਾਨੂੰ। ਇਹ ਬੁੜ੍ਹੀ ਦੀ ਯਾਦ ਰੱਖਿਓ।" ਉਸ ਨੇ ਉੱਚੀ ਸੁਰ ਵਿੱਚ ਕਿਹਾ।

"ਵੱਡੇ ਨੂੰ ਰੰਨ ਲਿਆਤੀ। ਮੇਰੀ ਵਾਰੀ ਸੱਪ ਲੜ ਗਿਆ ਸੀ ਥੋਡੇ। ਦੁਨੀਆ ਭਰ ਦੀਆਂ ਤੀਵੀਆਂ ਮਰ ਗੀਆਂ ਸੀ। ਇਹ ਥੋਡਾ ਤਿੰਨਾਂ ਦਾ ਲੁੱਚਪੁੰਣੈ ਬੁੜ੍ਹੀਏ, ਤੁਸੀਂ ਮੇਰੀ ਟਿੰਡ ਫੌੜ੍ਹੀ ਵੰਡ ਦੋ।"

"ਇਹ ਤੂੰ ਨੀਂ ਬੋਲਦਾ ਭੈਂਗਿਆ। ਤੇਰੇ 'ਚ ਘੁੰਮਡਾ ਬੋਲਦੈ।" ਦੁੱਖੀ ਹੋਈ ਸਾਧੋ ਸੁਨੱਖੇ ਨੂੰ ਭੈਂਗਾ ਵੀ ਕਹਿ ਜਾਂਦੀ ਸੀ।

ਇਹ ਸੁਨੱਖਾ ਹੀ ਸੀ ਜਿਹੜਾ ਧਰਤੀ ਹੇਠਲੇ ਬਲਦ ਵਾਂਗੂੰ ਘਰ ਹੇਠਲੀ ਜ਼ਮੀਨ ਆਪਣੇ ਸਿਰ ਤੇ ਚੁੱਕੀ ਫਿਰਦਾ ਸੀ। ਘਰ ਦਾ ਗੱਡਾ ਉਸ ਕੱਲੇ ਦੇ ਕੰਨ੍ਹੇ ਤੇ ਸੀ ਤੇ ਉਹ ਧੂਹੀ ਫਿਰਦਾ ਸੀ। ਉਹ ਅਜਿਹੇ ਸਮੇਂ ਗੱਡੇ ਅੱਗੇ ਜੁੜਿਆ ਸੀ ਜਦੋਂ ਗੱਡਾ ਚਿੱਕੜ 'ਚ ਫਸਿਆ ਹੋਇਆ ਸੀ। ਰਾਤ ਦਾ ਅਖੀਰਲਾ ਪਹਿਰ ਸ਼ੁਰੂ ਹੁੰਦਿਆਂ ਹੀ ਉਹ ਦਾਤੀ-ਪੱਲੀ ਲੈ ਕੇ ਖੇਤ ਪਹੁੰਚ ਜਾਂਦਾ ਸੀ। ਘਰ ਦੇ ਜੀਅ ਤੇ ਪਸ਼ੂ ਘੁਰਾੜੇ ਮਾਰ ਰਹੇ ਹੁੰਦੇ ਸਨ ਜਦੋਂ ਉਹ ਖੇਤ ਪਹੁੰਚ ਜਾਂਦਾ ਸੀ। ਉਹ ਨੰਗੇ ਪੈਰ ਹਨੇਰੇ ਦੀ ਹਿੱਕ ਤੇ ਰਖਦਾ ਸੀ। ਧਰਤੀ ਨੂੰ ਠੋਕਰਾਂ ਮਾਰਦਾ ਸੀ। ਚਾਰੇ ਦੀਆਂ ਚਾਰ ਭਰੀਆਂ ਉਹ ਨਿਆਈਂ ਆਲ਼ੇ ਖੇਤੋਂ ਪਹੁ ਫੁੱਟਣ ਤੋਂ ਪਹਿਲਾਂ ਹੀ ਲਿਆ ਸੁੱਟਦਾ ਸੀ। ਉਸ ਦੇ ਅਖੀਰਲਾ ਗੇੜਾ ਲਾਉਣ ਤੱਕ ਅਮਰੋ ਚਾਹ ਧਰ ਲੈਂਦੀ ਸੀ। ਅਮਰੋ ਨਾਲ ਮੈਸ੍ਹਾਂ ਦੀ ਧਾਰ ਕਢਾ ਕੇ ਉਹ ਡੇਅਰੀ 'ਚ ਦੁੱਧ ਪਾ ਆਉਂਦਾ ਤੇ ਫਿਰ ਸਾਰੇ ਪਿੰਡ ਨੂੰ ਅੱਖਾਂ ਮਲਦਾ ਛੱਡ ਬਲਦਾਂ ਨੂੰ ਪੰਜਾਲੀ ਪਾ ਖੇਤ ਪਹੁੰਚ ਜਾਂਦਾ। ਧੁੱਪ ਚੜ੍ਹੇ, ਆਪਣੇ ਹੱਥ ਦੀਆਂ ਥੱਪੀਆਂ ਰੋਟੀਆਂ ਤੇ ਲੱਸੀ ਦਾ ਭਰਿਆ ਕੁੱਜਾ ਟਾਹਲੀ ਹੇਠ ਰੱਖ ਕੇ ਅਮਰੋ ਉਨ੍ਹੀਂ ਪੈਰੀਂ ਵਾਪਸ ਮੁੜ ਆਉਂਦੀ ਜਿਸ 'ਚੋਂ ਅੱਧੀਆਂ ਉਹ ਦੁਪਹਿਰ ਲਈ ਰੱਖ ਲੈਂਦਾ ਸੀ। ਰੋਟੀ ਆਉਣ ਤੱਕ ਉਹ ਦੋ ਵਿੱਘੇ ਅਸਾਨੀ ਨਾਲ ਨਬੇੜ ਲੈਂਦਾ ਸੀ। ਉਹ ਦੁਪਹਿਰ ਦੇ ਦੋ ਵੱਜੇ ਤੱਕ ਪਸ਼ੂਆਂ ਨਾਲ ਪਸ਼ੂ ਹੋਇਆ ਰਹਿੰਦਾ। ਤਪਦੀ ਦੁਪਹਿਰ ਵਿੱਚ ਪਸ਼ੂ ਹੌਂਕਣ ਲੱਗ ਪੈਂਦੇ, ਪਰ ਉਹ ਦੌੜਿਆ ਫਿਰਦਾ ਸੀ। ਜਿਵੇਂ ਉਹ ਮਸ਼ੀਨ ਹੋਵੇ—ਬਿਜਲੀ ਨਾਲ ਚੱਲਣ ਵਾਲੀ ਮਸ਼ੀਨ।

ਦੁਪਹਿਰਾ ਉਹ ਖੇਤ ਕੱਟਦਾ ਸੀ। ਪਸ਼ੂਆਂ ਨੂੰ ਘੰਟਾ ਅਰਾਮ ਕਰਾ ਕੇ ਉਹ ਫਿਰ ਤਪਦੀ ਧਰਤੀ ਨੂੰ ਵਾਹੁਣ ਲੱਗ ਪੈਂਦਾ। ਨੰਗੇ ਪੈਰਾਂ 'ਚੋਂ ਉਸ ਨੂੰ ਜਾਪਦਾ ਜਿਵੇਂ ਅੱਗ ਨਿਕਲ ਰਹੀ ਹੋਵੇ। ਸੂਰਜ ਵੱਲ ਮੂੰਹ ਕਰ ਕੇ ਉਹ ਗਾਲ਼ਾਂ ਕੱਢਣ ਲੱਗ ਪੈਂਦਾ।

ਸਾਰੇ ਹਾਲ਼ੀ ਪਾਲ਼ੀ ਪਿੰਡ ਪਹੁੰਚ ਜਾਂਦੇ, ਜਦੋਂ ਉਹ ਹੱਲ਼ ਦੀ ਕਿੱਲੀ ਕੱਢਦਾ। ਤੇ ਉਸ ਦੇ ਫਿਰਨੀ 'ਚ ਪਹੁੰਚਦਿਆਂ ਹਨੇਰਾ ਪੂਰੇ ਪਿੰਡ ਨੂੰ ਢੱਕ ਲੈਂਦਾ ਸੀ। ਉਸ ਦੇ ਪਿੰਡੇ ਤੇ ਪਸੀਨੇ ਨਾਲ

ਜੰਮਿਆ ਰੇਤ ਉਸ ਦੇ ਜਿੰਨ ਹੋਣ ਦਾ ਭੁਲੇਖਾ ਪਾਉਂਦਾ ਸੀ ਤੇ ਪਿੰਡ ਦੇ ਕੁੱਤੇ ਉਸ ਨੂੰ ਪਛਾਣਨ 'ਚ ਧੋਖਾ ਖਾ ਕੇ ਉਸ ਤੇ ਭੌਂਕਦੇ।

ਘਰ ਪਹੁੰਚ ਕੇ ਉਹ ਸਾਰੇ ਮਾਲ ਨੂੰ ਪਾਣੀ ਪਿਲਾਉਂਦਾ ਤੇ ਫਿਰ ਕੁੱਤਰੇ ਆਲ਼ੀ ਮਸ਼ੀਨ ਅੱਗੇ ਆ ਜੁੜਦਾ। ਅਮਰੋ ਰੁੱਗ ਲਾਉਂਦੀ ਤੇ ਉਹ ਮਸ਼ੀਨ ਘੁਮਾਉਂਦਾ। ਉਸ ਨੂੰ ਲੱਗਦਾ ਜਿਵੇਂ ਅਮਰੋ ਦੇ ਆਉਣ ਨਾਲ ਮਸ਼ੀਨ ਆਪੇ ਘੁੰਮ ਰਹੀ ਹੋਵੇ। ਬਿਜਲੀ ਆਲ਼ੀ ਮਸ਼ੀਨ ਵਾਂਗ।

ਅਮਰੋ ਨੂੰ ਸੁਨੱਖੇ ਤੇ ਤਰਸ ਆਉਂਦਾ, ਇਸੇ ਲਈ ਉਹ ਬਿਨਾਂ ਕਹੇ ਉਸ ਨਾਲ ਕੁੱਤਰਾ ਕਰਾਉਂਦੀ। ਜਦੋਂ ਉਹ ਕੰਮਾਂ-ਕਾਰਾਂ ਤੋਂ ਵਿਹਲਾ ਹੁੰਦਾ ਤਾਂ ਅਮਰੋ ਗਰਮ ਪਾਣੀ ਦੀ ਬਾਲਟੀ ਵਿਹੜੇ 'ਚ ਪਏ ਕਿੱਕਰ ਦੇ ਮੁੱਢ ਕੋਲ ਰੱਖ ਜਾਂਦੀ। ਪਹਿਲਾਂ ਪਹਿਲ ਉਹ ਸੁਨੱਖੇ ਦੀ ਜਿੰਨ ਦੇਹ ਤੋਂ ਡਰ ਜਾਇਆ ਕਰਦੀ ਸੀ। ਪਰ ਹੁਣ ਉਸ ਨੂੰ ਡਰ ਨਹੀਂ ਸੀ ਲੱਗਦਾ। ਉਸ ਦੇ ਪਸੀਨੇ 'ਚੋਂ ਬਦਬੂ ਨਹੀਂ ਸੀ ਆਉਂਦੀ। ਉਸ ਨੂੰ ਸੁਨੱਖੇ 'ਚੋਂ ਐਸਾ ਆਦਮ ਦਿੱਸਦਾ ਸੀ ਜਿਸ 'ਚ ਪੂਰੇ ਦਿਨ ਨਾਲ਼ ਲੜਨ ਦੀ ਤਾਕਤ ਸੀ। ਜੋ ਆਪਣੇ ਮਜ਼ਬੂਤ ਡੌਲ਼ਿਆਂ ਨਾਲ ਘਰ ਨੂੰ ਬੰਨ੍ਹੀ ਫਿਰਦਾ ਸੀ। ਉਹ ਉਸ ਨੂੰ ਭੈਂਗੇ ਦੀ ਬਜਾਏ ਸੁਨੱਖਾ ਸੱਦਣ ਲੱਗ ਪਈ ਸੀ। ਜੇ ਕੋਈ ਆਂਢੀ ਗੁਆਂਢੀ ਵੀ ਸੁਨੱਖੇ ਨੂੰ ਭੈਂਗਾ ਕਹਿੰਦਾ, ਅਮਰੋ ਗਲ਼ ਪੈਣ ਤੱਕ ਜਾਂਦੀ ਸੀ।

ਕਈ ਦਿਨਾਂ ਤੋਂ ਸੁਨੱਖਾ ਪੀ ਕੇ ਆਉਣ ਲੱਗ ਪਿਆ ਸੀ। ਸਾਰਾ ਦਿਨ ਟੁੱਲ ਹੋਇਆ, ਘੁਮੰਡੇ ਤਾਏ ਦੀ ਮੋਟਰ ਤੇ ਪਿਆ ਰਹਿੰਦਾ ਸੀ। ਦਿਨ ਛਿਪੇ ਘਰ ਆ ਕੇ ਉਹ ਖੌਰੂ ਪਾਉਂਦਾ। ਆਪਣੀ ਜੁੱਲੀ ਗੁੱਲੀ ਅਲੱਗ ਕਰਨ ਲਈ ਲੜਦਾ, ਝਗੜਦਾ। ਤੀਵੀਂ ਲਿਆਉਣ ਦੇ ਡਰਾਵੇ ਮਾਰਦਾ। ਅਮਰੋ ਤੇ ਸਾਧੋ ਦੋਵੇਂ ਜਾਣਦੀਆਂ ਸਨ ਕਿ ਸ਼ਰੀਕ ਉਨ੍ਹਾਂ ਦਾ ਘਰ ਉਜਾੜਨਾ ਚਾਹੁੰਦੇ ਐ। ਪਰ ਤੀਵੀਆਂ ਹੋ ਕੇ ਉਹ ਕੀ ਕਰ ਸਕਦੀਆਂ ਸਨ ? ਵੱਡਾ, ਸਾਰਾ ਦਿਨ ਸ਼ਰਾਬ ਦੇ ਨਸ਼ੇ 'ਚ ਟੁੱਲ ਰਹਿੰਦਾ ਸੀ ਤੇ ਲੋਕਾਂ ਦੀਆਂ ਧੀਆਂ ਤੀਵੀਆਂ ਪਿੱਛੇ ਤੁਰਿਆ ਫਿਰਦਾ ਸੀ। ਉਸ ਕੋਲ਼ੋਂ ਇੰਨੀਂ ਉਮੀਦ ਨਹੀਂ ਸੀ ਕਿ ਉਹ ਉੱਜੜ ਰਹੇ ਘਰ ਨੂੰ ਬਚਾਅ ਸਕੇ। ਉਹ ਤਾਂ ਦਾਰੂ ਦਾ ਰੱਜ ਕੇ, ਅਕਸਰ ਪਸ਼ੂਆਂ ਆਲ਼ੇ ਘਰ ਹੀ ਸੌਣ ਲੱਗ ਪਿਆ ਸੀ। ਉਸ ਨੂੰ ਨਾ ਮਾਂ ਦਾ ਫ਼ਿਕਰ ਸੀ ਤੇ ਨਾ ਹੀ ਆਪਣੀ ਤੀਵੀਂ ਦਾ। ਇਕ ਸੁਨੱਖਾ ਹੀ ਸੀ ਲੈ ਦੇ ਕੇ, ਜੋ ਤਾਏ ਪਿੱਛੇ ਲੱਗ ਕੇ ਘਰ ਨੂੰ ਉਜਾੜਨ ਤੇ ਤੁਲਿਆ ਹੋਇਆ ਸੀ।

ਆਮ ਸ਼ਰੀਕਾਂ ਦੀ ਤਰ੍ਹਾਂ ਬਿਮਾਰ ਮਾਨਸਿਕਤਾ ਦਾ ਮਾਲਕ ਸੀ, ਘੁਮੰਡਾ ਸਿਉਂ। ਉਹ ਨਹੀਂ ਸੀ ਚਾਹੁੰਦਾ ਕਿ ਸਾਧੋ ਦਾ ਟੱਬਰ ਹੱਸੇ ਖੇਡੇ ਤੇ ਆਰਥਕ ਪੱਖੋਂ ਉਨ੍ਹਾਂ ਨਾਲੋਂ ਅੱਗੇ ਲੰਘੇ। ਸਾਧੋ ਨੂੰ ਉਹ ਆਪਣੇ ਬਰਾਬਰ ਖੜ੍ਹੀ ਨਹੀਂ ਸੀ ਵੇਖਣੀ ਚਾਹੁੰਦਾ। ਉਸ ਨੂੰ ਪਤਾ ਸੀ ਕਿ ਜੇ ਘਰ ਟੁੱਟੇਗਾ ਤਾਂ ਜ਼ਮੀਨ ਵਿਕੇਗੀ ਤੇ ਜ਼ਮੀਨ ਦਾ ਪਹਿਲਾ ਗਾਹਕ ਉਹ ਆਪ ਹੋਏਗਾ। ਜਦੋਂ ਦਾ ਸੁਨੱਖੇ ਨੇ ਕੰਮ ਸੰਭਾਲਿਆ ਸੀ, ਘੁਮੰਡੇ ਨੂੰ ਪਿਸੂ ਪੈ ਗਏ ਸਨ। ਇਕੱਲਾ ਸੁਨੱਖਾ ਉਸ ਦੇ ਚਾਰ ਮੁੰਡਿਆਂ ਜਿਨਾਂ ਕੰਮ ਕਰਨ ਲੱਗ ਪਿਆ ਸੀ। ਨਾਰ੍ਹੇ ਦੇ ਮੁੱਕੇ ਸੱਤੂਆਂ ਬਾਰੇ ਉਸ ਨੂੰ ਪਤਾ ਸੀ। ਤੇ ਸੁਨੱਖੇ ਨੂੰ ਉਸ ਨੇ ਆਪਣੀ ਸ਼ਤਰੰਜ 'ਚ ਉਲਝਾ ਲਿਆ ਸੀ। ਇਸ ਲਈ ਰੋਜ਼ ਉਹ ਸੁਨੱਖੇ ਨੂੰ ਰਜਾ-ਪੜ੍ਹਾ ਕੇ ਘਰ ਨੂੰ ਤੋਰ ਦਿੰਦਾ ਸੀ। ਤੇ ਰੋਜ਼ ਸਾਧੋ ਦਾ ਘਰ ਮਹਾਂਭਾਰਤ ਬਣ ਜਾਂਦਾ ਸੀ।

ਸਾਧੋ ਨੂੰ ਗਾਲ਼ਾਂ ਕੱਢਦੇ ਤੇ ਕਿਲਕਾਰੀਆਂ ਮਾਰਦਾ ਸੁਨੱਖਾ, ਮੀਂਹ ਝੱਖੜ 'ਚ ਨਿੱਕ ਸੁੱਕ ਤੇ ਲੱਕੜਾਂ-ਪਾਥੀਆਂ ਲਈ ਛੱਤੇ ਦੋ ਖੱਣ ਦੇ ਬਰਾਂਡੇ 'ਚ ਪਏ ਮੰਜੇ ਤੇ ਬਿਨਾ ਰੋਟੀ ਖਾਧਿਆਂ ਹੀ ਢੇਰੀ ਹੋ ਗਿਆ ਸੀ। ਤੇ ਡਿੱਗਦਾ ਹੀ ਘੁਰਾੜੇ ਮਾਰਨ ਲੱਗ ਪਿਆ।

ਸੁਨੱਖੇ ਤੇ ਖੇਸ ਸੁੱਟ ਕੇ ਸਾਧੋ ਚੁਲ੍ਹੇ ਮੂਹਰੇ ਬੈਠੀ ਅਮਰੋ ਕੋਲ ਆ ਖੜ੍ਹੀ ਹੋਈ। ਉਸ ਨੂੰ ਚੁਲ੍ਹੇ ਦੀ ਅੱਗ ਦੇ ਚਾਨਣ 'ਚ ਅਮਰੋ ਦਾ ਚੇਹਰਾ ਉਦਾਸ ਤੇ ਅੱਖਾਂ ਭਰੀਆਂ ਲੱਗੀਆਂ। ਪਤਾ ਨਹੀਂ ਉਸ

ਦੀਆਂ ਅੱਖਾਂ 'ਚ ਪਾਣੀ ਗਿੱਲੇ ਗੋਹਿਆਂ ਨੂੰ ਫੂਕਾਂ ਮਾਰਨ ਕਰ ਕੇ ਸੀ ਜਾਂ ਨਿੱਤ ਦੇ ਕਲੇਸ਼ ਲਈ।

ਮੱਚਦੀ ਅੱਗ ਫਿਰ ਬੁੱਝ ਗਈ ਸੀ।

"ਕੁੜੇ ਅਮਰੋ।"

ਅਮਰੋ ਨੇ ਸਾਧੋ ਵੱਲ ਵੇਖ ਕੇ ਚੁੰਨੀ ਨਾਲ ਅੱਖਾਂ ਪੂੰਝ ਲਈਆਂ।

"ਕੁੜੀਏ ਕਿਉਂ ਧੂੰਏਂ 'ਚ ਅੱਖਾਂ ਗਾਲਦੀ ਆਂ? ਸੁੱਕੀਆਂ ਛਟੀਆਂ ਦਾ ਇੱਕ ਝੋਕਾ ਲਾ ਲੈ।"ਸਾਧੋ ਬੋਲੀ।

"ਗੋਹੇ ਗਿੱਲੇ ਨੇ ਬੇਬੇ। ਗਿੱਲੇ ਗੋਹਿਆਂ ਨਾਲ ਧੂੰਆਂ ਹੀ ਹੁੰਦੈ। ਅੱਗ ਨਹੀਂ ਹੁੰਦੀ। ਹੁਣ ਤਾਂ ਇਨ੍ਹਾਂ ਨਾਲ ਹੀ ਅੱਖਾਂ ਗਾਲਣੀਆਂ ਨੇ।"

ਅਮਰੋ ਸਹਿਜ ਸੁਭਾਅ ਬੋਲੀ।

ਸਾਧੋ ਚੁੱਪ ਹੋ ਗਈ।

"ਵੱਡਾ ਨੀਂ ਆਇਆ ਅਜੇ?" ਸਾਧੋ ਫਿਰ ਬੋਲੀ।

"ਉਹ ਆਇਆ ਹੀ ਕਿੱਦਣ ਐ?"

ਸਾਧੋ ਫਿਰ ਚੁੱਪ ਹੋ ਗਈ।

"ਗੁਆਂਢੀਆਂ ਦੇ ਮੁੰਡੇ ਹੱਥ ਉਹਦੀ ਰੋਟੀ ਭੇਜਤੀ ਬਾਹਰਲੇ ਘਰ।"

ਅਮਰੋ ਨੇ ਠੰਢਾ ਸਾਹ ਭਰਿਆ।

"ਸੁਨੱਖੇ ਆਲ਼ੇ ਗਰਮ ਪਾਣੀ ਨਾਲ ਤੂੰ ਨ੍ਹਾ ਲੀਂ। ਉਹ ਤਾਂ ਚੰਦਰਾ ਪੈ ਗਿਆ ਭੁੱਖਣ ਭਾਣਾ।" ਸਾਧੋ ਨੇ ਹਉਕਾ ਲਿਆ।

"ਚੰਗਾ ਬੇਬੇ।" ਅਮਰੋ ਨੇ ਬੈਠਵੀਂ ਅਵਾਜ਼ 'ਚ ਕਿਹਾ।

ਫਿਰ ਕਿੰਨਾ ਚਿਰ ਸਾਧੋ ਕੁੱਝ ਸੋਚਦੀ ਰਹੀ। ਦੋ ਕਦਮ ਤੁਰ ਕੇ ਉਹ ਫਿਰ ਪਿਛਾਂਹ ਪਰਤ ਆਉਂਦੀ। ਕਿੱਕਰ ਦੀ ਪੱਤ 'ਚ ਉਸ ਨੂੰ ਬਿਜਲੀ ਲਿਸ਼ਕਦੀ ਦਿੱਸਦੀ ਤੇ ਫਿਰ ਇੱਕਦਮ ਉਸ ਦੀਆਂ ਅੱਖਾਂ ਅੱਗੇ ਹਨੇਰਾ ਜਿਹਾ ਹੋ ਜਾਂਦਾ। ਉਸ ਦੇ ਬੁੱਢੇ ਜਿਸਮ ਨੂੰ ਕਾਂਬਾ ਜਿਹਾ ਛਿੜਦਾ ਤੇ ਉਹ ਚਾਕੂ ਵਾਂਗੂੰ ਕੱਠੀ ਜਿਹੀ ਹੋ ਜਾਂਦੀ। ਉਸ ਨੂੰ ਜਾਪਿਆ ਜਿਵੇਂ ਅੱਜ ਰਾਤ ਨੂੰ ਮੀਂਹ ਜ਼ਰੂਰ ਪਏਗਾ।

"ਮੈਨੂੰ ਸੁਨੱਖੇ ਦੇ ਰੰਗ ਢੰਗ ਠੀਕ ਨੀਂ ਲਗਦੇ ਅਮਰੋ। ਤੂੰ ਦੇਖਦੀ ਨੀਂ ਕਿੰਨੇ ਦਿਨਾਂ ਤੋਂ ਥੋਬੜਾ ਸੁਜਾਈ ਫਿਰਦੈ। ਕੱਲ੍ਹ ਘੁੱਦੇ ਨੂੰ ਕਹਿੰਦਾ— "ਮੈਂ ਤਾਂ ਤੀਵੀਂ ਲੈ ਆਉਣੀ ਆ ਕੋਈ, ਭਾਵੇਂ ਨਿਆਣੇ ਆਲ਼ੀ ਹੋਵੇ। ਪੈਸੇ ਆਪੇ ਤਾਇਆ ਖਰਚੂ।"

ਅਮਰੋ ਕੰਮ ਛੱਡ ਕੇ ਸਾਧੋ ਦੇ ਮੂੰਹ ਵੱਲ ਦੇਖਣ ਲੱਗੀ।

"ਮੈਨੂੰ ਡਰ ਐ ਕਿ ਚੰਦਰਾ ਕਿਤੇ ਕੋਈ ਅੰਨ੍ਹੀ ਕਾਣੀ ਜਾਂ ਲੰਗੜੀ, ਕਮਲੀ ਤੀਵੀਂ ਨਾ ਲੈ ਆਵੇ, ਤਾਏ ਪਿੱਛੇ ਲੱਗ ਕੇ। ਇਹ ਮੋਈ ਅਕਲ ਆਲ਼ਾ ਉਹਦੇ ਪਿੱਛੇ ਲੱਗ ਕੇ ਪੂਛ ਚੁੱਕੀ ਫਿਰਦੈ। ਉਨ੍ਹਾਂ ਦੀ ਨਿਗਾਹ ਸਾਡੀ ਜ਼ਮੀਨ ਤੇ ਐ। ਤੇ ਇਹ ਨੀਂ ਜਾਣਦਾ ਕਿ ਸ਼ਰੀਕ ਕਦੇ ਆਪਣੇ ਨੀਂ ਹੁੰਦੇ।" ਸਾਧੋ ਨੇ ਠੋਡੀ ਸੋਟੀ ਦੇ ਸਿਰੇ ਤੇ ਰੱਖ ਕੇ ਅਮਰੋ ਦੇ ਉਦਾਸ ਮੂੰਹ ਵੱਲ ਧਿਆਨ ਨਾਲ ਵੇਖਿਆ।

"ਮੈਂ ਤਾਂ ਨੀਂ ਕਹਿੰਦੀ ਬੇਬੇ ਕਿ ਕੋਈ ਸੁਨੱਖੇ ਨੂੰ ਆਪਣੀ ਕੁੜੀ ਦੇ ਡੋਲ਼ੇ ਦੇ ਦੂ?" ਅਮਰੋ ਬੋਲੀ।

"ਇਹਦੀ ਜੁੱਲੀ ਵਿਛਾਉਣ ਕੋਈ ਥੋੜ੍ਹਾ ਈ ਆਊ? ਇਹਦੇ ਕੋਈ ਉਜਾੜਨ ਆਲ਼ੀ ਆਊ। ਇਹਦੇ ਹਿੱਸੇ ਦੇ ਚਾਰ ਕਿੱਲੇ ਬੈਅ ਕਰਾਉਣ। ਇਹਨੇ ਆਪ ਵੀ ਉਜੜਨੈ ਤੇ ਸਾਨੂੰ ਵੀ ਪੱਟਣੈ।"ਸਾਧੋ ਨੇ ਅੱਖਾਂ ਭਰ ਲਈਆਂ।

ਅਮਰੋ ਤੇ ਬਿਜਲੀ ਜਿਹੀ ਗਿਰੀ।

"ਮੈਂ ਤਾਂ ਦੋ ਪੁੜਾਂ 'ਚ ਪੀਹੀ ਜਾ ਰਹੀ ਆਂ ਕੁੱੜੀਏ। ਇੱਕ ਮੈਨੂੰ ਤੇਰਾ ਫ਼ਿਕਰ ਖਾ ਰਿਹੈ ਤੇ ਦੂਜਾ ਇਸ ਸਿੱਧਰੇ ਦਾ। ਮੈਂ ਤਾਂ ਅੱਠੋ ਪਹਿਰ ਸੋਚਦੀ ਰਹਿਨੀ ਆਂ ਕਿ ਇਸ ਘਰ ਦਾ ਬਣੂ ਕੀ ? ਮੈਨੂੰ ਨੀਂ ਲੱਗਦਾ ਕਿ ਵੱਡਾ ਤੇਰੇ ਪੈਰ ਭਾਰੀ ਕਰ ਦੂ ?"ਸਾਧੋ ਨੇ ਡਰਦਿਆਂ ਡਰਦਿਆਂ ਮਸਾਂ ਕਿਹਾ।

"ਇਸ ਘਰ ਨੂੰ ਸਰਾਪ ਐ, ਇੱਥੇ ਖ਼ਾਨਦਾਨ ਤੀਵੀਆਂ ਨੂੰ ਹੀ ਤੋਰਨਾ ਪੈਂਦੈ। ਸਾਧੋ ਦੀਆਂ ਅੱਖਾਂ ਅੱਗੇ ਗੁਜ਼ਰ ਗਏ ਘਰ ਆਲ਼ੇ ਦੀ ਸ਼ਕਲ ਆਈ— ਇਸ ਘਰ ਦੇ ਮਰਦ ਧਰਤੀ ਵਾਹੁੰਦੇ ਨੇ ਬੀਜਦੇ ਨੀਂ ਬਹੂ। ਇਹ ਲੋਕਾਂ ਜਾਂ ਗਰੀਬ ਗੁਰਬਿਆਂ ਦੀਆਂ ਧੀਆਂ-ਭੈਣਾਂ ਅੱਗੇ ਚਾਦਰੇ ਚੁੱਕੀ ਫਿਰਦੇ ਐ। ਆਪਣੇ ਘਰ ਵੜਦਿਆਂ, ਲੱਤਾਂ 'ਚ ਪੂਛ ਦੇ ਲੈਂਦੇ ਆ। ਇਸ ਘਰ ਦੇ ਕਿੱਲੇ ਤੇ ਖੜ੍ਹੇ ਬਲਦ....... ਵੱਡੇ ਦਾ ਰੋਜ਼ ਬਾਹਰਲੇ ਘਰ ਸੌਣਾ ਮੈਥੋਂ ਲੁਕਿਆ ਨੀਂ ਕੁੜੀਏ।" ......।

"ਇਹ ਜ਼ਮੀਨ ਅਸੀਂ ਲਹੂ-ਮੁੜ੍ਹਕਾ ਇੱਕ ਕਰ ਕੇ ਬਣਾਈ ਆ। ਜੇਠ ਹਾੜ੍ਹ ਦੀਆਂ ਧੁੱਪਾਂ ਨੇ ਮੇਰਾ ਮੱਖਣੀ ਅਰਗਾ ਪਿੰਡਾ ਪੁੱਠੇ ਤਵੇ ਵਰਗਾ ਬਣਾ ਦਿੱਤੈ। ਔਹ ਦੇਖ ਹੱਥ।" ਸਾਧੋ ਨੇ ਦੋਵੇਂ ਹਥ ਅਮਰ ਅਗੇ ਕੀਤੇ— "ਹੱਥਾਂ ਪੈਰਾਂ ਦੀਆਂ ਬਿਆਈਆਂ 'ਚੋਂ ਸਿਆਲ਼ਾਂ 'ਚ ਅਜੇ ਵੀ ਲਹੂ ਚੋਂਦੈ। ਇਹ ਸਿਕਰੀਆਂ ਤੇ ਕਰਚਿਆਂ ਦੇ ਖਾਧੇ ਹੋਏ ਐ। ਗਾਈਆਂ ਮੱਝਾਂ ਦਾ ਦੁੱਧ ਵੇਚ ਵੇਚ ਇਹ ਚਾਰ ਖੱਡ ਥੋੜੇ ਲਈ ਬਣਾਏ ਆ। ਨਾ ਕਦੇ ਚੱਜ ਦਾ ਖਾਧਾ ਤੇ ਨਾ ਪਹਿਨਿਆ। ਤਾਂ ਕਿ ਮੁੰਡਿਆਂ ਨੂੰ ਤੀਵੀਆਂ ਜੁੜ ਜਾਣ ਤੇ ਖਾਨਦਾਨ ਤੁਰਦਾ ਰਹੇ। ਪਰ ਗੱਡਾ ਅਜੇ ਵੀ ਗਾਰੇ 'ਚ ਐ ਧੀਏ।"

ਸਾਧੋ ਸੋਚਣ ਲੱਗ ਗਈ। ਹਸਰਤ ਭਰੀਆਂ ਨਿਗਾਹਾਂ ਨਾਲ ਅਮਰੋ ਨੂੰ ਤੱਕਣ ਲੱਗੀ। ਉਸ ਨੂੰ ਆਪਣਾ ਮਨ ਭਾਰਾ ਭਾਰਾ ਲੱਗਿਆ। ਭਰਿਆ ਭਰਿਆ। ਜਿਵੇਂ ਡੁੱਲ੍ਹਣਾ ਚਾਹੁੰਦਾ ਹੋਵੇ। ਛਲਕਣਾ ਚਾਹੁੰਦਾ ਹੋਵੇ। ਉਸ ਨੇ ਆਲ਼ੇ ਦੁਆਲ਼ੇ ਨਜ਼ਰ ਮਾਰੀ। ਸੁਨੱਖੇ ਦੇ ਘਰਾੜਿਆਂ ਦੀ ਅਵਾਜ਼ ਇੱਕ ਸ਼ੋਰ ਪੈਦਾ ਕਰ ਰਹੀ ਸੀ। ਮੈਂਸ੍ਹ ਰਿੰਗ ਰਹੀ ਸੀ। ਕੁੱਤਾ ਮਿੱਟੀ 'ਚ ਰੋਟੀ ਦੱਬ ਕੇ ਆਪ ਉਤੇ ਬੈਠਾ ਸੀ ਤੇ ਘੁਰਰ ਘੁਰਰ ਕਰ ਰਿਹਾ ਸੀ। ਸ਼ਿਵਦਿਆਲੇ 'ਚੋਂ ਸ਼ੰਖ ਵੱਜਣ ਦੀ ਅਵਾਜ਼ ਆ ਰਹੀ ਸੀ। ਤੇ ਗੁਰਦਵਾਰੇ ਦਾ ਭਾਈ ਪਿੰਡ ਨੂੰ ਸਪੀਕਰ ਤੋਂ ਫਿਰਨੀ 'ਚ ਮਿੱਟੀ ਪਾਉਣ ਦੀ ਸੂਚਨਾ ਦੇ ਰਿਹਾ ਸੀ। ਅਸਮਾਨ 'ਚ ਕਾਲ਼ੇ-ਚਿੱਟੇ ਬੱਦਲ ਗਰਜ ਰਹੇ ਸਨ। ਇਹ ਸੱਭ ਕੁੱਝ ਮਿਲਾ ਕੇ ਸਾਧੋ ਨੂੰ ਗੱਲ ਕਰਨ ਦਾ ਬੱਲ ਪ੍ਰਦਾਨ ਕਰ ਰਹੇ ਸਨ ਤਾਂ ਕਿ ਗੱਲ ਕੰਧਾਂ ਦੇ ਕੰਨਾਂ ਤੱਕ ਵੀ ਨਾ ਪਹੁੰਚੇ।

"ਅਮਰੋ ਧੀਏ।" ਸਾਧੋ ਨੇ ਅਮਰੋ ਦੇ ਨੇੜੇ ਹੋ ਕੇ ਕਿਹਾ— "ਤੂੰ ਕੱਢ ਇਹ ਗੱਡਾ ਮੇਰੀ ਧੀ। ਸੁਨੱਖਾ ਤੇਰਾ ਦਿਉਰ ਐ ਤੇ ਦਿਉਰ ਭਾਬੀ ਦਾ ਕੀ ਵੰਡਿਆ ਹੁੰਦੈ ? ਭਾਬੀ ਅੱਧੀ ਘਰ ਆਲ਼ੀ ਹੁੰਦੀ ਐ। ਸੱਪ ਵੀ ਮਰ ਜੂ, ਸੋਟੀ ਵੀ ਬੱਚ ਜੂ। ਸੁਨੱਖਾ ਤਾਂ ਕੀ ਉਸ ਦੀ ਹਵਾ ਨੇ ਵੀ ਸ਼ਰੀਕਾਂ ਕੋਲ ਨੀਂ ਜਾਣਾ। ਤੀਵੀਂ, ਆਦਮੀ ਤੋਂ ਸੱਤ ਖ਼ੂਨ ਕਰਾ ਸਕਦੀ ਐ। ਜੇ ਚਾਹੇ। ਤੇਰੀਆਂ ਜੜ੍ਹਾਂ ਲੱਗ ਜਾਣਗੀਆਂ। ਤੇਰਾ ਤੀਵੀਂ ਹੋਣ ਦਾ ਮੁੱਲ ਪੈ ਜੂ। ਵੱਡਾ ਤੇਰੇ ਪੈਰ ਧੋ ਧੋ ਪੀਊ। ਆਪਣਾ ਨਫ਼ਾ ਨੁਕਸਾਨ ਸੋਚ ਲੈ। ਚਾਲ਼ੀ ਤੋਂ ਟੱਪ ਗਈ ਪਛਤਾਏਂਗੀ।"

ਅਮਰੋ ਦੀਆਂ ਅੱਖਾਂ 'ਚ ਗੁੱਸੇ ਦੀ ਚਮਕ ਵੇਖ ਸਾਧੋ ਪਰ੍ਹਾਂ ਤੁਰ ਗਈ। ਕਿਨਾਂ ਚਿਰ ਉਸ ਦੀ ਵਾਪਸ ਪਰਤਣ ਦੀ ਹਿੰਮਤ ਨਾ ਪਈ। ਮਰਾਸੀਆਂ ਦੇ ਘਰ ਵੱਲੋਂ ਲਲਕਾਰੇ ਵੱਜਣ ਦੀ ਅਵਾਜ਼ ਆਈ ਤੇ ਫਿਰ ਮਰਾਸਣ ਦੀਆਂ ਗਾਲ਼ਾਂ ਦੀ ਅਵਾਜ਼। ਸਾਧੋ ਅਮਰੋ ਵੱਲ ਮੁੜੀ ਤੇ ਅਮਰੋ ਦਰਵਾਜ਼ੇ ਵੱਲ।

"ਨੀਂ ਦੇਖੀਂ ਕਿੱਤੇ ਵੱਡਾ ਤਾਂ ਨੀਂ ਕਿਸੇ ਨਾਲ ਸਿੰਗ ਫਸਾਈ ਫਿਰਦਾ ? ਮੈਨੂੰ ਤਾਂ ਉਸੇ ਚੰਦਰੇ ਦੀ ਵਾਜ ਲੱਗਦੀ ਆ।" ਸਾਧੋ ਚੁਲ੍ਹੇ ਵੱਲ ਗਈ ਤੇ ਅਮਰੋ ਦਰਵਾਜ਼ੇ ਵੱਲ ਦੌੜੀ।

"ਤੇਰੀ ਵੱਡੇ ਮਰਦ ਦੀ। ਸ਼ਰਮ ਨੀਂ ਆਉਂਦੀ ਲੋਕਾਂ ਦੀਆਂ ਧੀਆਂ-ਭੈਣਾਂ ਪਿੱਛੇ ਆਉਂਦਿਆਂ ?" ਮਰਾਸਣ ਉੱਚੀ ਉੱਚੀ ਗਾਲ੍ਹਾਂ ਕੱਢ ਰਹੀ ਸੀ।

"ਤੇਰੀ ਮਰਾਸਣ ਦੀ ਮੈਂ.......।" ਨਾਰ੍ਹੇ ਨੇ ਲਲਕਾਰਾ ਮਾਰਿਆ ਤੇ ਰੋੜਾ ਚੁੱਕ ਕੇ ਮਰਾਸੀਆਂ ਦੇ ਦਰਵਾਜ਼ੇ ਵੱਲ ਵਗਾਹ ਮਾਰਿਆ।

"ਕੰਜਰਾ ਸ਼ੁਕਰ ਕਰ ਮੁੰਡੇ ਘਰ ਨੀਂ। ਤੇਰੀ ਸਾਰੀ ਉਤਾਰ ਦਿੰਦੇ। ਡੁੱਬ ਮਰ ਨੱਕ ਡੋਬ ਕੇ, ਢੈਹ ਜਾਨਿਆ। ਤੀਵੀਂ ਤੇਰੀ ਦਿਉਰ ਦੀਆਂ ਰੋਟੀਆਂ ਢੋਂਦੀ ਫਿਰਦੀ ਆ। ਪਰ ਸੋਨੂੰ ਸ਼ਰਮ ਕਿਥੇ ? ਆਪਣੀਆਂ ਤੀਵੀਆਂ ਸੰਭਾਲੀਆਂ ਨੀਂ ਜਾਂਦੀਆਂ ਲੋਕਾਂ ਦੀਆਂ ਪਿੱਛੇ ਪੂਛ ਚੁੱਕੀ ਫਿਰਦੇ ਓਂ ?"

ਸੁਣ ਕੇ ਅਮਰੋ ਨੂੰ ਤਰੇਲ੍ਹੀਆਂ ਛੁੱਟ ਪਈਆਂ। ਉਸ ਦਾ ਜੀਅ ਧਰਤੀ 'ਚ ਗਰਕਣ ਨੂੰ ਕੀਤਾ। ਉਸ ਨੂੰ ਜਾਪਿਆ ਜਿਵੇਂ ਮਰਾਸਣ ਨੇ ਉਸ ਦੇ ਮੂੰਹ ਤੇ ਚਪੇੜ ਕੱਢ ਮਾਰੀ ਹੋਵੇ। ਉਸ ਦਾ ਇੱਕ ਵਾਰ ਜੀਅ ਵੀ ਕੀਤਾ ਕਿ ਉਹ ਮਰਾਸਣ ਨੂੰ ਗੋਡਿਆਂ 'ਚ ਲੈ ਲਵੇ। ਪਰ ਅਸਲ ਦੋਸ਼ੀ ਉਸ ਦੇ ਸਾਹਮਣੇ ਖੜ੍ਹਾ ਦਹਾੜ ਰਿਹਾ ਸੀ। ਆਪਣੇ ਗੁਨਾਹਾਂ ਦੀਆਂ ਕਿਲਕਾਰੀਆਂ ਮਾਰ ਰਿਹਾ ਸੀ।

ਰੋਟੀਆਂ ਆਲ੍ਹੇ ਛਾਬੇ ਤੇ ਥਾਲ੍ਹੀ ਮੂਧੀ ਮਾਰ ਕੇ ਸਾਧੋ ਵੀ ਅਮਰੋ ਕੋਲ ਪਹੁੰਚ ਗਈ।

"ਕੌਣ ਐ ਅਮਰੋ ?"ਸਾਧੋ ਨੇ ਕਾਹਲੀ ਨਾਲ ਪੁੱਛਿਆ।

"ਤੇਰਾ ਹੀ ਆ ਬੇਬੇ। ਲੋਕਾਂ ਦੇ ਘਰ ਮੂੰਹ ਮਾਰਦਾ ਫਿਰਦੈ।"ਅਮਰੋ ਸ਼ਰਮ ਨਾਲ ਭਿੱਜੀ ਖੜ੍ਹੀ ਸੀ।

"ਨਾਰ੍ਹਾ ? ਨਾਰ੍ਹਾ ਕਿਵੇਂ ਮੂੰਹ ਮਾਰ ਸਕਦੈ ? ਉਹਦੇ ਤਾਂ ਦੰਦ ਨੀਂ ਬਹੂ।"ਸਾਧੋ ਨੇ ਅਮਰੋ ਦੀ ਸ਼ਰਮ ਵੰਡਾਉਂਦਿਆਂ ਕਿਹਾ।

"ਬਿਨਾਂ ਦੰਦਰੌਲ ਆਲ੍ਹਾ ਪਸ਼ੂ ਘਾਹ ਤੋੜ ਤੋੜ, ਚੱਬ ਕੇ ਸੁੱਟਦੈ ਬੇਬੇ।"ਅਮਰੋ ਨੇ ਸਹਿਜ ਸੁਭਾਅ ਜਵਾਬ ਦਿੱਤਾ।

"ਨੀਂ ਦੇਖ ਤੇਰੇ ਮਰਦ ਦੀਆਂ ਕਰਤੂਤਾਂ। ਮੇਰੀ ਕੈਲੋ ਪਿੱਛੇ ਮੇਰੇ ਘਰ ਆ ਵੜਿਐ। ਤੂੰ ਇਹਨੂੰ ਸਾਂਭਦੀ ਕਿਉਂ ਨੀਂ ਰੰਡੀਏ ? ਤੂੰ ਏਸ ਕੰਜਰ ਨਾਲ ਸੌਂਵੇਂ, ਇਹ ਲੋਕਾਂ ਦੇ ਘਰ ਵੱਲ ਕਿਉਂ ਦੇਖੇ। ਪਰ ਤੈਨੂੰ ਭੈਂਗੇ ਤੋਂ ਵਿਹਲ ਮਿਲੇ ਤਾਂ ਹੀ ਆ ਨਾ।" ਮਰਾਸਣ ਢਾਕਾਂ ਤੇ ਹੱਥ ਧਰ ਕੇ ਦਹਾੜ ਰਹੀ ਸੀ।

"ਇਹ ਸਾਲ੍ਹਾ ਫੰਡਰਾਂ ਦਾ ਟੋਲਾ ਐ।" ਸ਼ਰੀਕਾਂ ਦੇ ਘਰੋਂ ਕੋਈ ਉੱਚੀ ਅਵਾਜ਼ 'ਚ ਬੋਲਿਆ।

ਅਮਰੋ ਤੇ ਸਾਧੋ ਨੂੰ ਜਾਪਿਆ ਜਿਵੇਂ ਸ਼ਰੀਕਾਂ ਉਨ੍ਹਾਂ ਦੇ ਮੂੰਹ ਤੇ ਚਪੇੜ ਮਾਰੀ ਹੋਵੇ। ਅਮਰੋ ਦਾ ਜੀਅ ਤਾਂ ਕੀਤਾ ਸੀ ਕਿ ਉਹ ਸ਼ਰੀਕਾਂ ਨੂੰ ਇਸ ਗੱਲ ਦਾ ਜਵਾਬ ਦੇਵੇ। ਪਰ ਉਸ ਦੇ ਦਿੱਲ 'ਚ ਤਾਂ ਮਰਾਸਣ ਦੇ ਸ਼ਬਦ ਰੜਕ ਰਹੇ ਸਨ। ਉਸ ਨੇ ਅੱਖਾਂ ਕੱਢ ਕੇ ਮਰਾਸਣ ਵੱਲ ਦੇਖਿਆ। ਮਰਾਸਣ ਦੇ ਹੱਥ 'ਚ ਬਹੁਕਰ ਸੀ। ਅਮਰੋ ਨੇ ਨਾਰ੍ਹੇ ਵੱਲ ਦੇਖਿਆ। ਉਸ ਦਾ ਚਾਦਰਾ ਖੁੱਲ੍ਹ ਕੇ ਪੈਰਾਂ 'ਚ ਆ ਪਿਆ ਸੀ। ਉਹ ਚਾਦਰਾ ਬੰਨ੍ਹਦਾ ਸੀ ਤੇ ਉਸ ਦੇ ਹੱਥਾਂ 'ਚੋਂ ਛੁੱਟ ਕੇ ਫਿਰ ਪੈਰਾਂ 'ਚ ਜਾ ਪੈਂਦਾ ਸੀ।

ਖੁੰਢਾਂ ਤੇ ਬੈਠੀ ਮੁੰਡੀਰ 'ਚੋਂ ਉੱਠ ਕੇ ਨੱਥੇ ਕੁੱਬੇ ਨੇ ਉਸ ਦਾ ਚਾਦਰਾ ਬੰਨ੍ਹਿਆ। ਬਾਕੀ ਸਾਰੇ ਕਹਾਕਾ ਮਾਰ ਕੇ ਹੱਸੇ।

ਅਮਰੋ ਸ਼ਰਮ ਨਾਲ ਪਾਣੀ ਪਾਣੀ ਹੋ ਗਈ।

ਨਾਰ੍ਹੇ ਦੇ ਕੱਪੜੇ ਚਿੱਕੜ 'ਚ ਲਿੱਬੜੇ ਹੋਏ ਸਨ। ਪੈਰੀਂ ਇੱਕ ਜੁੱਤੀ ਸੀ। ਸਿਰ ਤੇ ਪੱਗ ਨਹੀਂ ਸੀ। ਸ਼ਾਇਦ ਦੂਜੀ ਜੁੱਤੀ ਤੇ ਪੱਗ ਮਰਾਸੀਆਂ ਦੇ ਰਹਿ ਗਈਆਂ ਸਨ। ਡਿੱਗ ਡਿੱਗ ਕੇ ਤੁਰਦਾ ਉਹ ਇਸ ਤਰ੍ਹਾਂ ਲੱਗਦਾ ਸੀ ਜਿਵੇਂ ਗੰਦੀ ਨਾਲੀ ਦਾ ਕੀੜਾ ਰੀਂਗ ਰੀਂਗ ਕੇ ਤੁਰ ਰਿਹਾ ਹੋਵੇ। ਮੂੰਹ 'ਚ ਹਲਕੇ ਹੋਏ ਕੁੱਤੇ ਵਾਂਗੂੰ ਝੱਗ ਸੀ।

"ਹਾਏ, ਕੈਲੋ ਨੱਢੀਏ।" ਉਸ ਨੇ ਉੱਚੀ ਸਾਰੀ ਕਿਹਾ ਤੇ ਫਿਰ ਲਲਕਾਰਾ ਮਾਰਿਆ।

ਅਮਰੋ ਦਾ ਅੰਦਰ ਪੱਛਿਆ ਗਿਆ।

"ਖੜ੍ਹ ਤੇਰੀ ਕੁੱਤੇ ਦੀ, ਕੰਜਰਾ।" ਮਰਾਸਣ ਬਹੁਕਰ ਲੈ ਕੇ ਅੱਗੇ ਵਧੀ। ਪਰ ਫਿਰ ਰੁਕ ਗਈ। ਸ਼ਾਇਦ ਅਮਰੋ ਅੱਗੇ ਵੱਧ ਆਈ ਸੀ ਜਾਂ ਇਹ ਸੋਚ ਕੇ ਕਿਤੇ ਪਰਾਇਆ ਮਰਦ ਉਸ ਨੂੰ ਹੱਥ ਨਾ ਪਾ ਲਵੇ। ਮਰਾਸਣ ਨੇ ਗਾਲ੍ਹਾਂ ਦੀ ਝੜੀ ਲਾਈ ਹੋਈ ਸੀ। ਉਸ ਨੇ ਅਗਲੇ-ਪਿਛਲੇ, ਵੱਡੇ-ਛੋਟੇ ਨੂੰ, ਕਿਸੇ ਨੂੰ ਵੀ ਨਹੀਂ ਬਖ਼ਸ਼ਿਆ। ਫਿਰ ਅਮਰੋ ਨੂੰ ਆਪਣੇ ਵੱਲ ਆਉਂਦਿਆਂ ਵੇਖ ਉਹ ਚੁੱਪ ਕਰ ਗਈ।

"ਖੜ੍ਹ ਤੇਰੀ ਕੁੱਤੀ ਰੰਨ ਦੀ। ਜੂਠ ਕਿੱਤੋਂ ਦੀ।" ਅਮਰੋ ਨੇ ਇੱਟ ਚੁੱਕਦਿਆਂ ਕਿਹਾ।

ਮਰਾਸਣ ਭੱਜ ਕੇ ਅੰਦਰ ਜਾ ਵੜੀ।

ਨੱਥਾ ਨਾਰ੍ਹੇ ਨੂੰ ਜੱਫਾ ਮਾਰ ਕੇ ਘਰ ਵੱਲ ਲੈ ਤੁਰਿਆ।

ਅਮਰੋ ਜਿੱਥੇ ਸੀ, ਉੱਥੇ ਹੀ ਖੜ੍ਹ ਗਈ।

ਖੁੰਢਾਂ ਬਰਾਬਰ ਆ ਕੇ ਫਿਰ ਗਿਰ ਗਿਆ ਨਾਰ੍ਹਾ ? ਮੁੰਡੀਰ ਫਿਰ ਕਹਾਕਾ ਮਾਰ ਕੇ ਹੱਸੀ।

"ਬਈ ਜੱਟ ਦੀ ਟੌਰ੍ਹ ਐ। ਨਹੀਂ ਰੀਸਾਂ ਨਾਰ੍ਹੇ ਦੀਆਂ। ਉੱਚੀ ਉੱਚੀ ਹੱਸਦਿਆਂ ਮੇਲ ਬੋਲਿਆ।

ਨੱਥੇ ਨੇ ਨਾਰ੍ਹੇ ਨੂੰ ਫਿਰ ਜੱਫਾ ਮਾਰਿਆ।

—ਜੇ ਪੀ ਕੇ ਖ਼ਰੀ ਨਾ ਕੀਤੀ, ਫਿਰ ਪੀਤੀ ਦਾ ਕੀ ਫੈਦਾ ?

—ਜੱਟ ਤੇ ਬਾਣੀਏ 'ਚ ਇਹੋ ਤਾਂ ਫ਼ਰਕ ਐ।

—ਬਾਣੀਆ ਸਾਲਾ ਛਿੱਟ ਪੀ ਕੇ ਵੱਟਿਆਂ ਨੂੰ ਧੂਪ ਦੇਣ ਲੱਗ ਜੂ।

ਟਹਿਲੇ ਦੀ ਸੁਣ ਕੇ ਕਈਆਂ ਨੇ ਕਿਲਕਾਰੀਆਂ ਮਾਰੀਆਂ। ਕਈਆਂ ਨੇ ਖੁੰਢਾਂ ਤੇ ਡਾਂਗਾਂ ਖੜਕਾਈਆਂ।

"ਹੁਣ ਤਾਂ ਬਾਣੀਏ-ਬਾਮ੍ਹਣ, ਜੱਟਾਂ ਨਾਲੋਂ ਵੱਧ ਪੀਂਦੇ ਆ ਭਾਈ। ਕੱਲ੍ਹ ਸਾਡੇ ਆੜ੍ਹਤੀਆਂ ਦੇ ਮੁੰਡੇ ਨੇ ਦਾਰੂ ਪੀ ਕੇ ਰਾਤ ਨੂੰ ਕਰਿਆੜੀ ਘਰੋਂ ਕੱਢਤੀ।" ਰੂੜੇ ਬੁੜ੍ਹੇ ਨੇ ਬੱਗੀ ਦਾੜ੍ਹੀ ਖੁਰਕਦਿਆਂ ਕਿਹਾ।

"ਦਾਰੂ ਦਾ ਰਾਤ ਨੂੰ ਤੀਵੀਂ ਘਰੋਂ ਕੱਢਣ ਨਾਲ ਤਾਂ ਕੋਈ ਤੱਲਕਾਤ ਨਹੀਂ ਤਾਇਆ, ਫਿਰ ਵੀ ਇੱਕ ਵਾਰੀ ਹੋਰ ਸੋਚ ਲੈ।" ਟਹਿਲੇ ਨੇ ਫਿਰ ਆਪਣਾ ਤੀਰ ਛੱਡਿਆ।

ਹੱਸ ਹੱਸ ਕੇ ਸਾਰੇ ਦੂਹਰੇ ਹੋਣ ਲੱਗੇ।

ਰੂੜਾ ਦਾੜ੍ਹੀ ਨੂੰ ਖਰਖਰਾ ਕਰਦਾ ਘਰ ਨੂੰ ਤੁਰ ਪਿਆ।

"ਹੈ ਕੋਈ ਸਾਲਾ। ਜੋ ਜੱਟ ਦੀ ਬਾਂਹ ਫੜ ਸਕੇ ?" ਨਾਰ੍ਹੇ ਨੇ ਫਿਰ ਲਲਕਾਰਾ ਮਾਰਿਆ।

ਉਸ ਦਾ ਲਲਕਾਰਾ ਸੁਣ ਕੇ ਕੁੱਤੇ ਭੌਂਕੇ ? ਆਂਢੀਆਂ ਗੁਆਂਢੀਆਂ ਦੇ ਪਸ਼ੂ ਰੰਭੇ।

"ਨਹੀਂ ਕੋਈ, ਬਾਈ ਜਾਹ।" ਮੁੰਡੀਰ 'ਚੋਂ ਕੋਈ ਬੋਲਿਆ।

"ਜਿਹੜਾ ਆਪਣੀ ਤੀਵੀਂ ਦੀ ਬਾਂਹ ਨੀਂ ਫੜ ਸਕਿਆ, ਕਿਸੇ ਨੇ ਉਹਦੀ ਬਾਂਹ ਫੜ ਕੇ ਕੀ ਛੁਣਛੁਣਾ ਲੈਣੈ।" ਜੇਠੂ ਕਾ ਕੱਦੂ ਬੋਲਿਆ।

—ਹੁਣ ਮਰਾਸਣ ਨੇ ਫੜੀ ਨੀਂ ਤੀ ?

—ਚਲੋ ਮਰਾਸਣ ਨੇ ਬਹੁਕਰ ਦਾ ਰੇਤਾ ਝਾੜ ਲਿਆ।

—ਬਹੁਕਰ ਦਾ ਕਿਉਂ ? ਇਹਦਾ ਵੀ ਝਾੜ ਤਾ।

—ਵਿੱਚਾਰਾ।

"ਆਪਣੇ ਪਿੰਡ ਬਹੁਤ ਵਰ੍ਹੇ ਪਹਿਲਾਂ ਸਾਨ੍ਹ ਹੁੰਦਾ ਸੀ ਇੱਕ।" ਦਾਨ ਸਿਉਂ ਬੁੜ੍ਹਾ ਕਹਿਣ ਲੱਗਾ।

ਕਹਿੰਦਾ ਕਹਿੰਦਾ ਉਹ ਨੱਕ ਸਿਣਕਣ ਲੱਗ ਪਿਆ ਤੇ ਹੱਥ ਕੁੜਤੇ ਦੇ ਮੂਹਰਲੇ ਹਿੱਸੇ ਨਾਲ ਪੂੰਝਦਾ ਬੋਲਿਆ— "ਮੈਂ ਕੀ ਕਹਿ ਰਿਹਾ ਤੀ ਟਹਿਲੇ ਪੁੱਤ ?"

"ਤੂੰ ਕਹਿ ਰਿਹਾ ਸੀ ਕਿ ਬਹੁਤ ਵਰ੍ਹੇ ਪਹਿਲਾਂ ਆਪਣੇ ਪਿੰਡ ਇੱਕ ਨਾਰ੍ਹਾ ਹੁੰਦਾ ਸੀ।" ਟਹਿਲੇ ਨੇ ਗੰਭੀਰ ਜਿਹਾ ਹੋ ਕੇ ਕਿਹਾ ਤੇ ਫਿਰ ਬਾਕੀਆਂ ਨਾਲ ਖੁੱਲ੍ਹ ਕੇ ਹੱਸਿਆ।

"ਉਸ ਸਾਨ੍ਹ ਤੋਂ ਕਦੇ ਕੋਈ ਮੱਝ ਹਰੀ ਨਹੀਂ ਸੀ ਹੋਈ। ਫ਼ਸਲ ਸਾਰੇ ਪਿੰਡ ਦੀ ਲਿਤਾੜ ਦਿੰਦਾ ਸੀ।"

ਸਾਰੇ ਨਾਰ੍ਹੇ ਵੱਲ ਝਾਕੇ। ਹਾਸੇ ਗੂੰਜੇ। ਕਹਾਕੇ ਵੱਜੇ। ਅਸਮਾਨ 'ਚ ਬਦਲ ਗਰਜੇ।

ਰਾਤ ਦੇ ਗਿਆਰਾਂ ਵੱਜੇ ਸਨ।

ਨਾਰ੍ਹੇ ਦੀ ਪੀਤੀ ਸਾਰੀ ਉੱਤਰ ਚੁੱਕੀ ਸੀ।

ਉਸ ਨੂੰ ਕੈਲੋ ਦਾ ਚੇਤਾ ਆਇਆ ਤੇ ਫਿਰ ਉਸ ਤੋਂ ਬਾਅਦ ਦੀ ਸਾਰੀ ਫ਼ਿਲਮ ਉਸ ਦੀਆਂ ਅੱਖਾਂ ਅੱਗੋਂ ਗੁਜ਼ਰ ਗਈ। ਉਸ ਦੀਆਂ ਅੱਖਾਂ ਸਾਹਮਣੇ ਬਹੁਕਰ ਚੁੱਕੀ ਮਰਾਸਣ ਖੜ੍ਹੀ ਜੋ ਉਸ ਦੀ ਤੀਵੀਂ ਨੂੰ ਗਾਲ਼ਾਂ ਕੱਢ ਰਹੀ ਸੀ। ਉਨ੍ਹਾਂ ਗਾਲ਼ਾਂ 'ਚੋਂ ਨਿਕਲ ਕੇ ਸੁਨੱਖਾ ਤੇ ਅਮਰੋ ਉਸ ਦੇ ਸਾਹਮਣੇ ਆ ਖੜੇ ਹੋਏ। ਉਸ ਦਾ ਮਨ, ਮਰਾਸਣ ਦੇ ਕਹੇ ਨੂੰ ਸੱਚ ਕਬੂਲਣ ਲੱਗਾ।

—ਤੀਵੀਂ ਦੀ ਜਾਤ ਦਾ ਕੀ ਪਤੈ, ਰੰਨ, ਘੋੜਾ ਤੇ ਤਲਵਾਰ ਦਾ ਕੀ ਇਤਵਾਰ ਐ। ਅਮਰੋ ਚੌਵੀ ਘੰਟੇ ਰਹਿੰਦੀ ਤਾਂ ਭੈਂਗੇ ਕੋਲ਼ ਹੀ ਆ। ਹੋ ਸਕਦੈ ਮਰਾਸਣ ਠੀਕ ਹੀ ਕਹਿੰਦੀ ਹੋਵੇ। ਫਿਰ ਜਿੰਨਾ ਇੱਕ ਤੀਵੀਂ ਦੂਜੀ ਤੀਵੀਂ ਬਾਰੇ ਜਾਣਦੀ ਐ, ਆਦਮੀ ਨਹੀਂ ਜਾਣਦਾ। ਉਹ ਸੋਚ ਰਿਹਾ ਸੀ ਤੇ ਗੁੱਸਾ ਬਰਾਬਰ ਉਸ ਦੇ ਦਿਮਾਗ਼ ਨੂੰ ਚੜ੍ਹੀ ਜਾ ਰਿਹਾ ਸੀ।

ਫਿਰ ਅਚਾਨਕ ਉਹ ਲਲਕਾਰੇ ਮਾਰਨ ਲੱਗ ਪਿਆ। ਉੱਚੀ ਉੱਚੀ ਗਾਲ਼ਾਂ ਕੱਢਣ ਲੱਗ ਪਿਆ। ਬੈਠਕ 'ਚ ਪਿਆ ਸਮਾਨ ਤੋੜਨ ਲੱਗ ਪਿਆ। ਹੇਠਲੀ ਉਤੇ ਕਰਨ ਲੱਗਾ।

ਅਮਰੋ, ਸਾਧੋ ਤੇ ਸੁਨੱਖਾ ਭੱਜੇ ਆਏ।

ਅਮਰੋ ਤੇ ਸੁਨੱਖੇ ਨੂੰ ਕੋਲ ਕੋਲ ਖੜ੍ਹੇ ਦੇਖ ਉਹ ਦੋਵਾਂ ਨੂੰ ਗਾਲ਼ਾਂ ਕੱਢਣ ਲੱਗ ਪਿਆ।

"ਮੈਨੂੰ ਪਤੈ ਜੋ ਤੁਸੀਂ ਘਰ 'ਚ ਗੰਦ ਪਾ ਰੱਖਿਐ। ਜੇ ਮੈਂ ਆਪਣੀ ਆਈ ਤੇ ਆ ਗਿਆ— ਸਾਲ਼ੀਏ ਤੇਰੀਆਂ ਲੱਤਾਂ ਤੋੜਦੂੰ। ਅੱਖਾਂ ਪਾੜ ਪਾੜ ਕੀ ਦੇਖਦੀ ਆਂ—ਸੋਡੀ ਰਾਮ ਲੀਲਾ ਦਾ ਮੈਨੂੰ ਸੱਭ ਪਤੈ ? ਜਿਦੇਂ ਡਾਂਗ ਤੇ ਡੇਰਾ ਕੀਤਾ, ਸੋਨੂੰ ਫਿਰ ਪਤਾ ਲੱਗੂ।" ਉਹ ਅਮਰੋ ਨੂੰ ਝਈ ਲੈ ਕੇ ਪਿਆ।

"ਤੂੰ ਸਾਲਿਆ..... ਮੈਲ ਦਿਆ ਕੁੱਜਿਆ........ ਜੂੰਆਂ ਦੀ ਖਾਧ। ਸ਼ਕਲ ਨਾ ਸੂਰਤ, ਸਾਲ਼ਾ ਜਿੰਨ। ਸੀਂਢ ਪੂੰਝਣਾ ਨੀਂ ਆਉਂਦਾ, ਤੂੰ ਤੀਵੀਂ ਦੇ ਸੁਪਨੇ ਦੇਖਦੈਂ ? ਪਤੈ ਵੀ, ਤੀਵੀਂ ਕੀ ਹੁੰਦੀ ਐ ? ਥੋਡੀਆਂ ਜੇ ਨਾ ਗੋਡਿਆਂ ਕੋਲੋਂ ਅੱਡ ਕੀਤੀਆਂ—ਮੈਂ ਵੀ ਮਰਦ ਨੀਂ।" ਉਸ ਨੇ ਸੁਨੱਖੇ ਦੇ ਘਸੁੰਨ ਕੱਢ ਮਾਰਿਆ।

"ਤੀਵੀਂ ਦਾ ਇਹਨੂੰ ਪਤੈ ? ਵੱਡਾ ਮਰਦ ? ਮੇਰੇ ਨਾਲ ਅੱਖਾਂ ਤਾਂ ਮਿਲਾ।"

ਸਾਧੋ ਮੂੰਹ ਢੱਕ ਕੇ ਪਰ੍ਹਾਂ ਹੋ ਗਈ। ਅਮਰੋ ਕੁੱਝ ਦੇਰ ਰੁਕੀ। ਨਾਰ੍ਹੇ ਦੀਆਂ ਅੱਖਾਂ 'ਚ ਅੱਖਾਂ ਪਾਈਆਂ ਤੇ ਫਿਰ ਆਪਣੀ ਮੰਜੀ ਤੇ ਜਾ ਗਿਰੀ।

ਨਾਰ੍ਹਾ ਅਮਰੋ ਦੀਆਂ ਅੱਖਾਂ ਦੀ ਤਾਬ ਨਾ ਝੱਲ ਸਕਿਆ ਤੇ ਕੋਲ਼ ਖੜ੍ਹੀ ਮਾਂ ਵੱਲ ਪਰਤਿਆ।

"ਤੈਨੂੰ ਬੁੜ੍ਹੀਏ ਨੀਂ ਪਤਾ, ਘਰ 'ਚ ਕੀ ਹੋ ਰਿਹੈ ? ਤੈਨੂੰ ਐਨਕਾਂ ਇਸ ਵਾਸਤੇ ਲਗਵਾ ਕੇ

ਦਿੱਤੀਆਂ ਨੇ ਕਿ ਤੂੰ ਸੱਭ ਕੁੱਝ ਦੇਖ ਕੇ ਵੀ ਅੱਖਾਂ ਮੀਚ ਲਵੇਂ ? ਤੇਰੇ ਧੌਲ਼ੇ ਝਾਟੇ ਨੂੰ ਕੀ ਹੋ ਗਿਐ ? ਮੈਂ ਸੋਨੂੰ ਤਿੰਨਾਂ ਨੂੰ ਮੰਗਤੇ ਬਣਾ ਦੂੰ। ਦੇਖ ਲੋ। ਠੂਠੇ ਫੜ ਕੇ ਮੰਗੋਗੇ ?"

"ਵੇ ਤੂੰ ਜਾ। ਸੌਂ ਜਾ।" ਸਾਧੋ ਨੇ ਕੋਲ ਖੜ੍ਹੇ ਸੁਨੱਖੇ ਨੂੰ ਕਿਹਾ।

ਸੁਨੱਖਾ ਚਲਾ ਗਿਆ।

"ਵੇ ਕਿਉਂ ਟੈਂ ਟੈਂ ਕਰਦੈਂ ? ਚੰਦਰਾ ਖੱਸੜ ਜਿਹਾ। ਸਾਰਾ ਸਾਰਾ ਦਿਨ ਖਾਊਂ ਖਾਊਂ ਕਰਦਾ ਰਹਿੰਦੈ।" ਸਾਧੋ ਨੇ ਦੱਬਵੀਂ ਅਵਾਜ਼ 'ਚ ਕਿਹਾ— "ਵੇ ਦਿਉਰ ਭਾਬੀ ਨੀਂ ਹੱਸਣ ਖੇਡਣਗੇ। ਹੋਰ ਮਾਂ-ਪੁੱਤ ਕਰਨਗੇ ਇਹ ਕੁੱਛ ? ਤੂੰ ਸਿਆਣਾ ਬਣਿਆ ਕਰ।" ਉਹ ਮੋਹ ਤੇ ਗੁੱਸੇ ਦੇ ਰਲੇਵੇਂ 'ਚ ਬੋਲੀ।

"ਵੇ ਦੇਖ ਨਾਰ੍ਹਿਆ। ਉਹ ਅੱਗਾ-ਪਿੱਛਾ ਦੇਖ ਕੇ ਬੋਲੀ—"ਜਾਏ ਖਾਣੀ ਹਿੰਮਤ ਨੀਂ ਪੈਂਦੀ। ਗੱਲ ਵੱਡੀ ਐ, ਮੂੰਹ ਛੋਟੈ।"

"ਤੂੰ ਬੱਕ, ਕੀ ਬੱਕਣੈ ?" ਨਾਰ੍ਹੇ ਦਾ ਬਦਨ ਗੁੱਸੇ ਨਾਲ਼ ਅੱਗ ਵਾਂਗ ਭੱਖ ਰਿਹਾ ਸੀ।

"ਮੈਂ ਕੀ ਬੱਕਣੈ ?" ਸਾਧੋ ਨੇ ਉੱਚੀ ਅਵਾਜ਼ 'ਚ ਅਮਰੋ ਨੂੰ ਸੁਣਾ ਕੇ ਕਿਹਾ—"ਵੇ ਕਮਲਿਆ ਉਸ ਚੁੜੇਲ ਦਾ ਕੀ ਘੱਸਦੈ। ਚੰਦਰਿਆ ਤੇਰਾ ਘਰ ਵੱਸ ਜੂ। ਧੀਆਂ-ਪੁੱਤਾਂ ਲਈ ਤੀਵੀਆਂ ਚੋਰਾਂ ਸਾਧਾਂ ਕੋਲ ਤੁਰੀਆਂ ਫਿਰਦੀਆਂ ਨੇ। ਇਹ ਧੌਲ਼ੇ ਆਗੇ ਕਮਲ਼ੀ ਮਾਂ ਦਿਆ, ਫਿਰ ਕੁੱਛ ਨੀਂ ਬਣਨਾ। ਬੈਠਾ ਰੋਵੇਂਗਾ ਆਪਣੇ ਨਸੀਬਾਂ ਨੂੰ। ਫਿਰ ਇਸ ਨੇ ਕਿਹੜੇ ਕੌਲ਼ੇ ਟੱਪਣੇ ਐ ? ਘਰ ਦੀ ਇੱਜ਼ਤ ਹੈ ਤਾਂ ਘਰ 'ਚ। ਸਿਆਣੇ ਨਾ ਬਣੇ, ਸਾਰਾ ਕੁੱਝ ਸ਼ਰੀਕਾਂ ਦੇ ਜਾਊ। ਆਦਮੀ ਤੀਵੀਂ ਸੋਚ ਲੋ।"

ਨਾਰ੍ਹਾ ਮਾਂ ਦੀਆਂ ਗੱਲਾਂ ਸੁਣ ਕੇ ਪਾਣੀ ਪਾਣੀ ਹੋ ਗਿਆ। ਗੁੱਸੇ ਨਾਲ ਭੱਠੀ ਵਾਂਗ ਮੱਘਦਾ ਉਸ ਦਾ ਬਦਨ ਠਰੀ ਹੋਈ ਸੁਆਹ ਬਣ ਗਿਆ। ਕੋਰਾ ਜੰਮ ਗਿਆ ਉਸ ਦੇ ਹੱਡਾਂ ਤੇ। ਉਸ ਨੂੰ ਜਾਪਿਆ ਜਿਵੇਂ ਮਾਂ ਨੇ ਉਸ ਨੂੰ ਸੰਨ੍ਹ ਲਾਉਂਦੇ ਨੂੰ ਫੜ ਲਿਆ ਹੋਵੇ। ਮਾਂ ਕੋਲ਼ੋਂ ਉਸ ਨੂੰ ਇੰਨੀ ਉਮੀਦ ਨਹੀਂ ਸੀ।

ਅੰਤਾਂ ਦੀ ਗਰਮੀ 'ਚ ਉਹ ਸਾਰਿਆਂ ਤੋਂ ਪਰਨੇ ਨਾਲ਼ ਮੂੰਹ ਲੁਕਾਉਂਦਾ ਬਾਹਰਲੇ ਘਰ ਨੂੰ ਹੋ ਤੁਰਿਆ।

ਨਾਰ੍ਹੇ ਦੇ ਜਾਣ ਤੋਂ ਬਾਅਦ ਅਮਰੋ ਰੋ ਪਈ। ਉਸ ਨੂੰ ਆਪਣੇ ਔਰਤ ਹੋਣ ਤੇ ਗੁੱਸਾ ਆਇਆ। ਉਸ ਨੂੰ ਜਾਪਿਆ—ਜਿਵੇਂ ਮਾਂ ਪਿਉ ਨੇ ਉਸ ਦਾ ਨਾਰ੍ਹੇ ਨਾਲ਼ ਵਿਆਹ ਕਰ ਕੇ ਧ੍ਰੋਹ ਕਮਾਇਆ ਹੋਵੇ ਉਸ ਨਾਲ਼। ਮਨ ਹੀ ਮਨ 'ਚ ਉਸ ਨੇ ਮਾਪਿਆਂ ਦੇ ਨਾਲ਼ ਨਾਲ਼ ਆਪਣੇ ਨਸੀਬਾਂ ਨੂੰ ਵੀ ਕੋਸਿਆ।

ਪਿੰਡ 'ਚ ਫਿਰ ਲਲਕਾਰਾ ਵੱਜਣ ਦੀ ਅਵਾਜ਼ ਆਈ। ਉਸ ਨੂੰ ਜਾਪਿਆ ਜਿਵੇਂ ਨਾਰ੍ਹਾ ਫਿਰ ਕੈਲੋ ਦੇ ਘਰ ਮੂਹਰੇ ਖੜ੍ਹਾ ਹੋਵੇ। ਉਸ ਨੇ ਦੂਜਾ ਲਲਕਾਰਾ ਸੁਣਨ ਲਈ ਕੰਨ ਖੜ੍ਹੇ ਕਰ ਲਏ। ਪਰ ਮੁੜ ਕੋਈ ਲਲਕਾਰਾ ਨਾ ਵੱਜਿਆ।

ਅਮਰੋ ਦੀ ਸੋਚ ਕੈਲੋ ਦੇ ਘਰ ਮੂਹਰੇ ਜਾ ਖੜ੍ਹੀ।

"ਨਾਰ੍ਹਾ ਮਰਾਸਣ ਪਿੱਛੇ ਕਿਉਂ ਜਾਂਦੈ, ਕੀ ਕੱਢੂਗਾ ਉਹ ਮਰਾਸਣ 'ਚੋਂ ? ਕਿਤੇ ਅਜਿਹਾ ਕਰ ਕੇ ਉਹ ਮੈਨੂੰ ਸਤਾਅ ਤਾਂ ਨ੍ਹੀਂ ਰਿਹਾ ? ਉਸ ਦਾ ਜੀਅ ਕੀਤਾ ਉਹ ਇਨ੍ਹਾਂ ਸੁਆਲਾਂ ਦੇ ਜਵਾਬ ਸਾਧੋ ਕੋਲੋਂ ਪੁੱਛੇ। ਪਰ ਮਰਾਸਣ ਦਾ ਚੇਹਰਾ ਵਾਰ ਵਾਰ ਉਸ ਦੀਆਂ ਅੱਖਾਂ ਅੱਗੋਂ ਲੰਘ ਰਿਹਾ ਸੀ। ਬਹੁਕਰ ਲਈ ਦਹਾੜ ਰਹੀ ਮਰਾਸਣ, ਮਰਾਸੀਆਂ ਦੇ ਘਰ ਮੂਹਰੇ ਲਲਕਾਰੇ ਮਾਰਦਾ ਨਾਰ੍ਹਾ, ਖੁੰਢਾਂ ਤੇ ਬੈਠੀ ਮੁੰਡੀਰ, ਸ਼ਰੀਕਾਂ ਦੇ ਦਿੱਲ ਚੀਰਵੇਂ ਬੋਲ ਤੇ ਉਸ ਦਾ ਸ਼ਰਮ 'ਚ ਡੁੱਬਿਆ ਆਪਾ, ਉਸ ਦੀਆਂ ਅੱਖਾਂ ਤੇ ਕੰਨਾਂ ਮੂਹਰੇ ਖੌਰੂ ਪੱਟ ਰਹੇ ਸਨ। ਉਸ ਨੂੰ ਇੰਨਾ ਮਰਾਸਣ ਦੇ ਬੋਲਾਂ ਤੇ ਸ਼ਿਕਵਾ ਨਹੀਂ ਸੀ ਜਿੰਨੀ

ਸ਼ਰੀਕਾਂ ਦੇ ਬੋਲਾਂ ਦੀ ਚੀਸ ਮਹਿਸੂਸ ਕਰ ਰਹੀ ਸੀ। ਉਸ ਨੂੰ ਚੈਨ ਨਹੀਂ ਸੀ ਆ ਰਿਹਾ। ਉਹ ਕਰੇ ਤਾਂ ਕੀ ਕਰੇ ? ਉਹ ਸ਼ਰੀਕਾਂ ਨੂੰ ਕੀ ਮੋੜ ਦੇਵੇ ? ਕਿਵੇਂ ਸਿੱਝੇ ਉਨ੍ਹਾਂ ਨਾਲ਼ ?

ਉਸ ਨੂੰ ਨੀਂਦ ਨਹੀਂ ਸੀ ਆ ਰਹੀ।

ਸਾਧੋ ਨੂੰ ਲਗਾਤਾਰ ਖੰਘ ਛਿੜੀ ਹੋਈ ਸੀ। ਉਹ ਮੰਜੀ 'ਚ ਪਈ ਪਾਸੇ ਮਾਰ ਰਹੀ ਸੀ।

"ਕੀ ਗੱਲ ਨੀਂਦ ਨਹੀਂ ਆ ਰਹੀ ਬੇਬੇ ?"ਅਮਰੋ ਨੇ ਮੰਜੀ ਤੋਂ ਉੱਠਦਿਆਂ ਪੁੱਛਿਆ।

"ਨੀਂਦ ਨੇ ਇਸ ਉਮਰ 'ਚ ਕੀ ਆਉਣੈ ਬਹੂ ? ਨੀਂਦ ਜੋਗੀ ਵੱਡੇ ਨੇ ਛੱਡਿਆ ਈ ਕਿੱਥੇ ਐ ? ਮੈਨੂੰ ਤਾਂ ਫ਼ਿਕਰ ਐ ਕਿ ਇਸ ਘਰ ਦਾ ਬਣੂ ਕੀ ਅਮਰੋ ?"ਸਾਧੋ ਨੇ ਰੋਣਹਾਕੀ ਹੋ ਕੇ ਕਿਹਾ।

"ਚਾਹ ਬਣਾਵਾਂ ਬੇਬੇ ?"

"ਤੇਰੀ ਮਰਜ਼ੀ ਆ ਧੀਏ। ਬਣਾ ਦੇ, ਜੇ ਚੰਦਰੀ ਅੱਖ ਲੱਗ ਜੇ। ਮੈਨੂੰ ਨੂਣ ਦੀ ਡਲ਼ੀ ਦੇ ਦੇ ਬਹੂ, ਮੂੰਹ 'ਚ ਰੱਖ ਲਾਂ। ਆਲ਼ੇ 'ਚ ਲੀਰ 'ਚ ਬੰਨ ਕੇ ਰੱਖਿਆ ਪਿਆ।"

ਅਮਰੋ ਨੇ ਚੁਲ੍ਹੇ 'ਚ ਅੱਗ ਬਾਲ਼ ਲਈ। ਪਤੀਲੀ ਚੁਲ੍ਹੇ ਤੇ ਰੱਖ ਕੇ ਉਹ ਗੋਡਿਆਂ 'ਚ ਸਿਰ ਦੇ ਕੇ ਬੈਠ ਗਈ। ਉਸ ਨੂੰ ਸਾਧੋ ਦੀਆਂ ਕਹੀਆਂ ਗੱਲਾਂ ਯਾਦ ਆਈਆਂ। ਸਾਧੋ, ਨਾਗ੍ਹਾ ਤੇ ਸੁਨੱਖਾ ਤਿੰਨੋਂ ਉਸ ਦੀਆਂ ਅੱਖਾਂ ਸਾਹਮਣੇ ਸਨ। ਤਿੰਨੋਂ ਉਸ ਦੇ ਮਨ ਦੇ ਅਖਾੜੇ 'ਚ ਖੜ੍ਹੇ ਸਨ। ਉਸ ਦੀ ਮਿੱਟੀ 'ਚ ਦੰਗਲ ਕਰ ਰਹੇ ਸਨ। ਸ਼ਰੀਕਾਂ ਦੇ ਬੋਲ ਉਸ ਦੇ ਕੰਨਾਂ 'ਚ ਗੂੰਜ ਰਹੇ ਸਨ।

ਚਾਹ ਬਣ ਗਈ ਸੀ।

ਉਸ ਦੀ ਬੇੜੀ ਪੱਤਣਾਂ ਤੋਂ ਦੂਰ ਹੁੰਦੀ ਜਾ ਰਹੀ ਸੀ।

ਉਸ ਨੇ ਚਾਹ ਦੀ ਬਾਟੀ ਸਾਧੋ ਮੂਹਰੇ ਲਿਆ ਧਰੀ।

"ਪੀ ਲੈ ਬੇਬੇ। ਕਹੇਂ ਤਾਂ ਸਿਰ ਘੁੱਟਾਂ।"ਅਮਰੋ ਨੂੰ ਸਾਧੋ ਤੇ ਤਰਸ ਜਿਹਾ ਆਇਆ। ਉਹ ਸਾਧੋ ਦੀ ਬਾਹੀ ਤੇ ਬੈਠ ਗਈ।

"ਨਹੀਂ, ਜਿਉਂਦੀ ਰਹਿ ਧੀਏ। ਤੂੰ ਸੌਂ ਜਾਹ।"ਸਾਧੋ ਨੇ ਚਾਹ ਦਾ ਘੁੱਟ ਭਰਦਿਆਂ ਕਿਹਾ।

"ਇਹ ਘੁਰਾੜੇ ਕਿਸੇ ਪਸ਼ੂ ਦੇ ਐ ਜਾਂ ?"ਉਸ ਨੇ ਤੁਰਦੀ ਅਮਰੋ ਨੂੰ ਪੁੱਛਿਆ।

"ਨਹੀਂ, ਸੁਨੱਖਾ ਐ ਬੇਬੇ।"

"ਊਂ ਦਿੱਲ ਦਾ ਮਾੜਾ ਨੀਂ ਚੰਦਰਾ। ਮੋਟੀ ਮੱਤ ਹੋਣ ਕਰ ਕੇ ਤਾਏ ਦੇ ਧੱਕੇ ਚੜ੍ਹਿਆ ਫਿਰਦੈ। ਸਿੱਧਰੇ ਬੰਦੇ ਤਾਂ ਰੱਬ ਦਾ ਰੂਪ ਹੁੰਦੇ ਐ ਧੀਏ। ਮੈਨੂੰ ਇਹਤੇ ਤਰਸ ਆਉਂਦੈ। ਜੇ ਸਿਆਣਾ ਹੁੰਦਾ, ਇਹਨੂੰ ਭਲਾਂ ਤੀਵੀਆਂ ਦਾ ਘਾਟਾ ਸੀ ਅਮਰੋ। ਅੱਜ ਕੱਲ੍ਹ ਇੰਨੀ ਧਰਤੀ ਕਿਹਨੂੰ ਆਉਂਦੀ ਐ। ਇਹਨੂੰ ਤਾਂ ਜੋੜੀਆਂ ਘੋੜੀਆਂ ਨਾਲ ਰਿਸ਼ਤੇ ਆਉਂਦੇ, ਪਰ ਇਹਦੀ ਮਾੜੀ ਕਿਸਮਤ। ਪਰ ਵੱਡੇ ਵੱਲ ਦੇਖ ਕੇ ਸੋਚਦੀ ਆਂ ਕਿ ਰੱਬ ਇਹਦੇ ਵਰਗਾ ਇੱਕ ਹੋਰ ਦੇ ਦਿੰਦਾ।" ਸਾਧੋ ਥੋੜ੍ਹਾ ਰੁਕ ਕੇ ਬੋਲੀ— "ਸਬਰ ਤਾਂ ਕਰ ਲੈਂਦੀ ਕਿ ਦੋਵੇਂ ਸਿੱਧਰੇ ਨੇ।" ਸਾਧੋ ਨੇ ਹਉਂਕਾ ਲਿਆ।

ਸਾਧੋ ਨੂੰ ਬੋਲਦੀ ਛੱਡ, ਅਮਰੋ ਮੰਜੀ 'ਚ ਜਾ ਡਿੱਗੀ।

ਰਾਤ ਦਾ ਪਿਛਲਾ ਪਹਿਰ ਜਾ ਰਿਹਾ ਸੀ। ਸਾਧੋ ਅਜੇ ਵੀ ਪਾਸੇ ਮਾਰ ਰਹੀ ਸੀ। ਖੱਬੇ, ਪਾਸਾ ਪਰਤਦੀ ਸੀ ਤਾਂ ਉਸ ਦੀ ਨਜ਼ਰ ਦੱਸ ਕੁ ਗਜ਼ ਦੂਰ ਪਈ ਅਮਰੋ ਦੀ ਮੰਜੀ ਤੇ ਜਾ ਟਿਕਦੀ ਸੀ। ਤੇ ਸੱਜੇ, ਬਰਾਂਡੇ 'ਚ ਪਏ ਸੁਨੱਖੇ ਨੂੰ ਦੇਖਣ ਲੱਗ ਪੈਂਦੀ।

ਬੱਦਲਾਂ ਨਾਲ ਅੱਖ ਮਚੋਲੀ ਕਰਦਾ ਚੰਦਰਮਾ ਕਿੱਕਰਾਂ ਤੇ ਨਿੰਮ ਦੇ ਦਰੱਖਤਾਂ 'ਚੋਂ ਦਿੱਖਣੋਂ ਹੱਟ ਗਿਆ। ਹਨੇਰੇ 'ਚ ਸਾਧੋ ਨੇ ਅਮਰੋ ਦੀ ਮੰਜੀ 'ਚੋਂ ਉੱਠਦਾ ਇੱਕ ਪ੍ਰਛਾਵਾਂ ਦੇਖਿਆ ਜੋ ਉਸ ਦੀ ਮੰਜੀ ਦੇ ਬਰਾਬਰ ਆ ਕੇ ਰੁੱਕ ਗਿਆ। ਸਾਧੋ ਨੇ ਅੱਖਾਂ ਮੀਚ ਲਈਆਂ। ਸਾਹ ਰੋਕ ਲਏ। ਪ੍ਰਛਾਵਾਂ ਸੁਨੱਖੇ ਦੀ

ਮੰਜੀ ਵੱਲ ਚਲਾ ਗਿਆ। ਫਿਰ ਸਾਧੋ ਨੂੰ ਪਤਾ ਹੀ ਨਹੀਂ ਲੱਗਾ, ਨੀਂਦ ਨੇ ਉਸ ਨੂੰ ਕਦੋਂ ਆ ਦਬੋਚ ਲਿਆ।

ਨਾਰ੍ਹਾ, ਬਾਹਰਲੇ ਘਰ ਅਜੇ ਵੀ ਜਾਗਦਾ ਪਿਆ ਸੀ। ਉਸ ਦਾ ਜੀਅ ਕਿਲਕਾਰੀਆਂ ਮਾਰਨ ਨੂੰ ਕਰਦਾ ਸੀ। ਖੌਰੂ ਪੱਟਣਾ ਚਾਹੁੰਦਾ ਸੀ ਉਹ। ਧਰਤੀ ਹਿਲਾਉਣੀ ਚਾਹੁੰਦਾ ਸੀ। ਲੋਕਾਂ ਨੂੰ, ਪਤਾ ਨਹੀਂ ਘਰਦਿਆਂ ਨੂੰ ਆਪਣੀ ਹੋਂਦ ਦਾ ਅਹਿਸਾਸ ਕਰਾਉਣਾ ਚਾਹੁੰਦਾ ਸੀ। ਪਰ ਉਸ ਦੇ ਬਦਨ 'ਚ ਸੱਤਾ ਨਹੀਂ ਸੀ। ਜੀਭ ਸੰਘ ਨਾਲ ਜਾ ਜੁੜੀ ਸੀ। ਲੱਤਾਂ ਬਾਹਾਂ ਜਿਵੇਂ ਬਰਫ਼ 'ਚ ਦੱਬ ਗਈਆਂ ਹੋਣ। ਉਹ ਹਿੱਲਣਾ ਚਾਹੁੰਦਾ ਸੀ ਪਰ ਅਧਰੰਗ ਦੇ ਮਰੀਜ਼ ਵਾਂਗ ਜੁੜਿਆ ਪਿਆ ਸੀ। ਉਹ ਬੋਲਣਾ ਚਾਹੁੰਦਾ ਸੀ ਪਰ ਉਸ ਨੂੰ ਜਾਪਿਆ, ਜਿਵੇਂ ਜਬ੍ਹਾੜੇ ਆਪਸ 'ਚ ਫਸ ਗਏ ਹੋਣ।

ਲੰਮੀ ਚੌੜੀ ਸਵਾਤ ਦਾ ਹਨ੍ਹੇਰਾ ਉਸ ਵੱਲ ਮੂੰਹ ਅੱਡੀ ਖੜ੍ਹਾ ਸੀ। ਬੇਸ਼ੁਮਾਰ ਗਰਮੀ ਆਲ਼ੀ ਰਾਤ ਤੇ ਤੂੜੀ ਦੀ ਭੜਦਾਅ 'ਚ ਵਾਣ ਦੀ ਮੰਜੀ ਤੇ ਪਸੀਨੇ ਨਾਲ਼ ਭਿੱਜਿਆ ਪਿਆ ਸੀ। ਚਾਮਚੜਿੱਕਾਂ ਉਸ ਦੀ ਮੰਜੀ ਤੇ ਮੰਡਰਾ ਰਹੀਆਂ ਸਨ। ਤੂੜੀ ਦੀ ਵਿੱਗ ਡਿੱਗ ਕੇ ਉਸ ਦੀ ਮੰਜੀ ਦੇ ਹੇਠਾਂ ਆ ਪਈ। ਧੂੜ ਉਸ ਦੇ ਦਿਮਾਗ਼ ਨੂੰ ਚੜ੍ਹ ਗਈ। ਉਹ ਨੱਕ ਮੂੰਹ ਢੱਕਣਾ ਹੀ ਭੁੱਲ ਗਿਆ ਸੀ। ਉਹ ਜ਼ੋਰ ਲਾ ਕੇ ਖੰਘਿਆ ਤੇ ਸੜ੍ਹਾਕਾ ਮਾਰ ਕੇ ਨੱਕ ਸਾਫ਼ ਕੀਤੀ। ਇੱਕ ਵਾਰ ਉੱਠ ਕੇ ਉਹ ਬਾਹਰ ਆਇਆ ਪਰ ਚੰਨ ਦੀ ਚਾਨਣੀ ਤੋਂ ਡਰਦਾ ਉਨ੍ਹੀਂ ਪੈਰੀਂ ਵਾਪਸ ਮੰਜੀ ਤੇ ਜਾ ਗਿਰਿਆ।

ਪਿਆਂ ਪਿਆਂ ਕਾਫ਼ੀ ਦੇਰ ਬਾਅਦ ਉਸ ਨੂੰ ਪਤਾ ਨਹੀਂ ਕੀ ਦੌਰਾ ਜਿਹਾ ਪਿਆ। ਉਸ ਦੀਆਂ ਅੱਖਾਂ ਗੁੱਸੇ ਨਾਲ਼ ਲਾਲ ਹੋ ਗਈਆਂ। ਸਰੀਰ ਕੰਬਣ ਲੱਗ ਪਿਆ। ਜੋ ਮੂੰਹ ਆਇਆ, ਉੱਚੀ ਉੱਚੀ ਬੋਲਣ ਲੱਗ ਪਿਆ। ਨੰਗੀਆਂ-ਗੰਦੀਆਂ ਗਾਲ਼ਾਂ ਕੱਢਣ ਲੱਗ ਪਿਆ। ਉਸ ਨੇ ਪੈਰੀਂ ਜੋੜੇ ਪਾਏ ਤੇ ਕਾਹਲੀ ਨਾਲ ਬਾਹਰ ਆ ਗਿਆ।

ਉਸ ਨੂੰ ਦੇਖ ਪਸ਼ੂ ਰੰਭੇ। ਤੇ ਮੂੰਹ ਚੁੱਕ ਉਸ ਵੱਲ ਕੰਨ ਹਿਲਾਏ। ਉਹ ਲੰਡੇ ਬਲਦ ਕੋਲ ਗਿਆ। ਲੰਡੇ ਨੇ ਕੰਨ ਹਿਲਾਏ ਤੇ ਨਾਰ੍ਹੇ ਦੀ ਬਾਂਹ ਚੱਟਣ ਲੱਗ ਪਿਆ। ਉਸ ਨੇ ਉਸ ਦੇ ਪਿੰਡੇ ਤੇ ਹੱਥ ਫੇਰਿਆ ਤੇ ਖੁਰਲੀ 'ਚ ਦੂਰ ਪਿਆ ਨੀਰਾ ਉਸ ਦੇ ਅੱਗੇ ਕੀਤਾ।

ਪਤਾ ਨਹੀਂ ਉਸ ਨੂੰ ਲੰਡੇ ਤੇ ਕਿਉਂ ਤਰਸ ਜਿਹਾ ਆਇਆ? ਵਿਆਹ ਤੋਂ ਸੱਤ ਸਾਲ ਬਾਅਦ ਉਸ ਨੇ ਇੰਜ ਕੀਤਾ ਸੀ। ਤੇ ਲੰਡੇ ਨੂੰ ਨੀਝ ਨਾਲ ਤੱਕਿਆ ਸੀ। ਉਸ ਦਾ ਸੱਜਾ ਹੱਥ ਆਪਣੇ ਪਸੀਨੇ ਨਾਲ ਭਿੱਜੇ ਵਾਲਾਂ ਵੱਲ ਖੁਰਕ ਕਰਨ ਲਈ ਉੱਠਿਆ। ਉਸ ਨੂੰ ਜਾਪਿਆ ਜਿਵੇਂ ਲੰਡੇ ਵਾਂਗ ਉਸ ਦੇ ਸਿਰ ਤੇ ਵੀ ਸਿੰਗ ਉੱਗ ਆਏ ਹੋਣ ਤੇ ਲੰਡੇ ਦੀ ਪੂਛ ਵਾਂਗ ਉਸ 'ਚੋਂ ਵੀ ਕੁੱਝ ਮਨਫ਼ੀ ਹੋ ਗਿਆ ਹੋਵੇ।

ਉਸ ਨੇ ਬਰਾਂਡੇ 'ਚ ਬੈਠੇ ਡੱਬੂ ਦੀ ਜੱਤ ਤੇ ਹੱਥ ਫੇਰਿਆ। ਉਸ ਦਾ ਜੀਅ ਕੀਤਾ ਉਹ ਡੱਬੂ ਵਾਂਗੂੰ ਭੌਂਕੇ। ਲੰਡੇ ਵਾਂਗ ਰੰਭੇ।

ਉਹ ਜਦੋਂ ਸਵਾਤ 'ਚ ਵਾਪਸ ਪਰਤਿਆ, ਉਸ ਨੂੰ ਵਾਣ ਦੀ ਮੰਜੀ ਵੀ ਪਲੰਘ ਵਰਗੀ ਜਾਪੀ। ਉਸ ਨੂੰ ਪਤਾ ਹੀ ਨਾ ਲੱਗਿਆ, ਕਦੋਂ ਨੀਂਦ ਆ ਗਈ।

ਸਵੇਰੇ ਉਠ ਕੇ ਉਹ ਘਰ ਪਹੁੰਚਿਆ। ਘਰ ਸ਼ਾਂਤ ਸੀ। ਸਾਹਮਣੇ ਸਾਧੋ ਸੋਟੀ ਸਹਾਰੇ ਖੜ੍ਹੀ ਹੱਸ ਰਹੀ ਸੀ। ਅਮਰੋ ਨਲਕੇ ਤੇ ਦਾਤਣ ਕਰਦੇ ਸੁਨੱਖੇ ਨੂੰ ਟਿੱਚਰਾਂ ਕਰ ਰਹੀ ਸੀ। ਨਾਰ੍ਹੇ ਨੂੰ ਦੇਖ ਤਿੰਨੋ ਗੰਭੀਰ ਜਿਹੇ ਹੋ ਗਏ। ਸੁਨੱਖੇ ਦਾ ਦਾਤਣ ਆਲ਼ਾ ਹੱਥ ਜਿੱਥੇ ਸੀ, ਉੱਥੇ

ਹੀ ਰੁੱਕ ਗਿਆ ਤੇ ਉਸ ਨੇ ਦਾਤਣ ਨਲਕੇ ਨਾਲ ਬਣੀ ਖੇਲ੍ਹ 'ਚ ਵਗਾਹ ਮਾਰੀ। ਅਮਰੋ ਹਾਰੇ 'ਚ ਪਾਥੀਆਂ ਲਾਉਣ ਲੱਗ ਪਈ। ਸਾਧੋ ਨੇ ਖਲ਼ ਆਲ਼ੇ ਤੌੜੇ 'ਚ ਹੱਥ ਜਾ ਪਾਇਆ।

ਸਾਰਿਆਂ ਨੂੰ ਡਰ ਸੀ, ਹੁਣ ਮਹਾਂਭਾਰਤ ਛਿੜੇਗਾ। ਨਾਰ੍ਹਾ ਸਾਰਿਆਂ ਨੂੰ ਗਾਲ਼ਾਂ ਕੱਢੇਗਾ। ਖੌਰੂ ਪੱਟੇਗਾ ਤੇ ਧੌਲ਼ ਧੱਫ਼ਾ ਕਰੇਗਾ। ਪਰ ਨਾਰ੍ਹਾ ਖੜ੍ਹਿਆ ਰਿਹਾ। ਕਾਫ਼ੀ ਚਿਰ ਖੜ੍ਹਿਆ ਰਿਹਾ। ਉਸ ਨੇ ਵਾਰੀ ਵਾਰੀ ਸਾਰਿਆਂ ਵੱਲ਼ ਦੇਖਿਆ ਪਰ ਉਸ ਨਾਲ ਕਿਸੇ ਵੀ ਅੱਖ ਨਾ ਮਿਲਾਈ।

ਸੁਨੱਖੇ ਨੂੰ ਪਹਿਲੀ ਵਾਰ ਦਾਤਣ ਚੱਬਦਾ ਵੇਖ, ਨਾਰ੍ਹੇ ਦੇ ਮਨ ਦੇ ਸ਼ਾਂਤ ਪਾਣੀਆਂ 'ਚ ਬਿਜਲੀ ਜਿਹੀ ਗਿਰੀ, ਜਿਸ 'ਚ ਗੁੱਸੇ ਦੀਆਂ ਲਹਿਰਾਂ ਵੀ ਉੱਠੀਆਂ। ਉਸ ਦਾ ਅੰਦਰਲਾ ਜੱਟ ਉਸ ਦੇ ਡੌਲ਼ਿਆਂ 'ਚ ਫਰਕਿਆ। ਪਰ ਬੁੱਢੀ ਮਾਂ ਅੱਗੇ ਭਿੱਜੀ ਬਿੱਲੀ ਬਣਿਆ ਰਾਤ ਆਲ਼ਾ ਨਾਰ੍ਹਾ ਉਸ ਦੀਆਂ ਅੱਖਾਂ ਸਾਹਮਣੇ ਖੜ੍ਹਾ ਸੀ। ਉਸ ਦੇ ਅੰਦਰ ਬਾਰ੍ਹ ਬੈਠਾ ਸੀ।

ਨਾਰ੍ਹਾ ਸੁਨੱਖੇ ਕੋਲ਼ ਜਾ ਕੇ ਰੁੱਕ ਗਿਆ। ਸੁਨੱਖਾ ਡਰ ਗਿਆ। ਉਸ ਨੇ ਅਮਰੋ ਤੇ ਦੂਰ ਖੜ੍ਹੀ ਮਾਂ ਵੱਲ ਵਾਰੀ ਵਾਰੀ ਦੇਖਿਆ। ਅਮਰੋ ਤੇ ਸਾਧੋ ਡਰੀਆਂ ਖੜ੍ਹੀਆਂ ਸਨ। ਸੁਨੱਖਾ ਦੋ ਕਦਮ ਪਿੱਛੇ ਹੱਟ ਗਿਆ।

"ਦਾਤਣ ਕਿਉਂ ਸੁੱਟਤੀ ਸੁਨੱਖੇ। ਤੈਨੂੰ ਦਾਤਣ ਤਾਂ ਨਸੀਬ ਐ, ਤੂੰ ਡਰਦਾ ਕਿਉਂ ਸੁਨੱਖੇ ?" ਥੋੜ੍ਹੀ ਚਿਰ ਚੁੱਪ ਰਹਿ ਕੇ ਨਾਰ੍ਹਾ ਬੋਲਿਆ—

"ਮੇਰਾ ਕੱਲ੍ਹ ਦਾ ਗੁੱਸਾ ਨਾ ਕਰੀਂ ਛੋਟੇ ਭਾਈ।" ਉਸ ਨੇ ਸੁਨੱਖੇ ਦੇ ਮੋਢੇ ਤੇ ਹੱਥ ਰੱਖਿਆ—"ਮੈਥੋਂ ਰਾਤ ਵੱਧ ਘੱਟ ਕਿਹਾ ਗਿਆ ਹੋਵੇ.......।" ਉਸ ਨੇ ਕੰਧੋਲ਼ੀ ਕੋਲ਼ ਖੜ੍ਹੀ ਅਮਰੋ ਨੂੰ ਸੁਣਾ ਕੇ ਕਿਹਾ— " .......ਐਵੇਂ ਡਰਿਆ ਨੀਂ ਕਰਦੇ। ਆਪਣਾ ਭਾਈਆਂ ਦਾ ਕੁੱਝ ਵੰਡਿਐ ਭਲਾਂ। ਤੀਵੀਂ ਸਾਲ਼ੀ ਕੋਈ ਮੈਥੋਂ ਵੱਡੀ ਚੀਜ਼ ਐ ?"ਉਸ ਨੇ ਸੁਨੱਖੇ ਦਾ ਮੋਢਾ ਥਪਥਪਾਇਆ।

ਅਮਰੋ ਨੇ ਹਾਰੇ ਤੋਂ ਰੋੜ ਪੁੱਟ ਕੇ ਮੂੰਹ 'ਚ ਪਾਇਆ ਤੇ ਨਾਰ੍ਹੇ ਵੱਲ ਮੁਸਕਰਾ ਕੇ ਚਾਹ ਧਰਨ ਲੱਗ ਪਈ।

ਆਉਣ ਵਾਲੇ ਸਮੇਂ 'ਚ ਅਸੀਂ ਕੁਝ ਵਿਸ਼ੇਸ਼ ਅੰਕਾਂ ਦੀ ਵਿਉਂਤਬੰਦੀ ਕੀਤੀ ਹੈ, ਜਿਹੜੇ ਸਾਡੀ ਵੈਬਸਾਈਟ 'ਤੇ ਉਪਲਬਧ ਹੋਣਗੇ। ਜੇ ਸੰਭਵ ਹੋਇਆ ਅਸੀਂ ਇਨ੍ਹਾਂ ਨੂੰ ਛਾਪਾਂਗੇ।

1. ਸਲੀਮ ਖ਼ਾਨ ਗਿੱਮੀ ਵਿਸ਼ੇਸ਼ ਅੰਕ
2. ਤਲਵਿੰਦਰ ਸਿੰਘ ਵਿਸ਼ੇਸ਼ ਅੰਕ
3. ਖ਼ਾਲਿਦ ਫ਼ਰਹਾਦ ਧਾਰੀਵਾਲ ਵਿਸ਼ੇਸ਼ ਅੰਕ
4. ਗੁਰਚਰਨ ਚਾਹਲ ਭੀਖੀ ਵਿਸ਼ੇਸ਼ ਅੰਕ
5. ਪ੍ਰੇਮ ਪ੍ਰਕਾਸ਼ ਵਿਸ਼ੇਸ਼ ਅੰਕ
6. ਗੁਰਮੇਲ ਮਡਾਹੜ ਵਿਸ਼ੇਸ਼ ਅੰਕ
7. ਮਨਜੀਤ ਕਾਦਿਰ ਵਿਸ਼ੇਸ਼ ਅੰਕ
8. ਅਸਟ੍ਰੇਲੀਆ-ਨਿਊਜ਼ੀਲੈਂਡ ਕਵਿਤਾ ਵਿਸ਼ੇਸ਼ ਅੰਕ

# ਚੱਲ ਬਰਨਾਲ਼ੇ ਚੱਲੀਏ

ਬੈਠਕ 'ਚ ਬੈਠਾ ਉਹ ਅੱਚਵੀ ਮਹਿਸੂਸ ਕਰ ਰਿਹਾ ਸੀ।

ਪੈਰ ਦੀਆਂ ਨਹੁੰਦਰਾਂ ਤਾਜ਼ੀ ਲਿੱਪੀ ਬੈਠਕ ਦੀ ਮਿੱਟੀ ਖੁਰਚ ਰਹੀਆਂ ਸਨ। ਗੋਹੇ ਰਲ਼ੀ ਮਿੱਟੀ 'ਚੋਂ ਵੀ ਉਸ ਨੂੰ ਮੀਤੋ ਦੀ ਮਹਿਕ ਮਹਿਸੂਸ ਹੋ ਰਹੀ ਸੀ। ਉਸ ਨੂੰ ਪਤਾ ਸੀ ਕਿ ਘਰ 'ਚ ਇਹੋ ਜਿਹੇ ਕੰਮ ਮੀਤੋ ਤੋਂ ਬਿਨਾਂ ਹੋਰ ਕੌਣ ਕਰ ਸਕਦਾ ਹੈ। ਸੱਸ ਨੂੰ ਤਾਂ ਇੱਧਰ ਉੱਧਰ ਦੀਆਂ ਚੁਗਲੀਆਂ ਤੋਂ ਵਿਹਲ ਕਿੱਥੇ ? ਉਸ ਨੇ ਦੋਵੇਂ ਪੈਰ ਜੋੜਿਆਂ 'ਚੋਂ ਕੱਢ ਕੇ ਠੰਢੀ ਗਿੱਲੀ ਮਿੱਟੀ ਤੇ ਵਿਛਾਅ ਦਿੱਤੇ। ਠੰਢ ਦਾ ਸਕੂਨ ਉਸ ਦੇ ਧੁਰ ਅੰਦਰ ਤੱਕ ਉੱਤਰ ਗਿਆ। ਤਿੰਨ ਮੀਲ ਪੈਦਲ ਚੱਲਣ ਨਾਲ ਉਸ ਦੀ ਥਕਾਵਟ ਜਿਵੇਂ ਪਲਾਂ 'ਚ ਭੱਜ ਗਈ ਹੋਵੇ ਤੇ ਉਸ ਨੂੰ ਲੱਗਿਆ ਜਿਵੇਂ ਮੀਤੋ ਨੇੜੇ ਤੇੜੇ ਹੀ ਕਿਸੇ ਖੂੰਜੇ 'ਚ ਖੜ੍ਹੀ ਉਸ ਨਾਲ ਲੁੱਕਣਮੀਚੀ ਕਰ ਰਹੀ ਹੋਵੇ। ਉਸ ਦਾ ਮਨ ਮੀਤੋ ਲਈ ਕਾਹਲ਼ਾ ਪੈਣ ਲੱਗਾ। ਉਸ ਦੀਆਂ ਨਜ਼ਰਾਂ ਬੈਠਕ ਦੀਆਂ ਤਾਕੀਆਂ ਬੂਹੇ ਲੰਘ ਕੇ ਖੁਲ੍ਹੇ ਵਿਹੜੇ 'ਚੋਂ ਵਾਪਸ ਪਰਤ ਆਈਆਂ। ਨਾ ਕਿਤੇ ਮੀਤੋ ਦੀਆਂ ਪੰਜੇਬਾਂ ਦੀ ਛਣਕਾਰ ਸੀ ਤੇ ਨਾ ਹੀ ਉਸ ਦੇ ਬੋਲਣ ਦੀ ਅਵਾਜ਼।

ਕਿੰਨਾ ਚਿਰ ਹੋ ਗਿਆ ਸੀ ਉਸ ਨੂੰ ਬੈਠਿਆਂ। ਉਸ ਦਾ ਕੋਈ ਹਾਲ ਚਾਲ ਵੀ ਪੁੱਛਣ ਨਾ ਆਇਆ। ਚਾਹ-ਪਾਣੀ ਤਾਂ ਦੂਰ ਦੀ ਗੱਲ ਸੀ। ਜਿਵੇਂ ਉਹ ਇਸ ਘਰ ਦਾ ਜਵਾਈ ਨਾ ਹੋ ਕੇ ਗੁਆਂਢੀਆਂ ਦਾ ਸੀਰੀ ਹੋਵੇ। ਉਹ ਸੋਚ ਰਿਹਾ ਸੀ ਕਿ ਮੀਤੋ ਜ਼ਰੂਰ ਕਿਤੇ ਬਾਹਰ ਗਈ ਹੋਵੇਗੀ ਤੇ ਹੋ ਸਕਦਾ ਹੈ ਕਿ ਘਰ ਦੇ ਬਾਕੀ ਜੀਅ ਵੀ ਖੇਤ ਜਾਂ ਲਾਂਭੇ ਗਏ ਹੋਣ। ਵਿਹੜੇ 'ਚ ਖੜ੍ਹਾ ਇੱਕ ਲੰਡਰ ਜਿਹਾ ਕੁੱਤਾ ਭੌਂਕ ਰਿਹਾ ਸੀ। ਉਸ ਨੂੰ ਜਾਪਿਆ ਜਿਵੇਂ ਉਹ ਉਸ ਤੇ ਭੌਂਕ ਰਿਹਾ ਹੋਵੇ। ਉਸ ਦੇ ਅੰਦਰੋਂ ਇੱਕ ਕਾਂਬਾ ਉੱਠ ਕੇ ਉਸ ਦੇ ਮੱਥੇ ਨਾਲ ਟਕਰਾਇਆ।

—ਅੱਗੇ ਤਾਂ ਕੁੱਤਾ ਇਸ ਤਰ੍ਹਾਂ ਕਦੇ ਨੀਂ ਭੌਂਕਿਆ ?

—ਮੇਰਾ ਅੰਦਰ ਅੱਜ ਡਰ ਕਿਉਂ ਰਿਹੈ ?

—ਹਮੇਸ਼ਾ ਹੀ ਉਸ ਦਾ ਰਾਹ ਦੇਖਣ ਆਲੀ ਮੀਤੋ ਅੱਜ ਕਿੱਥੇ ?

—ਅੱਗੇ ਤਾਂ ਸਾਰੇ ਕਦੇ ਕਾਲ਼ੇ ਪਾਣੀ ਨੀਂ ਤੀ ਗਏ ? ਉਹ ਸੋਚ ਰਿਹਾ ਸੀ।

"ਕਿੱਥੇ ਮਰੇ ਨੇ ਮਾਂ ਦੇ ਦੀਨੇ।"ਉਸ ਨੇ ਗਾਲ਼ ਕੱਢੀ।

ਉਸ ਦੀ ਨਜ਼ਰ ਵਿਹੜੇ ਨੂੰ ਘੂਰ ਕੇ ਵਾਪਸ ਬੈਠਕ 'ਚ ਪਰਤ ਆਈ। ਕਾਰਨਸ ਤੇ ਬਾਬੇ ਨਾਨਕ, ਗੁਰੂ ਗੋਬਿੰਦ ਸਿੰਘ ਤੇ ਸ਼ਹੀਦ ਭਗਤ ਸਿੰਘ ਤੋਂ ਬਿਨਾ ਮੀਤੋ ਦੀਆਂ ਕੱਪੜੇ ਦੀਆਂ ਕੱਢੀਆਂ ਕੁੜੀਆਂ-ਚਿੜੀਆਂ ਦੀਆਂ ਕੁੱਝ ਫ਼ਰੇਮ ਕੀਤੀਆਂ ਫ਼ੋਟੋਆਂ ਪਈਆਂ ਸਨ। ਜਿਨ੍ਹਾਂ 'ਚ ਕੁੱਝ ਕੁ ਤੇ ਕਾਗਜ਼ ਦੇ ਫੁੱਲਾਂ ਦੇ ਪੁਰਾਣੇ ਜਿਹੇ ਹਾਰ ਲਮਕ ਰਹੇ ਸਨ। ਪਰ ਫ਼ੋਟੋਆਂ ਝਾੜ ਝੰਬ ਕੇ ਰੱਖੀਆਂ ਹੋਈਆ ਸਨ। ਉਨ੍ਹਾਂ ਤੋਂ ਥੋੜ੍ਹਾ ਉਪਰ ਕਰ ਕੇ ਉਸ ਦੀ ਆਪਣੀ ਤੇ ਮੀਤੋ ਦੇ ਵਿਆਹ ਤੋਂ ਬਾਅਦ ਦੀ ਫ਼ਰੇਮ ਕੀਤੀ ਫੋਟੋ ਲਿਸ਼ਕ ਰਹੀ ਸੀ। ਜਿਸ ਤੇ ਇਤਨਾ ਰੇਤਾ ਘੱਟਾ ਚੜ੍ਹਿਆ ਹੋਇਆ ਸੀ ਕਿ ਫ਼ਰੇਮ 'ਚੋਂ ਕੁੱਝ ਵੀ ਨਹੀਂ ਸੀ ਲੱਭਦਾ। ਫ਼ੋਟੋ ਦੇਖ ਕੇ ਕੈਲੇ ਦਾ ਦਿੱਲ ਧੜਕਦਾ ਮਹਿਸੂਸ ਹੋਇਆ ਤੇ ਉਸ ਦਾ ਜੀਅ ਕੀਤਾ ਉਹ ਬੈਠਕ 'ਚੋਂ ਦੌੜ ਜਾਵੇ। ਆਪਣੇ ਆਪ ਉਸ ਦੇ ਪੈਰ ਜੋੜਿਆਂ 'ਚ ਜਾ ਪਏ। ਜਿਉਂ ਹੀ ਉਸ ਦੀ ਨਜ਼ਰ ਬਾਹਰ ਵਿਹੜੇ 'ਚ ਨਿਕਲੀ, ਚਾਹ ਦੀ ਗੜਵੀ ਤੇ ਪਾਣੀ ਦਾ ਗਲਾਸ ਚੁੱਕੀ ਆਉਂਦੀ ਮੀਤੋ ਉਸ ਨੂੰ ਦਿੱਸੀ। ਉਸ ਦੇ ਮੁਰਦਾ ਹੋਏ ਬਦਨ 'ਚ ਜਾਨ ਆ ਗਈ। ਅੱਖਾਂ 'ਚ ਉਦਾਸੀ

ਦੀ ਥਾਂ ਖੁਸ਼ੀ ਲਿਸ਼ਕ ਆਈ। ਉਸ ਨੇ ਖੁਸ਼ਕ ਬੁੱਲ੍ਹਾਂ ਤੇ ਜੀਭ ਫੇਰੀ ਤੇ ਦੋਹਾਂ ਹੱਥਾਂ ਨਾਲ ਪੱਗ ਦੇ ਲੜ ਅੱਖਾਂ ਵੱਲ ਖਿੱਚੇ। ਚਾਦਰਾ ਠੀਕ ਕਰ ਕੇ ਕੁੜਤੇ ਦੇ ਵਲ਼ ਕੱਢੇ। ਰਿਹਰਸਲ ਕਰਨ ਵਾਂਗ ਉਸ ਨੇ ਮੁਸਕਰਾ ਕੇ ਵੇਖਿਆ ਜਿਵੇਂ ਉਹ ਮੀਤੋ ਦੇ ਪਹੁੰਚਣ ਤੋਂ ਪਹਿਲਾਂ ਹੀ ਸੱਭ ਕੁੱਝ ਠੀਕ ਹੈ, ਦੀ ਤਸਦੀਕ ਕਰ ਲੈਣੀ ਚਾਹੁੰਦਾ ਹੋਵੇ।

ਤੁਰੀ ਆਉਂਦੀ ਮੀਤੋ ਨੂੰ ਉਸ ਨੇ ਸਿਰ ਤੋਂ ਪੈਰਾਂ ਤੱਕ ਵੇਖਿਆ।

ਬੈਠਕ 'ਚ ਵੜਦਿਆਂ ਹੀ, ਬਿਨਾਂ ਬੋਲਿਆਂ ਮੀਤੋ ਸਿਰ ਹਿਲਾ ਕੈਲੇ ਨੂੰ ਸੱਤ ਸ੍ਰੀ ਅਕਾਲ ਆਖੀ ਜਿਸ ਨੇ ਕੈਲੇ ਦੇ ਮਨ 'ਚ ਚੂੰਢੀ ਭਰਨ ਦੀ ਬਜਾਏ ਡੰਗ ਜਿਹਾ ਮਾਰਿਆ।

ਸਾਲ਼ੀ ਅੱਗੇ ਨਾਲੋਂ ਬੀਂਗੀ ਲਗਦੀ ਆ—ਆਕੜ ਗਈ ਨੀਂ ਲਗਦੀ। ਉਸ ਨੇ ਮਨ 'ਚ ਹੀ ਕਿਹਾ।

ਉਸ ਨੇ ਕਾਰਨਸ ਕੋਲ ਖੜ੍ਹੀ ਮੀਤੋ ਦਾ ਪੈਰਾਂ ਤੋਂ ਸਿਰ ਤੱਕ ਫਿਰ ਜਾਇਜ਼ਾ ਜਿਹਾ ਲਿਆ।

"ਕਿਵੇਂ ਆ ਮੀਤੋ ? ਰਾਜ਼ੀ ਖੁਸ਼ੀ ਆਂ।"ਕੈਲੇ ਨੇ ਦੱਬਵੀਂ ਅਵਾਜ਼ ਵਿੱਚ ਕਿਹਾ।

ਮੀਤੋ ਚੁੱਪ ਰਹੀ, ਕੁੱਝ ਨਹੀਂ ਬੋਲੀ। ਉਸ ਨੇ ਅੱਖਾਂ ਵੀ ਨਾ ਮਿਲਾਈਆਂ ਕੈਲੇ ਨਾਲ਼। ਪਾਣੀ ਵਾਲ਼ਾ ਗਿਲਾਸ ਕੈਲੇ ਦੇ ਸਿਰਹਾਣੇ ਰੱਖ ਕੇ ਗੜਵੀਂ 'ਚੋਂ ਚਾਹ ਪਾਉਣ ਲੱਗ ਪਈ।

"ਬੋਲੇਂਗੀ ਨੀਂ ? ਗੁੱਸਾ ਗਿਆ ਨੀਂ ?"ਕੈਲੇ ਨੇ ਫਿਰ ਕਿਹਾ।

ਕੁੱਝ ਪੱਲ ਖੜ੍ਹ ਕੇ ਉਹ ਵਾਪਸ ਮੁੜ ਪਈ। ਕੈਲੇ ਨੇ ਕੋਲ਼ੋਂ ਲੰਘਦੀ ਦੀ ਬਾਂਹ ਫੜ ਲਈ।

ਕੁੱਝ ਦੇਰ ਉਹ ਖੜ੍ਹੀ ਰਹੀ ਜਿਵੇਂ ਕੈਲੇ ਤੋਂ ਬਾਂਹ ਨਾ ਛੁਡਾਉਣੀ ਚਾਹੁੰਦੀ ਹੋਵੇ। ਫਿਰ ਡਰਦਿਆਂ ਵਾਂਗ ਬਾਂਹ ਖਿੱਚਦਿਆਂ ਬੋਲੀ—"ਬਾਂਹ ਛੱਡ ਦੇ, ਬਾਪੂ ਤੇ ਵੀਰ ਖੇਤੋਂ ਆਉਣ ਆਲ਼ੇ ਆ।"

"ਫਿਰ ਕੀ ਹੋਇਆ ? ਆਪਣੀ ਤੀਵੀਂ ਦੀ ਬਾਂਹ ਨੀਂ ਫੜ ਸਕਦਾ ?" ਕੈਲੇ ਨੇ ਉਸ ਦੀ ਕਲਾਈ ਹੋਰ ਜ਼ੋਰ ਨਾਲ ਘੁੱਟੀ— "ਤੇਰੇ ਬਾਪ ਨੇ ਹੀ ਤਾਂ ਫੜਾਈ ਆ ਇਹ ਬਾਂਹ।" ਕੈਲਾ ਮਨ ਦੀਆਂ ਗਹਿਰਾਈਆਂ 'ਚੋਂ ਬੋਲਿਆ।

"ਇਹ ਪਹਿਲਾਂ ਆਲ਼ੇ ਬਾਪੂ ਦਾ ਘਰ ਨੀਂ ਰਿਹਾ ਕੈਲੇ ? ਹੁਣ ਇਹ ਉਨ੍ਹਾਂ ਤੋਂ ਝੱਲਿਆ ਨੀਂ ਜਾਣਾ। ਬਾਪੂ ਤਾਂ ਹੁਣ........।"ਮੀਤੋ ਚੁੱਪ ਕਰ ਗਈ।

"ਸਰਬੰਧ ਇਸ ਤਰ੍ਹਾਂ ਕਦੇ ਖ਼ਤਮ ਹੋਏ ਨੇ ਕਮਲੀਏ ਭਲਾਂ ?"

"ਜਦੋਂ ਫ਼ਰਕ ਆਜੇ, ਸੱਭ ਕੁੱਝ ਬਦਲ ਜਾਂਦੈ ਕੈਲੇ। ਸਰਬੰਧ ਤਾਂ ਧੁੱਪ-ਛਾਂ ਵਰਗੇ ਹੁੰਦੇ ਆ। ਜਦੋਂ ਮਾੜੇ ਦਿਨ ਆਉਂਦੇ ਐ, ਪੁੱਛ ਕੇ ਨੀਂ ਆਉਂਦੇ ਕੈਲਿਆ। ਸੱਭ ਕੁੱਝ ਆਪਣੀ ਥਾਂ ਤੋਂ ਹਿੱਲ ਗਿਐ। ਇਹਨੂੰ ਨਾ ਤੂੰ ਠੀਕ ਕਰ ਸਕਦੈਂ ਤੇ ਨਾ ਮੈਂ। ਇਹੋ ਜਿਹੇ ਕੰਮਾਂ ਵਾਸਤੇ ਵੱਡਾ ਦਿੱਲ ਚਾਹੀਦੈ। ਉਹ ਤੇਰੇ ਕੋਲ਼ ਹੈ ਨੀਂ।" ਆਉਣ ਆਲ਼ੇ ਦਿਨਾਂ ਤੋਂ ਮੀਤੋ ਪੂਰੀ ਡਰੀ ਹੋਈ ਲੱਗਦੀ ਸੀ।

"ਮੈਂ ਤੇਰੇ ਲਈ ਸਿਰ ਵੱਢਾਅ ਸਕਦੈਂ, ਸਿਰ ਵੱਢ ਵੀ ਸਕਦੈਂ ਕਿਸੇ ਦਾ। ਤੂੰ ਕਹਿ ਤਾਂ ਸਹੀ। ਤੂੰ ਉਂਗਲੀ ਕਰ, ਕਿਹੜੇ ਮਾਂ ਦੇ ਦੀਨੇ ਦਾ ਘੋਗਾ ਚਿੱਤ ਕਰਨੈ ?"ਕੈਲੇ ਨੇ ਛਾਤੀ ਤੇ ਹੱਥ ਮਾਰਿਆ।

"ਤੂੰ ਬਾਪੂ ਦੀ ਛੋਟੀ ਜਿੰਨੀ ਸ਼ਰਤ ਤਾਂ ਮੰਨ ਨੀਂ ਸਕਦਾ ? ਤੈਨੂੰ ਪਤਾ ਫਿਰ ਲੱਗੂ

ਜਦੋਂ ਡੋਲ਼ੀ ਖੇੜੇ ਲੈਗੇ।" ਮੀਤੋ ਨੇ ਠੰਢਾ ਸਾਹ ਭਰਿਆ।

"ਕਿਉਂ ਕਮਲੀ ਬਣਦੀ ਆਂ ? ਨਹੁੰਆਂ ਨਾਲੋਂ ਭਲਾਂ ਮਾਸ ਕਦੇ ਅੱਡ ਹੋਇਐ ? ਮੈਂ ਤੈਨੂੰ ਲੈਣ ਆਇਆਂ ਮੀਤੋ। ਸਿਆਣੀ ਬਣ।"

ਮੀਤੋ ਦੇ ਚੇਹਰੇ ਤੇ ਗੰਭੀਰਤਾ ਦੇ ਕਿੱਲ ਉਭਰ ਆਏ। ਅੱਖਾਂ 'ਚ ਅੱਖਾਂ ਪਾ ਕੇ ਹਸਰਤ ਜਿਹੀ ਨਾਲ ਤੱਕਿਆ ਤੇ ਫਿਰ ਧੂੜ ਜੰਮੀ ਆਪਣੀ ਦੋਵਾਂ ਦੀ ਫ਼ੋਟੋ ਵੱਲ ਤੱਕ ਕੇ ਕਸੀਸ ਜਿਹੀ ਵੱਟੀ।

"ਕਿਉਂ ਜ਼ਿੱਦ ਕਰਦੀ ਆਂ ਮੀਤੋ ? ਧੀਆਂ, ਪਿਉ ਦੇ ਘਰ ਬੈਠੀਆਂ ਸ਼ੋਭਾ ਨੀਂ ਦਿੰਦੀਆਂ। ਧੀਆਂ ਤਾਂ ਕੁਆਰੀਆਂ ਮਾਪਿਆਂ ਲਈ ਬੋਝ ਹੁੰਦੀਆਂ ਨੇ, ਫਿਰ ਤੂੰ ਤਾਂ.......।"ਮੀਤੋ ਦੇ ਢਿੱਡ ਵੱਲ ਵੇਖ ਕੇ ਉਸ ਨੇ ਹਉਂਕਾ ਜਿਹਾ ਲਿਆ– "ਇੱਕ ਦਿਨ ਤਾਂ ਇਹ ਘਰ ਛੱਡਣਾ ਹੀ ਪਊ, ਕਿੰਨੇ ਕੁ ਦਿਨ ਰੱਖ ਲੈਣਗੇ ਤੈਨੂੰ ਇਹ। ਜੱਟ ਕਿੰਨਾ ਵੀ ਤੱਕੜਾ ਹੋਵੇ, ਧੀ ਦੇ ਨਾਂ ਕਦੇ ਜ਼ਮੀਨ ਨੀਂ ਲਵਾਉਂਦਾ ਮੀਤੋ। ਮਹੀਨਾ ਦੋ ਮਹੀਨਿਆਂ ਨੂੰ ਬੱਚਾ ਹੋ ਗਿਆ, ਇਨ੍ਹਾਂ ਦਾ ਇਹ ਮੂੰਹ ਨੀਂ ਰਹਿਣਾ।"ਕੈਲਾ ਦੁਨੀਆ ਦਾ ਸੱਚ ਮੀਤੋ ਸਾਹਮਣੇ ਰੱਖ ਰਿਹਾ ਸੀ।

"ਮੈਂ ਕੱਦ ਕਿਹੈ ਇਹ ਮੈਨੂੰ ਰੱਖਣਗੇ ? ਤੀਵੀਂ ਨੂੰ ਵਿਆਹ ਤੋਂ ਬਾਅਦ ਜਿੰਨਾ ਮਾਣ ਆਪਣੇ ਆਦਮੀ ਤੇ ਹੁੰਦੈ, ਉਨਾ ਮਾਪਿਆਂ ਤੇ ਨੀਂ ਹੁੰਦਾ ਕੈਲੇ। ਜਿਹੜੇ ਮਾਣ ਨੂੰ ਆਦਮੀ ਤੋੜਨ ਤੇ ਆ ਜੇ, ਮਾਂ-ਪਿਉ ਤੇ ਕਾਹਦਾ ਭਰੋਸਾ। ਤਿਮਾਹੀ-ਛਿਮਾਹੀ ਨੂੰ ਇਨ੍ਹਾਂ ਕਿਤੇ ਹੋਰ ਤੋਰ ਦੇਣੈ। ਫਿਰ ਰੋਈਂ ਅੱਖਾਂ 'ਚ ਮੁੱਠੀਆਂ ਦੇ ਕੇ, ਤੈਨੂੰ ਕੀ ਪਤੈ ਘਰ 'ਚ ਕੀ ਹੋਣ ਆਲੈ ?" ਮੀਤੋ ਨੇ ਧੁਰ ਅੰਦਰੋਂ ਉੱਠੇ ਹਉਕੇ ਨੂੰ ਛਾਤੀ ਤੇ ਹੱਥ ਧਰ ਕੇ ਦਬਾਅ ਲਿਆ।

ਕੈਲੇ ਦੇ ਬਦਨ 'ਚੋਂ ਕਾਂਬਾ ਉੱਠਿਆ। ਉਸ ਦੇ ਜਿਵੇਂ ਸਾਹ ਸੂਤੇ ਗਏ। ਉਸ ਨੇ ਸੱਜੇ ਹੱਥ ਦੀ ਉਂਗਲ ਨਾਲ ਮੱਥੇ ਤੋਂ ਪਸੀਨੇ ਦੀਆਂ ਬੂੰਦਾਂ ਪੂੰਝੀਆਂ।

"ਫਿਰ ਤੂੰ ਸਿਆਣੀ ਕਿਉਂ ਨੀਂ ਬਣਦੀ ? ਕਿਉਂ, ਨਾਲੇ ਆਪਣੀ, ਨਾਲੇ ਮੇਰੀ ਬੇੜੀ ਡੋਬਦੀ ਆਂ ?" ਕੈਲੇ ਨੇ ਉਸ ਦੀ ਬਾਂਹ ਫੜ ਕੇ ਫਿਰ ਹਲੂਣਿਆ।

"ਤੂੰ ਬਾਪੂ ਦੀ ਸ਼ਰਤ ਕਿਉਂ ਨੀਂ ਮੰਨ ਲੈਂਦਾ ਕੈਲੇ ? ਉਹ ਬੜੇ ਜਿੱਦੀ ਨੇ, ਐਂ ਕਦੇ ਨੀਂ ਤੋਰਨਗੇ। ਗਰਦਨ ਕੱਟ ਜੂ, ਪਰ ਉਨ੍ਹੇ ਪੈਰ ਪਿਛਾਂਹ ਨੀਂ ਧਰਨਾ। ਡੁਲ੍ਹੇ ਬੇਰਾਂ ਦਾ ਅਜੇ ਵੀ ਕੁੱਝ ਨੀਂ ਵਿਗੜਿਆ ਕੈਲੇ। ਚੁੱਕਣ ਦਾ ਹੌਂਸਲਾ ਕਰ। ਅਸੀਂ ਘੱਟ ਖਾ ਲਾਂਗੇ।"

ਕੈਲਾ ਸੋਚੀਂ ਪੈ ਗਿਆ। ਉਸ ਨੂੰ ਕੁੱਝ ਸਮਝ ਨਹੀਂ ਸੀ ਆ ਰਿਹਾ।

"ਬੜੀ ਢੁੱਡੂ ਸ਼ਰਤ ਆ ਸੋਡੀ ?" ਕੈਲੇ ਨੇ ਹਾਰੇ ਹੋਏ ਜੁਆਰੀਏ ਵਾਂਗ ਗੋਡੇ ਤੇ ਮੁੱਕੀ ਮਾਰੀ।

ਮੀਤੋ ਉਸ ਦੀ ਗੱਲ ਵਿੱਚਕਾਰ ਹੀ ਛੱਡ ਕੇ ਤੁਰ ਪਈ– "ਬੇਬੇ ਮੁੜਨ ਆਲ਼ੀ ਆ, ਜੇ ਦੇਖ ਲਿਆ ਮੇਰੀ ਗੁੱਤ ਪੱਟ ਦੂ। ਪੂਰੀ ਰਾਤ ਆ ਤੇਰੇ ਕੋਲ਼। ਮਨ ਨਾਲ਼ ਫੈਸਲਾ ਕਰ ਲੀਂ। ਫਿਰ ਨਾ ਆਖੀਂ ਦੱਸਿਆ ਨੀਂ। ਬੇਬੇ ਸਵੇਰੇ ਚਾਹ ਲੈ ਕੇ ਆਊ।"ਮੀਤੋ ਨੇ ਤੁਰਦਿਆਂ ਤੁਰਦਿਆਂ ਰੁੱਕ ਕੇ ਕਿਹਾ। ਤੇ ਫਿਰ ਕਾਹਲੀ ਕਾਹਲੀ ਅੱਗਾ ਪਿੱਛਾ ਦੇਖਦੀ ਵਿਹੜਾ ਟੱਪ ਕੇ ਸਵਾਤ 'ਚ ਜਾ ਵੜੀ।

ਇੱਕ ਵਾਰ ਕੈਲੇ ਦਾ ਜੀਅ ਕੀਤਾ, ਉਹ ਵੀ ਉਸ ਦੇ ਪਿੱਛੇ ਹੀ ਸਵਾਤ 'ਚ ਜਾ ਵੜੇ। ਉਹ ਜਾਂਦੀ ਮੀਤੋ ਦੀ ਪਿੱਠ ਤੱਕਦਾ ਰਿਹਾ ਸੀ। ਪਿੱਠ ਭਾਰੀ ਸੀ ਜਿਸ ਕਰ ਕੇ ਉਸ ਦਾ ਪੂਰਾ

ਬਦਨ ਬੇਤਰਤੀਬਾ ਜਿਹਾ ਲੱਗ ਰਿਹਾ ਸੀ। ਤੋਰ 'ਚ ਪਹਿਲਾਂ ਵਰਗੀ ਰਵਾਨਗੀ ਨਹੀਂ ਸੀ। ਕੈਲੇ ਨੂੰ ਇਹ ਸੱਭ ਨਵਾਂ ਨਵਾਂ ਤੇ ਰੌਚਕ ਜਿਹਾ ਲੱਗਿਆ ਸੀ। ਉਸ ਨੇ ਸਾਹਮਣੇ ਖੜ੍ਹੀ ਮੀਤੋ ਦੇ ਪੇਟ 'ਚ ਬੱਚੇ ਦੀ ਹਿਲਜੁਲ ਵੇਖੀ ਸੀ। ਉਸ ਨੂੰ ਬੜਾ ਅਜੀਬ ਜਿਹਾ ਸਕੂਨ ਮਹਿਸੂਸ ਹੋਇਆ। ਉਸ ਦਾ ਜੀਅ ਕੀਤਾ ਸੀ ਉਹ ਮੀਤੋ ਦਾ ਪੇਟ ਚੁੰਮ ਲਵੇ। ਤੇ ਪੇਟ ਤੇ ਸਿਰ ਰੱਖ ਕੇ ਕੁੱਝ ਸੁਣੇ। ਪਰ ਮੀਤੋ ਤੁਰ ਗਈ ਸੀ। ਉਹ ਇਹ ਵੀ ਨਹੀਂ ਸੀ ਕਹਿ ਸਕਿਆ ਕਿ ਮੀਤੋ ਦੋ ਮਿੰਟ ਹੋਰ ਰੁੱਕ ਜਾ। ਫਿਰ ਮੀਤੋ ਦੀਆਂ ਗੱਲਾਂ ਯਾਦ ਆਉਂਦਿਆਂ ਉਸ ਨੂੰ ਲੱਗਿਆ, ਜਿਵੇਂ ਕਿਸੇ ਨੇ ਉਸ ਦੀ ਜੀਭ ਤੇ ਥੁੱਕ ਦਿੱਤਾ ਹੋਵੇ। ਖੁਸ਼ੀ ਨਾਲ ਧੜਕਦਾ ਦਿੱਲ ਖੌਫ਼ ਜਿਹੇ ਨਾਲ਼ ਡੁੱਬ ਗਿਆ। ਪੂਰਾ ਬਦਨ ਬੇਹਰਕਤ ਜਿਹਾ ਹੋ ਗਿਆ।

ਕੈਲੇ ਦੇ ਦਿੱਲ 'ਚ ਇੱਕ ਵਾਰ ਆਇਆ ਕਿ ਅਜਿਹੀ ਜ਼ਿੰਦਗੀ ਨਾਲੋਂ ਤਾ ਉਹ ਮੀਤੋ ਨੂੰ ਨਾਲ ਲੈ ਕੇ ਬਰਨਾਲ਼ੇ ਮਾਸੀ ਕੋਲ਼ ਚਲਾ ਜਾਵੇ ਤੇ ਉਥੇ ਮਿਹਨਤ ਮਜ਼ਦੂਰੀ ਕਰ ਲਵੇ।

ਮੀਤੋ ਨੂੰ ਪੇਕੇ ਆਇਆਂ ਸੱਤ-ਅੱਠ ਮਹੀਨੇ ਹੋ ਗਏ ਸਨ ਜਦੋਂ ਕੈਲਾ ਕੁੱਝ ਹੀ ਦਿਨਾਂ ਬਾਅਦ ਉਸ ਨੂੰ ਲੈਣ ਗਿਆ ਸੀ ਤਾਂ ਸੱਸ ਨੇ ਤੋਰਨ ਤੋਂ ਇਨਕਾਰ ਕਰ ਦਿੱਤਾ ਸੀ।

"ਅਸੀਂ ਨੀਂ ਤੋਰਨੀ ਕੁੱੜੀ ਤੇਰੇ ਨਾਲ ਕਾਕਾ, ਆਪਣੇ ਬਾਪ ਨੂੰ ਆਖੀਂ ਆ ਕੇ ਲੈ ਜੇ।"

"ਕਿਉਂ ਬੇਬੇ ਜੀ?" ਅੱਗੇ ਬਾਪ ਲੈ ਕੇ ਜਾਂਦਾ ਤੀ ਮੇਰਾ?" ਕੈਲੇ ਨੇ ਕਿਹਾ।

"ਤੂੰ ਅਜੇ ਜੁਆਕ ਆਂ ਭਾਈ, ਆਪ ਦੇ ਬਾਪ ਨੂੰ ਭੇਜ ਦੇ, ਆ ਕੇ ਲੈ ਜੂ?" ਸੱਸ ਨੇ ਦੋ ਟੁੱਕ ਗੱਲ ਕੀਤੀ।

"ਮੈਂ ਜੁਆਕ? ਮੈਂ ਸਮਝਿਆ ਨੀਂ? ਗੱਲ ਕੀ ਆ, ਮੈਨੂੰ ਵੀ ਤਾਂ ਪਤਾ ਲੱਗੇ?"

"ਤੂੰ ਜੁਆਕ ਈ ਆਂ ਕਾਕਾ?"

"ਫਿਰ ਜੁਆਕ ਨੂੰ ਕੁੱੜੀ ਕਿਉਂ ਦਿੱਤੀ ਤੀ?" ਕੈਲੇ ਨੂੰ 'ਜੁਆਕ' ਦਾ ਗੁੱਸਾ ਲੱਗਿਆ।

"ਆਪਣੇ ਬਾਪ ਨੂੰ ਪੁੱਛ ਜਾ ਕੇ? ਸਾਡੀ ਕੁੱੜੀ ਦੇ ਲੇਖ ਮਾੜੇ।" ਕਹਿ ਕੇ ਸੱਸ ਤੁਰ ਗਈ ਸੀ।

ਘਰ ਆ ਕੇ ਕੈਲੇ ਨੇ ਬਾਪ ਨੂੰ ਸੱਸ ਦਾ ਹੁਕਮ ਸੁਣਾਇਆ ਤਾਂ ਉਹ ਦਾਰੂ ਦਾ ਗਲਾਸ ਅੰਦਰ ਸੁੱਟਦਿਆਂ ਕੜਕਿਆ— "ਉਏ ਤੀਵੀਂ ਤੇਰੀ, ਲੈ ਕੇ ਮੈਂ ਆਵਾਂ? ਤੂੰ ਕੰਜ਼ਰਦਿਆ ਮਰ ਜਾ ਨੱਕ ਡੋਬ ਕੇ, ਜੇ ਤੇਰੇ ਨਾਲ ਨੀਂ ਤੋਰਦੇ। ਜੇ ਤੇਰੀ ਸੱਸ ਮੇਰੇ ਆਉਣ ਨੂੰ ਤਿਆਰ ਹੈ, ਫਿਰ ਮੈਂ ਹੁਣੇ ਚਲਾ ਜਾਨੈਂ।" ਬਾਪੂ ਨੇ ਦੂਜਾ ਗਲਾਸ ਭਰਦਿਆਂ ਕਿਹਾ।

ਬਾਪੂ ਵੱਲ ਦੇਖ ਕੇ ਕੈਲੇ ਨੂੰ ਬੇਬੇ ਦੀ ਯਾਦ ਆਈ ਜੋ ਡੇਢ ਕੁ ਸਾਲ ਹੋਇਆ ਮਰ ਗਈ ਸੀ। ਜਦੋਂ ਉਹ ਜਿਉਂਦੀ ਸੀ, ਉਦੋਂ ਵੀ ਤਾਂ ਮਰਿਆਂ ਵਰਗੀ ਸੀ। ਜੰਗ ਸਿਉਂ ਨੇ ਉਸ ਨੂੰ ਆਪਣੀ ਘਰ ਆਲ਼ੀ ਸਮਝਿਆ ਹੀ ਨਹੀਂ ਸੀ। ਉਹ ਤਾਂ ਚੌਵੀ ਘੰਟੇ ਉਸ ਦੇ ਹੱਡ ਹੀ ਸੇਕਦਾ ਆਇਆ ਸੀ। ਕਿਹੜਾ ਦਿਨ ਸੀ ਜਿਸ ਦਿਨ ਜੰਗ ਨੇ ਉਸ ਨੂੰ ਕੁੱਟਿਆ ਮਾਰਿਆ ਨਹੀਂ ਸੀ। ਪਰ ਉਸ ਨੇ ਕਦੇ ਜੰਗ ਅੱਗੇ ਮੂੰਹ ਨਹੀਂ ਸੀ ਖੋਲ੍ਹਿਆ। ਜੰਗ ਸਿਉਂ ਦਿਓ ਦੇਹ ਤੇ ਉਹ ਮੇਮਣਾ ਜਿਹਾ, ਮੇਮਣੇ ਤੋਂ ਮਾਸ ਨੋਚ ਕੇ ਦਿਓ ਨੇ ਹੱਡੀਆਂ ਵਗਾਹ ਮਾਰੀਆਂ। ਹੱਡੀਆਂ ਸਾਂਭਦੀ ਸਾਂਭਦੀ ਉਹ ਇੱਕ ਦਿਨ ਆਪ ਸਾਂਭੀ ਗਈ।

ਕੈਲੇ ਨੇ ਸੋਚਿਆ, ਜੇ ਅੱਜ ਮਾਂ ਜਿਉਂਦੀ ਹੁੰਦੀ ਤਾਂ ਉਹ ਉਸ ਨੂੰ ਮੀਤੋ ਨੂੰ ਲੈਣ ਲਈ ਭੇਜ ਦਿੰਦਾ, ਤੇ ਅੱਜ ਬਾਪੂ ਦੀਆਂ ਝਿੜਕਾਂ ਉਸ ਨੂੰ ਨਾ ਖਾਣੀਆਂ ਪੈਂਦੀਆਂ। ਉਸ ਨੂੰ ਮਰ ਰਹੀ ਮਾਂ ਦੀਆਂ ਗੱਲਾਂ ਚੇਤੇ ਆਈਆਂ— "ਆਪਣੇ ਪਿਉ ਨਾਲ ਨਾ ਵਿਗਾੜੀਂ ਪੁੱਤਰ। ਇਸ ਕੰਜਰ ਨੇ ਤੈਨੂੰ ਕੁੱਝ ਨੀਂ ਦੇਣਾ। ਤੂੰ ਏਦ੍ਹਾ ਖ਼ੂਨ ਹੁੰਦਾ ਮੈਨੂੰ ਫ਼ਿਕਰ ਨੀਂ ਤੀ। ਬਹੂ ਦਾ ਖਿਆਲ ਰੱਖੀਂ। ਤੂੰ ਅਜੇ ਛੋਟੈਂ ਮੇਰੇ ਚੰਨ, ਮੈਨੂੰ ਬਿਗਾਨੀ ਦਾ ਫ਼ਿਕਰ ਐ।"

ਕੈਲੇ ਦੀਆਂ ਅੱਖਾਂ ਭਰ ਆਈਆਂ।

ਸ਼ਾਇਦ ਬਿਗਾਨੀ ਧੀ ਅੱਜ ਉਸ ਕੋਲ ਨਹੀਂ ਸੀ।

ਕੈਲਾ ਆਪਣੇ ਬਾਪ ਦਾ ਸੱਕਾ ਪੁੱਤ ਨਹੀਂ ਸੀ। ਉਹ ਵਿਆਹ ਵੇਲ਼ੇ ਚਿੰਤੋ ਦੀ ਗੋਦੀ ਸੀ। ਚਿੰਤੋ ਦਾ ਪਹਿਲੇ ਘਰ ਆਲ਼ਾ ਕੈਲੇ ਦੇ ਜੰਮਣ ਤੋਂ ਪਹਿਲਾਂ ਹੀ ਦੂਜੀ ਵੱਡੀ ਜੰਗ ਵੇਲ਼ੇ ਅੰਗਰੇਜ਼ਾਂ ਵੱਲੋਂ ਲੜਦਾ ਜਪਾਨੀਆਂ ਹੱਥੋਂ ਮਾਰਿਆ ਗਿਆ ਸੀ। ਕੈਲਾ ਅਜੇ ਚਾਰ ਮਹੀਨਿਆਂ ਦਾ ਸੀ ਜਦੋਂ ਚਿੰਤੋ ਦੇ ਬਾਪੂ ਨੇ ਘਰ ਗ੍ਰੰਥੀ ਬੁਲਾ ਕੇ ਜੰਗ ਸਿਉਂ ਨਾਲ ਚਾਰ ਗੇੜੇ ਦੁਆ ਦਿੱਤੇ।

ਜੰਗ ਸਿਉਂ ਖੁਸ਼ ਸੀ। ਕਿਉਂਕਿ ਉਸ ਦੇ ਵੈਲਪੁਣੇ ਨੂੰ ਦੇਖ ਕਿਸੇ ਜੱਟ ਨੇ ਉਸ ਦੇ ਘਰ ਵੱਲ ਮੂੰਹ ਨਹੀਂ ਸੀ ਕੀਤਾ। ਜ਼ਮੀਨ ਜ਼ਿਆਦਾ ਹੁੰਦੀ ਸ਼ਾਇਦ ਉਸ ਦਾ ਵੈਲ ਵੀ ਢੱਕਿਆ ਜਾਂਦਾ।

ਦਾਰੂ ਦਾ ਰੱਜਿਆ ਜੰਗ ਸਿਉਂ ਆਪਣੇ ਯਾਰਾਂ ਦੋਸਤਾਂ 'ਚ ਅਕਸਰ ਆਖਦਾ– "ਜੱਟਾਂ ਨੇ ਮੇਰੇ ਨਾਲ ਕੱਟੇ ਆਲ਼ੀ ਮੈਸ੍ਹ ਤੋਰ ਤੀ ਯਾਰੋ।"ਘਰ ਆ ਕੇ ਵੀ ਨਸ਼ੇ 'ਚ ਚਿੰਤੋ ਨੂੰ ਕੱਟੇ ਆਲ਼ੀ ਮੱਝ ਤੇ ਕੈਲੇ ਨੂੰ ਕੱਟਾ ਕਹਿ ਕੇ ਸੱਦਦਾ। ਖਾਸ ਕਰ ਕੇ ਜਦੋਂ ਚਿੰਤੋ ਨੂੰ ਸਤਾਉਣਾ ਹੁੰਦਾ।

ਕੈਲੇ ਨੇ ਅਜੇ ਸੁਰਤ ਵੀ ਨਹੀਂ ਸੀ ਸੰਭਾਲੀ ਕਿ ਉਸ ਨੂੰ ਤੀਵੀਂ ਤੇ ਖੇਤਾਂ 'ਚ ਵੰਡ ਦਿੱਤਾ। ਵਿਆਹ ਤੇ ਖੇਤ ਦਾ ਜੂਲ਼ਾ ਉਸ ਦੇ ਕੰਨ੍ਹੇ ਤੇ ਰੱਖ ਦਿੱਤਾ। ਮੀਤੋ ਕੈਲੇ ਤੋਂ ਚਾਰ ਸਾਲ ਵੱਡੀ ਸੀ। ਕੈਲੇ ਤੋਂ ਗਿੱਠ ਉੱਚੀ। ਦੋਵਾਂ ਦਾ ਕਜੋੜ ਦੇਖ ਪਿੰਡ ਦੇ ਲੋਕਾਂ ਨੇ ਹਾਅ ਦਾ ਨਾਅਰਾ ਮਾਰਿਆ ਸੀ। ਤੇ ਕਿਹਾ ਸੀ— "ਜੰਗ ਸਿਉਂ ਮੁੰਡੇ ਲਈ ਨਹੀਂ, ਆਪਣੇ ਲਈ ਤੀਵੀਂ ਲਿਆਇਐ।"

ਜਦੋਂ ਕੈਲੇ ਨੇ ਅਗਲੀ ਵਾਰ ਸੱਸ ਨੂੰ ਬਾਪੂ ਦੇ ਨਾ ਆਉਣ ਦੀ ਗੱਲ ਦੱਸੀ ਤਾਂ ਸੱਸ ਨੂੰ ਅੱਗ ਲੱਗ ਗਈ ਸੀ।

"ਕਾਕਾ ਜੇ ਤੇਰੇ ਬਾਪ ਨੇ ਨੀਂ ਆਉਣਾ ਤਾਂ ਆਪਣੀ ਟਿੰਡ ਫੌੜੀ ਵੰਡ ਲੈ। ਚੁੱਲ੍ਹਾ ਅੱਡ ਕਰ ਲੈ, ਕੁੱੜੀ ਲੈਜੀਂ। ਨਹੀਂ ਤਾਂ ਬੁੱਲ੍ਹੇ ਵੱਢ।" ਇਹ ਸਹੁਰਿਆਂ ਦੀ ਦੂਜੀ ਸ਼ਰਤ ਸੀ।

ਘਰ ਆ ਕੇ ਜਦੋਂ ਕੈਲੇ ਨੇ ਮਾਂ ਵਰਗੀ ਚਾਚੀ ਨੂੰ ਦੱਸਿਆ ਤਾਂ ਉਸ ਨੇ ਵੀ ਮਾਂ ਵਰਗੀ ਹੀ ਨਸੀਹਤ ਦਿੱਤੀ— "ਤੋਬਾ ਕਰ ਕਾਕਾ। ਇਹਨੇ ਕਾਣੀ ਕੌਡੀ ਨੀਂ ਦੇਣੀ ਤੈਨੂੰ। ਨਾ ਘਰ 'ਚੋਂ ਨਾ ਖੇਤ 'ਚੋਂ। ਇਸ ਨੇ ਤੇਰੀ ਜੁਲੀ ਗਲ਼ੀ 'ਚ ਵਗਾਹ ਕੇ ਮਾਰਨੀਆਂ। ਤੂੰ ਮੀਤੋ ਦਾ ਫ਼ਿਕਰ ਨਾ ਕਰ। ਕੱਲ੍ਹ ਕਲੋਤਰ ਨੂੰ ਉਸ ਦੇ ਬੱਚਾ ਹੋ ਜਾਣੈ ਤੇ ਬੱਚੇ ਆਲ਼ੀ ਤੀਵੀਂ ਫੰਡਰ ਗਾਂ ਵਰਗੀ ਹੁੰਦੀ ਆ। ਫੰਡਰ ਗਾਂ ਨੂੰ ਕੌਣ ਰੱਖਦੈ ?"

ਚਾਚੀ ਦੀਆਂ ਕਹੀਆਂ ਗੱਲਾਂ ਨੇ ਕੁੱਝ ਦਿਨ ਤਾਂ ਕੈਲੇ ਲਈ ਦਾਰੂ ਦਾ ਕੰਮ ਕੀਤਾ ਪਰ ਤੀਵੀਂ ਬਿਨਾ ਘਰ ਉਸ ਨੂੰ ਖਾਣ ਨੂੰ ਆਉਂਦਾ ਸੀ।

ਉਸ ਨੇ ਸਹੁਰੇ ਜਾ ਕੇ ਮੀਤੋ ਦੀ ਫਿਰ ਮਿੰਨਤ ਕੀਤੀ।

"ਮੰਨ ਵੀ ਜਾਈਦੈ ਮੀਤੋ। ਕਿਉਂ ਲੋਹੇ ਦਾ ਥਣ ਬਣੀ ਖੜ੍ਹੀ ਆਂ ? ਮੈਂ ਮੰਨਦਾਂ ਬਈ ਜੈਲਾ ਤੈਨੂੰ ਤੰਗ ਕਰਦੈ। ਛੇੜ ਛਾੜ ਕਰਦੈ। ਫਿਰ ਕੀ ਹੋਇਆ ? ਛੋਟਾ ਭਾਈ ਆ ਉਹ। ਤੇਰਾ ਦਿਉਰ। ਇੰਨੀ ਕੁ ਗੱਲ ਪਿੱਛੇ ਉਸ ਦੇ ਡਾਂਗ ਮਾਰਾਂ, ਉਸ ਦਾ ਸਿਰ ਪਾੜ ਦਾਂ ? ਤੀਵੀਂ ਪਿੱਛੇ ਲੜਦਾ ਭਲਾਂ ਮੈਂ ਚੰਗਾ ਲੱਗਦੈਂ ? ਫਿਰ ਬਾਪੂ ਉਹਦੇ ਨਾਲ਼ ਆ, ਉਸ ਨੇ ਸਾਡੀ ਮੰਜੀ ਚੁੱਕ ਕੇ ਗਲ਼ੀ 'ਚ ਮਾਰਨੀ ਆਂ। ਠੂਠੇ ਫੜ ਕੇ ਮੰਗਦੇ ਚੰਗੇ ਲੱਗਾਂਗੇ ?"

"ਸੋਡਾ ਤਾਂ ਸਾਰਾ ਟੋਲਾ ਈ ਕੰਜਰਾਂ ਦਾ ਐ। ਭੇਡਾਂ ਨੂੰ ਜ਼ੁਕਾਮ ਵਿਗੜਿਐ। ਉਹਨੂੰ ਨੱਕ ਨੀਂ ਸਾਫ਼ ਕਰਨਾ ਆਉਂਦਾ। ਆਪਣੀ ਤੀਵੀਂ ਆਗੀ, ਫਿਰ ਲੁੱਕਿਆ ਫਿਰੂ। ਵੱਡਾ ਸਾਨ੍ਹ।" ਮੀਤੋ ਨੇ ਫੁੰਕਾਰਾ ਮਾਰਿਆ।

"ਮੈਂ ਸਮਝਦੈਂ ਤੇਰਾ ਦੁੱਖ, ਤੂੰ ਇੱਕ ਵਾਰ ਘਰ ਤਾਂ ਚੱਲ। ਆਪਾਂ ਸੱਭ ਠੀਕ ਕਰ ਲਾਂਗੇ।"ਕੈਲੇ ਨੇ ਪਿਆਰ ਨਾਲ ਕਿਹਾ।

"ਪਾਣੀ ਹੁਣ ਪੁਲ਼ਾਂ ਉਪਰੋਂ ਲੰਘ ਗਿਐ ਕੈਲਿਆ। ਜੇ ਜਾਨੀ ਆਂ ਪੁਲ਼ ਟੁੱਟੂ। ਪਰ ਤੂੰ ਭਾਂਡੇ ਅੱਡ ਕਿਉਂ ਨੀਂ ਧਰਦਾ। ਅਸੀਂ ਭੁੱਖੇ ਨੀਂ ਮਰਨ ਲੱਗੇ। ਮਿੰਨਤ ਮਜ਼ੂਰੀ ਕਰ ਲਾਂਗੇ। ਜਿੰਨਾ ਕੁ ਸਰੂ ਬਾਪੂ ਵੀ ਸਹਾਰਾ ਲਵਾਊ। ਹਿੱਕ ਤੇ ਰੱਖ ਕੇ ਲਈ ਫਿਰਨ ਉਹ ਆਪਣੀ ਜ਼ਮੀਨ। ਸਾਨੂੰ ਨੀਂ ਲੋੜ ਉਨ੍ਹਾਂ ਦੇ ਰਹਿਮ ਦੀ। ਮੇਰੀ ਮੰਨ ਲੈ, ਇਸ 'ਚ ਸਾਡਾ ਭਲਾ ਐ। ਇਸ 'ਚ ਸਾਡੀ ਇੱਜ਼ਤ ਐ।

"ਇੱਜ਼ਤ, ਇੱਜ਼ਤ, ਇੱਜ਼ਤ, ਸਾਡੀ ਇੱਜ਼ਤ ਤੇ ਕਿਹੜੀ ਤੋਪ ਚਲ ਗੀ ਮੀਤੋ ? ਮੈਂ ਹੈਰਾਨ ਆਂ ਤੈਨੂੰ ਸਾਲ ਤੋਂ ਹੋ ਕੀ ਗਿਐ ?"ਕੈਲਾ ਖਿੱਝ ਕੇ ਬੋਲਿਆ।

ਮੀਤੋ ਨੇ ਕੈਲੇ ਵੱਲ ਇਸ ਤਰ੍ਹਾਂ ਵੇਖਿਆ ਜਿਵੇਂ ਕੁੱਝ ਕਹਿਣਾ ਚਾਹੁੰਦੀ ਹੋਵੇ ਪਰ ਨਾ ਕੈਲੇ ਨੇ ਪੁੱਛਿਆ ਤੇ ਨਾ ਹੀ ਉਸ ਨੇ ਦੱਸਿਆ। ਉਹ ਖਾਮੋਸ਼ ਖੜ੍ਹੀ ਤੱਕਦੀ ਰਹੀ ਜਿਸ ਨੂੰ ਕੈਲੇ ਦਾ ਮਰਦ ਮਨ ਪੜ੍ਹ ਨਾ ਸਕਿਆ।

ਜੈਲੇ ਦੀਆਂ ਬਦਤਮੀਜ਼ੀਆਂ ਤੋਂ ਕੈਲਾ ਵੀ ਦੁੱਖੀ ਸੀ। ਪਰ ਉਹ ਕਰ ਕੁੱਝ ਨਹੀਂ ਸੀ ਸਕਦਾ। ਬੜੀਆਂ ਅਜੀਬ ਅਜੀਬ ਹਰਕਤਾਂ ਕਰਨ ਲੱਗ ਪਿਆ ਸੀ। ਉਹ ਮੀਤੋ ਨਾਲ ਗੱਲ ਕਰਦਾ ਹਮੇਸ਼ਾ ਹੀ ਕੱਚੇ ਰੂਟ ਤੇ ਆ ਜਾਂਦਾ।

—ਸੋਡੇ ਕਮਰੇ 'ਚ ਭਾਬੀ ਰਾਤੀਂ ਕੋਚਰੀ ਬੋਲਦੀ ਆ ?

—ਰਾਤ ਨੂੰ ਭਾਬੀ ਤੇਰੀਆਂ ਚੂੜੀਆਂ ਬੜੀਆਂ ਛਣਕਦੀਆਂ ਨੇ ?

—ਰਾਤ ਨੂੰ ਅਚਾਨਕ ਸੋਡੇ ਕਮਰੇ ਦੀ ਬੱਤੀ ਕਿਉਂ ਜਗਣ ਲੱਗ ਪੈਂਦੀ ਆ ?

—ਵੀਰ ਤਾਂ ਵਿੱਚਾਰਾ ਖੇਤੋਂ ਥੱਕ ਕੇ ਆਉਂਦਾ ਹੋਣੈ ਭਾਬੀ ?

ਮੀਤੋ ਦੁੱਖੀ ਹੋ ਜਾਂਦੀ। ਉਸ ਵੱਲ ਅੱਖਾਂ ਕੱਢਦੀ। ਉਸ ਨੂੰ ਝਿੜਕਦੀ। ਅਜਿਹੀਆਂ ਹਰਕਤਾਂ ਤੋਂ ਬਾਜ ਆਉਣ ਲਈ ਤਾੜਨਾ ਕਰਦੀ। ਰਾਤੀਂ ਕੈਲੇ ਕੋਲ ਰੋ ਪੈਂਦੀ। ਕੈਲਾ ਹਮੇਸ਼ਾ ਹੀ ਟਾਲ ਦਿੰਦਾ— "ਕੋਈ ਨਾ ਮੀਤੋ। ਬੱਚਾ ਐ ਵੱਡਾ ਹੋ ਕੇ ਸਮਝ ਜੂ। ਦਿਉਰ ਦਾ ਗੁੱਸਾ ਨੀ ਕਰਦੇ।"

ਕੈਲਾ ਕਲੇਸ਼ ਤੋਂ ਡਰਦਾ ਸੀ।

"ਦਿਉਰ ਭਾਈਆਂ ਅਰਗੇ ਹੁੰਦੇ ਐ। ਪਰ ਇਹ ਤਾਂ ਚੌਵੀ ਘੰਟੇ ਮੇਰੇ ਨਾਲ ਸੌਣ ਨੂੰ ਤਾੜਦਾ ਰਹਿੰਦੈ। ਮੈਨੂੰ ਦੇਖ ਕੇ ਇਸ ਦੀਆਂ ਘਰਾਲ਼ਾਂ ਵਗਦੀਆਂ ਨੇ। ਸ਼ੈਤਾਨ ਦਾ ਖ਼ੂਨ ਆ,

ਇਹਨੇ ਠੀਕ ਕੀ ਹੋਣੈ ?"

ਕਈ ਵਾਰ ਤਾਂ ਜੈਲਾ ਬਹੁਤ ਹੀ ਬਦਤਮੀਜ਼ੀ ਕਰ ਜਾਂਦਾ ਸੀ।

ਇੱਕ ਦਿਨ ਉਸ ਨੇ ਕੋਲ਼ੋਂ ਲੰਘਦੀ ਮੀਤੋ ਦੇ ਚਿੱਤੜਾਂ ਤੇ ਚੂੰਢੀ ਭਰ ਲਈ ਤੇ ਕੋਲ਼ ਬੈਠੇ ਜੰਗ ਸਿਉਂ ਨੇ ਥਾਪੀ ਦੇਣ ਵਾਂਗ ਖਚਰੀ ਜਿਹੀ ਹਾਸੀ ਹੱਸਦਿਆਂ ਕਿਹਾ ਸੀ— "ਲੁੱਚਾ ਕਿਤੋਂ ਦਾ।"

ਇੱਕ ਦਿਨ ਫੇਰ ਉਸ ਨੇ ਮੀਤੋ ਦੀ ਛਾਤੀ ਤੇ ਹੱਥ ਲਾ ਕੇ ਪਚਾਕਾ ਮਾਰਿਆ ਤੇ ਬੋਲਿਆ— "ਭਾਬੀ ਅੱਧੀ ਘਰ ਆਲ਼ੀ ਹੁੰਦੀ ਆ, ਪਰ ਮੇਰਾ ਤਾਂ ਰੁਪਏ 'ਚ ਆਨਾ ਵੀ ਨਹੀਂ ਭਾਬੀ ?"

ਇੱਥੇ ਹੀ ਬੱਸ ਨਹੀਂ ਸੀ।

ਇੱਕ ਦਿਨ ਉਹ ਗੁਆਂਢੀਆਂ ਦੀ ਕੁੜੀ ਚੰਨੀ ਦਾ ਗੁੱਡਾ ਤੇ ਗੁੱਡੀ ਲੈ ਆਇਆ। ਦੋਵਾਂ ਦੇ ਕੱਪੜੇ ਉਤਾਰ ਕੇ ਉਹ ਮੀਤੋ ਦੇ ਸਾਹਮਣੇ ਬੜੀਆਂ ਅਜੀਬ ਅਜੀਬ ਜਿਹੀਆਂ ਹਰਕਤਾਂ ਕਰਨ ਲੱਗ ਪਿਆ— "ਮੈਂ ਜਮਾਂ ਈ ਨਾੜੀ ਆਂ ਭਾਬੀ, ਆਪਣਾ ਚੇਲਾ ਈ ਮੁੰਨ ਲੈ ਮੈਨੂੰ। ਤੇਰੇ ਪੈਰ ਧੋ ਕੇ ਪੀਊਂ।"

ਮੀਤੋ ਰਾਤ ਨੂੰ ਹਟਕੋਰੇ ਲੈ ਲੈ ਕੇ ਦੱਸਦੀ ਕੈਲੇ ਨੂੰ। ਜੈਲੇ ਦੇ ਧੌਲ਼ ਧੱਫਾ ਕਰਨ ਦੀ ਸਲਾਹ ਦਿੰਦੀ। ਪਰ ਕੈਲਾ ਥੰਧਾ ਘੜਾ ਸੀ। ਭਿੱਜ ਕੇ ਬੂੰਦ ਜਿਹੋ ਜਿਹੀ ਪਈ, ਜਿਹੋ ਜਿਹੀ ਨਾ ਪਈ। ਉਹ ਘੁੱਗੂ ਬਣ ਜਾਂਦਾ ਸੀ। ਜਿਵੇਂ ਕੁੱਝ ਸੁਣਿਆ ਹੀ ਨਾ ਹੋਵੇ। ਸ਼ਾਇਦ ਇੰਜ ਕਰਨਾ ਉਹ ਮੀਤੋ ਦੀ ਆਦਤ ਸਮਝਣ ਲੱਗ ਪਿਆ ਸੀ। ਸ਼ਾਇਦ ਇੰਜ ਵੀ ਨਹੀਂ। ਇਸ ਦਾ ਉਸ ਕੋਲ ਦਰਅਸਲ ਹੱਲ ਵੀ ਨਹੀਂ ਸੀ। ਇਸ ਨੂੰ ਉਹ ਪਾਣੀ 'ਚ ਮਧਾਣੀ ਪਾਉਣ ਆਲ਼ੀ ਗੱਲ ਸਮਝਦਾ ਸੀ। ਉਹ ਮੀਤੋ ਨੂੰ ਕਹਿੰਦਾ— "ਪਾਣੀ ਰਿੜਕ ਕੇ ਕੀ ਕਰਾਂਗੇ ਮੀਤੋ ?"

ਸੱਸ ਦੀ ਅੱਡ ਹੋਣ ਆਲ਼ੀ ਸ਼ਰਤ ਸੁਣ ਕੇ ਕੈਲਾ ਬਹੁਤ ਦੁੱਖੀ ਹੋ ਗਿਆ ਸੀ, ਤੇ ਅੱਧੀਆ ਚਾੜ੍ਹ ਕੇ ਉਸ ਨੇ ਘਰ ਆ ਕੇ ਜੈਲੇ ਨੂੰ ਆ ਲਲਕਾਰਿਆ ਸੀ। ਜੈਲੇ ਦੀ ਚੰਗੀ ਕਿਸਮਤ ਨੂੰ ਜੰਗ ਸਿਉਂ ਘਰ ਸੀ। ਉਸ ਦੇ ਇੱਕ ਘਸੁੰਨ ਨਾਲ ਕੈਲਾ ਮੂਧੇ ਮੂੰਹ ਜ਼ਮੀਨ ਤੇ ਆ ਪਿਆ ਸੀ।

"ਓਏ ਕੰਜ਼ਰਦਿਆ, ਇਹ ਸੱਤ ਬਿਗਾਨਾ ਤਾਂ ਨੀਂ। ਭਾਈ ਐ ਤੇਰਾ। ਹੋਰ ਇਹ ਦੂਜੇ ਪਿੰਡ ਦੀਆਂ ਤੀਵੀਆਂ ਨਾਲ ਹਾਸਾ ਠੱਠਾ ਕਰੂ। ਸਾਡੇ ਬਾਬੇ ਵੇਲੇ ਸੱਤ ਭਾਈਆਂ ਦੇ ਇੱਕ ਤੀਵੀਂ ਹੁੰਦੀ ਤੀ। ਦਰੋਪਤੀ ਨਾਲ਼ ਪੰਜੇ ਪਾਂਡਵ ਸੌਂਦੇ ਤੀ। ਤੇਰੀ ਤੀਵੀਂ ਨੂੰ ਮਜ਼ਾਕ ਕਰ ਤਾ, ਸਾਲ਼ਿਆ ਕੇਹੜੀ ਹੇਠਲੀ ਉੱਤੇ ਹੋਗੀ ? ਤੇਰੀ ਤਾਈ ਨੂੰ ਪੁੱਛੀਂ ਦਿਉਰ ਭਾਬੀ ਦਾ ਕੀ ਰਿਸ਼ਤਾ ਹੁੰਦਾ ? ਪਿੰਡ ਸਾਲ਼ੀ ਪਤਾ ਨੀਂ ਕੀ ਗੁੱਲ ਖਲਾਉਂਦੀ ਹੋਣੀ ਆ, ਇੱਥੇ ਆ ਕੇ ਸੀਤਾ ਬਣਦੀ ਆ। ਤੇਰੇ ਚਿੱਤੜਾਂ 'ਚ ਉਂਗਲਾਂ ਦਿੰਦੀ ਆ ਉਹ, ਭੇਡ ਕਿੱਤੋਂ ਦੀ।"

ਮੁੜ ਕੇ ਜੈਲੇ ਨਾਲ ਅੱਖਾਂ ਮਿਲਾਉਣ ਦੀ ਹਿੰਮਤ ਨਹੀਂ ਪਈ ਕੈਲੇ ਦੀ। ਬਾਪੂ ਨਾਲ ਤਾਂ ਦੂਰ ਦੀ ਗੱਲ ਸੀ।

ਸਾਰੀ ਰਾਤ ਕੈਲੇ ਨੇ ਅੱਧ ਉਨੀਂਦਰੇ ਜਿਹੇ 'ਚ ਲੰਘਾ ਦਿੱਤੀ। ਉਹ ਪਾਸੇ ਪਰਤਦਾ ਰਿਹਾ। ਬੱਤੀ ਬੁਝਾਅ ਕੇ ਉਸ ਨੇ ਕਈ ਵਾਰ ਸੌਂਣ ਦੀ ਕੋਸ਼ਿਸ਼ ਕੀਤੀ। ਉਹ ਜਦੋਂ ਅੱਖਾਂ ਮੀਚਦਾ, ਮੀਤੋ ਤੇ ਸੱਸ ਉਸ ਦੇ ਸਾਹਮਣੇ ਆ ਖੜ੍ਹਦੀਆਂ। ਥੋੜ੍ਹੇ ਚਿਰ ਬਾਅਦ ਉਹ ਫਿਰ

ਬੱਤੀ ਜਗਾ ਲੈਂਦਾ। ਉਸ ਦੇ ਸਾਹਮਣੇ ਉਨ੍ਹਾਂ ਦੀ ਆਪਣੀ ਫ਼ੋਟੋ ਚਮਕ ਰਹੀ ਸੀ। ਜਿਸ 'ਚੋਂ ਚੇਹਰੇ ਗੁੰਮ ਸਨ। ਸ਼ਾਇਦ ਉਸ ਤੇ ਰੋਸ਼ਨੀ ਹੀ ਕੁੱਝ ਏਦਾਂ ਦੀ ਪੈ ਰਹੀ ਸੀ। ਫ਼ੋਟੋ ਦੇ ਫ਼ਰੇਮ 'ਚੋਂ ਇੱਕ ਡਰ ਨਿਕਲ ਕੇ ਉਸ ਦੇ ਮੱਥੇ ਨਾਲ਼ ਟਕਰਾ ਰਿਹਾ ਸੀ।

ਅੱਡ ਹੋ ਕੇ ਭੁੱਖੇ ਮਰਨ ਆਲ਼ੀ ਗੱਲ ਸੀ। ਤੇ ਤੀਵੀਂ ਗੁਆ ਕੇ ਨਰਕ ਭੋਗਣ ਆਲ਼ੀ। ਦੋਵੇਂ ਗੱਲਾਂ ਕੈਲੇ ਲਈ ਮੌਤ ਵਰਗੀਆਂ ਸਨ। ਦੋਵਾਂ 'ਚੋਂ ਇੱਕ ਗੱਲ ਨੇ ਹੀ ਪੂਰੀ ਹੋਣਾ ਸੀ ਤੇ ਉਸ ਨੂੰ ਅਧੂਰੀ ਰਹਿਣ ਆਲ਼ੀ ਗੱਲ ਦਾ ਗ਼ਮ ਸੀ। ਸੱਪ ਦੇ ਮੂੰਹ 'ਚ ਕੋੜ੍ਹ ਕਿਰਲੀ ਆਲ਼ੀ ਗੱਲ ਸੀ। ਉਹ ਕੀ ਕਰੇ ? ਕਿੱਥੇ ਜਾਵੇ ? ਕੀਹਦੀ ਮਾਂ ਨੂੰ ਮਾਸੀ ਕਹੇ ? ਉਸ ਨੂੰ ਕੋਈ ਰਾਹ ਨਹੀਂ ਸੀ ਦਿੱਸਦਾ। ਉਹ ਦਲਦਲ 'ਚ ਖੜ੍ਹਾ ਸੀ। ਤੁਰਦਾ ਸੀ ਤਾਂ ਧੱਸਦਾ ਸੀ। ਮੁੜਦਾ ਸੀ ਤਾਂ ਧੱਸਦਾ ਸੀ।

ਬੇਬੇ, ਚਾਚੀ ਤੇ ਸੱਸ ਦੀਆਂ ਗੱਲਾਂ ਉਸ ਦੇ ਕੰਨਾਂ 'ਚ ਵੱਜਦੀਆਂ ਰਹੀਆਂ। ਸੱਸ ਸ਼ਰਤਾਂ ਲਈ ਖੜ੍ਹੀ ਸੀ, ਬੇਬੇ ਤੇ ਚਾਚੀ ਨਸੀਅਤਾਂ ਲੈ ਕੇ। ਤਿੰਨਾਂ 'ਚੋਂ ਕੌਣ ਕੌਣ ਸਹੀ ਸਨ, ਉਹ ਅੰਦਾਜ਼ਾ ਨਹੀਂ ਲਾ ਸਕਿਆ।

ਜਦੋਂ ਉਸ ਦੀ ਅੱਖ ਖੁੱਲ੍ਹੀ, ਸੱਸ ਕਾਰਨਸ ਤੇ ਪਈਆਂ ਫ਼ੋਟੋਆਂ ਚੁੰਨੀ ਨਾਲ ਸਾਫ਼ ਕਰ ਰਹੀ ਸੀ। ਚਾਹ ਦੀ ਗੜਵੀ ਤੇ ਗਲਾਸ ਕਾਰਨਸ ਤੇ ਹੀ ਪਏ ਸਨ। ਉਸ ਨੇ ਉੱਠ ਕੇ ਸੱਸ ਨੂੰ 'ਪੈਰੀ ਪੈਨਾਂ' ਕਿਹਾ ਤੇ ਸੱਸ ਨੇ ਬਿਨਾ ਬੋਲਿਆਂ ਅੱਧੇ ਦਿੱਲ ਨਾਲ ਉਸ ਦੇ ਮੋਢੇ ਤੇ ਹੱਥ ਰੱਖਿਆ। ਤੇ ਫਿਰ ਫ਼ੋਟੋਆਂ ਸਾਫ਼ ਕਰਨ ਲੱਗ ਪਈ। ਫ਼ੋਟੋਆਂ ਸਾਫ਼ ਕਰਨਾ ਤਾਂ ਬਹਾਨਾ ਸੀ। ਉਹ ਤਾਂ ਗੱਲ ਦਾ ਮੁੱਢ-ਸਿਰਾ ਲੱਭ ਰਹੀ ਸੀ।

ਗੜਵੀ 'ਚੋਂ ਚਾਹ ਦਾ ਗਲਾਸ ਪੱਲਟ ਕੇ ਉਸ ਨੇ ਕੈਲੇ ਦੇ ਸਿਰ੍ਹਾਣੇ ਰੱਖ ਦਿੱਤਾ। ਤੇ ਆਪ ਮੰਜੇ 'ਚੋਂ ਚਾਦਰ, ਗਦੈਲਾ ਇਕੱਠਾ ਕਰ ਕੇ ਪੈਂਦੀ ਬੈਠ ਗਈ। ਕਮਰੇ 'ਚ ਖਾਮੋਸ਼ੀ ਜਿਹੀ ਛਾ ਗਈ, ਜਿਸ 'ਚੋਂ ਕੈਲੇ ਦਾ ਸਾਹ ਵੀ ਸੁਣਿਆ ਜਾ ਸਕਦਾ ਸੀ। ਉਹ ਨੀਵੀਂ ਪਾਈ ਬੈਠਾ ਸੀ ਤੇ ਉਸ ਦੀਆਂ ਉਂਗਲਾਂ ਗਦੈਲੇ ਤੇ ਵਿੱਛੀ ਚਾਦਰ ਤੇ ਕੱਢੀਆਂ ਕੁੜੀਆਂ ਚਿੱੜੀਆਂ ਤੇ ਫਿਰ ਰਹੀਆਂ ਸਨ। ਉਸ ਨੂੰ ਲੱਗਿਆ ਜਿਵੇਂ ਉਹ ਇਸ ਘਰ ਦਾ ਮੁਜ਼ਰਮ ਹੋਵੇ। ਸੱਸ ਨੇ ਥੁੱਕ ਖੰਘਾਰਿਆ। ਕੈਲੇ ਦੇ ਕੰਨ ਖੜ੍ਹੇ ਹੋ ਗਏ। ਉਸ ਨੇ ਨੀਵੀਂ ਪਾਇਆਂ ਹੀ ਸੱਸ ਦੇ ਮੂੰਹ ਵੱਲ ਵੇਖਿਆ।

"ਕੀ ਸੋਚਿਐ ਫਿਰ ਕਰਨੈਲ ਸਿਆਂ ?"ਸੱਸ ਬੋਲੀ।

ਕੈਲਾ ਚੁੱਪ ਰਿਹਾ। ਪੈਰ ਦੀਆਂ ਨਹੁੰਦਰਾਂ ਨਾਲ ਮਿੱਟੀ ਖੁਰਚਣ ਲੱਗਾ। ਉਸ ਦਾ ਦਿੱਲ ਧੜਕਣ ਲੱਗ ਪਿਆ, ਜਿਵੇਂ ਸੱਸ ਉਸ ਨੂੰ ਸਜ਼ਾ ਸੁਣਾਉਣ ਲੱਗੀ ਹੋਵੇ। ਮੱਥੇ ਦੀਆਂ ਬੂੰਦਾਂ ਉਸ ਨੇ ਤੇੜ ਪਾਏ ਚਾਦਰੇ ਦੇ ਲੜ ਨਾਲ ਪੂੰਝ ਦਿੱਤੀਆਂ।

"ਕੁੱੜੀ ਤਾਂ ਐਂ ਅਸੀਂ ਤੋਰਨੀ ਨੀਂ, ਇਹ ਇਸ ਘਰ ਦਾ ਫੈਸਲਾ ਐ ਭਾਈ।" ਸੱਸ ਫਿਰ ਬੋਲੀ।

"ਹੋਰ ਕਿਵੇਂ ਤੋਰੋਂਗੇ ਬੇਬੇ ਜੀ ? ਸਰਬੰਧ ਐਂ ਭੱਲਾ ਕਦੇ ਟੁੱਟਦੇ ਆ ?"ਕੈਲਾ ਉਵੇਂ ਹੀ ਨੀਵੀਂ ਪਾਈ ਬੋਲਿਆ।

"ਸਾਡਾ ਕਿਹਾ ਮੰਨ ਲੈ, ਤੇ ਕੁੱੜੀ ਲੈ ਜਾ, ਅਸੀਂ ਇਸ ਨੂੰ ਰੱਖ ਕੇ ਕੀ ਕਰਨੈ ? ਇੱਜ਼ਤ ਹਰੇਕ ਨੂੰ ਪਿਆਰੀ ਹੁੰਦੀ ਐ ਬੱਲਿਆ।"

(ਬਾਕੀ ਪੰਨਾ 74 'ਤੇ)

# ਬੰਜਰ

ਨਿੰਮੋ ਤੇ ਗਾਮੋ ਦੋਵੇਂ ਗੁਆਂਢਣਾਂ ਤੇ ਹਮ-ਖ਼ਿਆਲ। ਦੋਵੇਂ ਪਿੰਡੋਂ ਬਾਹਰਲੀ ਕੱਸੀ ਤੇ ਕੱਪੜੇ ਧੋਣ ਜਾ ਰਹੀਆਂ ਸਨ। ਦੋਵਾਂ ਦੇ ਹੱਥਾਂ 'ਚ ਪਿੱਤਲ ਦੀਆਂ ਬਾਲਟੀਆਂ ਤੇ ਸਿਰਾਂ ਤੇ ਕੱਪੜਿਆਂ ਦੀਆਂ ਗੰਢਾਂ ਸਨ। ਪਿੰਡ ਦੀ ਸੱਥ 'ਚੋਂ ਲੰਘਦਿਆਂ ਬਾਬਿਆਂ ਨੂੰ ਦੇਖ ਕੇ ਦੋਵਾਂ ਨੇ ਫੁੱਲਕਾਰੀਆਂ ਦੇ ਪੱਲੇ ਹੇਠਾਂ ਸੁੱਟੇ ਤੇ ਪਿੰਡੋਂ ਨਿਕਲ ਕੇ ਕੱਸੀ ਨੂੰ ਜਾਂਦੇ ਪਹੇ ਪੈ ਗਈਆਂ। ਫਿਰ ਇੱਕ ਨੇ ਪਿੱਛੇ ਮੁੜ ਕੇ ਵੇਖਿਆ ਤੇ ਦੂਜੀ ਨੂੰ ਬੋਲੀ—"ਕੁੱੜੇ ਸੁਣਾ ਇੱਧਰ-ਉੱਧਰ ਦੀ ਗਾਮੋ, ਕੌਣ ਪਿੰਡ 'ਚ ਜੰਮਿਐ, ਕੌਣ ਮਰਿਐ ?"

"ਕੁੱੜੇ ਮੈਂ ਪਿੰਡ ਦੀ ਨੈਣ ਆਂ ਜੁ ਸਾਰਾ ਦਿਨ ਲੋਕਾਂ ਦੀਆਂ ਦੇਹਲੀਆਂ ਸੁੰਘਦੀ ਫਿਰਦੀ ਆਂ ?"ਗਾਮੋ ਅੱਖਾਂ 'ਚ ਹੱਸਦੀ ਹੋਈ ਬੋਲੀ।

"ਨੀਂ ਤੈਥੋਂ ਪਿੰਡ ਦੀ ਕਿਹੜੀ ਤੀਵੀਂ ਦਾ ਢਿੱਡ ਲੁਕਿਐ ?"ਨਿੰਮੋ ਨੇ ਉਸ ਦੀ ਪਿੱਠ ਤੇ ਚੂੰਢੀ ਭਰਦਿਆਂ ਕਿਹਾ— "ਕਿਹੜੀ ਕਿੱਥੋਂ ਆਉਂਦੀ ਆ, ਕਿੱਥੇ ਜਾਂਦੀ ਆ ਕੋਈ ਤੈਥੋਂ ਪੁੱਛੇ।"

"ਤੂੰ ਕਰ ਲੈ ਝੇਡਾਂ, ਤੇਰਾ ਪਤੰਦਰ ਘਰ ਨੀਂ ਨਾ। ਤੇਰੇ ਅਰਗੀਆਂ ਤੀਵੀਆਂ ਨੂੰ ਉਦੋਂ ਹੀ ਔੜਦੀਆਂ ਨੇ ਜਦੋਂ ਉਸ ਦਾ ਖ਼ਸਮ ਘਰ ਨਾ ਹੋਵੇ। ਤੇਰਾ ਫੌਜੀ ਘਰ ਹੁੰਦਾ, ਫਿਰ ਪੁੱਛਦੀ ?"ਗਾਮੋ ਨੇ ਉਸ ਦਾ ਹੱਥ ਝਟਕ ਦਿੱਤਾ।

"ਮੇਰਾ ਫੌਜੀ ਪਰਸੋਂ ਆ ਰਿਹੈ ਗਾਮੋ, ਦੋ ਮਹੀਨਿਆਂ ਦੀ ਛੁੱਟੀ।" ਆਪਣੇ ਫੌਜੀ ਦਾ ਖਿਆਲ ਆਉਂਦਿਆਂ ਨਿੰਮੋ ਦਾ ਰੋਮ ਰੋਮ ਨਸ਼ਿਆ ਗਿਆ— "ਫਿਰ ਸਮਝੀਂ, ਆਪਣੀ ਦੋ ਮਹੀਨਿਆਂ ਵਾਸਤੇ ਆੜੀ ਟੁੱਕ ?"

"ਇਸੇ ਲਈ ਅੱਜ ਪੂਛ ਚੁੱਕੀ ਫਿਰਦੀ ਐਂ, ਕੋਈ ਨਾ, ਪਰਸੋਂ ਪੁੱਛੂੰ। ਫਿਰ ਤਾਂ ਤੂੰ ਸਾਡੇ ਕੰਮੋਂ ਗਈ, ਦੋ ਮਹੀਨਿਆਂ ਵਾਸਤੇ।" ਗਾਮੋ ਰੁੱਕ ਕੇ ਬੋਲੀ।

"ਨੀਂ ਸੱਚ ਜਾਣ ਗਾਮੋ, ਫੌਜੀ ਦੀ ਵੀ ਕਾਹਦੀ ਜ਼ਿੰਦਗੀ। ਪਹਿਲੀ ਰਾਤ ਤਾਂ ਰੋ ਕੇ ਲੰਘਾ ਦਿੰਦੈ, ਕਹਿੰਦੈ ਮੈਂ ਨੀਂ ਕਰਨੀ ਨੌਕਰੀ।"

"ਨੀਂ ਤੂੰ ਨਾਲ਼ ਕਿਉਂ ਨੀਂ ਚਲੀ ਜਾਂਦੀ ਆਪਣੇ ਫੌਜੀ ਦੇ ? ਸਾਬ੍ਹ ਨੂੰ ਦੋਵੇਂ ਸਲੂਟ ਮਾਰਿਓ।"

"ਉਸ ਦਾ ਸਾਬ੍ਹ ਕੁਆਰਾ, ਰੰਡੀਏ। ਮੈਂ ਤਾਂ ਹੱਸਦੀ ਆਂ ਗਾਮੋ, ਉਹ ਕਹਿੰਦੈ ਮੋਰਚਿਆਂ ਤੇ ਨਾਲ ਨੀਂ ਲਿਜਾ ਸਕਦੇ।"

"ਨੀਂ ਫੌਜੀ ਸਾਬ੍ਹ ਵੈਸੇ ਵੀ ਲੁੱਚੇ ਹੁੰਦੇ ਆ, ਜੀਤੋ ਦੇ ਘਰ ਵਾਲੇ ਉਸ ਨੂੰ ਦੱਸਿਆ ਹੋਣੈ। ਕਹਿੰਦੀ ਕੋਈ ਕਲੱਬ ਹੁੰਦੀ ਆ ਫੌਜੀਆਂ ਸਾਬ੍ਹਾਂ ਦੀ, ਉੱਥੇ ਇੱਕ ਦੂਜੇ ਦੀਆਂ ਜ਼ਨਾਨੀਆਂ ਨੂੰ ਜੱਫੀਆਂ ਪਾ ਲੈਂਦੇ ਆ। ਬੁੱਗੀ ਲੈ ਲੈਂਦੇ ਆ। ਹਾਏ ਹਾਏ ਨੀਂ, ਮੈਂ ਤਾਂ ਨਾ ਕਿਸੇ ਨੂੰ ਨਾਲ ਲੱਗਣ ਦੇਵਾਂ।"

"ਨੀਂ ਜਾਦੇ ਪੜ੍ਹੇ ਲਿਖੇ ਵੀ ਡੰਗਰਾਂ ਅਰਗੇ ਹੁੰਦੇ ਆ ਗਾਮੋ। ਬਹੁਤਾ ਪੜ੍ਹਨ ਨਾਲ ਕਹਿੰਦੇ ਅਕਲ ਘੱਟ ਜਾਂਦੀ ਆ।"

"ਪਰ ਤੂੰ ਆਪਣੇ ਫੌਜੀ ਨੂੰ ਕਹਿ, ਛੁੱਟੀ ਜਲਦੀ ਆ ਜਿਆ ਕਰੇ। ਨਹੀਂ ਤਾਂ ਜਾਏ ਵੱਢੀਏ ਤੀਵੀਂ ਦੇ ਤਿਲਕਦੇ ਮਨ ਦਾ ਕੀ ਪਤਾ ਲੱਗਦੈ ?"

"ਨਹੀਂ ਗਾਮੋ, ਫੌਜੀ ਦੀ ਤੀਵੀਂ ਦਾ ਮਨ ਇੰਨਾ ਕਮਜ਼ੋਰ ਨੀਂ ਹੁੰਦਾ। ਰਹੀ ਗੱਲ ਛੁੱਟੀ ਦੀ, ਸਿੱਪਾਹੀ ਨੂੰ ਛੇ ਮਹੀਨਿਆਂ ਤੋਂ ਪਹਿਲਾਂ ਛੁੱਟੀ ਨੀਂ ਮਿਲਦੀ।"

"ਫਿਰ ਵਿਚਾਰਾ ਨੌਕਰੀ ਛੱਡਣ ਨੂੰ ਨਾ ਕਹੇ ਤਾਂ ਹੋਰ ਕੀ ਕਰੇ ? ਛੇ ਮਹੀਨੇ ਕੋਈ ਘੱਟ ਹੁੰਦੇ ਆ। ਜਾਦੇ ਦੇਰ ਬੰਨ੍ਹ ਕੇ ਰੱਖੋ, ਘੋੜਾ ਵੀ ਰੱਸਾ ਤੁੜਾਉਣ ਲੱਗ ਜਾਂਦੈ।"

"ਚੱਲ ਛੱਡ ਇਹ ਗੱਲਾਂ ਗਾਮੋ, ਕੋਈ ਰਾਣੋ ਦੀ ਸੁਣਾ ਕੁੜੇ। ਮੈਨੂੰ ਤਾਂ ਚੰਦਰੀ ਤੇ ਬੜਾ ਤਰਸ ਆਉਂਦੈ।" ਨਿੰਮੋ ਨੇ ਗੱਲ ਦਾ ਰੁੱਖ ਬਦਲਿਆ।

"ਨਿਕਰਮੀ ਦੇ ਵਿਆਹ ਨੂੰ ਅੱਠਵਾਂ ਲੱਗ ਗਿਐ, ਢਿੱਡ ਅਜੇ ਉਥੇ ਦਾ ਉਥੇ ਆ।"

"ਕੁੜੇ ਉਸ ਵਿਚਾਰੀ ਦਾ ਕੀ ਕਸੂਰ ? ਉਸ ਦਾ ਆਦਮੀ ਹੀ ਸੁਣਿਐ ਕਿਸੇ ਕੰਮ ਦਾ ਨੀਂ। ਇੱਕ ਦਿਨ ਚੰਦਰੀ ਮੇਰੇ ਕੋਲ ਰੋ ਪਈ, ਕਹਿਣ ਲੱਗੀ— ਭੈਣੇ ਮੇਰੇ 'ਚ ਤਾਂ ਕੋਈ ਖੋਟ ਨੀਂ, ਤੇਰੇ ਜੇਠ 'ਚ ਹੀ ਕੋਈ ਨੁਕਸ ਆ। ਦਾਰੂ ਨਾਲ ਰੱਜ ਕੇ ਬਾਹਰਲੇ ਘਰ ਜਾ ਸੌਂਦੈ। ਇੱਕ ਦਿਨ ਤਾਂ ਮੈਂ ਲੜ ਹੀ ਪਈ ਤੇ ਮਾਰ ਵੀ ਖਾਧੀ। ਫਿਰ ਸੋਚਿਆ, ਇਸ ਚੰਦਰੇ ਦਾ ਵੀ ਕੀ ਕਸੂਰ ? ਸੱਸ, ਜਾਏ ਵੱਢੀ ਮੇਰੀ ਕੁੱਖ ਨੂੰ ਮੇਹਣੇ ਅੱਡ ਮਾਰਦੀ ਆ। ਪਰ ਮੈਂ ਕਿਵੇਂ ਆਖਾਂ ਬਈ ਤੇਰਾ ਪੁੱਤ ਹੀ ਗਿਆ ਗੁਜ਼ਰਿਐ ? ਤੀਵੀਂ ਵਿਚਾਰੀ ਦਾ ਕੀ ਕਸੂਰ ਗਾਮੋ ? ਜੇ ਬੰਦਾ ਕਿਸੇ ਕੰਮ ਦਾ ਨਾ ਹੋਵੇ, ਤੀਵੀਂ ਨਿਆਣੇ ਕਿੱਥੋਂ ਹੱਗ ਦੇ ?"

"ਤੇਰੀ ਗੱਲ ਤਾਂ ਸੋਲ਼ਾਂ ਆਨੇ ਸੱਚੀ ਆ ਨਿੰਮੋ ਪਰ ਦੁਨੀਆ ਤਾਂ ਕਸੂਰ ਤੀਵੀਂ ਦਾ ਕੱਢਦੀ ਆ ਨਾ। ਬੰਦਾ ਭਾਵੇਂ ਠਣ ਠਣ ਗੋਪਾਲ ਹੋਵੇ— ਪਰ ਇਹ ਦੋਸ਼ ਕਿਸੇ ਮਾਈ ਦੇ ਲਾਲ ਨੇ ਆਪਣੇ ਸਿਰ ਨੀਂ ਲਿਆ, ਨਿੰਮੋ। ਇਸ ਦੁਨੀਆ 'ਚ ਆਦਮੀ ਦਾ ਹੱਥ ਉੱਚਾ ਆ, ਇਸ ਲਈ ਤੋਹਮਤਾਂ ਤੇ ਰਾਣੋ ਅਰਗੀਆਂ ਨੂੰ ਹੀ ਸੁਣਨੀਆਂ ਪੈਣੀਆਂ ਨੇ। ਲੋਕਾਂ ਤਾਂ ਰਾਣੋ ਨੂੰ ਬੰਜਰ ਕਹਿਣੈ। ਵਿਚਾਰੀ ਰਾਣੋ, ਉਪਜਾਊ ਧਰਤੀ।" ਗਾਮੋ ਦਾ ਦਿੱਲ ਭਰ ਆਇਆ।

"ਤੋਹਮਤਾਂ ਸੁਣਨ ਦੀ ਕੀ ਜ਼ਰੂਰਤ ਆ ? ਘਰ ਜੁਆਨ ਸੀਰੀ ਆ, ਇੱਕ ਤੀਰ ਨਾਲ ਦੋ ਸ਼ਿਕਾਰ ਕਰੇ। ਲੋਕਾਂ ਦੀ ਦੰਦ-ਕਥਾ ਵੀ ਬੰਦ, ਸੱਸ ਦਾ ਮੂੰਹ ਵੀ ਬੰਦ।"

"ਤੂੰ ਠੀਕ ਆਖਿਆ ਨਿੰਮੋ। ਆਪਣਾ ਵੀ ਇਹੋ ਹਾਲ ਸੀ। ਦੇਖ, ਆਪਣੀ ਸਮਝ ਕੇ ਦੱਸਣ ਲੱਗੀ ਆਂ।"ਗਾਮੋ ਨੇ ਪਿੱਛੇ ਮੁੜ ਕੇ ਦੇਖਿਆ ਮਤੇ ਕੋਈ ਸੁਣਦਾ ਹੀ ਨਾ ਹੋਵੇ— "ਮੈਂ ਸੋਚਿਆ, ਛੋਟੇ ਦੇ ਹੁੰਦਿਆਂ ਮੈਂ ਕਿਉਂ ਰਾਣੋ ਬਣਾਂ ?"

"ਛੋਟਾ ? ਤੇਰਾ ਦਿਉਰ ਪਾਲਾ ?"

"ਅਖੀਰ ਸੋਚਿਆ— ਬਚਨਾ ਤੇਰੀ ਕੁੱਖ ਹਰੀ ਨੀਂ ਕਰ ਸਕਦਾ ਗਾਮੋ, ਮੈਨੂੰ ਇਹ ਅੱਕ ਚੱਬਣਾ ਹੀ ਪੈਣੈ। ਹਾਰ ਕੇ ਮੈਂ ਇਹ ਅੱਕ ਚੱਬ ਹੀ ਲਿਆ ਨਿੰਮੋ। ਮੇਰਾ ਕੀ ਗਿਆ ਨਿੰਮੋ। ਦੱਸ ਸਾਲਾਂ ਨੂੰ ਮੇਰੇ ਮੁੰਡੇ ਨੇ ਉਸ ਦੇ ਬਰਾਬਰ ਦਾ ਹੋ ਜਾਣੈ। ਵਕਤ ਸੱਭ ਕੁੱਝ ਭੁਲਾ ਦਿੰਦੈ। ਮੈਨੂੰ ਤਾਂ ਹੁਣ ਕੁੱਸ ਵੀ ਯਾਦ ਨਹੀਂ, ਜਿਵੇਂ ਕੁੱਝ ਹੋਇਆ ਹੀ ਨਹੀਂ। ਆਪਣੇ ਆਪ ਨੂੰ ਇਸ ਦੁਨੀਆਂ ਨਾਲ਼ੋਂ ਟੁੱਟਣ ਤੋਂ ਬਚਾ ਲਿਐ ਨਿੰਮੋ ? ਅੱਜ ਗਾਮੋ ਦਾ ਦੁਨੀਆ 'ਚ ਹਿੱਸਾ ਪੱਤੀ ਆ, ਕੋਈ ਅੱਖ ਚੁੱਕ ਕੇ ਨੀਂ ਦੇਖ ਸਕਦਾ।"

"ਇਸ ਗੱਲ ਦਾ ਕਿਸੇ ਹੋਰ ਨੂੰ ਨੀਂ ਪਤਾ ?"

"ਤੀਵੀਂ ਦੇ ਖ਼ਸਮ ਨੂੰ ਪਤਾ ਨਾ ਹੋਵੇ ਨਿੰਮੋ ?"

"ਕਿਸੇ ਹੋਰ ਨੂੰ ?"

"ਮੇਰੀ ਸੱਸ ਨੂੰ ਵੀ ਪਤੈ।"

"ਤੇਰੇ ਆਦਮੀ ਨੇ ਤੇਰੀਆਂ ਟੰਗਾਂ ਨੀਂ ਤੋੜੀਆਂ ?"

"ਕਿਵੇਂ ਤੋੜਦਾ ? ਔਲਾਦ ਦੀ ਕਿਸ ਨੂੰ ਲੋੜ ਨੀਂ। ਦੋ ਦਿਨ ਗੁੱਸੇ ਰਹਿ ਕੇ ਆਪੇ ਠੀਕ ਹੋ ਗਿਐ।"

"ਤੇ ਸੱਸ ?"

"ਉਸ ਨੂੰ ਸ਼ਾਇਦ ਆਪਣੇ ਪੁੱਤ ਬਾਰੇ ਪਹਿਲਾਂ ਹੀ ਭਿਣਕ ਪੈ ਗਈ ਸੀ। ਉਸ ਨੇ ਤਾਂ ਇੱਕ ਦਿਨ ਗੱਲਾਂ ਗੱਲਾਂ 'ਚ ਕਹਿ ਹੀ ਦਿੱਤਾ ਸੀ– "ਦਿਉਰ ਭਾਬੀ 'ਚ ਕੀ ਵੰਡਿਆ ਹੁੰਦੈ ਬਹੂ, ਦਿਉਰ ਦਾ ਭਾਬੀ ਤੇ ਇਨਾ ਕੁ ਹੱਕ ਤਾਂ ਹੁੰਦੈ। ਸੱਸ ਨੂੰ ਜਦੋਂ ਪਤਾ ਲੱਗਿਆ, ਬੜੀ ਖੁਸ਼ ਹੋਈ। ਕਹਿੰਦੀ ਤੂੰ ਸਾਡਾ ਖ਼ਾਨਦਾਨ ਬਚਾ ਲਿਐ, ਮੈਂ ਤੇਰਾ ਦੇਣਾ ਨਹੀਂ ਦੇ ਸਕਦੀ।"

"ਫਿਰ....... ?"

"ਉਸ ਤੋਂ ਬਾਅਦ ਤਾਂ ਘਰ 'ਚ ਮੇਰੀ ਅੰਤਾਂ ਦੀ ਟਹਿਲ ਸੇਵਾ ਹੋਣ ਲੱਗੀ। ਸੱਸ ਨੇ ਝੱਟ ਘਰ ਦੀਆਂ ਚਾਬੀਆਂ ਮੇਰੇ ਹੱਥਾਂ 'ਚ ਰੱਖ ਤੀਆਂ ਤੇ ਦਾਸੀਆਂ ਵਾਂਗ ਮੇਰੇ ਅੱਗੇ-ਪਿੱਛੇ ਫਿਰਨ ਲੱਗੀ।"

"ਤੇ ਬਚਨਾ ?"

"ਚਾਰ ਸਾਲ ਹੋਗੇ, ਪਾਣੀ ਭਰਦੈ।"

"ਮੈਂ ਤਾੜਤਾ ਸੀ। ਰੱਬ ਦਿਆ ਬੰਦਿਆ, ਆਪਣੇ ਕਸੂਰ ਦੀ ਸਜ਼ਾ ਇਸ ਨੂੰ ਨਾ ਦੇਈਂ। ਇਸ ਨੇ ਤੇਰੇ ਘਰ ਬੂਟਾ ਲਾ ਕੇ ਕੋਈ ਪਾਪ ਨਹੀਂ ਕਮਾਇਆ।"

"ਹੁਣ ਇੱਕ ਕੰਮ ਹੋਰ ਵੀ ਕਰ।" ਨਿੰਮੋ ਬੋਲੀ– "ਜੇ ਛੋਟਾ ਮੁੱਠੀ 'ਚ ਆ, ਉਸ ਦੀ ਜ਼ਮੀਨ ਤੇ ਵੀ ਹੱਥ ਮਾਰ ਲੈ।"

"ਗਾਮੋ ਕੱਚੀਆਂ ਗੋਲ਼ੀਆਂ ਨੀਂ ਖੇਡੀ, ਇਹ ਕੰਮ ਤਾਂ ਕਦੋਂ ਦਾ ਹੋ ਗਿਐ।"

"ਵਾਹ ਰੇ ਮਰਦ ਜਾਤ, ਇਸ ਦਾਅ ਤੇ ਹਰ ਚੀਜ਼ ਲੁੱਟਾ ਦੇਵੇਗਾ।"

"ਗੱਲ ਰਾਣੋ ਦੀ ਚੱਲੀ ਸੀ ਤੇ ਮੈਂ ਤਾਂ ਆਪਣੀ ਹੀ ਰਾਮ-ਕਹਾਣੀ ਲੈ ਕੇ ਬੈਠਗੀ।"

"ਤੇਰੀ ਕਹਾਣੀ ਨੇ ਤਾਂ ਸੁਆਦ ਲਿਆਤਾ ਨੱਢੀਏ, ਨਹੀਂ ਰੀਸਾਂ ਤੇਰੀਆਂ। ਨੀਂ ਕਿਸੇ ਰਾਮ ਦੀ ਕਹਾਣੀ ਤੇਰੀ ਕਹਾਣੀ ਦਾ ਕੀ ਮੁਕਾਬਲਾ ਕਰੂ ? ਬੋਤਲ ਜਿੰਨਾ ਨਸ਼ਾ ਤੇਰੀਆਂ ਗੱਲਾਂ 'ਚ ਗਾਮੋ।"

"ਮਸ਼ਕਰੀਆਂ ਨਾ ਕਰ ਲੁੱਚੀਏ, ਤੂੰ ਚੁਸਕੀਆਂ ਲੈਨੀ ਆਂ ਗੱਲਾਂ 'ਚੋਂ।"

"ਦੱਸ, ਅੱਜ ਤੋਂ ਬਾਅਦ ਤੈਨੂੰ ਬਚਨੇ ਦੀ ਕਹਾਂ ਕਿ ਪਾਲੇ ਦੀ ? ਦੇਖਿਆਂ, ਜਿਵੇਂ ਤੂੰ ਪਾਲੇ ਦੀ ਬਾਹਲ਼ੀ ਤੇ ਬਚਨੇ ਦੀ ਥੋੜ੍ਹੀ ਆਂ। ਬਚਨੇ ਦੀ ਤਾਂ ਬੱਸ ਇੱਕ ਮੋਹਰ ਐ ਤੇਰੇ ਤੇ।"

"ਹੱਟ ਰੰਡੀਏ, ਉੱਤਰ ਆਈ ਨਾ ਝੇਡਾਂ ਤੇ। ਹੁਣ ਮੈਂ ਤੈਨੂੰ ਕੁੱਝ ਨਹੀਂ ਦੱਸਣਾ।"

"ਮੈਂ ਤਾਂ ਤੇਰੇ ਢਿੱਡ 'ਚੋਂ ਕੱਢ ਲੂੰ ਸਾਰੀਆਂ ਗੱਲਾਂ। ਨਪੁੱਤੀਏ ਢਿੱਡ 'ਚ ਰੱਖੇਗੀ। ਕਿਵੇਂ ?"

"ਗੱਲ ਤਾਂ ਤੇਰੀ ਸੱਚ ਆ ਗਾਮੋ, ਤੈਨੂੰ ਨਾ ਦੱਸਾਂ ਤਾਂ ਜਾਏ ਰੋਇਆ ਹੌਲ ਜਾ ਪੈਣ ਲੱਗ ਜਾਂਦੇ ਢਿੱਡ 'ਚ। ਪਰ ਤੈਨੂੰ ਮੇਰੀ ਸੌਂਹ ਜੇ ਤੂੰ ਹੁਣ ਮਸ਼ਕਰੀ ਕੀਤੀ।"

"ਚੰਗਾ ਬਾਬਾ, ਨਹੀਂ ਕਰਦੀ ਹੁਣ। ਹਾਂ, ਤੂੰ ਹੁਣ ਰਾਣੋ ਦੀ ਗੱਲ ਕਰਨ ਲੱਗੀ ਸੀ।

ਮੈਨੂੰ ਉਸ ਦੇ ਘਰ ਆਲ਼ੇ ਕੰਜਰ ਤੇ ਬੜਾ ਗੁੱਸਾ ਆਉਂਦੈ। ਜਾਏ ਖਾਣਾ ਦਾਰੂ ਪੀ ਕੇ ਗਲ਼ੀਆਂ 'ਚ ਲਲਕਾਰੇ ਮਾਰਦਾ ਫਿਰਦੈ ਵੱਡਾ ਮਰਦ। ਜੀਅ ਤਾਂ ਕਰਦੈ ਬਈ ਪੁੱਛਾਂ, ਪਰ ਫਿਰ ਸੋਚਦੀ ਆਂ ਜੇ ਬਿਗਾਨੇ ਬੰਦੇ ਨੇ ਓਏ ਕਹਿਤਾ, ਮਰਨ ਮਰਾਉਣ ਨੂੰ ਥਾਂ ਹੋਜੂ।"

"ਕੱਲ੍ਹ ਵੀ ਪੀ ਕੇ, ਮਰ ਜਾਣਾ, ਚੇਤੂ ਮਰਾਸੀ ਦੀ ਕੁੜੀ ਦੇ ਪਿੱਛੇ ਉਹਨਾਂ ਦੇ ਘਰ ਜਾ ਵੜਿਆ। ਮਰਾਸੀ ਨੇ ਲੱਤਾਂ ਮਾਰ ਮਾਰ ਘਰੋਂ ਕੱਢ ਤਾ। ਮਰਾਸਣ ਉੱਚੀ ਉੱਚੀ ਕਹੇ— "ਤੇਰੀ ਵੱਡੇ ਮਰਦ ਦੀ। ਸ਼ਰਮ ਨੀਂ ਆਉਂਦੀ ਲੋਕਾਂ ਦੀਆਂ ਧੀਆਂ-ਭੈਣਾਂ ਪਿੱਛੇ ਆਉਂਦਿਆਂ ? ਤੀਵੀਂ ਤੇਰੀ ਸੀਰੀ ਦੀਆਂ ਰੋਟੀਆਂ ਢੋਂਦੀ ਫਿਰਦੀ ਆ।"

"ਤੀਵੀਂ ਲਈ ਤਾਂ ਆਦਮੀ ਪਸ਼ੂ ਵੀ ਬਣ ਜਾਂਦੈ ਨਿੰਮੋ। ਜਦੋਂ ਪੀਤੀ ਹੋਵੇ, ਫਿਰ ਤਾਂ ਗਲ਼ੀਆਂ ਦਰਵਾਜੇ ਘੁੰਮਦਾ ਫਿਰੂ, ਬਈ ਇੱਥੋਂ ਵੀ ਲੱਭ ਜੇ।"

"ਲੈ ਔਹ ਆਉਂਦੀ ਆ ਰਾਣੋ ਵੀ— ਸੀਰੀ ਦੀ ਰੋਟੀ ਦੇ ਕੇ ਆਈ ਹੋਣੀ ਆ।"ਨਿੰਮੋ ਨੇ ਗਾਮੋ ਦੇ ਕੂਹਣੀ ਮਾਰੀ।

"ਕੁੜੇ ਤੂੰ ਕਿਸਮਤ ਆਲ਼ੀ ਐਂ ਰਾਣੋ, ਤੇਰੀਆਂ ਹੀ ਗੱਲਾਂ ਕਰਦੀਆਂ ਆ ਰਹੀਆਂ ਸੀ। ਕਿੱਧਰੋਂ ਆ ਰਹੀ ਐਂ ਭੈਣੇ ?"ਗਾਮੋ ਨੇ ਜਾਣਦੇ ਹੋਏ ਵੀ ਪੁੱਛਿਆ।

"ਖੇਤੋਂ ਆ ਰਹੀ ਆਂ ਭੈਣੇ, ਸੀਰੀ ਦੀ ਰੋਟੀ ਦੇ ਕੇ।"ਰਾਣੋ ਨੇ ਚੁੰਨੀ ਨਾਲ ਮੱਥੇ ਦਾ ਪਸੀਨਾ ਪੂੰਝਦਿਆਂ ਕਿਹਾ— "ਜੱਟ ਦੀ ਵੀ ਕਾਹਦੀ ਜੂਨ ਆ ਗਾਮੋ ?"

"ਜੇ ਸੀਰੀ ਪਾਲ਼ੀ ਚੰਗੇ ਹੋਣ, ਫਿਰ ਤਾਂ ਜੂਨ ਨੂੰ ਕੀ ਹੋਇਐ ?"ਗਾਮੋ ਨੇ ਭਾਵੁਕ ਜਿਹਾ ਚੇਹਰਾ ਬਣਾਉਂਦਿਆਂ ਕਿਹਾ।

"ਚੰਗੇ ਸੀਰੀ ਪਾਲ਼ੀ ਕਿੱਥੇ ਮਿਲਦੇ ਆ ਭੈਣੇ ?"

"ਤੈਨੂੰ ਤਾਂ ਬਥੇਰਾ ਚੰਗਾ ਸੀਰੀ ਮਿਲਿਐ।" ਨਿੰਮੋ ਅੱਖਾਂ 'ਚ ਹੱਸੀ।

"ਹਾਂ, ਕਰਿੰਦਾ ਮੁੰਡਾ ਆ, ਕੰਮ ਕਰਨ ਵਾਲ਼ਾ। ਕੰਮ ਤੋਂ ਜੀਅ ਨਹੀਂ ਚੁਰਾਉਂਦਾ।"

"ਹੋਰ ਖੇਤੀ-ਬਾੜੀ ਦਾ ਕੀ ਹਾਲ ਆ ?"

"ਇਸ ਵਾਰ ਤਾਂ ਅੱਛੀ ਆ ਨਿੰਮੋ, ਸੀਰੀ ਦੇ ਸਿਰ ਤੇ ਆ। ਜੇਠ ਤਾਂ ਥੋਡਾ ਦਾਰੂ ਦਾ ਰੱਜਿਆ ਰਹਿੰਦੈ। ਸਾਰੀ ਧਰਤੀ ਬੰਜਰ ਬਣ ਗਈ ਸੀ, ਸੀਰੀ ਨੇ ਕਾਇਆ ਪਲਟੀ ਆ ਭੈਣੇ, ਜਿਉਂਦਾ ਰਹੇ ਵਿਚਾਰਾ।"

"ਜੁਆਨ ਸੀਰੀ ਦੇ ਹੁੰਦਿਆਂ ਧਰਤੀ ਕਿਵੇਂ ਬੰਜਰ ਰਹੂ ਰਾਣੋ ?"ਨਿੰਮੋ ਨੇ ਮਸ਼ਕਰੀ ਕੀਤੀ। ਜਿਸ ਨੂੰ ਰਾਣੋ ਝੱਟ ਸਮਝ ਗਈ।

"ਤੂੰ ਠੀਕ ਹੀ ਕਿਹੈ ਨਿੰਮੋ, ਇਸ ਵਾਰ ਧਰਤੀ ਬੰਜਰ ਨ੍ਹੀਂ ਰਹੂਗੀ।" ਰਾਣੋ ਨੇ ਸੱਚ ਕਬੂਲਦਿਆਂ ਬੜੀ ਦਲੇਰੀ ਨਾਲ ਉੱਤਰ ਦਿੱਤਾ—"ਬੰਜਰ ਇਸ ਵਾਰ ਪੁੱਤ ਉੱਗੂ ਗਾਮੋ ! ਬੰਜਰ ਇਸ ਵਾਰ ਪੁੱਤ ਜਮੂੰ.......।"

ਰਾਣੋ ਪਿੰਡ ਵੱਲ ਤੁਰ ਗਈ। ਤੇ ਉਹ ਦੋਵੇਂ ਖੱਚਰੀ ਜਿਹੀ ਹਾਸੀ ਹੱਸਦੀਆਂ ਕੱਸੀ ਵੱਲ।


**ਗੁਰਮੇਲ ਮਡਾਹੜ ਵਿਸ਼ੇਸ਼ ਅੰਕ**

ਸੰਪਾਦਕ : **ਕੇਸਰਾ ਰਾਮ**

# ਦੋ ਦੂਣੀ ਸੱਤ

ਦੁੱਲੇ ਦਾ ਗੱਧਾ ਹੀਂਗਿਆ।

ਮਾਸਟਰ ਨੇ ਘਰ ਦੀਆਂ ਦਹਿਲੀਜ਼ਾਂ 'ਚੋਂ ਦੀ ਕਿਲਕਾਰੀ ਮਾਰੀ ਤੇ ਫਿਰ ਉਸ ਨੇ ਤਿੰਨ ਗਾਲ੍ਹਾਂ ਕੱਢੀਆਂ। ਪਹਿਲੀ ਆਪਣੇ ਜੰਮਦਿਆਂ ਨੂੰ ਤੇ ਦੂਜੀ ਮੁਲਕ ਦੀ ਅਜ਼ਾਦੀ ਲਈ ਕੁਰਬਾਨ ਹੋ ਗਿਆਂ ਨੂੰ ਤੀਜੀ ਕਾਨੂੰਨ ਦੇ ਘਾੜਿਆਂ ਨੂੰ।

ਘਰ ਦੀ ਦੇਹਲ਼ੀ ਪਾਰ ਕਰਦਿਆਂ, ਮਾਸਟਰ ਪੰਡਤ ਰੁਲਦੂ ਰਾਮ ਨੇ ਆਪਣੇ ਘਰ ਦੇ ਸਾਹਮਣੇ ਆਲ਼ੇ ਵਾਗਲ਼ 'ਚ ਬੰਨ੍ਹੇ ਦੁੱਲੇ ਘੁਮਿਆਰ ਦੇ ਗੱਧੇ ਨੂੰ ਫੌਜੀ ਸਟਾਈਲ ਨਾਲ਼ ਜਾ ਸਲੂਟ ਮਾਰਿਆ। ਗੱਧੇ ਨੇ ਕੰਨ ਹਿਲਾਏ ਤੇ ਹਵਾ 'ਚ ਟੀਟਣੇ ਮਾਰੇ ਜਿਵੇਂ ਉਸ ਨੇ ਮਾਸਟਰ ਦੇ ਸਲੂਟ ਦਾ ਜਵਾਬ ਦਿੱਤਾ ਹੋਵੇ। ਗਲ਼ੀ ਦੇ ਲੰਡਰ ਕੁੱਤੇ ਇੱਕ ਵਾਰ ਭੌਂਕੇ ਤੇ ਫਿਰ ਲੱਤਾਂ 'ਚ ਸਿਰ ਦੇ ਕੇ ਸੌਂ ਗਏ। ਸਕੂਲ ਜਾ ਰਹੇ ਬੱਚਿਆਂ ਨੇ ਆਪਣੀਆਂ ਬੋਰੀਆਂ ਹਵਾ 'ਚ ਲਹਿਰਾਈਆਂ ਤੇ ਇਕੱਠਿਆਂ ਕਿਲਕਾਰੀ ਮਾਰੀ, ਜਿਸ ਦੀ ਅਵਾਜ਼ ਨਾਲ਼ ਨਿੰਮ 'ਚੋਂ ਚਿੜੀਆਂ ਦੀ ਡਾਰ ਉੱਡ ਕੇ, ਲਾਗਲੇ ਪਿੜ 'ਚ ਪਏ ਬਾਜਰੇ ਦੇ ਸਿੱਟਿਆਂ ਦੇ ਢੇਰ ਤੇ ਜਾ ਬੈਠੀ। ਸਿੱਟਿਆਂ ਦੀ ਰਾਖੀ ਬੈਠੇ ਮੇਹਰੂ ਬੁੜ੍ਹੇ ਨੇ ਮੰਜੀ ਹੇਠ ਬੈਠੇ ਕੁੱਤੇ ਨੂੰ ਸ਼ਿਸ਼ਕਾਰਿਆ ਤੇ ਚਿੜੀਆਂ ਫਿਰ ਵਾਪਸ ਨਿੰਮ ਤੇ ਜਾ ਬੈਠੀਆਂ, ਜਿੱਥੇ ਮਾਸਟਰ ਸੀ, ਗੱਧਾ ਸੀ, ਸਕੂਲ ਦੇ ਬੱਚੇ ਸਨ, ਗਲ਼ੀ 'ਚ ਆ ਜਾ ਰਹੇ ਪਿੰਡ ਦੇ ਲੋਕ ਸਨ।

"ਟੈਨਸ਼ਨ ਮਾਸਟਰ ਜੀ.......।" ਸਕੂਲ ਜਾ ਰਹੇ ਬੱਚਿਆਂ 'ਚੋਂ ਇੱਕ ਨੇ ਕਿਹਾ।

ਮਾਸਟਰ ਪੈਰ ਗੱਡ ਕੇ ਖੜ੍ਹ ਗਿਆ ਤੇ ਸਲੂਟ ਕੱਢ ਮਾਰਿਆ। ਉਹ ਇਸ ਤਰ੍ਹਾਂ ਪੈਰ ਗੱਡ ਕੇ ਖੜ੍ਹ ਗਿਆ ਜਿਵੇਂ ਤਿਰੰਗੇ ਨੂੰ ਸਲਾਮੀ ਦੇ ਰਿਹਾ ਹੋਵੇ। ਬੱਚੇ ਕਿਲਕਾਰੀਆਂ ਮਾਰਦੇ ਸਕੂਲ ਵੱਲ ਤੁਰ ਗਏ, ਪਰ ਮਾਸਟਰ ਉਸੇ ਤਰ੍ਹਾਂ ਬਿਜਲੀ ਦੇ ਖੰਭੇ ਵਾਂਗ ਤਣਿਆ ਖੜ੍ਹਾ ਰਿਹਾ। ਉਸ ਦੀ ਬਿਰਤੀ ਉਦੋਂ ਟੁੱਟੀ ਜਦੋਂ ਗੱਧਾ ਜ਼ੋਰ ਦੀ ਹੀਂਗਿਆ।

"ਹਾਂ, ਮੇਰੇ ਪਿਉ, ਦੱਸ ਦੀਨਿਆ ਕੀ ਕਹਿਣੈ .....?" ਉਸ ਨੇ ਗੱਧੇ ਦੀਆਂ ਚੱਪਣੀਆਂ ਨੂੰ ਛੂਹ ਕੇ ਮੱਥੇ ਨੂੰ ਹੱਥ ਲਾਇਆ। ਫਿਰ ਉਸ ਨੇ ਮੋਢਿਓਂ ਝੋਲ਼ਾ ਉਤਾਰਿਆ ਜੋ ਅਕਸਰ ਉਹ ਕਾਮਰੇਡਾਂ ਆਂਗੂੰ ਗਲ਼ ਪਾਈ ਰੱਖਦਾ ਸੀ ਤੇ ਉਸ 'ਚੋਂ ਮੁਰਝਾਏ ਜਿਹੇ ਫੁੱਲਾਂ ਦਾ ਹਾਰ ਕੱਢ ਕੇ ਗੱਧੇ ਦੇ ਗਲ਼ 'ਚ ਪਾ ਦਿੱਤਾ।

"ਮੇਰੇ ਬਾਪੂ...... ਮੇਰੇ ਮਾਈ ਬਾਪ, ਚਲਦੈਂ ਹੁਣ ਮੈਂ ........।"

ਉਹ ਗੱਧੇ ਦੇ ਪਿੱਛੇ ਗਿਆ। ਕੁੱਝ ਚਿਰ ਖੜ੍ਹਾ ਸੋਚਦਾ ਰਿਹਾ? ਅੱਖਾਂ ਭਰ ਕੇ ਅਸਮਾਨ ਵੱਲ ਵੇਖਦਾ ਰਿਹਾ। ਫਿਰ ਚਾਂਗਰ ਮਾਰ ਕੇ ਗੱਧੇ ਦੇ ਚਿੱਤੜਾਂ ਤੇ ਠੁੱਡਾ ਮਾਰਿਆ।

"ਵਾਹ ਮਹਾਟਰ ਜੀ ਵਾਹ। ਨਈਂ ਰੀਸਾਂ ਬਈ ਬਾਮ੍ਹਣ ਦੀਆਂ। ਰੌਣਕਾਂ ਲਾ ਤੀਆਂ ਤੁਸੀਂ ਤਾਂ ਬਾਬਿਓ......। ਨਈਂ ਪਿੰਡ 'ਚ ਕੋਈ ਜਿਹੜਾ ਬਾਮ੍ਹਣ ਦੀ ਝੰਡੀ ਫੜ ਸਕੇ।" ਕੋਲ਼ੋਂ ਲੰਘਦੇ ਨੌਹਰਾ ਤੇ ਘੀਸੂ ਮਜ਼੍ਹਬੀ ਕਹਾਕਾ ਮਾਰ ਕੇ ਹੱਸੇ।

"ਬਾਮ੍ਹਣ ਦਾ ਤਾਂ ਅੱਜ ਕੱਲ੍ਹ ਗੱਧੇ ਤੇ ਦਿੱਲ ਆਇਆ ਹੋਇਐ ਘੀਸੂ......। ਗੱਧੇ ਨੂੰ ਸਾਲ਼ਾ ਇਹ ਬਾਮ੍ਹਣੀ ਸਮਝੀ ਬੈਠੈ......।"

"ਇਹ ਤਾਂ ਵਿਚਾਰਾ ਅੱਜ ਕੱਲ੍ਹ ਸਾਰੇ ਪਿੰਡ ਦੀ ਭਾਬੀ ਬਣਿਆ ਹੋਇਐ ਨੌਹਰੇ। ਇਹ ਤਾਂ ਸੁੱਧ-ਬੁੱਧ ਖੋਈ ਫਿਰਦੈ, ਇਹਦੇ ਭਾਣੇ ਤਾਂ ਸਾਰਾ ਪਿੰਡ ਈ ਗਾਂਡੂ ਆ।" ਘੀਸੂ ਨੂੰ ਉਸ

ਤੇ ਤਰਸ ਆਇਆ।

ਮਾਸਟਰ ਨੇ ਥੁੱਕ ਦਾ ਗੋਲ਼ਾ ਉਨ੍ਹਾਂ ਦੋਵਾਂ ਦੇ ਪੈਰਾਂ ਵੱਲ ਸੁੱਟਿਆ, ਤੇ ਫਿਰ ਸੱਜੀ ਬਾਂਹ ਦੀ ਕੂਹਣੀ ਖੱਬੇ ਹੱਥ ਦੀ ਹਥੇਲੀ ਤੇ ਰੱਖ ਕੇ ਹਿਲਾਉਣ ਲੱਗਾ। ਕੋਲ਼ੋਂ ਲੰਘਦੀ ਜੈਮਲ ਸਿਉਂ ਦੀ ਨੂੰਹ ਮੇਲੋ, ਮਾਸਟਰ ਦੀ ਇਹ ਹਰਕਤ ਵੇਖ ਸੁਆਦ ਲੈਣ ਆਲਿਆਂ ਵਾਂਗੂੰ ਮੁਸਕੜੀਆਂ 'ਚ ਹੱਸੀ ਤੇ ਭੱਜ ਕੇ ਜੰਗੀਰੋ ਦੇ ਘਰ ਜਾ ਵੜੀ।

"ਨੀਂ ਤੇਰੀ ਗਲ਼ੀ 'ਚ ਝੋਟਾ ਫਿਰਦੈ ਜੰਗੀਰੋ।"ਮੇਲੋ ਨੇ ਜੰਗੀਰੋ ਦੇ ਚੂੰਢੀ ਭਰਦਿਆਂ ਕਿਹਾ।

"ਜੰਗੀਰੋ ਦੀ ਮੈਸ੍ਹ ਨੂੰ ਹਰੀ ਹੋਇਆਂ ਚਾਰ ਮਹੀਨੇ ਹੋਗੇ ਮੇਲੋ।" ਜੰਗੀਰੋ ਦੀਆਂ ਅੱਖਾਂ 'ਚ ਜਿੱਤ ਵਰਗੀ ਚਮਕ ਸੀ।

"ਫਿਰ ਤਾਂ ਮੂੰਹ ਮਿੱਠਾ ਕਰਾ ਲੁਚੀਏ, ਸਾਰੇ ਲੱਡੂ ਆਪ ਹੀ ਖਾ ਗੀ ?"ਮੇਲੋ ਦੇ ਮੂੰਹ 'ਚ ਪਾਣੀ ਭਰ ਆਇਆ।

"ਪੰਡਤ ਕੰਡੇ ਤੇ ਹੋਇਆ ਫਿਰਦੈ, ਭੈਣ ਦਾ...... ਸਾਨੂੰ ਫੁੱਦੂ ਈ ਸਮਝਦੈ, ਘੀਸੂ।" ਨੌਹਰੇ ਨੂੰ ਹਾਸੇ ਦੇ ਨਾਲ਼ ਗੁੱਸਾ ਵੀ ਆਇਆ।

"ਸਾਲ਼ੇ ਬਾਮ੍ਹਣ ਨੇ ਘਰ ਦੀ ਐਸੀ ਤੈਸੀ ਫੇਰ ਕੇ ਰੱਖਤੀ ਅਰ। ਤੀਵੀਂ ਤੇ ਕੁੱੜੀ ਅੱਲ ਵੇਖ ਕੇ ਬਲਾਈਂ ਤਰਸ ਆਉਂਦੈ ਨੌਹਰੇ। ਬਾਮਣ੍ਹੀ ਰੋਂਦੀ ਝੱਲੀ ਨੀਂ ਜਾਂਦੀ। ਤੀਵੀਂ ਕੱਲੀ ਕਾਰੀ ਕਰੇ ਵੀ ਕੀ ? ਕੁੱੜੀ ਵਿਚਾਰੀ ਦੇ ਧੌਲ਼ੇ ਆਗੇ, ਉਹਦੇ ਨਾਲ਼ ਜੰਮ ਕੇ ਪਿੰਡ ਦੀਆਂ ਕੁੜੀਆਂ ਚਾਰ ਚਾਰ ਨਿਆਣਿਆਂ ਆਲ਼ੀਆਂ ਤੀਵੀਆਂ ਬਣ ਗੀਆਂ। ਚਾਰ ਕੁ ਦਿਨ ਹੋਏ ਸਿੱਧੂਆਂ ਦਾ ਮੀਤਾ ਕਹਿੰਦੇ ਦਾਰੂ ਪੀ ਕੇ ਬਾਮਣ੍ਹ ਦੇ ਘਰ ਜਾ ਵੜਿਆ। ਕੰਧ ਟੱਪਦਾ ਬਾਮ੍ਹਣੀ ਨੇ ਦੇਖ ਲਿਆ। ਅੰਦਰਲੀ ਘਾਣੀ ਦਾ ਤਾਂ ਕਿਸੇ ਨੂੰ ਪਤਾ ਨੀਂ ਪਰ ਕਹਿੰਦੇ ਬਾਮ੍ਹਣੀ ਨੇ ਰੌਲਾ ਪਾ ਤਾ ਤੇ ਮੀਤਾ ਪੱਤਰੇ ਵਾਚ ਗਿਆ।"

"ਦੁਨੀਆ, ਬੜੀ ਸ਼ਿਕਾਰੀ ਆ ਮਿੱਤਰਾ। ਪਰ ਵਰ੍ਹਿਆਂ ਦੇ ਸਾਬ੍ਹ ਨਾਲ ਕੁੱੜੀ ਦਾ ਕਸੂਰ ਨੀਂ। ਆਦਮੀ ਸਾਲ਼ਾ ਇੱਥੇ ਤੱਕ ਅਪੜਦਾ ਪਤਾ ਨੀਂ ਕਿੰਨੇ ਥਾਂ ਮੂੰਹ ਮਾਰ ਆਉਂਦੈ। ਭੈਣ ਦੇਣੇ ਆਦਮੀ ਦੀ ਦੁਨੀਆ ਦਾ......।"

"ਪੰਡਤ ਅੱਲ ਵੇਖ ਕੇ ਤਾਂ ਐਂ ਲੱਗਦੈ ਨੌਹਰੇ ਬਈ ਨਰਕ ਸੁਰਗ ਏਥੇ ਈ ਆ, ਏਹੀ ਹੋਣੀ ਆ। ਆਲ੍ਹਣਾ ਡੱਕੇ ਡੱਕੇ ਹੋ ਗਿਐ, ਪੰਡਤ ਦੇ ਖੇਤ ਨੂੰ ਔਲ਼ੇ ਮਾਰਗੇ ਮਿੱਤਰਾ, ਮੁੰਡੇ ਕੰਜਰ ਦੇ ਸ਼ਹਿਰ ਤੁਰਗੇ, ਇਨ੍ਹਾਂ ਨੂੰ ਡੋਬ ਕੇ।"

"ਇੰਨ੍ਹੇ ਕੇੜ੍ਹਾ ਉਨ੍ਹਾਂ ਨੂੰ ਕੰਨੂਗੋ ਲਾਤਾ। ਉਨ੍ਹਾਂ ਦੀ ਵੀ ਸੁਣਿਐ ਹਾਲਤ ਖਸਤਾ ਈ ਐ। ਇੱਕ ਸ਼ਹਿਰ ਦੇ ਠੇਕੇਦਾਰ ਕੋਲ਼ ਆ ਤੇ ਦੂਜਾ ਚਪੜਾਸੀ, ਕਿਸੇ ਸਰਕਾਰੀ ਮਹਿਕਮੇ 'ਚ। ਕੀ ਨੰਗੀ ਨ੍ਹਾਊ, ਕੀ ਨਚੋੜੂ। ਉਨ੍ਹਾਂ ਕੋਲ਼ੇ ਇਨ੍ਹਾਂ ਨੂੰ ਦੇਣ ਲਈ ਕੀ ਛੁਣਕਣਾ ਐ ?"

"ਨੌਕਰੀਆਂ ਭਲਾਂ ਕਿਤੇ ਰੂੜੀਆਂ ਤੇ ਰੁਲ਼ਦੀਆਂ ਨੇ। ਇਹ ਤਾਂ ਸਾਡੀ ਜਾਤ ਐ ਭਾਈ, ਜਿਨ੍ਹੂੰ ਨੌਕਰੀਆਂ ਮਿਲ ਜਾਂਦੀਆਂ ਨੇ। ਬਾਮ੍ਹਣਾਂ, ਬਾਣੀਆਂ ਤੇ ਜੱਟਾਂ ਦੇ ਜ਼ਮਾਨੇ ਲੱਦ ਗੇ ਮੇਰੇ ਆਰ......। ਅਜ਼ਾਦੀ ਤਾਂ ਸਾਨੂੰ ਮਿਲ਼ੀ ਆ........।" ਘੀਸੂ ਜਿੱਤ ਗਿਆਂ ਵਾਂਗ ਕਹਿ ਰਿਹਾ ਸੀ।

"ਸਾਨੂੰ ਤਾਂ ਸੁਆਦ ਹੀ ਹੁਣ ਆਉਣ ਲਗਿਐ। ਜਦੋਂ ਦਾ ਮੁੰਡਾ ਛੋਟਾ ਠਾਣੇਦਾਰ ਲੱਗਿਐ, ਮੈਨੂੰ ਤਾਂ ਸਾਲ਼ਾ ਬੋਤਲ ਜਿੰਨਾ ਨਸ਼ਾ ਚੜ੍ਹਿਆ ਰਹਿੰਦੈ। ਮੈਂ ਤਾਂ ਮੁੰਡੇ ਨੂੰ ਕਿਹਾ ਸੀ

ਕਿ ਪੁੱਤਰਾ ਸੱਭ ਤੋਂ ਪਹਿਲਾਂ ਕਿਸੇ ਜੱਟ ਦੇ ਚਿੱਤੜ ਕੁੱਟੀਂ। ਇਨ੍ਹਾਂ ਸਾਲ਼ਿਆਂ ਨੇ ਹੁਣ ਤੱਕ ਸਾਨੂੰ ਕੰਨ੍ਹਾ ਪਾਈ ਰੱਖਿਐ। ਮੇਰਾ ਬਾਪੂ ਸਾਰੀ ਉਮਰ ਇਨ੍ਹਾਂ ਦੇ ਢਿੱਡੇ ਗੰਢਦਾ ਮਰ ਗਿਆ। ਮਾਂ ਮੇਰੀ ਇਨ੍ਹਾਂ ਦੇ ਪਸ਼ੂਆਂ ਦਾ ਗੋਹਾ ਸਿਰ ਤੇ ਰੱਖ ਕੇ ਮਰੀ। ਭੈਣ ਨੇ ਇਨ੍ਹਾਂ ਦੇ ਖੇਤਾਂ 'ਚ ਜੁਆਨੀ ਗਾਲ਼ ਤੀ। ਇੰਨਾਂ ਕਰ ਕੇ ਵੀ ਦੋ ਡੰਗਾਂ ਦੀ ਰੋਟੀ ਮਸਾਂ ਜੁੜੀ। ਕੱਲ੍ਹ ਨੂੰ ਅਸੀਂ ਇਨ੍ਹਾਂ ਦੇ ਮੋਢਿਆਂ ਤੇ ਪੰਜਾਲ਼ੀ ਰੱਖਾਂਗੇ। ਝੂਠ ਨਿਕਲਿਆ, ਮੇਰੇ ਮੂੰਹ ਤੇ ਮੂਤ ਦੀਂ। ਹੁਣ ਨੌਕਰੀਆਂ ਲੰਬਰਾਂ ਨਾਲ ਨੀਂ, ਜਾਤਾਂ ਨਾਲ ਮਿਲਣਗੀਆਂ। ਜਿਉਂਦੇ ਵੱਸਦੇ ਰੈਣ੍ਹ ਇਹ ਕਾਂਗਰਸੀ, ਵੋਟਾਂ ਅਸੀਂ ਖਾਣੀਆਂ ਨੇ, ਵੋਟਾਂ ਇਨ੍ਹਾਂ ਦੀਆਂ, ਨੌਕਰੀਆਂ ਸਾਡੀਆਂ।"

ਦੋਵਾਂ ਨੇ ਹੱਥ ਤੇ ਹੱਥ ਮਾਰਿਆ ਤੇ ਬੱਕਰੇ ਬੁਲਾਉਂਦੇ ਦੂਰ ਨਿਕਲ ਗਏ।

ਪੰਡਤ ਦਾ, ਜਿੱਧਰ ਮੂੰਹ ਹੋਇਆ ਤੁਰ ਪਿਆ ਤੇ ਘੰਟੇ ਕੁ 'ਚ ਪਿੰਡ ਦਾ ਚੱਕਰ ਕੱਢ ਕੇ ਘਰ ਪਰਤ ਆਇਆ।

ਪੰਡਤ ਸ਼ਾਂਤ ਸੀ, ਜਿਵੇਂ ਜਵਾਰਭਾਟੇ ਤੋਂ ਬਾਅਦ ਲਹਿਰਾਂ ਸਮੁੰਦਰ ਦੀ ਹਿੱਕ ਤੇ ਸੌਂ ਗਈਆਂ ਹੋਣ। ਉਹ ਵਿਹੜੇ ਦੇ ਅੱਧ 'ਚ ਹੀ ਸੀ ਜਦੋਂ ਲਾਭੋ ਦਾ ਉਸ ਨਾਲ ਸਾਹਮਣਾ ਹੋ ਗਿਆ। ਉਹ ਭੂਸਰੀ ਗਾਂ ਵਾਂਗ ਲੱਗੀ, ਜਿਵੇਂ ਹੁਣੇ ਖੌਰੂ ਪਾਊਗੀ ! ਗੁੱਸਾ ਉਸ ਦੀਆਂ ਨਾਸ਼ਾਂ 'ਚ ਉੱਤਰਿਆ ਹੋਇਆ ਸੀ।

"ਕੁੱੜੇ ਇਸ ਵੈਰੀ ਨੂੰ ਸਮਝਾ, ਸਕੂਲ ਵੱਗ ਜਿਆ ਕਰੇ.......।"ਉਸ ਨੇ ਚੁਲ੍ਹੇ ਮੂਹਰੇ ਬੈਠੀ ਕੁੱੜੀ ਨੂੰ ਕਿਹਾ— "ਘਰ ਬੈਠਿਆਂ ਢਿੱਡ ਭਰ ਜੂ...... ? ਇਹਦੇ ਧੌਲ਼ੇ ਝਾਟੇ ਨੂੰ ਕੀ ਹੋ ਗਿਐ ? ਇਹ ਗੂੰਗਾ, ਨਾ ਕੁੱਝ ਸੁਣਦੈ ਤੇ ਨਾ ਕੁੱਝ ਭੌਂਕਦੈ। ਮੰਜੀ ਤੇ ਪਿਆ ਸੂਰ ਆਂਗੂੰ ਪਾਸੇ ਮਾਰੀ ਜਾਂਦੈ।" ਲਾਭੋ ਨੇ ਜਵਾਨੀ ਪਾਰ ਕਰ ਚੁੱਕੀ ਕੁੜੀ ਨੂੰ ਕਿਹਾ।

ਕੁੱੜੀ ਚੁੱਪ ਰਹੀ।

"ਇਹ ਬੱਚਾ ਤਾਂ ਨ੍ਹੀਂ ਜੇੜ੍ਹਾ ਸਕੂਲ ਜਾਣੋਂ ਡਰਦੈ ? ਖਾਂਦੈ ਕੋਈ ਇਹਨੂੰ ਉਥੇ, ਇਹ ਜਾਏ ਵੱਢਾ ਤੀਵੀਂ ਤਾਂ ਨ੍ਹੀਂ ਬਈ ਕੋਈ ਏਦ੍ਹੀ ਬਾਂਹ ਫੜ ਲੂ ? ਲੋਕਾਂ ਨੂੰ ਰਿਜ਼ਕ ਮਿਲਦਾ ਨ੍ਹੀਂ, ਇਹ ਕੁੱਤਾ ਰਿਜ਼ਕ ਨੂੰ ਲੱਤ ਮਾਰਦੈ.......। ਲੋਕ ਐਵੇਂ ਤਾਂ ਨ੍ਹੀਂ ਕਹਿੰਦੇ ਬਈ ਰਿਜ਼ਕ ਨੂੰ ਲੱਤ ਮਾਰਨ ਆਲ਼ਾ ਭੁੱਖਾ ਮਰਦੈ। ਸਾਡੇ ਨਾਲ਼ ਇਹ ਕੁੱਝ ਹੋਣ ਆਲ਼ਾ ਧੀਏ।"ਲਾਭੋ, ਕੁੱੜੀ ਵੱਲ ਦੇਖਣ ਲੱਗੀ ਤੇ ਕੁੱੜੀ ਆਪਣੇ ਹੱਥਾਂ ਵੱਲ। ਕੁੱੜੀ ਨੇ ਅੱਖਾਂ ਭਰ ਕੇ ਅਸਮਾਨ ਵੱਲ ਵੇਖਿਆ ਤੇ ਠੰਢਾ ਸਾਹ ਭਰਿਆ।

"ਵੱਡੇ ਨੂੰ ਸੂਰ ਨੂੰ ਆਪਣਾ ਢਿੱਡ ਭਰਨ ਤੋਂ ਬਿਨਾਂ ਕਿਸੇ ਹੋਰ ਦਾ ਫ਼ਿਕਰ ਨੀਂ। ਉਹ ਕੰਮ ਦਾ ਹੁੰਦਾ, ਇਹ ਭਾਵੇਂ ਢੱਠੇ ਖੂਹ 'ਚ ਡਿੱਗਦਾ.....। ਇਨ੍ਹਾਂ ਨੂੰ ਜੰਮ ਕੇ ਵੀ ਅਸੀਂ ਕੇੜ੍ਹਾ ਤਰਗੇ। ਇਹੋ ਜੀ 'ਲਾਦ ਨਾਲੋਂ ਤਾਂ ਰੱਬ ਖੂਹ 'ਚ ਧੱਕਾ ਦੇ ਦੇ।"

"ਉਹਨੂੰ ਕੇੜ੍ਹਾ ਤੁਸੀ ਡੀ. ਸੀ. ਲਵਾਤਾ।"ਕੁੱੜੀ ਮਾਂ ਦੀ ਗੱਲ ਕਟਦਿਆਂ ਬੋਲੀ— "ਉਹ ਤਾਂ ਵਿਚਾਰਾ ਹਜ਼ਾਰ ਰੁਪਏ ਪਿੱਛੇ ਖਾਕ ਛਾਣਦਾ ਫਿਰਦੈ। ਉਹ ਸੋਡਾ ਮੂੰਹ ਝੁਲਸੇ ਕਿ ਆਪਣਾ ਢਿੱਡ ਭਰੇ.......।"

"ਉਹਨੂੰ ਵੀ ਏਸੇ ਕੰਜਰ ਨੇ ਲੁਆਉਣਾ ਸੀ ?"

"ਪਤਾ ਨ੍ਹੀਂ ਇਸ ਘਰ 'ਚ ਕੰਜਰ ਹੈ ਕੌਣ ? ਕੁੱੜੀ ਅੱਖਾਂ ਭਰ ਕੇ ਪਰ੍ਹਾਂ ਤੁਰ ਗਈ ਤੇ ਲਾਭੋ ਮਾਸਟਰ ਦੁਆਲ਼ੇ ਆ ਹੋਈ।

"ਵੇ ਵੈਰੀਆ, ਚੰਦਰੀ ਦਿਆ ਖ਼ਸਮਾਂ। ਵੇ ਕਿਉਂ ਵੱਗ ਭੁੱਖਾ ਮਾਰਦੈਂ। ਕਿਉਂ ਢਿੱਡ 'ਚ

ਲੱਤਾਂ ਮਾਰਦੈਂ। ਏਹਦੇ ਨਾਲੋਂ ਤਾਂ ਵੇ ਮਰਜਾ ਬਾਮ੍ਹਣਾ। ਘੱਟੋ ਘੱਟ ਅੱਖਾਂ 'ਚ ਤਾਂ ਨੀਂ ਰੜਕੇਂਗਾ। ਸੋਚ ਲੂੰ ਵੈਰੀ ਰੰਡੀ ਕਰ ਗਿਆ।"........।

"ਵੇ ਮਰ ਗਈ ਮਾਂ ਦਿਆ, ਕਿਹੜੇ ਭੜੂਏ ਨੇ ਤੈਨੂੰ ਕੁੱਛ ਕਰ ਤਾ ਵੇ।" ਉਹ ਚੁੱਪ ਰਹਿ ਕੇ ਬੋਲੀ— "ਘਰ ਬੈਠ ਕੇ ਸਰ ਜੂ ਦੁਸ਼ਮਣਾ, ਹੇੜ੍ਹ ਪਿੱਛੇ ਕਿਉਂ ਲਾਈ ਸੀ, ਜੇ ਇਨ੍ਹਾਂ ਦਾ ਮੂੰਹ ਨੀਂ ਸੀ ਝੁਲਸਣਾ। ਮੈਂ ਤਾਂ ਕੰਜਰਾ ਧਾਗੇ ਤਵੀਤ ਕਰਾ ਕੇ ਵੀ ਥੱਕ ਗੀ, ਹੁਣ ਮੈਂ ਕੀ ਕਰਾਂ ?"ਲਾਭੋ ਨੇ ਸੁਆਹ ਆਲ਼ੇ ਹੱਥ ਮੱਥੇ ਤੇ ਮਾਰੇ।

ਮਾਸਟਰ ਬਿੱਟਰ ਬਿੱਟਰ ਛੱਤ ਤੇ ਚਿੱੜੀ ਦੇ ਆਲ੍ਹਣੇ ਵੱਲ ਤੱਕੀ ਜਾ ਰਿਹਾ ਸੀ, ਜਿੱਥੇ ਕਈ ਦਿਨਾਂ ਤੋਂ ਚਿੱੜੀਆਂ ਦਾ ਜੋੜਾ ਆਪਣੇ ਬੋਟਾਂ ਨਾਲ ਰਿਹਾ ਕਰਦਾ ਸੀ। ਦੋ ਦਿਨਾਂ ਤੋਂ ਛਤੀਰ 'ਚ ਫਸੀਆਂ ਸਿਰਫ਼ ਤੀਲ੍ਹਾਂ ਹੀ ਦਿਖਾਈ ਦੇ ਰਹੀਆਂ ਸਨ। ਉਥੇ ਨਾ ਹੁਣ ਜੋੜਾ ਸੀ ਤੇ ਨਾ ਹੀ ਬੋਟ। ਮਾਸਟਰ ਦੀ ਸੋਚ ਇਸ ਸੱਭ ਕੁੱਝ ਦਾ ਪਿੱਛਾ ਕਰ ਕੇ ਵਾਪਸ ਪਰਤ ਆਉਂਦੀ, ਜਿਵੇਂ ਕਿਸੇ ਪੱਥਰ ਨਾਲ ਟਕਰਾਈ ਹੋਵੇ। ਕਦੇ ਕਦੇ ਉਸ ਨੂੰ ਲੱਗਦਾ ਜਿਵੇਂ ਕੋਈ ਉਸ ਦਾ ਜਿਸਮ ਭੰਨ ਰਿਹਾ ਹੈ, ਉਸ ਦੀ ਖੋਪੜੀ ਤੋੜ ਰਿਹਾ ਹੈ, ਕਿਸੇ ਭਾਰੀ ਘਣ ਨਾਲ। ਉਹ ਕਿਲਕਾਰੀਆਂ ਮਾਰਦਾ। ਚਾਂਗਰਾਂ ਮਾਰਦਾ। ਗਾਲ਼ਾਂ ਕੱਢਦਾ। ਜਿਸ ਨੂੰ ਵੀ ਉਸ ਦਾ ਦਿੱਲ ਕਰਦਾ। ਆਪਣੇ ਲਈ ਉਹ ਹਰਾਮ ਦਾ ਬਣ ਜਾਂਦਾ। ਮੁਲਕ ਨੂੰ ਅਜ਼ਾਦ ਕਰਾਉਣ ਆਲ਼ਿਆਂ ਨੂੰ ਉਹ ਮਾਂ ਦੀ ਗਾਲ਼ ਕੱਢਦਾ ਤੇ ਕਾਨੂੰਨ ਦੇ ਘਾੜਿਆਂ ਲਈ ਉਹ ਭੈਣ ਤੱਕ ਵੀ ਚਲਿਆ ਜਾਂਦਾ ਸੀ।

ਮਾਸਟਰ ਨੂੰ ਪਤਾ ਹੀ ਨਾ ਲੱਗਾ ਕਿ ਘਰ ਆਲ਼ੀ ਉਸ ਨੂੰ ਕੀ ਕੀ ਆਖ ਗਈ।

"ਵੇ ਤੂੰ ਬਾਮ੍ਹਣਾ ਕੁੱਛ ਬੋਲਦਾ ਕਿਉਂ ਨੀਂ ਵੇ, ਕੀ ਦੋ ਮੂੰਹਾਂ ਲੜ ਜਾਂਦੈ ਤੈਨੂੰ ਜਦੋਂ ਮੈਂ ਕੁੱਛ ਪੁੱਛਦੀ ਆਂ ?"

ਮਾਸਟਰ ਨੇ ਮੰਜੀ 'ਚੋਂ ਇਸ ਤਰ੍ਹਾਂ ਛਾਲ ਮਾਰੀ ਜਿਵੇਂ ਸੱਚ-ਮੁੱਚ ਹੀ ਉਸ ਨੂੰ ਸੱਪ ਨੇ ਡੱਸ ਲਿਆ ਹੋਵੇ। "ਵੇ ਤੈਨੂੰ ਹੋਇਆ ਕੀ ਆ ? ਤੂੰ ਮੈਨੂੰ ਦੱਸ ਤਾਂ ਸਹੀ ਕੁੱਛ ? ਪਰਸੋਂ ਸਕੂਲ ਦੇ ਸਾਰੇ ਮਾਸਟਰ ਆਂਹਦੇ ਸੀ ਬਈ ਪੰਡਤ ਨੂੰ ਕੁੱਛ ਨੀਂ ਹੋਇਆ, ਐਵੇਂ ਮੱਛਰਿਆ ਫਿਰਦੈ। ਇੱਥੇ ਉਸ ਨੂੰ ਕੋਈ ਤਕਲੀਫ਼ ਨੀਂ, ਨੌਕਰੀ ਤੋਂ ਉਸ ਦਾ ਚਿੱਤ ਭਰ ਗਿਆ ਲੱਗਦੈ।"

"ਵੇ ਚੱਲ, ਉੱਠ ਚੱਲ।" ਲਾਭੋ ਨੇ ਉਸ ਦੀ ਬਾਂਹ ਫੜ ਕੇ ਮੰਜੀ ਤੋਂ ਖੜ੍ਹਾ ਕਰਦਿਆਂ ਕਿਹਾ— "ਵੇ ਸਾਡਾ ਨੀਂ ਉਸ ਕੁੜੀ ਦਾ ਫ਼ਿਕਰ ਕਰ ਲੈ। ਜਦੋਂ ਮੂੰਹ ਕਾਲ਼ਾ ਕਰ ਕੇ ਆ ਗਈ, ਫਿਰ ਰੋਇਓ ਸਾਰੇ ਆਪਣੀ ਮਾਂ ਨੂੰ ਬੈਠ ਕੇ। ਜੱਟਾਂ ਦੇ ਮੁੰਡੇ ਗਿੱਠ ਗਿੱਠ ਦੀਆਂ ਜੀਭਾਂ ਕੱਢ ਕੇ ਘਰ ਮੂਹਰੋਂ ਖੰਘੂਰੇ ਮਾਰ ਮਾਰ ਲੰਘਦੇ ਆ। ਬਾਰ੍ਹ ਅੰਦਰ ਗਈ ਨੂੰ ਕਿਸੇ ਨੇ ਹੱਥ ਪਾ ਲਿਆ, ਕੇੜ੍ਹਾ ਕਿਸੇ ਦੇ ਦੁਨਾਲ਼ੇ 'ਚ ਇੱਟ ਲਾ ਦਾਂਗੇ ? ਤੈਥੋਂ ਕਿਸੇ ਨੂੰ ਓਏ ਨੀਂ ਕਿਹਾ ਜਾਣਾ, ਟੰਗ ਤਾਂ ਕੀ ਤੋੜ ਦੇਂਗਾ ?"

ਲਾਭੋ ਨੇ ਜੋਰ ਲਾ ਕੇ ਉਸ ਨੂੰ ਮੰਜੇ ਤੋਂ ਖੜ੍ਹਾ ਕੀਤਾ।

"ਵੇ ਮਰ ਜਾ ਕੁੱਤਿਆ ਹੁਣ।" ਉਸ ਨੇ ਪੂਰੇ ਜੋਰ ਨਾਲ ਮਾਸਟਰ ਨੂੰ ਦਰਵਾਜ਼ੇ ਵੱਲ ਧੱਕਾ ਮਾਰਿਆ। ਤੇ ਪੰਡਤ, ਹਿੰਦੁਸਤਾਨ ਦੇ ਕਾਨੂੰਨ ਵਰਗੇ ਪਾਟੇ ਝੱਗੇ ਨੂੰ ਠੀਕ ਕਰਦਾ ਬਾਹਰ ਨਿਕਲ ਗਿਆ।

ਘਰੋਂ ਬਾਹਰ ਆ ਕੇ ਉਸ ਨੇ ਫਿਰ ਉਹੀ ਤਿੰਨ ਗਾਲ਼ਾਂ ਕੱਢੀਆਂ। ਪਹਿਲੀ ਆਪਣੇ ਜਣਦਿਆਂ ਨੂੰ। ਦੂਜੀ ਮੁਲਕ ਦੀ ਅਜਾਦੀ ਲਈ ਮਰ ਗਿਆਂ ਨੂੰ। ਤੇ ਤੀਜੀ ਕਾਨੂੰਨ ਦੇ

ਘਾੜਿਆਂ ਨੂੰ। ਫਿਰ ਉਸ ਨੇ ਇੱਕ ਉੱਚੀ-ਲੰਮੀ ਚੀਕ ਮਾਰੀ। ਸਿਰ ਸੁੱਟੀ ਪਏ ਕੁੱਤਿਆਂ ਨੇ ਕੰਨ ਚੁੱਕੇ ਤੇ ਸਾਹਮਣੇ ਬੰਨ੍ਹਿਆਂ ਦੁੱਲੇ ਘੁਮਿਆਰ ਦਾ ਗੱਧਾ ਹੀਂਗਿਆ।

ਗੱਧੇ ਦੀ ਅਵਾਜ਼ ਸੁਣ ਕੇ ਮਾਸਟਰ ਨੂੰ ਦੌਰਾ ਜਿਹਾ ਪਿਆ ਤੇ ਕਿੰਨਾ ਚਿਰ ਉਹ ਝੱਲਿਆਂ ਵਾਂਗ ਹੱਸਦਾ ਰਿਹਾ। ਫਿਰਨੀ 'ਚੋਂ ਲੰਘ ਰਹੇ ਲੋਕ ਹੱਸੇ। ਕਈਆਂ ਨੂੰ ਤਰਸ ਜਿਹਾ ਆਇਆ ਤੇ ਕਈਆਂ ਨੇ ਉਸ ਦੇ ਕਮਲਪੁਣੇ ਤੇ ਗਾਲ੍ਹਾਂ ਕੱਢੀਆਂ।

ਉਸ ਨੇ ਗੱਧੇ ਦੇ ਸਿਰ ਤੇ ਹੱਥ ਫੇਰ ਕੇ ਗਰਦਨ ਨੂੰ ਜੱਫੀ ਪਾ ਲਈ। ਹੱਸਦਾ ਹੱਸਦਾ ਉਹ ਰੋਣ ਲੱਗ ਪਿਆ ਤੇ ਫਿਰ ਉੱਚੀ ਉੱਚੀ ਪਹਾੜੇ ਪੜ੍ਹਨ ਲੱਗਾ।

"ਇੱਕ ਦੂਣੀ ਦੂਣੀ
ਦੋ ਦੂਣੀ ਸੱਤ
ਤਿੰਨ ਚੌਕੇ ਬਾਰਾਂ
ਪੰਜ ਛੀਕਾ ਪੈਂਤੀ

..................
ਅੱਠੋ ਅੱਠ ਸੌ ਪੂਰਾ........।"

"ਲੈ, ਲੈ ਡੀ. ਸੀ. ਦੀ ਅਪੋਇੰਟਮੈਂਟ.......।"ਉਸ ਨੇ ਆਪਣੀ ਜੇਬ 'ਚੋਂ ਕਾਗਜ਼ ਕੱਢਿਆ ਤੇ ਗੱਧੇ ਦੇ ਮੱਥੇ ਤੇ ਚਿੱਪਕਾ ਦਿੱਤਾ। ਫਿਰ ਗਲ਼ 'ਚੋਂ ਮਫ਼ਲਰ ਉਤਾਰ ਕੇ ਉਸ ਨੂੰ ਝਾੜਨ ਲੱਗ ਪਿਆ। ਪਿੱਛੇ ਗਿਆ ਤਾਂ ਗੱਧੇ ਨੇ ਟੀਟਣਾ ਕੱਢ ਮਾਰਿਆ। ਗਲ਼ੀ 'ਚੋਂ ਲੰਘ ਰਹੇ ਬੱਚੇ-ਬੁੱਢੇ ਉੱਚੀ ਉੱਚੀ ਹੱਸੇ।

ਪੰਡਤ, ਗੱਧੇ ਤੇ ਹੱਸਣ ਲੱਗ ਪਿਆ।

"ਮਾਰ ਲੈ ਵੱਡੇ ਭਾਈ, ਮਾਰ ਲੈ ਮੇਰੇ ਹੈੱਡਮਾਸਟਰ, ਮੈਂ ਕੁੱਝ ਨੀਂ ਆਂਹਦਾ....... ਤੇਰੇ ਦਿਨ ਨੇ। ਇੱਕ ਅਸੀਂ ਹੀ ਗਾਂਡੂ ਆਂ, ਸਾਰੇ ਉੱਲੂ ਦੇ ਪੱਠੇ, ਤੂੰ ਸਾਡਾ ਬਾਪੂ, ਹੁਣ ਤੂੰ ਸਾਡੀ ਪਿੱਠ ਤੇ ਮਿੱਟੀ ਢੋਇਆ ਕਰੇਂਗਾ।"

ਉਸ ਨੇ ਗੱਧੇ ਦੀ ਪੂਛ ਨੂੰ ਹੱਥ ਲਾਇਆ, ਜਿਵੇਂ ਉਹ ਕੋਈ ਸ਼ਰਾਰਤ ਕਰਨ ਲੱਗਿਆ ਸੀ। ਪਤਾ ਨੀਂ ਉਸ ਨੂੰ ਗੱਧੇ ਤੇ ਗੁੱਸਾ ਆਇਆ ਸੀ। ਇਸੇ ਲਈ ਉਹ ਡੱਕਾ ਲੈ ਕੇ ਗੱਧੇ ਦੀ ਪਿੱਠ ਵੱਲ ਵਧਿਆ ਸੀ। ਗੱਧੇ ਨੇ ਉਸ ਦੇ ਫਿਰ ਦੁਲੱਤਾ ਕੱਢ ਮਾਰਿਆ।

"ਹੋਰ ਤੂੰ ਕਰ ਵੀ ਕੀ ਸਕਦੈਂ। ਤੇਰੇ ਕੋਲ਼ੋਂ ਇਹੋ ਆਸ ਕੀਤੀ ਜਾ ਸਕਦੀ ਆ ਵੱਡੇ ਭਾਈ....।"ਮਾਸਟਰ ਗਿੱਟੇ ਪਲੋਸਦਾ ਬੋਲਿਆ। ਤੂੰ ਇਸ ਮੁਲਕ ਦਾ ਭਵਿੱਖ ਆਂ, ਅਸੀਂ ਤੇਰੇ ਨਾਲ ਪੰਗਾ ਲੈ ਕੇ ਮਰਨੈ।"

ਸਕੂਲੋਂ, ਘਰ ਰੋਟੀ ਖਾਣ ਜਾ ਰਹੇ ਬੱਚੇ ਕਹਾਕਾ ਮਾਰ ਕੇ ਹੱਸੇ। ਮਾਸਟਰ ਵੀ ਉਨ੍ਹਾਂ ਦੇ ਨਾਲ ਹੀ ਹੱਸਣ ਲੱਗ ਪਿਆ।

"ਇਹ ਸੋਡਾ ਸਾਰਿਆਂ ਦਾ ਬਾਪੂ ਐ...... ਇਸ ਮੁਲਕ ਦਾ ਬਾਪੂ........ ਬਾਪੂ, ਗਾਂਧੀ ਦੀ 'ਲਾਦ......।"

ਬੱਚੇ ਫਿਰ ਹੱਸੇ।

"ਬਾਪੂ ਹੋਣੈ ਇਹ ਬਾਮ੍ਹਣਾ ਤੇਰਾ। ਸਾਡਾ ਇਹ ਸਾਲ਼ਾ ਲੱਗਦੈ। ਨਾਲੇ ਤੂੰ।" ਕੀੜੋ ਮਜ਼੍ਹਬਣ ਆਪਣੇ ਬੱਚਿਆਂ ਦੀ ਬਾਂਹ ਫੜ ਕੇ ਤੋਰਦੀ ਹੋਈ ਬੋਲੀ।

ਮਾਸਟਰ ਹੱਸਿਆ।

ਬੱਚੇ ਹੱਸੇ।

ਮਜ੍ਹਬਣ ਨੇ ਥੁੱਕ ਦਾ ਗੋਲ਼ਾ ਪੰਡਤ ਵੱਲ ਸੁੱਟਿਆ ਤੇ ਅੱਗੇ ਲੰਘ ਗਈ। ਪੰਡਤ ਨੇ ਤੁਰੀ ਜਾਂਦੀ ਕੀੜੋ ਵੱਲ ਪਜਾਮੇ ਦਾ ਪੌਂਚ੍ਹਾ ਚੁੱਕਿਆ ਤੇ ਕਿੱਲਕਾਰੀ ਮਾਰੀ। ਫਿਰ ਹੇਠਾਂ ਉਤੇ ਕਈ ਕਿੱਲਕਾਰੀਆਂ ਵੱਜੀਆਂ। ਬੱਚਿਆਂ ਦੀਆਂ ਫੱਟੀਆਂ ਤੇ ਥੈਲੇ ਹਵਾ 'ਚ ਲਹਿਰਾਏ।

ਮਾਸਟਰ ਉਥੋਂ ਅੱਗੇ ਤੁਰ ਪਿਆ।

ਪਿੰਡੋਂ ਬਾਹਰਲੀ ਢਾਬ ਤੇ ਖੜ੍ਹ ਕੇ ਕਿੰਨਾ ਚਿਰ ਉਹ ਆਪਣੀ ਸੂਰਤ ਪਾਣੀ 'ਚ ਤੱਕਦਾ ਰਿਹਾ। ਫਿਰ ਉਸ ਨੇ ਦੋ ਡਲ਼ੇ ਚੁੱਕ ਕੇ ਪਾਣੀ 'ਚ ਆਪਣੇ ਅਕਸ ਤੇ ਟਿਕਾਅ ਮਾਰੇ ਜਿਵੇਂ ਉਹ ਉਸ ਦੀ ਆਪਣੀ ਸ਼ਕਲ ਨਾ ਹੋ ਕੇ ਕਿਸੇ ਵੈਰੀ ਦੀ ਹੋਵੇ। ਅਚਾਨਕ ਡਲ਼ੇ ਸੁੱਟਦਾ ਸੁੱਟਦਾ ਉਹ ਰੁੱਕ ਗਿਆ। ਆਪਣਾ ਪ੍ਰਛਾਵਾਂ ਪਕੜਨ ਲਈ ਅੱਗੇ ਵਧਿਆ ਤੇ ਟੁੱਟੀਆਂ ਜੁੱਤੀਆਂ ਸਣੇ ਪਾਣੀ 'ਚ ਵੜ ਗਿਆ। ਉਹ ਪਾਣੀ ਨੂੰ ਹੱਥਾਂ ਨਾਲ਼ ਪਰ੍ਹੇ ਧੱਕਣ ਲੱਗਾ ਜਿਵੇਂ ਤੂੜੀ ਦੀ ਢਿੱਗ 'ਚੋਂ ਆਪਣੇ ਆਪ ਨੂੰ ਕੱਢ ਰਿਹਾ ਹੋਵੇ। ਕੋਸ਼ਿਸ਼ਾਂ ਬੇਕਾਰ ਜਾਂਦੀਆਂ ਵੇਖ ਉਹ ਸਿੱਧਾ ਹੋ ਗਿਆ।

"ਸੂਰਜ ਅੱਲ ਪਾਣੀ ਸੁੱਟ ਰਹੇ ਓ ਮਾਸਟਰ ਜੀ ?" ਸਕੂਲ ਨੂੰ ਪਰਤ ਰਹੇ ਇੱਕ ਮੁੰਡੇ ਨੇ ਕਿਹਾ।

"ਮਾਸਟਰ ਜੀ ਕੁੰਭ ਨ੍ਹਾਉਣ ਲੱਗੇ ਆ।" ਇੱਕ ਹੋਰ ਬੋਲਿਆ।

"ਬਾਮ੍ਹਣੀ ਨਾਲ ਲੜ ਕੇ ਮਾਸਟਰ ਜੀ ਡੁੱਬਣ ਲੱਗੇ ਸੀ।"ਮੈਸ੍ਹਾਂ ਨੂੰ ਪਾਣੀ ਪਿਆਉਣ ਆਇਆ ਤੇਜੇ ਨੰਬਰਦਾਰ ਦਾ ਸੀਰੀ ਹੱਸਿਆ।

ਪੰਜ-ਸੱਤ ਕੋਲ਼ ਖੜ੍ਹੇ ਹੋਰ ਸੀਰੀਆਂ ਪਾਲ਼ੀਆਂ ਨੇ ਪਾਣੀ 'ਚ ਡਾਂਗਾਂ ਮਾਰੀਆਂ।

ਮਾਸਟਰ ਨੇ ਸਾਰਿਆਂ ਵੱਲ ਝੱਗਾ ਚੁੱਕ ਦਿੱਤਾ।

ਸਕੂਲੀ ਬੱਚਿਆਂ ਦਾ ਸ਼ੋਰ ਗੂੰਜਿਆ। ਮਾਸਟਰ ਪਾਣੀ 'ਚੋਂ ਬਾਹਰ ਆ ਗਿਆ। ਮਾਸਟਰ ਨੂੰ ਬੱਚਿਆਂ ਤੋਂ ਡਰ ਜਿਹਾ ਲੱਗਾ ਕਿਉਂਕਿ ਕੁੱਝ ਬੱਚੇ ਉਨ੍ਹਾਂ ਦੀ ਕਲਾਸ ਦੇ ਸਨ।

ਉਹ ਮਿੱਟੀ ਲਈ ਆਉਂਦੇ ਦੁੱਲੇ ਘੁਮਿਆਰ ਦੇ ਗੱਧੇ ਦੇ ਬਰਾਬਰ ਹੋ ਤੁਰਿਆ। ਉਹ ਬਰਾਬਰ ਹੱਸਦਾ ਰਿਹਾ। ਉਸ ਦੇ ਹਾਸੇ 'ਚ ਚਾਂਗਰਾਂ ਵਰਗੀ ਹੂਕ ਸੀ।

"ਇਸ ਤੇ ਤੂੰ ਮਿੱਟੀ ਢੋਦੈਂ ਦੁੱਲਿਆ। ਕੁੱਛ ਤਾਂ ਤਰਸ ਖਾ ਇਸ ਜਨੌਰ ਤੇ ਹੀਰ ਦਿਆ ਚਾਚਿਆ। ਤੂੰ ਮਿੱਟੀ ਲੱਦ ਕੇ ਕੰਜਰ ਦਿਆ ਇਹਦੀ ਢੂਈ ਤੋੜੇਂਗਾ। ਉਏ ਇਹਨੇ ਐਸ. ਡੀ. ਐਮ. ਬਣਨੈ, ਡੀ. ਸੀ. ਬਣਨੈ—ਤਸੀਲਦਾਰ, ਐਸ. ਪੀ. ਇਸ ਪਿੰਡ ਦੇ ਸਕੂਲ ਦਾ ਹੈੱਡਮਾਸਟਰ, ਡਾਕਟਰ, ਪਤਾ ਨ੍ਹੀਂ ਹੋਰ ਕੀ ਕੀ ? ਢਿੱਡ ਪਾੜ ਕੇ ਵਿਚ ਕੈਂਚੀ ਹੀ ਭੁੱਲੂ, ਕਹਾਊ ਤਾਂ ਡਾਕਟਰ ਹੀ ਨਾ। ਕਹਿੰਦੇ ਕਹਾਉਂਦਿਆਂ ਨੂੰ ਜੇ ਇਸ ਨੇ ਚਿੱਤੜਾਂ ਭਾਰ ਨਾ ਸੁੱਟਿਆ, ਤੂੰ ਮੇਰੇ ਮੂੰਹ ਤੇ ਮੂਤ ਦੀਂ ਘੁਮਿਆਰਾ। ਤੇਰੀਆਂ ਸੱਤ ਪੁਸ਼ਤਾਂ ਇਹਦਾ ਕਮਾਇਆ ਖਾਣਗੀਆਂ। ਇਸ ਗਾਂਧੀ ਦੀ 'ਲਾਦ ਤੇ ਜ਼ੁਲਮ ਨਾ ਕਰ। ਹਾਂ, ਦੇਸ਼ ਦੇ ਪ੍ਰਧਾਨ ਮੰਤਰੀ ਦੀ ਉਮੀਦ ਨਾ ਇਸ ਤੋਂ ਰੱਖੀਂ। ਇਹ ਸਾਡੀ ਬਾਮ੍ਹਣਾਂ ਦੀ ਜਾਇਦਾਦ ਐ।"

ਪੰਡਤ ਦੀਆਂ ਉਹੀ ਤਿੰਨ ਗਾਲ਼ਾਂ ਫਿਰ ਪਿੰਡ ਦੀ ਫਿਰਨੀ 'ਚ ਗੂੰਜੀਆਂ।

ਉਹਦੀ ਅਸਮਾਨ ਪਾੜ ਦੇਣ ਵਰਗੀ ਅਵਾਜ਼ ਸੁਣ ਕੇ ਨੇੜੇ ਦੇ ਦਰੱਖਤਾਂ ਤੇ ਬੈਠੀਆਂ ਘੁੱਗੀਆਂ-ਚਿੱੜੀਆਂ ਪੱਤਰੇ ਵਾਚ ਗਈਆਂ। ਕੁੱਤੇ ਘਰਾਂ ਤੋਂ ਬਾਹਰ ਨੂੰ ਦੌੜੇ। ਜਿਵੇਂ ਪਿੰਡ ਦੀ ਫਿਰਨੀ 'ਚ ਚੋਰ ਆ ਵੜਿਆ ਹੋਵੇ। ਪੰਡਤ ਨੇ ਅੱਧੀ ਇੱਟ ਚੁੱਕ ਕੇ ਕੁੱਤਿਆਂ ਵੱਲ ਮਾਰੀ।

ਕੁੱਝ ਸਿਰ ਘਰਾਂ ਦੀਆਂ ਚਾਰਦਿਵਾਰੀਆਂ ਤੋਂ ਉੱਚੇ ਉੱਠੇ ਤੇ ਪੰਡਤ ਨੂੰ ਗਾਲ੍ਹਾਂ ਕੱਢ ਕੇ ਫਿਰ ਹੇਠਾਂ ਹੋ ਗਏ।

"ਐਵੇਂ ਤਾਂ ਨ੍ਹੀਂ ਸਾਰਾ ਪਿੰਡ ਦਿਮਾਗ ਫਿਰਿਆ ਕਹਿੰਦਾ।" ਦੁੱਲੇ ਘੁਮਿਆਰ ਨੇ ਗੱਧੇ ਦੀ ਪੂਛ ਨੂੰ ਮਰੋੜਾ ਦਿੱਤਾ– "ਮਾਂ ਦਿਆ ਦੀਨਿਆਂ ਪਹਿਲਾਂ ਆਪਣੇ ਪਿਉਆਂ ਨੂੰ ਤਾਂ ਡੀ. ਸੀ. ਲਾ ਲੈ ਜਿਹੜੇ ਪੜ੍ਹ ਲਿਖ ਕੇ ਸ਼ਹਿਰ 'ਚ ਧੱਕੇ ਖਾਂਦੇ ਫਿਰਦੇ ਆ। ਸਾਲ਼ਾ ਨਹਿਰੂ ਦਾ ਨਾਲ਼ੇ ਗਾਂਧੀ ਦਾ। ਜਿਨ੍ਹੇ ਮੁਲਕ 'ਚੋਂ ਅੰਗਰੇਜ਼ ਕੱਢੇ। ਕੰਜ਼ਰ ਮਖੌਲ ਕਰਦੈ ਉਨ੍ਹਾਂ ਨੂੰ।"

ਪੰਡਤ ਦਾ ਹਾਸਾ ਫਿਰ ਨੇੜਲੇ ਘਰਾਂ ਦੇ ਕੋਠੇ ਟੱਪ ਗਿਆ। ਉਹ ਪਤਾ ਨਹੀਂ ਕਿਸ ਤੇ ਹੱਸਿਆ ? ਆਪਣੇ ਆਪ ਤੇ ? ਦੁੱਲੇ ਤੇ ? ਜਾਂ ਮੁਲਕ ਦੀ ਅਜ਼ਾਦੀ ਤੇ ? ਪਤਾ ਨਹੀਂ ਇੰਜ ਕਰ ਕੇ ਉਸ ਨੇ ਮਨ ਹਲਕਾ ਕੀਤਾ ਜਾਂ ਬੋਝਲ।

—0—

"ਆ ਵੇ ਜੈਲਿਆ, ਮੈਂ ਕਈ ਦਿਨਾਂ ਤੋਂ ਤੈਨੂੰ ਹੀ ਉਡੀਕ ਰਹੀ ਸੀ।" ਲਾਭੋ ਨੇ ਜੈਲੇ ਦੇ, ਘਰ ਅੰਦਰ ਪੈਰ ਰਖਦਿਆਂ ਹੀ ਕਿਹਾ– "ਨੀਂ ਮੰਜੀ ਡਾਹ ਕੁੜੀਏ।"

ਜੈਲਾ ਪਿੰਡ ਦੇ ਸਕੂਲ ਦਾ ਹੈੱਡਮਾਸਟਰ ਸੀ।

"ਵੇ ਤੂੰ ਹੀ ਸਮਝਾ ਬਾਮ੍ਹਣ ਨੂੰ, ਜਾਏ ਖਾਣਾ ਸਕੂਲ ਦੇ ਨਾਂ ਤੇ ਸੁੰਨ ਵੱਟਾ ਬਣ ਜਾਂਦੈ। ਜਿਵੇਂ ਮੌਤ ਪੈ ਗਈ ਹੋਵੇ। ਸਕੂਲ ਜਾਣ ਨੂੰ ਕਹੋ, ਘਰੋਂ ਨਿਕਲ ਜਾਂਦੈ ਤੇ ਜਾ ਪਾਉਂਦੈ ਦੁੱਲੇ ਘੁਮਿਆਰ ਦੇ ਗੱਧੇ ਨੂੰ ਜੱਫੀ। ਜਿਵੇਂ ਗੱਧਾ ਨਾ ਹੋ ਕੇ ਤੀਵੀਂ ਹੋਵੇ। ਕਦੇ ਗੱਧੇ ਨੂੰ ਬਾਪੂ ਕਹੂ, ਕਦੇ ਡੀ. ਸੀ., ਕਦੇ ਹੈੱਡਮਾਸਟਰ ਤੇ ਹੋਰ ਕੀ ਕੁੱਛ। ਗੱਧੇ ਨੂੰ ਵੇਖ ਕੰਜਰ ਨੂੰ ਜਿਵੇਂ ਕੋਈ ਦੌਰਾ ਪੈਂਦੈ। ਕੋਈ ਬਿਮਾਰੀ ਠਮਾਰੀ ਹੁੰਦੀ, ਜਰਿਆ ਜਾਂਦੈ ਜੈਲੇ, ਪਰ ਇਹਦੇ ਤਾਂ ਹੱਡਾਂ 'ਚ ਹਰਾਮ ਵੜ ਗਿਐ। ਲੱਗਦੈ ਇਸ ਹਰਾਮਜ਼ਾਦੇ ਨੇ ਸਾਨੂੰ ਠੂਠਾ ਫੜਾ ਦੇਣੈ।"

ਜੈਲਾ ਸੁੰਨ ਜਿਹਾ ਹੋ ਗਿਆ ਜਿਵੇਂ ਕਿਸੇ ਨੇ ਉਸ ਨੂੰ ਕੇਸਾਂ ਤੋਂ ਫੜ ਕੇ ਹਵਾ 'ਚ ਲਮਕਾ ਦਿੱਤਾ ਹੋਵੇ। ਉਸ ਨੂੰ ਜਾਪਿਆ ਜਿਵੇਂ ਉਸ ਦੀ ਧੜ ਤੇ ਗੱਧੇ ਦਾ ਸਿਰ ਉੱਗ ਆਇਆ ਹੋਵੇ। ਉਸ ਦਾ ਜੀਅ ਕੀਤਾ ਉਹ ਮਾਸਟਰ ਦੇ ਆਉਣ ਤੋਂ ਪਹਿਲਾਂ ਹੀ ਘਰੋਂ ਦੌੜ ਜਾਵੇ।

"ਵੇ ਤੂੰ ਹੀ ਸਾਡੇ ਤੇ ਤਰਸ ਕਰ ਜੈਲਿਆ। ਸ਼ਾਇਦ ਤੇਰੀ ਮੰਨ ਲੇ। ਸਾਨੂੰ ਤਾਂ ਉਹ ਕੁੱਝ ਦੱਸਦਾ ਨ੍ਹੀਂ। ਮੈਨੂੰ ਤਾਂ ਕੁੜੀ ਦਾ ਫ਼ਿਕਰ ਖਾਈ ਜਾਂਦੈ ਪੁੱਤਰਾ। ਮੈਂ ਕਿਹੜੇ ਖੂਹ 'ਚ ਡਿੱਗਾਂ ਵੇ। ਤੂੰ ਹੀ ਦੱਸ ? ਬਾਮ੍ਹਣਾਂ ਚੋਂ ਆ, ਕੁੜੀ ਨੂੰ ਜੱਟਾਂ ਦੇ ਗੋਹੇ ਕੂੜੇ ਵੀ ਨੀਂ ਲਾ ਸਕਦੀ। ਉਤੋਂ ਪੱਕੀ ਛੱਲੀ ਅਰਗੀ ਕੁੜੀ, ਡਰ ਵੀ ਲੱਗਦੈ ਭਾਈ।" ਲਾਭੋ ਨੇ ਚੁੰਨੀ ਨਾਲ਼ ਅੱਖਾਂ ਪੂੰਝੀਆਂ।

ਕੁੱਝ ਚਿਰ ਦੋਵੇਂ ਚੁੱਪ ਰਹੇ।

"ਨੀਂ ਵੀਰ ਵਾਸਤੇ ਚਾਹ ਧਰ ਕੁੱੜੀਏ।"

ਲਾਭੋ ਜੈਲੇ ਦੇ ਮੂੰਹ ਵੱਲ ਵੇਖਣ ਲੱਗੀ।

"ਵੇ ਚਲਾ ਕੋਈ ਬਰ੍ਹਮ ਅਸਤਰ ਜੈਲੇ। ਅਸੀਂ ਤੇਰੇ ਪੈਰ ਧੋ ਕੇ ਪੀਵਾਂਗੇ।"

"ਪੈਰ ਧੋ ਕੇ ਪੀਣ ਆਲ਼ੀ ਕੀ ਗੱਲ ਆ ਚਾਚੀ ? ਮੈਂ ਸੋਡੇ ਘਰ ਦਾ ਨਮਕ ਖਾਧੈ। ਮਾਸਟਰ ਜੀ ਦਾ ਦੇਣਾ ਮੈਂ ਕਦੇ ਨ੍ਹੀਂ ਦੇ ਸਕਦਾ ਚਾਚੀ। ਮੈਂ ਸੋਚਿਆ ਵੀ ਨੀਂ ਸੀ ਕਿ ਮੈਂ ਦਸਵੀਂ ਕਰ ਜਾਵਾਂਗਾ। ਜਦੋਂ ਦੂਜੇ ਸਾਲ ਵੀ ਮੈਂ ਪਾਸ ਨਾ ਹੋਇਆ ਤਾਂ ਸੋਚਿਆ, ਕਿ ਹੁਣ ਤਾਂ ਜੱਟਾਂ ਦੇ ਸੀਰ ਕਰਨ ਤੋਂ ਬਿਨਾਂ ਕੋਈ ਚਾਰਾ ਨ੍ਹੀਂ। ਇਹ ਮਾਸਟਰ ਜੀ ਹੀ ਸਨ ਜੋ ਮੇਰਾ ਕੰਨ ਫੜ ਕੇ ਫਿਰ ਸਕੂਲ ਲੈ ਗਏ ਤੇ ਮੈਨੂੰ ਹੌਂਸਲਾ ਦਿੱਤਾ। ਉਨ੍ਹਾਂ ਦੀ ਬਦੌਲਤ ਮੈਂ ਕਿੱਥੇ ਅਪੜ ਗਿਆਂ ਚਾਚੀ ?"

"ਮੈਂ ਮਾਸਟਰ ਹੋਰਾਂ ਤੋਂ ਬੜਾ ਪੁੱਛਿਐ ਚਾਚੀ, ਪਰ ਉਹ ਤਾਂ ਮੂੰਹ ਹੀ ਨੀਂ ਖੋਲ੍ਹਦੇ। ਮੈਂ ਕਈ ਵਾਰ ਉਨ੍ਹਾਂ ਦੀ ਕਲਾਸ 'ਚ ਵੀ ਗਿਐਂ ਪਰ ਉਹ ਤਾਂ ਜਿਵੇਂ ਪੱਥਰ ਬਣ ਜਾਂਦੇ ਨੇ।ਮੇਰੇ ਵੱਲ ਅੱਖਾਂ ਕੱਢ ਕੱਢ ਕੇ ਇਸ ਤਰ੍ਹਾਂ ਦੇਖਦੇ ਨੇ ਜਿਵੇਂ ਮੈਨੂੰ.......। ਫਿਰ ਬੱਚਿਆਂ ਨੂੰ ਛੁੱਟੀ ਕਰ ਕੇ ਘਰ ਨੂੰ ਤੁਰ ਆਉਂਦੇ ਨੇ। ਬਾਕੀ ਮਾਸਟਰਾਂ ਨੇ ਵੀ ਪੁੱਛਣ ਦਾ ਬੜਾ ਯਤਨ ਕੀਤੈ ਪਰ ਇਹ ਤਾਂ ਬਿਲਕੁਲ ਗੂੰਗੇ ਬੋਲ਼ੇ ਬਣ ਜਾਂਦੇ ਨੇ। ਹੁਣ ਤਾਂ ਬੇ-ਸਿਰੀਆਂ ਗੱਲਾਂ ਕਰਨ ਲੱਗ ਪਿਆ ਸੀ ਮਾਸਟਰ, ਚਾਚੀ।ਕਈ ਵਾਰੀ ਸੋਚਿਆ ਕਿ ਚਾਚੀ ਤੋਂ ਘਰ ਜਾ ਕੇ ਪਤਾ ਕਰ ਕੇ ਆਵਾਂ ਕਿ ਕੋਈ ਘਰੇਲੂ ਦੁੱਖ ਤੱਕਲੀਫ਼ ਤਾਂ ਨ੍ਹੀਂ। ਇਸੇ ਲਈ ਅੱਜ ਚਲਾ ਆਇਆ। ......ਹਾਂ, ਇੱਕ ਦਿਨ ਮੈਨੂੰ ਕਹਿਣ ਲੱਗਾ— ਜੈਲਿਆ ਮੇਰੇ ਛੋਟੇ ਨੂੰ ਗੱਧਾ ਹੀ ਬਣਾ ਲੈ, ਉਸ ਦੀ ਜੂਨ ਸੁਧਰ ਜੂ ਬੱਲਿਆ। ਸਿਰਫ਼ ਕਾਗਜੀ ਗੱਧਾ ਬਣਾ ਲੈ। ਮੈਂ ਸੋਚਿਆ ਮਾਸਟਰ ਉੱਖੜ ਗਿਐ।"

"ਹੈਂਅ, ਜਾਏ ਵੱਡਾ ਬਾਮ੍ਹਣ! ਕੀ ਕਮਲ ਕੁੱਟਦਾ ਫਿਰਦੈ?" ਲਾਭੋ ਜੈਲੇ ਦੀ ਗੱਲ ਕੱਟਦਿਆਂ ਬੋਲੀ— "ਛੋਟੇ ਦੀ ਜੂਨ ਨੂੰ ਕੀ ਗੋਲ਼ੀ ਵੱਜੀ ਆ?"

ਘਰ 'ਚ ਪੈਰ ਪਾਉਂਦਿਆਂ ਹੀ ਪੰਡਤ ਦੀ ਨਿਗਾਹ ਜੈਲੇ ਤੇ ਪਈ। ਪੰਡਤ ਦੇ ਦਿਮਾਗ਼ 'ਚ ਹਲਚਲ ਸ਼ੁਰੂ ਹੋਈ, ਜਿਵੇਂ ਧਰਤੀ ਦੇ ਅੰਦਰ ਜਵਾਲਾ ਫਟੀ ਹੋਵੇ। ਉਸ ਦੇ ਦਿੱਲ 'ਚੋਂ ਇਸ ਤਰ੍ਹਾਂ ਚੀਸ ਉੱਠੀ ਜਿਵੇਂ ਕਿਸੇ ਨੇ ਉਸ ਦੇ ਸਿਰ 'ਚ ਇੱਟ ਵਗਾਹ ਮਾਰੀ ਹੋਵੇ। ਉਸ ਨੇ ਚੀਖ਼ ਮਾਰੀ। ਅਸਮਾਨ ਨੂੰ ਦੋ ਕਰਨ ਆਲ਼ੀ ਚੀਖ਼। ਉਹ ਉੱਚੀ ਉੱਚੀ ਹੱਸਿਆ। ਬਹੁਤ ਉੱਚੀ।

ਜੈਲਾ ਡਰ ਜਿਹਾ ਗਿਆ।

ਲਾਭੋ ਮਾਸਟਰ ਦੇ ਮੂੰਹ ਵੱਖ ਵੇਖਣ ਲੱਗੀ।

ਮਾਸਟਰ ਜ਼ੋਰ ਜ਼ੋਰ ਦੀ ਹੱਸਣ ਲੱਗਾ। ਹੱਸਦਾ ਹੱਸਦਾ ਉਹ ਦਰਵਾਜ਼ੇ ਵੱਲ ਦੌੜਿਆ। ਗਲ਼ੀ ਦੇ ਵਿਚਕਾਰ ਖੜ੍ਹ ਕੇ ਉਸ ਨੇ ਫਿਰ ਤਿੰਨ ਗਾਲ਼੍ਹਾਂ ਕੱਢੀਆਂ।

ਪਹਿਲੀ ਆਪਣੇ ਆਪ ਨੂੰ।

ਦੂਜੀ ਅਜ਼ਾਦੀ ਦੇ ਪ੍ਰਵਾਨਿਆਂ ਨੂੰ।

ਤੇ ਤੀਜੀ ਕਾਨੂੰਨ ਦੇ ਘਾੜਿਆਂ ਨੂੰ।

ਤੇ ਉਸ ਤੋਂ ਬਾਅਦ ਉਸ ਨੇ ਇੱਕ ਕਿੱਲਕਾਰੀ ਮਾਰੀ ਤੇ ਧੜੱਮ ਕਰ ਕੇ ਗਲ਼ੀ ਦੇ ਵਿਚਕਾਰ ਮੂੰਹ ਪਰਨੇ ਡਿੱਗ ਪਿਆ।

ਜਾਨਵਰ ਚੀਕੇ।

ਕੁੱਤੇ ਭੌਂਕੇ।

ਦੁੱਲੇ ਦੇ ਗੱਧੇ ਨੇ ਹਵਾ 'ਚ ਟੀਟਣੇ ਮਾਰੇ।

ਸਕੂਲ ਦੇ ਬੱਚਿਆਂ ਦੀਆਂ ਫੱਟੀਆਂ ਟਕਰਾਈਆਂ ਤੇ ਹਾਸਾ ਗੂੰਜਿਆ।

"ਮਰ ਗਿਆ ਕੁੱਤਾ।"ਕੀੜੋ ਮਜ੍ਹਬਣ ਦੀ ਅਵਾਜ਼ ਘਰਾਂ ਦੇ ਦਰਵਾਜ਼ਿਆਂ ਨਾਲ ਟਕਰਾਈ।


**ਫ਼ਰਖ਼ੰਦਾ ਲੋਧੀ ਵਿਸ਼ੇਸ਼ ਅੰਕ**

ਵਿਸ਼ੇਸ਼ ਸਹਿਯੋਗ : **ਦਰਸ਼ਨ ਸਿੰਘ ਗੋਪਾਲਪੁਰੀ**

# ਤਾਇਆ ਪੰਜਾਬ ਸਿੰਘ

ਮੈਂ ਬਹੁਤ ਛੋਟਾ ਜਿਹਾ ਸੀ। ਮਸਾਂ ਦੱਸਾਂ ਕੁ ਦਾ ਹੋਵਾਂਗਾ, ਜਦੋਂ ਪਿੰਡ ਛੱਡ ਕੇ ਵਲੈਤ ਚਲਾ ਆਇਆ। ਸ਼ੁਰੂ 'ਚ ਮੈਂ ਬਹੁਤ ਉਦਾਸ ਰਹਿੰਦਾ, ਕਿਉਂਕਿ ਘਰ ਤੇ ਪਿੰਡ ਦੀ ਯਾਦ ਮੈਨੂੰ ਹਮੇਸ਼ਾ ਹੀ ਸਤਾਉਂਦੀ ਰਹਿੰਦੀ। ਆਪਣੀ ਜਾਨ ਤੋਂ ਵੀ ਵੱਧ ਪਿਆਰਾ ਪਿੰਡ ਛੱਡ ਕੇ ਭਲਾਂ ਕੌਣ ਖੁਸ਼ ਰਹਿ ਸਕਦਾ ਹੈ ? ਜਦੋਂ ਘਰ ਦਾ ਕੋਈ ਜੀਅ ਪਿੰਡ ਦੀ ਗੱਲ ਕਰਦਾ ਜਾਂ ਤਾਇਆ ਪੰਜਾਬ ਸਿੰਘ ਦੀ ਚਿੱਠੀ ਆਉਂਦੀ ਤਾਂ ਮੇਰੇ ਕਲੇਜਿਉਂ ਰੁੱਗ ਭਰਿਆ ਜਾਂਦਾ। ਜਿਵੇਂ ਕਹਿੰਦੇ ਨੇ ਕਿ ਸਮਾਂ ਹੀ ਸੱਭ ਤੋਂ ਵੱਡਾ ਦਾਰੂ ਹੈ। ਜਿਉਂ ਜਿਉਂ ਸਮਾਂ ਬੀਤਦਾ ਗਿਆ, ਮੈਂ ਵੀ ਆਪਣੇ ਪਿੰਡ ਤੋਂ ਦੂਰ ਹੁੰਦਾ ਗਿਆ। ਕਾਲ਼ੇ-ਮੈਲੇ ਰੰਗਾਂ ਨੂੰ ਭੁੱਲ ਕੇ ਮੈਂ ਚਿੱਟੇ-ਗੋਰੇ ਰੰਗਾਂ 'ਚ ਵਿਚਰਨਾ ਸ਼ੁਰੂ ਕਰ ਦਿੱਤਾ। ਇੰਨਾ ਸਮਾਂ ਬੀਤ ਗਿਆ ਕਿ ਤਾਇਆ ਪੰਜਾਬ ਸਿੰਘ ਦੀ ਸੂਰਤ ਛੱਡ ਕੇ ਮੈਂ ਪਿੰਡ ਦੇ ਸਾਰੇ ਹੀ ਚੇਹਰੇ ਭੁੱਲ ਗਿਆ। ਤਾਇਆ ਪੰਜਾਬ ਸਿੰਘ ਦਾ ਤਾਂ ਸਾਡੇ ਪਰਿਵਾਰ ਨਾਲ਼ ਰਿਸ਼ਤਾ ਹੀ ਐਸਾ ਸੀ ਕਿ ਉਸ ਨੂੰ ਭੁੱਲਣਾ ਇੰਨਾ ਆਸਾਨ ਨਹੀਂ ਸੀ। ਉਹ ਤਾਂ ਸਾਡੇ ਹੱਡਾਂ ਤੇ ਖ਼ੂਨ 'ਚ ਸਮਾਇਆ ਹੋਇਆ ਸੀ। ਉਸ ਦੀ ਗੋਦ ਦਾ ਨਿੱਘ ਤੇ ਬਾਹਵਾਂ ਦੇ ਝੂਟੇ ਭਲਾਂ ਮੈਂ ਕਿਵੇਂ ਭੁੱਲ ਸਕਦਾ ਹਾਂ ?

ਉਦੋਂ ਤਾਇਆ ਪੰਜਾਬ ਸਿੰਘ ਜਵਾਨੀ 'ਚ ਸੀ ਜਦੋਂ ਮੈਂ ਵਿਦੇਸ਼ ਆਇਆ ਸੀ— ਦਗ ਦਗ ਕਰਦਾ ਲਾਲ ਸੁਰਖ ਚਿਹਰਾ, ਕੁੰਡੀਆਂ ਮੁੱਛਾਂ, ਅੱਖਾਂ 'ਚ ਆਪਣਾ ਬਣਾ ਲੈਣ ਵਾਲ਼ੀ ਖਿੱਚ, ਤੁਰਲੇ ਵਾਲ਼ੀ ਪੱਗ, ਤੇੜ ਲੰਬਾ ਚਾਦਰਾ ਤੇ ਗੱਲ਼ ਕਲੀਆਂ ਵਾਲ਼ਾ ਕੁੜਤਾ। ਛੇ ਫੁੱਟ ਕੜੀ ਵਰਗਾ ਜਵਾਨ ਉਹ ਹਮੇਸ਼ਾ ਹਸੂੰ ਹਸੂੰ ਕਰਦਾ ਰਹਿੰਦਾ। ਉਹ ਆਪਣੇ ਪਿੰਡ ਦਾ ਮੋਹਰੀ ਸੀ ਤੇ ਉਸ ਨੂੰ ਪਿੰਡ ਦਾ ਸ਼ੇਰ ਕਿਹਾ ਜਾਂਦਾ ਸੀ। ਪਿੰਡ ਦੀ ਸੱਥ 'ਚ ਕੀ, ਆਲ਼ੇ ਦੁਆਲ਼ੇ ਦੇ ਪਿੰਡਾਂ 'ਚ ਉਸ ਦੇ ਮਿਰਜ਼ਾ ਗਾਉਣ ਤੇ ਭੰਗੜਾ ਪਾਉਣ ਦੀਆਂ ਧੁੰਮਾਂ ਸਨ। ਖੁਸ਼ੀਆਂ ਦੇ ਦਿਹਾੜੇ ਉਸ ਦੇ ਘਰ ਗਿੱਧਾ ਪੈਂਦਾ ਤੇ ਗੀਤਾਂ ਦੀ ਮਹਿਫ਼ਲ ਲੱਗਦੀ।

ਉਸ ਦੀ ਬਹਾਦਰੀ ਦੀ ਤਾਂ ਗੱਲ ਹੀ ਛੱਡੋ। ਅੱਠ-ਦੱਸ ਨੂੰ ਤਾਂ ਉਹ ਨੇੜੇ ਹੀ ਨਹੀਂ ਸੀ ਲੱਗਣ ਦਿੰਦਾ। ਇੱਕ ਵਾਰੀ ਜਦੋਂ ਦੁਸ਼ਮਣਾਂ ਨੇ ਸਾਡੇ ਘਰ ਤੇ ਹਮਲਾ ਕੀਤਾ ਤਾਂ ਤਾਇਆ ਪੰਜਾਬ ਸਿੰਘ ਛਾਤੀ ਤਾਣ ਕੇ ਮੂਹਰੇ ਆ ਖੜਾ ਹੋਇਆ, ਜਿਸ ਕਰ ਕੇ ਦੁਸ਼ਮਣ ਨੂੰ ਮੂੰਹ ਦੀ ਖਾਣੀ ਪਈ। ਉਸ ਦੇ ਹੁੰਦਿਆਂ ਕੋਈ ਪਿੰਡ ਦੀ ਇੱਜ਼ਤ ਵੱਲ ਤੱਕ ਵੀ ਨਹੀਂ ਸੀ ਸਕਦਾ ਤੇ ਜੇ ਕਿਸੇ ਭੁੱਲੇ ਵਿਸਰੇ ਨੇ ਤੱਕਿਆ ਵੀ ਤਾਂ ਤਾਏ ਨੇ ਉਸ ਦੀਆਂ ਅੱਖਾਂ ਕੱਢ ਦਿੱਤੀਆਂ। ਇਹੀ ਵਜਾਹ ਸੀ ਕਿ ਪਿੰਡ ਦੀ ਇੱਜ਼ਤ ਅਜੇ ਤੱਕ ਕਾਇਮ ਸੀ।

ਪਿੰਡ ਦੇ ਹਰ ਵਾਸੀ ਨੂੰ ਉਹ ਆਪਣੇ ਭੈਣ-ਭਰਾ ਤੇ ਧੀਆਂ-ਪੁੱਤਰ ਸਮਝਦਾ ਸੀ, ਇਸ ਕਰ ਕੇ ਸੱਭ ਤਾਏ ਦੀ ਇੱਜ਼ਤ ਕਰਦੇ ਸਨ। ਜਿਹੜਾ ਵੀ ਕੋਈ ਉਸ ਦੇ ਘਰ ਜਾਂਦਾ, ਕਦੇ ਭੁੱਖਾ ਤਿਹਾਇਆ ਨਹੀਂ ਸੀ ਪਰਤਿਆ। ਦੁੱਧ ਜਾਂ ਲੱਸੀ ਪੀਤੇ ਬਿਨਾਂ ਤਾਂ ਕੋਈ ਵਾਪਸ ਮੁੜਨ ਹੀ ਨਹੀਂ ਹੀ ਦਿੱਤਾ ਜਾਂਦਾ। ਸਰ੍ਹੋਂ ਦਾ ਸਾਗ ਤੇ ਮੱਕੀ ਦੀ ਰੋਟੀ ਖਾਣ ਤਾਂ ਅਕਸਰ ਤਾਇਆ ਪੰਜਾਬ ਸਿੰਘ ਕੇ ਘਰ ਚਲੇ ਜਾਂਦੇ। ਇੱਕ ਵਾਰ ਜਦੋਂ ਮੈਂ

ਉਨ੍ਹਾਂ ਦੇ ਘਰ ਗਿਆ ਤਾਂ ਤਾਇਆ ਆਪਣੀ ਘਰ ਵਾਲੀ ਨੂੰ ਕਹਿਣ ਲੱਗਾ– "ਪੰਜਾਬ ਕੌਰੇ, ਬਈ ਦੇਖ ਤਾਂ, ਤੇਰਾ ਪੁੱਤ ਆਇਐ, ਇਸ ਦੀ ਖਾਤਰ-ਸੇਵਾ ਕਰ ਬਈ।" ਤਾਈ ਪੰਜਾਬ ਕੌਰ ਨੇ ਮੇਰੇ ਸਿਰ ਤੇ ਹੱਥ ਰੱਖ ਕੇ ਮੇਰਾ ਸਿਰ ਆਪਣੀ ਛਾਤੀ ਨਾਲ਼ ਘੁੱਟ ਲਿਆ। ਅੱਜ ਵੀ ਉਨ੍ਹਾਂ ਦਾ ਉਹ ਪਿਆਰ ਤੇ ਅਪਣੱਤ ਮੇਰੀਆਂ ਅੱਖਾਂ ਸਾਹਮਣੇ ਹੈ ਤੇ ਮੈਂ ਸੋਚਦਾ ਰਹਿੰਦਾ ਹਾਂ ਕਿ ਅਜਿਹੇ ਹੀਰੇ ਕਦੇ ਕਿਸੇ ਮਾਂ ਨੇ ਜੰਮਣੇ ਨਹੀਂ।

ਜਦੋਂ ਕਦੇ ਵੀ ਮੇਰੇ ਪਿਤਾ ਜੀ ਕਈ ਕਈ ਦਿਨ ਬਾਹਰ ਗਏ ਨਾ ਮੁੜਦੇ ਤਾਂ ਤਾਇਆ ਪੰਜਾਬ ਸਿੰਘ ਸਾਡੇ ਸਿਰ ਤੇ ਹੱਥ ਰੱਖਦੇ ਤੇ ਸਾਡੇ ਪਰਿਵਾਰ ਲਈ ਅੰਨ-ਪਾਣੀ ਵੀ ਭੇਜਦੇ। ਇੱਥੋਂ ਤੱਕ ਕਿ ਜਦੋਂ ਵੀ ਕਿਸੇ ਗ਼ਰੀਬ ਗੁਰਬੇ ਦੀ ਧੀ-ਭੈਣ ਦਾ ਵਿਆਹ ਹੁੰਦਾ ਤਾਂ ਤਾਇਆ ਜੀ ਰੱਜ ਕੇ ਦਾਨ ਤੇ ਕੱਪੜਾ ਗਹਿਣਾ ਦਿੰਦੇ। ਇਸੇ ਕਰ ਕੇ ਗ਼ਰੀਬ ਤੇ ਪਿੰਡ ਦੇ ਹਰੀਜਨ ਲੋਕ ਉਸ ਦੇ ਗੁਣ ਗਾਉਂਦੇ ਨਹੀਂ ਸਨ ਥੱਕਦੇ।

ਜਦੋਂ ਕਦੇ ਮੈਂ ਤਾਇਆ ਪੰਜਾਬ ਸਿੰਘ ਤੇ ਉਸ ਦੇ ਪਰਿਵਾਰ ਨੂੰ ਆਪਣੇ ਵਲੈਤੀ ਦੋਸਤਾਂ ਨਾਲ ਤੋਲਦਾ ਤਾਂ ਮੈਨੂੰ ਸਾਰੇ ਬਹੁਤ ਹੌਲ਼ੇ ਲੱਗਦੇ। ਇੱਕ ਦਿਨ ਮੈਨੂੰ ਮੇਰਾ ਇੱਕ ਦੋਸਤ ਕਹਿਣ ਲੱਗਾ– "ਤੂੰ ਇਹਨਾਂ ਕਾਗਜ਼ੀ ਰਿਸ਼ਤਿਆਂ 'ਚੋਂ ਪੰਜਾਬ ਸਿੰਘ ਵਰਗਾ ਪਿਆਰ ਕਦੇ ਵੀ ਨਹੀਂ ਲੱਭ ਸਕਦਾ।" ਉਸ ਦੀ ਗੱਲ 'ਚ ਬੜੀ ਸਚਾਈ ਸੀ। ਮੈਂ ਸਾਰਾ ਯੂਰਪ ਘੁੰਮਿਆ, ਪਰ ਤਾਏ ਵਰਗਾ ਬੰਦਾ ਮੈਨੂੰ ਕਿਤੇ ਵੀ ਨਾ ਲੱਭਿਆ।

ਫਿਰ ਇੱਕ ਦਿਨ ਤਾਇਆ ਪੰਜਾਬ ਸਿੰਘ ਦੀ ਚਿੱਠੀ ਆਈ। ਜਿਸ ਨੂੰ ਪੜ੍ਹ ਕੇ ਦਿੱਲ ਬੜਾ ਦੁੱਖੀ ਹੋਇਆ। ਲਿਖਿਆ ਸੀ–"ਸਮਾਂ ਕਰਵੱਟ ਬਦਲ ਰਿਹੈ ਬੇਟੇ। ਸਾਡੇ ਘਰ ਦੀਆਂ ਦਿਵਾਰਾਂ 'ਚ ਤਰੇੜਾਂ ਆ ਰਹੀਆਂ ਨੇ। ਘਰ ਪਾਟਦਾ ਜਾ ਰਿਹੈ। ਇੱਥੋਂ ਤੱਕ ਹੁਣ ਤਾਂ ਬੁੱਢੀ ਮਾਂ ਵੀ ਮਤਰੇਈ ਬਣਦੀ ਜਾ ਰਹੀ ਹੈ। ਪਿਉ ਨੇ ਮੈਨੂੰ ਆਪਣਾ ਪੁੱਤਰ ਮੰਨਣ ਤੋਂ ਇਨਕਾਰ ਕਰ ਦਿਤੈ ਤੇ ਮੇਰੀ ਜ਼ਮੀਨ ਤੇ ਮੇਰੇ ਖੇਤਾਂ ਦਾ ਪਾਣੀ ਗੁਆਂਢੀਆਂ ਨੂੰ ਦੇ ਦਿੱਤੈ।"

ਚਿੱਠੀ ਪੜ੍ਹ ਕੇ ਮੈਂ ਰੋ ਪਿਆ ਸੀ ਤੇ ਤਾਏ ਨਾਲ਼ ਹੋਏ ਧੱਕੇ ਨੇ ਮੈਨੂੰ ਬੜੀ ਠੇਸ ਪਹੁੰਚਾਈ।

ਤਾਏ ਪੰਜਾਬ ਸਿੰਘ ਦੀ ਪਹਿਲੀ ਚਿੱਠੀ ਨੂੰ ਅਜੇ ਭੁੱਲਿਆ ਨਹੀਂ ਸੀ ਕਿ ਉਨ੍ਹਾਂ ਦੀ ਇੱਕ ਹੋਰ ਚਿੱਠੀ ਆ ਗਈ। ਚਿੱਠੀ ਖੋਲ੍ਹਣ ਤੋਂ ਪਹਿਲਾਂ ਮੈਂ ਰੱਬ ਤੋਂ ਤਾਏ ਦੀ ਖੈਰ ਮੰਗੀ। ਲਿਖਿਆ ਸੀ– "ਆਪਣਾ ਖ਼ੂਨ ਵੀ ਪਰਾਇਆ ਹੋ ਗਿਐ ਬੇਟੇ। ਮੇਰੇ ਦੋਵੇਂ ਪੁੱਤਰ ਵੀ ਮੈਨੂੰ ਛੱਡ ਗਏ। ਦਾੜ੍ਹੀ ਦਾ ਜੇ ਕੋਈ ਵਾਲ਼ ਮਾਂ-ਬਾਪ ਕੋਲੋਂ ਪੁੱਟਣਾ ਰਹਿ ਗਿਆ, ਉਹ ਮੇਰੇ ਦੋਵੇਂ ਪੁੱਤਰਾਂ ਦੇ ਹਿੱਸੇ ਆ ਗਿਐ। ਜਦੋਂ ਦਾ ਉਹਨਾਂ ਘਰ ਛੱਡਿਐ, ਮੁੜ ਕੇ ਮੂੰਹ ਨਹੀਂ ਵਿਖਾਇਆ, ਜੇ ਆਪਣੀਆਂ ਆਂਦਰਾਂ ਹੀ ਧੋਖਾ ਦੇ ਜਾਣ, ਫਿਰ ਬੇਟੇ ਕੀ ਕੀਤਾ ਜਾ ਸਕਦੈ ? ਤੇਰੇ ਦੇਸ਼ 'ਚ ਤਾਂ ਏਦਾਂ ਨਹੀਂ ਹੁੰਦਾ ਨਾ ਬੇਟੇ.......?"

ਫਿਰ ਤਾਇਆ ਪੰਜਾਬ ਸਿੰਘ ਦੀ ਬਹੁਤ ਦਿਨ ਚਿੱਠੀ ਨਾ ਆਈ। ਮੇਰੇ ਮਨ 'ਚ ਕਈ ਬੁਰੇ ਖਿਆਲ ਆਉਣ ਲੱਗੇ। ਮੈਨੂੰ ਬੜਾ ਫ਼ਿਕਰ ਰਿਹਾ ਕਰੇ। ਤਾਏ ਨੂੰ ਮਿਲਣ

ਲਈ ਮੈਂ ਪਿੰਡ ਪਰਤਣ ਦਾ ਫੈਸਲਾ ਕਰ ਲਿਆ।

ਸਾਰੇ ਰਾਹ ਮੈਂ ਤਾਏ ਬਾਰੇ ਸੋਚਦਾ ਰਿਹਾ। ਕਦੇ ਖਿਆਲ ਆਉਂਦਾ ਕਿ ਪਤਾ ਨ੍ਹੀਂ ਤਾਇਆ ਜਿਉਂਦਾ ਵੀ ਹੋਏਗਾ ਕਿ ਨਹੀਂ। ਜਦੋਂ ਮੇਰੀ ਟੈਕਸੀ ਪੰਜਾਬ ਸਿੰਘ ਦੇ ਘਰ ਅੱਗੇ ਪਹੁੰਚੀ ਤਾਂ ਰੋਣ ਧੋਣ ਦੀਆਂ ਅਵਾਜ਼ਾਂ ਸੁਣ ਕੇ ਮੈਨੂੰ ਆਪਣੀ ਪੰਜਾਬ ਸਿੰਘ ਦੇ ਮਰ ਜਾਣ ਵਾਲ਼ੀ ਗੱਲ ਸੱਚੀ ਜਾਪਣ ਲੱਗੀ।

"ਪੰਜਾਬ ਸਿੰਘ ਦਾ ਘਰ ਆ?" ਮੈਂ ਕੋਲ ਦੀ ਲੰਘ ਰਹੇ ਇੱਕ ਆਦਮੀ ਤੋਂ ਪੁੱਛਿਆ। ਸੋਚ ਰਿਹਾ ਸਾਂ ਕਿਤੇ ਮੈਂ ਘਰ ਹੀ ਪਛਾਣ ਨਾ ਸਕਿਆ ਹੋਵਾਂ।

"ਆਹੋ ਪੰਜਾਬ ਸਿੰਘ ਦਾ ਹੈ।" ਉਸ ਨੇ ਇਸ ਤਰ੍ਹਾਂ ਕੁਰੱਖਤ ਲਹਿਜ਼ੇ 'ਚ ਜਵਾਬ ਦਿੱਤਾ ਜਿਵੇਂ ਪੰਜਾਬ ਸਿੰਘ ਉਸ ਦਾ ਦੁਸ਼ਮਣ ਹੋਵੇ। ਮੇਰੇ ਵੱਲ ਅੱਖਾਂ ਪਾੜ ਪਾੜ ਕੇ ਦੇਖਦਾ ਉਹ ਅੱਗੇ ਤੁਰ ਗਿਆ।

"ਬੜਾ ਬੇਵਕੂਫ਼ ਬੰਦੈ।" ਜੋ ਪੰਜਾਬ ਸਿੰਘ ਵਰਗੇ ਭਲੇ ਪੁਰਸ਼ ਲਈ ਜ਼ਰਾ ਜਿੰਨੀ ਵੀ ਇੱਜ਼ਤ ਨਹੀਂ ਰੱਖਦਾ।

ਮੈਂ ਟੈਕਸੀ ਦੇ ਬਿਨਾਂ ਪੈਸੇ ਦਿੱਤਿਆਂ ਹੀ ਅੰਦਰ ਵੱਲ ਦੌੜਿਆ। ਵਿਹੜੇ 'ਚ ਰੋ ਰਹੀਆਂ ਔਰਤਾਂ ਤੋਂ ਸਿਵਾਏ ਇੱਕ ਬਜ਼ੁਰਗ ਬੈਠਾ ਸੀ। ਘਰੋਂ ਬਾਹਰ ਨਿਕਲ ਰਹੇ ਸੀਰੀ ਤੋਂ ਪੁੱਛਿਆ— "ਤਾਇਆ ਪੰਜਾਬ ਸਿੰਘ........?"

"ਉਹ ਭੁੰਜੇ ਪੰਜਾਬ ਸਿੰਘ ਹੀ ਆ।" ਉਸ ਉੱਤਰ ਦਿੱਤਾ ਤੇ ਬਾਹਰ ਨਿਕਲ ਗਿਆ।

ਨੇੜੇ ਜਾ ਕੇ ਵੇਖਿਆ, ਪੰਜਾਬ ਸਿੰਘ ਦੇ ਸਰੀਰ ਤੇ ਜ਼ਖ਼ਮਾਂ ਦੇ ਨਿਸ਼ਾਨ ਸਨ, ਜਿਨ੍ਹਾਂ 'ਚੋਂ ਅਜੇ ਵੀ ਖ਼ੂਨ ਸਿੰਮਦਾ ਪਿਆ ਸੀ। ਤਾਏ ਨੂੰ ਦੇਖ ਕੇ ਮੇਰੀ ਚੀਕ ਨਿਕਲ ਗਈ ਤੇ ਭੱਜ ਕੇ ਉਹਨੂੰ ਜੱਫੀ ਪਾ ਲਈ।

"ਤਾਇਆ, ਤੇਰਾ ਇਹ ਹਾਲ ਕਿਸ ਨੇ ਕੀਤੈ?"ਮੈਂ ਉਸ ਦੇ ਜ਼ਖ਼ਮਾਂ ਵੱਲ ਇਸ਼ਾਰਾ ਕਰਦਿਆਂ ਪੁੱਛਿਆ।

"ਕੱਲ੍ਹ ਪੁਲਸ ਆਈ ਸੀ ਘਰ।"ਉਹ ਗਲ਼ਾ ਸਾਫ਼ ਕਰਦਿਆਂ ਬੋਲਿਆ।

"ਪਰ ਕਿਉਂ.......?"

"ਕਹਿੰਦੇ ਸੀ......... ਤੂੰ ਅੱਤਵਾਦੀ ਪੈਦਾ ਕੀਤੇ ਐ। ਤੇ ਹੁਣ ਵੀ ਤੂੰ ਅੱਤਵਾਦੀਆਂ ਨੂੰ ਪਨਾਹ ਦਿੱਨੈ.......।"

"ਇਹ ਔਰਤਾਂ ਕਿਉਂ ਰੋ ਰਹੀਆਂ ਨੇ ਤਾਇਆ?"ਮੈਂ ਦੋ ਰੋ ਰਹੀਆਂ ਔਰਤਾਂ ਵੱਲ ਇਸ਼ਾਰਾ ਕੀਤਾ।

"ਇਹ ਮੇਰੀਆਂ ਨੂੰਹਾਂ ਨੇ....... ਆਪਣੇ ਆਪਣੇ ਸੁਹਾਗਾਂ ਨੂੰ ਰੋ ਰਹੀਆਂ ਨੇ।" ਕਹਿੰਦਿਆਂ ਤਾਏ ਦਾ ਹਉਕਾ ਨਿਕਲ ਗਿਆ।

"ਸਤਨਾਮ ਤੇ ਰਾਮ ਕੀ......... ਕੀ ਹੋ ਗਿਐ ਸਤਨਾਮ ਤੇ ਰਾਮ ਨੂੰ ਤਾਇਆ?" ਮੇਰੇ ਪੈਰਾਂ ਹੇਠੋਂ ਜਮੀਨ ਨਿਕਲ ਗਈ।

"ਹਫ਼ਤਾ ਕੁ ਹੋਇਐ......... ਇੱਕ ਅੱਤਵਾਦੀਆਂ ਨੇ ਮਾਰ ਦਿੱਤੈ ਤੇ ਦੂਸਰਾ ਪੁਲਸ ਮੁਕਾਬਲੇ 'ਚ ਮਾਰਿਆ ਗਿਐ।"ਕਹਿਕੇ ਤਾਇਆ ਪੰਜਾਬ ਸਿੰਘ ਰੋਣ ਲੱਗ ਪਿਆ।

ਮਿੱਤਰਾਂ ਦੀ ਨਜ਼ਰ

# ਨੇੜਿਉਂ ਦੇਖਿਆ - ਜਗਰੂਪ ਸਿੰਘ ਦਾਤੇਵਾਸ

**— ਦਰਸ਼ਨ ਸਿੰਘ ਗੋਪਾਲਪੁਰੀ**

ਮਿੰਨੀ ਕਹਾਣੀ ਦੇ ਅਭਿਆਸੀ ਦੌਰ 'ਚੋਂ ਨਿਕਲ ਕੇ ਜਿਹੜੇ ਲੇਖਕਾਂ ਨੇ ਨਿੱਕੀ ਕਹਾਣੀ/ਨਾਵਲ ਖੇਤਰ 'ਚ ਆਪਣਾ ਨਾਂ ਬਣਾਇਆ, ਉਹਨਾਂ ਲੇਖਕਾਂ ਵਿਚ ਜਗਰੂਪ ਸਿੰਘ ਦਾਤੇਵਾਸ ਉਭਰਵਾਂ ਨਾਂ ਹੈ।

ਪਹਿਲੀ ਵਾਰ ਮੈਨੂੰ ਉਹ ਸੰਨ 1982 ਵਿਚ ਸਾਹਿਤ ਸਭਾ ਦੀ ਮੀਟਿੰਗ 'ਚ ਮਿਲਿਆ ਸੀ। ਸ਼ਾਇਦ ਉਹ ਮੀਟਿੰਗ ਵਿਚ ਪਹਿਲੀ ਵਾਰ ਆਇਆ ਸੀ। "ਇਹ ਨੇ ਜਗਰੂਪ ਸਿੰਘ ਦਾਤੇਵਾਸ...... ਇਹਨਾਂ ਦਾ ਐਡਰੈਸ ਲੈ ਲੈ ਇਹ ਮੀਟਿੰਗ 'ਚ ਆਇਆ ਕਰਨਗੇ...... ਐਸਕਾਰਟਸ ਫੈਕਟਰੀ 'ਚ ਜੇ. ਈ. ਨੇ।" ਸੁਖਮਿੰਦਰ ਸੇਖੋਂ ਮੇਰੇ ਨਾਲ ਦਾਤੇਵਾਸ ਦੀ ਜਾਣ-ਪਛਾਣ ਕਰਾਉਂਦਿਆਂ ਕਹਿ ਰਿਹਾ ਸੀ। ਇਕਹਿਰਾ ਸਰੀਰ, ਤੰਗ ਪੈਂਟ ਅਤੇ ਪੇਚਦਾਰ ਲੜਾਂ ਵਾਲ਼ੀ ਸੰਵਾਰ ਕੇ ਬੰਨ੍ਹੀ ਹੋਏ ਪੱਗ ਵਿਚ ਉਹ ਮੈਨੂੰ ਪਹਿਲੀ ਨਜ਼ਰੇ ਲੇਖਕ ਜਾਂ ਇੰਜੀਨੀਅਰ ਨਹੀਂ ਸੀ ਲੱਗਿਆ, ਜਿਵੇਂ ਫ਼ਸਟ ਈਅਰ ਦਾ ਕੋਈ ਵਿਦਿਆਰਥੀ ਹੋਵੇ। ਸਾਹਿਤ ਸਭਾ ਦੀਆਂ ਮੀਟਿੰਗਾਂ 'ਚ ਉਹ ਲਗਾਤਾਰ ਆਉਣ ਲੱਗ ਪਿਆ। ਮੇਰੇ ਨਾਲ ਉਸਦੀ ਨੇੜਤਾ ਵੱਧਦੀ ਗਈ।

ਛੜਾ-ਛਾਂਟ ਸੀ ਉਦੋਂ ਉਹ। ਵੱਡੀ ਨਦੀ ਦੇ ਕਿਨਾਰੇ ਇਕ ਵੱਡੀ ਸਾਰੀ ਕੋਠੀ ਉਸਨੇ ਕਿਰਾਏ ਤੇ ਲੈ ਰੱਖੀ ਸੀ। ਉਸ ਕੋਠੀ ਦਾ ਮਾਲਕ ਪ੍ਰੀਵਾਰ ਸਮੇਤ ਵਿਦੇਸ਼ 'ਚ ਰਹਿੰਦਾ ਸੀ। ਉਥੇ ਮੇਰਾ ਆਣਾ-ਜਾਣਾ ਆਮ ਹੋ ਗਿਆ। ਬੜੇ ਠਾਠ ਨਾਲ ਰਹਿੰਦਾ ਸੀ, ਖਾਣਾ ਆਮ ਤੌਰ ਤੇ ਹੋਟਲ ਤੇ ਖਾਂਦਾ। ਚਾਹ ਵਗੈਰਾ ਦਾ ਸਮਾਨ ਰਸੋਈ 'ਚ ਰੱਖਿਆ ਹੋਇਆ ਸੀ। ਪੱਚੀ ਕੁ ਸਾਲਾਂ ਦੀ ਇਕ ਔਰਤ ਉਸ ਦੇ ਘਰ ਦੀ ਸਫ਼ਾਈ ਅਤੇ ਚਾਹ ਵਾਲੇ ਬਰਤਨ ਧੋ ਜਾਂਦੀ। ਰੜ੍ਹਿਆ ਹੋਇਆ ਰੰਗ ਤੇ ਦੇਖਣ ਨੂੰ ਪੂਰਬਣ ਲਗਦੀ ਸੀ ਉਹ ਔਰਤ। ਡਿਊਟੀ ਤੇ ਜਾਣ ਲੱਗਿਆਂ ਉਹ ਕੋਠੀ ਦੀ ਚਾਬੀ ਨੂੰ ਗੇਟ ਨੇੜੇ ਇਕ ਇੱਟ ਥੱਲੇ ਰੱਖ ਜਾਂਦਾ ਅਤੇ ਪਿੱਛੋਂ ਆ ਕੇ ਉਹ ਨੌਕਰਾਣੀ ਘਰ ਦਾ ਕੰਮ ਕਰਕੇ ਚਾਬੀ ਮੁੜ ਇੱਟ ਹੇਠਾਂ ਰੱਖ ਜਾਂਦੀ। ਜੇਕਰ ਮੈਨੂੰ ਕਦੇ ਉਹ ਘਰ ਨਾ ਮਿਲਦਾ ਤਾਂ ਮੈਂ ਵੀ ਉਥੋਂ ਚਾਬੀ ਚੁਕਦਾ ਅਤੇ ਦਰਵਾਜ਼ਾ ਖੋਲ੍ਹ ਕੇ ਦਾਤੇਵਾਸ ਦੀ ਇੰਤਜ਼ਾਰ ਕਰਨ ਲਗਦਾ। ਮੈਨੂੰ ਉਸ ਨੇ ਉਸ ਨੌਕਰਾਣੀ ਵੱਲ ਨਾ-ਝਾਕਣ ਦੀ ਸਖ਼ਤ ਹਦਾਇਤ ਕੀਤੀ ਹੋਈ ਸੀ। "ਯਾਰ ਬੜੀ ਸਾਊ ਤੀਮੀ ਐ.... ਗਰਗ ਦੇ ਕੰਮ ਕਰਦੀ ਐ, ਉਹਨਾਂ ਏਥੇ ਭੇਜ ਤੀ....।" ਉਹ ਆਪ ਹੀ ਉਸ ਔਰਤ ਬਾਰੇ ਕਹਿੰਦਾ। ਮੇਘ ਰਾਜ ਗਰਗ ਵੀ ਐਸਕਾਰਟਸ ਫੈਕਟਰੀ ਵਿਚ ਇੰਜੀਨੀਅਰ ਸੀ ਅਤੇ ਉਸਦੀ ਪਤਨੀ ਦਾਤੇਵਾਸ ਦੇ ਪਿੰਡ ਦੀ ਸੀ, ਜਿਸ ਨੂੰ ਉਹ ਭੈਣ ਕਹਿੰਦਾ। ਉਹ ਕੋਠੀ ਇਸੇ ਗਰਗ ਜੋੜੀ ਦੇ ਰਿਸ਼ਤੇਦਾਰਾਂ ਦੀ ਸੀ। ਉਥੇ ਰਹਿੰਦਿਆਂ ਉਸ ਨੇ ਕਈ ਕਹਾਣੀਆਂ ਲਿਖੀਆਂ। ਉਸ ਦੀ ਲੇਖਕਾਂ ਨਾਲ ਜਾਣ-ਪਛਾਣ ਵੱਧਦੀ ਗਈ। ਇਕ ਰਾਤ ਲੇਖਕਾਂ ਨੂੰ ਬੁਲਾ ਕੇ ਉਨ੍ਹਾਂ ਦੀਆਂ ਕਹਾਣੀਆਂ ਪੜ੍ਹਵਾਈਆਂ। ਜਿਨ੍ਹਾਂ 'ਚ ਅਮਰ ਗਿਰੀ, ਬਲਵੰਤ ਚੌਹਾਨ, ਸੁਖਮਿੰਦਰ ਸੇਖੋਂ, ਸ਼ਾਇਰ ਬਾਬਾ ਪਟਿਆਲਵੀ, ਸੁਰਜੀਤ ਖੁਰਮਾ ਹਾਜ਼ਰ ਸਨ।

ਵਿਆਹ ਮਗਰੋਂ ਉਸ ਨੇ ਰਿਹਾਇਸ਼ ਗੁਰਬਖਸ਼ ਕਲੋਨੀ ਵਿਖੇ ਕਰ ਲਈ। ਇਥੇ ਵੀ

ਉਸਨੇ 'ਲਿਖਾਰੀ ਸੰਗਮ, ਪਟਿਆਲਾ' ਦੀ ਮੀਟਿੰਗ ਬੁਲਾਈ। ਜਿਥੇ ਰਚਨਾਵਾਂ ਤਾਂ ਪੜ੍ਹੀਆਂ ਸੁਣੀਆਂ ਗਈਆਂ, ਉਸ ਨੇ ਆਪਣੀ ਪਤਨੀ ਗੁਰਪ੍ਰੀਤ ਦੀ ਜਾਣ-ਪਛਾਣ ਵੀ ਆਪਣੇ ਲੇਖਕ ਮਿੱਤਰਾਂ ਨਾਲ ਕਰਵਾਈ। ਮਗਰੋਂ ਪਾਸੀ ਰੋਡ, ਪੰਜਾਬੀ ਬਾਗ ਅਤੇ ਫਿਰ ਗੁਰਬਖਸ਼ ਕਲੋਨੀ ਕਿੰਨੇ ਹੀ ਮਕਾਨ ਬਦਲੇ ਉਸ ਨੇ। ਛੋਟਾ ਜਿਹਾ ਟੱਬਰ ਅਤੇ ਘਰੇਲੂ ਸਮਾਨ ਇਤਨਾ ਕਿ ਟਰੱਕ 'ਚ ਵੀ ਪੂਰਾ ਨਹੀਂ ਸੀ ਆਉਂਦਾ।

ਸਾਲ 1993 'ਚ ਆਏ ਹੜ੍ਹਾਂ ਕਾਰਨ ਅੱਧਾ ਪਟਿਆਲਾ ਪਾਣੀ 'ਚ ਡੁੱਬ ਗਿਆ ਸੀ। ਬਾਹਰਲੀਆਂ ਕਲੋਨੀਆਂ 'ਚ ਪਾਣੀ ਇੰਨਾ ਭਰ ਗਿਆ ਸੀ ਕਿ ਜ਼ਿਲ੍ਹਾ ਪ੍ਰਸ਼ਾਸ਼ਨ ਨੂੰ ਫੌਜ ਤੋਂ ਕਿਸ਼ਤੀਆਂ ਦੀ ਮਦਦ ਲੈਣੀ ਪਈ ਸੀ। ਹੜ੍ਹ 'ਚ ਫਸੇ ਹੋਏ ਲੋਕਾਂ ਨੂੰ ਸੁਰੱਖਿਅਤ ਜਗ੍ਹਾ ਤੇ ਪਹੁੰਚਾਉਣ ਲਈ। ਹਰ ਪਾਸਿਉਂ ਦਰਦਨਾਕ ਖ਼ਬਰਾਂ ਆ ਰਹੀਆਂ ਸਨ। ਖਾਸ ਕਰਕੇ ਗੁਰਬਖਸ਼ ਕਲੋਨੀ ਬਾਰੇ। ਉਥੇ ਕਿਸ਼ਤੀ ਉਲਟਣ ਕਰਕੇ ਕਈ ਮੌਤਾਂ ਹੋ ਗਈਆਂ ਸਨ। ਨੀਵਾਂ ਅਤੇ ਵੱਡੀ ਨਦੀ ਦੇ ਨੇੜੇ ਹੋਣ ਕਰਕੇ ਜ਼ਿਆਦਾ ਮਾਰ ਇਸੇ ਇਲਾਕੇ ਨੂੰ ਪਈ ਸੀ। ਵੱਡੀ ਨਦੀ 'ਚ ਪਾੜ ਪੈ ਗਿਆ ਸੀ। ਅਫ਼ਵਾਹਾਂ ਸੁਣ ਕੇ ਮੇਰੇ ਦਿਲ 'ਚ ਹੌਲ ਪੈਂਦੇ। ਕਿਉਂਕਿ ਉਹਨਾਂ ਦਿਨਾਂ 'ਚ ਦਾਤੇਵਾਸ ਗੁਰਬਖਸ਼ ਕਲੋਨੀ ਦੀ 11 ਨੰਬਰ ਗਲੀ 'ਚ ਰਹਿੰਦਾ ਸੀ। ਮੈਂ ਦਾਤੇਵਾਸ ਦੇ ਪ੍ਰੀਵਾਰ ਬਾਰੇ ਸੋਚਣ ਲਗਦਾ, ਕੀ ਹਾਲ ਹੋਏਗਾ ਬੱਚੀਆਂ ਪੁਨੀਤ ਅਤੇ ਸੁਮੀਤ ਦਾ? ਖ਼ਬਰ ਲੈਣ ਦਾ ਕੋਈ ਸਾਧਨ ਨਹੀਂ ਸੀ। ਮੇਰੀ ਰਿਹਾਇਸ਼ ਸਰਕਾਰੀ ਪ੍ਰੈਸ ਕਲੋਨੀ, ਸਰਹਿੰਦ ਰੋਡ ਵਿਖੇ ਸੀ। ਸਾਰਾ ਇਲਾਕਾ ਸੁਖਨਾ ਝੀਲ ਬਣਿਆ ਹੋਇਆ ਸੀ। ਮੋਟਰ ਕਿਸ਼ਤੀਆਂ ਆ ਜਾ ਰਹੀਆਂ ਸਨ। ਮੈਂ ਵੱਡੀ ਸਾਰੀ ਡਾਂਗ ਲੈ ਕੇ ਇਕ ਕਿਸ਼ਤੀ 'ਚ ਸਵਾਰ ਹੋ ਗਿਆ। ਉਸ ਕਿਸ਼ਤੀ 'ਚੋਂ ਮੈਂ ਗੁਰਦੁਆਰਾ ਦੁੱਖ-ਨਿਵਾਰਨ ਸਾਹਿਬ ਜਾ ਕੇ ਉਤਰ ਗਿਆ। ਅਗਲੀ ਕਿਸ਼ਤੀ ਬੱਸ ਅੱਡੇ ਤੋਂ ਗੁਰਬਖਸ਼ ਕਲੋਨੀ ਵੱਲ ਜਾਣ ਵਾਲੀ ਲਈ। ਚਾਰੇ ਪਾਸੇ ਬੜਾ ਭਿਆਨਕ ਦ੍ਰਿਸ਼ ਸੀ। ਪਾਣੀ ਇਉਂ ਵੱਗ ਰਿਹਾ ਸੀ ਜਿਵੇਂ ਨਦੀ ਵਹਿ ਰਹੀ ਹੋਵੇ। ਛੋਟੀ ਨਦੀ ਮਰੇ ਹੋਏ ਪਸ਼ੂਆਂ ਨਾਲ ਭਰੀ ਪਈ ਸੀ। ਚਾਰੇ ਪਾਸੇ ਬਦਬੂ ਹੀ ਬਦਬੂ। ਕਿਸ਼ਤੀ 'ਚੋਂ ਮੈਂ 11 ਨੰ. ਗਲੀ ਤੇ ਜਾ ਕੇ ਉਤਰ ਗਿਆ। ਹੇਠਾਂ ਉਤਰਿਆ ਤਾਂ ਪਾਣੀ ਮੇਰੀ ਛਾਤੀ ਤੱਕ ਸੀ। ਡਾਂਗ ਨਾਲ ਜਾਇਜ਼ਾ ਲੈਂਦਾ ਹੋਇਆ ਮੈਂ ਦਾਤੇਵਾਸ ਦੇ ਘਰ ਵੱਲ ਵੱਧਣ ਲੱਗਾ। ਪਾਣੀ ਦੀਆਂ ਛੱਲਾਂ ਨਾਲ ਕਮਜ਼ੋਰ ਚਾਰਦਿਵਾਰੀਆਂ ਤਹਿਸ ਨਹਿਸ ਹੋਈਆਂ ਪਈਆਂ ਸਨ। ਗਲੀਆਂ 'ਚ ਪਾਣੀ ਇਉਂ ਚਲ ਰਿਹਾ ਸੀ ਜਿਵੇਂ ਨਹਿਰਾਂ ਚਲ ਰਹੀਆਂ ਹੋਣ। ਮੈਨੂੰ ਡੋਬੂ ਪੈਣ ਲਗੇ। ਦਾਤੇਵਾਸ ਦੇ ਪ੍ਰੀਵਾਰ ਨੂੰ ਸਹੀ ਸਲਾਮਤ ਦੇਖਣ ਲਈ ਮੈਂ ਬਹੁਤ ਉਤਾਵਲਾ ਸੀ। ਜਦੋਂ ਮੈਂ ਉਸਦੇ ਘਰ ਨੇੜੇ ਪਹੁੰਚਿਆ, ਮੈਨੂੰ ਦੇਖ ਕੇ ਮਕਾਨ ਦੀ ਛੱਤ ਤੇ ਖੜ੍ਹਾ ਹੱਸ ਰਿਹਾ ਸੀ। ਮੇਰੇ ਮਨ ਨੂੰ ਧਰਵਾਸ ਆਇਆ। ਮਕਾਨ ਦੀ ਛੱਤ ਤੇ ਕਾਰ ਦੇ ਕਵਰ ਦਾ ਤੰਬੂ ਬਣਾ ਕੇ ਤਾਣਿਆ ਹੋਇਆ ਸੀ। ਉਸ ਨੂੰ ਘਰ ਦੇ ਬਾਕੀ ਹੋਏ ਨੁਕਸਾਨ ਦਾ ਇੰਨਾ ਫ਼ਿਕਰ ਨਹੀਂ ਸੀ, ਜਿਤਨੀ ਖੁਸ਼ੀ ਆਪਣੀਆਂ ਕਿਤਾਬਾਂ ਅਤੇ ਸਾਂਭ-ਸਾਂਭ ਰਖੇ ਹੋਏ 'ਇੰਡੀਆ ਟੂਡੇ' ਅਤੇ 'ਨਾਗਮਣੀ' ਦੇ ਪੁਰਾਣੇ ਅੰਕ ਭਿੱਜਣੋਂ ਬੱਚ ਜਾਣ ਕਾਰਨ ਹੋ ਰਹੀ ਸੀ। "ਵੀਰ ਜੀ ਮੈਂ ਇਹਨਾਂ ਨੂੰ ਬਥੇਰਾ ਕਿਹੈ ਕਿ ਪਹਿਲਾਂ ਸਮਾਨ ਚੱਕੀਏ....।" ਗੁਰਪ੍ਰੀਤ ਕਹਿ ਰਹੀ ਸੀ। "ਯਾਰ ਸਮਾਨ ਤਾਂ ਫਿਰ ਬਣਜੂ ਆਹ ਕਿਤਾਬਾਂ ਕਿਤੋਂ ਮਿਲਣੀਆਂ ਸੀ ਭਲਾਂ...?" ਜਿਵੇਂ ਉਹ ਕੋਈ ਜੰਗ ਜਿੱਤ ਗਿਆ ਹੋਵੇ।

ਆਪਣੇ ਪਿੰਡ ਦਾਤੇਵਾਸ ਉਹ ਬਹੁਤ ਘੱਟ ਜਾਂਦਾ। ਸਹੁਰੇ ਪਿੰਡ ਠੀਕਰੀਵਾਲ ਅਤੇ

ਬਾਅਦ 'ਚ ਬਰਨਾਲੇ ਉਹ ਤੁਰਿਆ ਹੀ ਰਹਿੰਦਾ। ਸਹੁਰੇ ਪ੍ਰੀਵਾਰ ਨਾਲ ਉਸਦੀ ਕਾਫ਼ੀ ਬਣਦੀ ਸੀ। ਇਸੇ ਕਰਕੇ ਉਸ ਨੇ ਬਰਨਾਲੇ ਉਨ੍ਹਾਂ ਦੇ ਨਜ਼ਦੀਕ ਇਕ ਪਲਾਟ ਵੀ ਖ਼ਰੀਦ ਲਿਆ ਸੀ। ਜਦੋਂ ਕਦੇ ਮੈਂ ਉਸਦੇ ਮਕਾਨ ਦੇ ਗੇਟ ਮੂਹਰੇ ਪਹੁੰਚਦਾ.... ਸਾਹਮਣੇ ਸ਼ੈਡ 'ਚੋਂ ਕਾਰ ਗਾਇਬ ਹੁੰਦੀ। "ਸਹੁਰੀਂ ਗਏ ਹੋਏ ਨੇ.... ਕੱਲ੍ਹ ਨੂੰ ਆ ਜਾਣਗੇ।" ਉਸ ਦੇ ਗੁਆਂਢੀ ਇਹੋ ਵਾਕ ਦੁਹਰਾਉਂਦੇ। ਪਰ ਕਈ ਵਾਰ ਇਹ ਕੱਲ੍ਹ ਹਫ਼ਤਾ ਭਰ ਲੰਮੀ ਹੋ ਜਾਂਦੀ।

ਉਸ ਦੀ ਪਹਿਲੀ ਬੇਟੀ ਦਾ ਜਨਮ ਹੋਇਆ ਤਾਂ ਉਸਦਾ ਘਰੇਲੂ ਨਾਂ 'ਨੀਤੂ' ਰੱਖਿਆ। ਉਹ ਨੀਤੂ ਨੂੰ ਸਕੂਲ ਦਾਖ਼ਲ ਕਰਵਾਉਣ ਗਿਆ ਤਾਂ ਨਾਮ ਲਿਖਵਾ ਆਇਆ ਪੁਨੀਤ ਸਿੰਘ ਦਾਤੇਵਾਸ। ਮੈਂ ਉਸਨੂੰ ਇਸ ਨਵੀਂ ਪਾਈ ਪ੍ਰਿਤ ਬਾਰੇ ਪੁੱਛਿਆ, ਤਾਂ ਕਹਿਣ ਲੱਗਾ, "ਯਾਰ ਬਸ ਕੁੜੀ ਵੀ ਇਹੋ ਤੇ ਮੁੰਡਾ ਵੀ....।" ਭਾਵੇਂ ਉਸ ਤੋਂ ਬਾਅਦ ਇਕ ਹੋਰ ਬੇਟੀ 'ਸੁਮੀਤ' ਨੇ ਵੀ ਉਸ ਦੇ ਘਰ ਜਨਮ ਲਿਆ।

ਉਸ ਮਿੰਨੀ ਕਹਾਣੀਆਂ ਦੀ ਪੁਸਤਕ 'ਅੰਗ ਸੰਗ' ਛਪਵਾਈ ਜਿਸ ਦੀ ਬੜੀ ਚਰਚਾ ਹੋਈ। ਬਾਅਦ 'ਚ ਦੂਸਰੀ ਮਿੰਨੀ ਕਹਾਣੀਆਂ ਦੀ ਪੁਸਤਕ 'ਉਦਾਸ ਪਿੰਡ ਦੀ ਕਥਾ' ਛਪਵਾਈ। ਉਸ ਨੂੰ ਨਿਰੋਲ ਮਿੰਨੀ ਕਹਾਣੀਆਂ ਦਾ ਪਰਚਾ ਛਾਪਣ ਦਾ ਸ਼ੌਕ ਸੀ। ਇਸ ਸ਼ੌਕ ਦੀ ਪੂਰਤੀ ਲਈ ਉਹ 'ਹਰਫ਼' ਨਾਂ ਦਾ ਤ੍ਰੈ-ਮਾਸਿਕ ਪਰਚੇ ਦੀ ਵੀ ਪ੍ਰਕਾਸ਼ਨਾ ਕਰਦਾ ਰਿਹਾ। ਰਸਾਲੇ ਦਾ ਪਹਿਲਾ ਅੰਕ ਰਿਲੀਜ਼ ਕਰਨ ਦੀ ਰਸਮ ਸੈਂਟਰਲ ਸਟੇਟ ਲਾਇਬ੍ਰੇਰੀ, ਪਟਿਆਲਾ ਦੇ ਲੈਕਚਰ ਹਾਲ 'ਚ ਕਰਵਾਈ ਗਈ। ਪੰਜਾਬ ਭਰ ਦੇ ਮਿੰਨੀ ਕਹਾਣੀ ਲੇਖਕਾਂ ਨੂੰ ਸੱਦਾ-ਪੱਤਰ ਘੱਲੇ ਗਏ। ਸਮਾਗਮ ਵਾਲੇ ਦਿਨ ਬਾਹਰੋਂ ਆਏ ਲੇਖਕ ਜਿਹੜੇ ਸਮੇਂ ਤੋਂ ਪਹਿਲਾਂ ਪੁੱਜ ਗਏ ਸਨ, ਲਾਇਬ੍ਰੇਰੀ ਦੇ ਮੇਨ ਗੇਟ ਨੇੜੇ ਜੁੜਨੇ ਸ਼ੁਰੂ ਹੋ ਗਏ। ਮੇਰੀ ਨਜ਼ਰ ਦੂਰ ਖੜ੍ਹੇ ਇਕ ਬਜ਼ੁਰਗ ਤੇ ਜਾ ਪਈ। "ਪ੍ਰਿੰਸੀਪਲ ਸੁਜਾਨ ਸਿੰਘ ਲਗਦੇ ਨੇ।" ਮੈਂ ਦਾਤੇਵਾਸ ਨੂੰ ਕਿਹਾ। ਮੈਂ ਉਹਨਾਂ ਦੀ ਫ਼ੋਟੋ ਦੇਖੀ ਹੋਈ ਸੀ। ਜਾ ਕੇ ਮੈਂ ਉਹਨਾਂ ਦੇ ਗੋਡੀਂ ਹੱਥ ਲਾਇਆ, "ਕਾਕਾ ਕੀ ਨਾਂ ਐ ਤੇਰਾ... ?" ਉਹ ਅਜੇ ਪੁੱਛ ਹੀ ਰਹੇ ਸਨ ਤਾਂ ਕੋਲ਼ੋਂ ਲੰਘ ਰਹੇ ਕਿਰਪਾਲ ਕਜ਼ਾਕ ਨੇ ਕਿਹਾ- "ਬਾਬਿਓ ਤੁਹਾਡਾ ਦਿੱਤਾ ਹੋਇਆ ਛੱਟਾ ਪੁੰਗਰਨ ਡਿਹੈ।"

"ਕੀ ਪ੍ਰੋਗਰਾਮ ਹੈ ਇਥੇ ?" ਜਦੋਂ ਮੈਂ ਉਹਨਾਂ ਨੂੰ ਪਰਚਾ ਰਿਲੀਜ਼ ਕਰਨ ਦੀ ਰਸਮ ਬਾਰੇ ਦੱਸਿਆ ਤਾਂ ਉਹ ਕਹਿਣ ਲੱਗਾ, "ਤਰੀਕ ਅੱਗੇ ਪਿੱਛੇ ਕਰ ਲੈਣੀ ਸੀ।" ਗੱਲ ਤਾਂ ਉਨ੍ਹਾਂ ਦੀ ਠੀਕ ਸੀ। ਪਰ ਸਾਡੀ ਮਜ਼ਬੂਰੀ ਸੀ। ਮੈਂ ਕੁਝ ਨਾ ਬੋਲਿਆ। ਚੁਪ ਰਿਹਾ।

ਉਸ ਸਮਾਗਮ 'ਚ ਕਈ ਨਾਮਵਰ ਲੇਖਕ ਪਹੁੰਚੇ ਹੋਏ ਸਨ। ਜੋ ਪ੍ਰਧਾਨਗੀ ਮੰਡਲ 'ਚ ਸਸ਼ੋਭਤ ਸਨ। ਜਿਨ੍ਹਾਂ 'ਚ ਦਿੱਲੀ ਤੋਂ ਆਈ ਹੋਈ ਲੇਖਿਕਾ ਬਚਿੰਤ ਕੌਰ ਵੀ ਸੀ। ਸਮਾਗਮ ਦੀ ਸ਼ੁਰੂਆਤ ਹੋ ਗਈ। ਬਚਿੰਤ ਕੌਰ ਨੇ ਉਠ ਕੇ ਮੰਚ ਸੰਚਾਲਕ ਦੇ ਕੰਨਾਂ 'ਚ ਕੁਝ ਕਿਹਾ। ਉਸ ਨੇ ਅਨਾਊਂਸ ਕੀਤਾ- "ਸਾਡੇ ਲਈ ਬੜੇ ਮਾਣ ਵਾਲ਼ੀ ਗੱਲ ਹੈ ਕਿ ਇਸ ਸਮਾਗਮ 'ਚ ਸਤਿਕਾਰਯੋਗ ਭੀਸ਼ਮ ਸਾਹਨੀ ਹਾਜ਼ਰ ਨੇ...।" ਸੁਣ ਕੇ ਹਾਲ 'ਚ ਬੈਠੇ ਸਰੋਤਿਆਂ ਦੀਆਂ ਗਰਦਨਾਂ ਏਧਰ ਓਧਰ, ਅੱਗੇ ਪਿੱਛੇ ਘੁੰਮਣ ਲੱਗ ਪਈਆਂ। ਕਿਉਂਕਿ ਉਨ੍ਹਾਂ ਦਿਨਾਂ 'ਚ ਭੀਸ਼ਮ ਸਾਹਨੀ ਦੇ ਨਾਵਲ ਤੇ ਅਧਾਰਤ ਸੀਰੀਅਲ 'ਤਮਸ' ਦੂਰਦਰਸ਼ਨ ਤੇ ਦਿਖਾਇਆ ਜਾ ਰਿਹਾ ਸੀ। ਜੋ ਹਰ ਦਰਸ਼ਕ ਦੀ ਪਸੰਦ ਬਣਿਆ ਹੋਇਆ ਸੀ। ਬੜੇ ਸਤਿਕਾਰ ਨਾਲ ਭੀਸ਼ਮ ਸਾਹਨੀ ਜੀ ਨੂੰ ਸਟੇਜ ਤੇ ਲਿਆਂਦਾ ਗਿਆ। ਸਟੇਜ ਤੇ ਬੈਠਣ ਦੀ ਬਜਾਏ ਉਹ ਸਿੱਧਾ ਮਾਈਕ ਵੱਲ ਚਲੇ ਗਏ ਤੇ ਹੌਲ਼ੀ ਹੌਲ਼ੀ ਬੋਲਣਾ ਸ਼ੁਰੂ ਕੀਤਾ- "ਮੈਂ

ਗਲਤੀ ਨਾਲ ਇਸ ਸਮਾਗਮ ਵਿਚ ਆ ਗਿਆ ਹਾਂ। ਅੱਜ ਤਾਂ ਰਵਿੰਦਰ ਰਵੀ ਦਾ ਭੋਗ ਹੈ, ਮੈਂ ਉਥੇ ਜਾਣਾ ਸੀ ਪਰ....।" ਉਸ ਨੇ ਡਾ. ਰਵੀ ਬਾਰੇ ਵੀ ਕੁਝ ਗੱਲਾਂ ਕੀਤੀਆਂ। "ਜੇ ਕੋਈ ਮੈਨੂੰ ਉਥੇ ਛੱਡ ਕੇ ਆ ਸਕਦੈ ਮੈਂ....।" ਜਿਨ੍ਹਾਂ ਕੋਲ਼ ਸਾਧਨ ਸਨ, ਕਈ ਜਣੇ ਖੜ੍ਹੇ ਹੋ ਗਏ। ਪਰ ਜਾਣਾ ਤਾਂ ਇਕ ਨਾਲ ਸੀ। ਦਰਅਸਲ ਉਸ ਸਮਾਗਮ ਦੇ ਸੱਦਾ-ਪੱਤਰ ਅਸੀਂ ਕਈ ਦਿਨ ਪਹਿਲਾਂ ਡਾਕ ਰਾਹੀਂ ਭੇਜ ਚੁੱਕੇ ਸਾਂ। ਡਾ. ਰਵਿੰਦਰ ਰਵੀ ਦਾ ਉਹਨਾਂ ਦੇ ਘਰ ਵਿਚ ਹੀ ਕਤਲ ਹੋ ਗਿਆ। ਸਾਡੇ ਸਮਾਗਮ ਵਾਲੇ ਦਿਨ ਹੀ ਉਨ੍ਹਾਂ ਦਾ ਭੋਗ ਸੀ। ਸਮਾਗਮ ਰੱਦ ਕਰਨ ਦੀ ਸੂਚਨਾ ਦੇਣੀ ਅਸੰਭਵ ਸੀ ਕਿਉਂਕਿ ਉਦੋਂ ਮੋਬਾਇਲ ਫ਼ੋਨ ਦਾ ਜ਼ਮਾਨਾ ਨਹੀਂ ਸੀ। ਇਹ ਸਾਡੀ ਮਜ਼ਬੂਰੀ ਸੀ ਤਰੀਕ ਅੱਗੇ ਪਿੱਛੇ ਨਾ ਕਰਨ ਦੀ ਜੋ ਮੈਂ ਪ੍ਰਿੰਸੀਪਲ ਸੁਜਾਨ ਸਿੰਘ ਜੀ ਨੂੰ ਨਹੀਂ ਦੱਸ ਸਕਿਆ। ਉਹ ਵੀ ਗਲਤੀ ਨਾਲ ਉਥੇ ਆ ਗਏ ਸਨ। ਇਸ ਤਰ੍ਹਾਂ ਉਹ ਸਮਾਗਮ ਯਾਦਗਾਰੀ ਹੋ ਨਿਬੜਿਆ।

ਬਾਅਦ 'ਚ ਮਿੰਨੀ ਕਹਾਣੀ ਤੋਂ ਉਸਦਾ ਮਨ ਉਕਤਾ ਗਿਆ ਅਤੇ 'ਹਰਫ਼' ਦੇ ਕੁਝ ਅੰਕ ਕੱਢਣ ਤੋਂ ਬਾਅਦ ਪਰਚਾ ਛਾਪਣਾ ਬੰਦ ਕਰ ਦਿਤਾ। ਕਹਿੰਦਾ- "ਮਿੰਨੀ ਕਹਾਣੀ ਲਿਖ ਕੇ ਰੱਜ ਜਿਹਾ ਨਹੀਂ ਆਉਂਦਾ।"

ਉਹਦੀ ਜਲੰਧਰ ਦੂਰਦਰਸ਼ਨ ਤੇ ਰਿਕਾਰਡਿੰਗ ਸੀ। ਨਾਲ ਜਾਣ ਲਈ ਮੈਨੂੰ ਤਿਆਰ ਕਰ ਲਿਆ। ਜਿਸ ਦਿਨ ਰਿਕਾਰਡਿੰਗ ਸੀ, ਉਸ ਤੋਂ ਇਕ ਦਿਨ ਪਹਿਲਾਂ ਹੀ ਚਲੇ ਗਏ ਸੀ। ਜਿੰਦਰ ਨੇ ਉਸ ਨੂੰ ਦੇਸ਼ ਭਗਤ ਯਾਦਗਾਰ ਹਾਲ ਵਿਖੇ ਮਿਲਣ ਲਈ ਕਿਹਾ ਹੋਇਆ ਸੀ। ਅਸੀਂ ਉਥੇ ਪਹੁੰਚੇ, ਜਿੰਦਰ ਦੇ ਨਾਲ ਦੇਸ ਰਾਜ ਕਾਲੀ, ਭਗਵੰਤ ਰਸੂਲਪੁਰੀ, ਗੁਰਮੀਤ ਕੜਿਆਲਵੀ ਤੇ ਹੋਰ ਲੇਖਕ ਵੀ ਮੌਜੂਦ ਸਨ। ਪਰ ਦਾਤੇਵਾਸ ਪ੍ਰੇਮ ਪ੍ਰਕਾਸ਼ ਨੂੰ ਮਿਲਣਾ ਚਾਹੁੰਦਾ ਸੀ, ਪਹਿਲੀ ਵਾਰ। ਜਿੰਦਰ ਨੇ ਫ਼ੋਨ ਕੀਤਾ- "ਬੁੜ੍ਹਿਆ ਕਿਥੇਂ ਆਂ... ਆ ਜਾ... ਓਥੇ ਹੀ... ਅੱਜ ਚਾਹ ਤੇਰੇ ਕੋਲੋਂ ਪੀਣੀ ਆ...।" ਅਸੀਂ ਗੱਲਾਂ ਕਰਦੇ ਕਰਦੇ ਉਥੇ ਪਹੁੰਚ ਗਏ ਜਿਥੇ ਪ੍ਰੇਮ ਪ੍ਰਕਾਸ਼ ਨੇ ਆਣਾ ਸੀ। ਸੜਕ ਦੇ ਕਿਨਾਰੇ ਇਕ ਚਾਹ ਦਾ ਖੋਖਾ ਸੀ ਅਤੇ ਨਾਲ ਹੀ ਇਕ ਲੰਬਾ ਸਾਰਾ ਬੈਂਚ ਪਿਆ ਸੀ, ਜਿਸ ਉਪਰ ਚਾਰ ਪੰਜ ਜਣੇ ਬੈਠ ਸਕਦੇ ਸਨ। ਸ਼ਾਇਦ ਉਹ ਆਮ ਤੌਰ ਤੇ ਉਥੇ ਹੀ ਮਿਲਦੇ ਹੋਣਗੇ। ਥੋੜ੍ਹੀ ਦੇਰ ਬਾਅਦ ਹੀ ਪ੍ਰੇਮ ਪ੍ਰਕਾਸ਼ ਹੁਰੀਂ ਆਪਣੀ ਹੀਰੋ ਮੈਜਿਸਟਿਕ ਤੇ ਸਵਾਰ ਹੋ ਕੇ ਪਹੁੰਚ ਗਏ। ਦਾਤੇਵਾਸ ਉਸ ਨੂੰ ਹੁੱਬ ਕੇ ਮਿਲਿਆ ਅਤੇ ਢੇਰ ਸਾਰੀਆਂ ਗੱਲਾਂ ਕਰਦਾ ਰਿਹਾ। ਪ੍ਰੇਮ ਪ੍ਰਕਾਸ਼ ਚਾਹ ਪੀ ਕੇ ਚਲਾ ਗਿਆ। ਦਿਨ ਢਲਦਾ ਜਾ ਰਿਹਾ ਸੀ। ਉਸ ਰਾਤ ਜਿੰਦਰ ਨੇ ਕਹਾਣੀ ਦਰਬਾਰ ਦਾ ਪ੍ਰਬੰਧ ਕੀਤਾ ਹੋਇਆ ਸੀ। ਮੋਹਨ ਲਾਲ ਫਿਲੌਰੀਆ ਦੇ ਘਰ। ਫਿਲੌਰੀਆ ਦਾ ਘਰ ਅਰਬਨ ਅਸਟੇਟ ਵਿਖੇ ਸੀ। ਜੋ ਕਿ ਉਦੋਂ ਸ਼ਹਿਰ ਤੋਂ ਕਾਫ਼ੀ ਦੂਰ ਪੈਂਦਾ ਸੀ। ਹਨੇਰਾ ਹੋ ਚੁੱਕਾ ਸੀ। ਸਾਰੇ ਜਣਿਆਂ ਨੇ ਸਾਈਕਲਾਂ ਤੇ ਸਵਾਰ ਹੋ ਕ ਚਾਲੇ ਪਾ ਦਿੱਤੇ। ਕੱਚਾ ਤੇ ਟੋਏ ਟਿੱਬਿਆਂ ਵਾਲਾ ਰਾਹ ਸੀ। ਦਾਤੇਵਾਸ, ਭਗਵੰਤ ਰਸੂਲਪੁਰੀ ਦੇ ਸਾਈਕਲ ਦੇ ਪਿਛੇ ਕੈਰੀਅਰ ਤੇ ਬੈਠਾ ਹੋਇਆ ਸੀ, ਮੈਂ ਜਿੰਦਰ ਦੇ। ਜਦੋਂ ਵੀ ਟੋਏ ਕਰਕੇ ਸਾਈਕਲ ਨੂੰ ਡੈਕ੍ਹਾ ਵੱਜਦਾ- "ਪਤੰਦਰੋ ਧਰਨ ਪੁਆਓਂਗੇ...।" ਦਾਤੇਵਾਸ ਹੱਸਦਾ ਹੋਇਆ ਕਹਿੰਦਾ। ਪੈਂਡਾ ਖ਼ਤਮ ਹੁੰਦਾ ਨਾ ਦੇਖ ਕੇ ਫੇਰ ਉਹ ਕਹਿੰਦਾ- "ਯਾਰ ਫਿਲੌਰੀਏ ਦੇ ਘਰ ਚਲੇ ਓਂ ਕਿ ਫਿਲੌਰ ਸ਼ਹਿਰ ਨੂੰ...।"

ਮੋਹਨ ਲਾਲ ਫਿਲੌਰੀਆ ਨੇ ਰਾਤ ਦੀ ਰੋਟੀ ਦਾ ਪ੍ਰਬੰਧ ਕੀਤਾ ਹੋਇਆ ਸੀ। ਸਰਦੀ

ਦਾ ਮੌਸਮ ਸੀ। ਫ਼ਰਸ਼ ਤੇ ਹੀ ਦਰੀਆਂ ਵਿਛਾ ਕੇ ਰਜ਼ਾਈਆਂ ਰੱਖੀਆਂ ਹੋਈਆਂ ਸਨ। ਅਸੀਂ ਰਜ਼ਾਈਆਂ 'ਚ ਵੜ ਗਏ। ਉਥੇ ਕਹਾਣੀਕਾਰ ਅਤਰਜੀਤ ਪਹਿਲਾਂ ਹੀ ਮੌਜੂਦ ਸੀ। ਉਸ ਨੇ ਦਾਤੇਵਾਸ ਦੀਆਂ ਕਹਾਣੀਆਂ ਪੜ੍ਹੀਆਂ ਹੋਈਆਂ ਸਨ, ਕਹਿੰਦਾ- "ਬਠਿੰਡੇ ਦੀ ਧਰਤੀ ਨੂੰ ਭਾਗ ਲਾ ਰਹੇ ਓਂ...।" ਦੇਰ ਰਾਤ ਤੱਕ ਰਚਨਾਵਾਂ ਪੜ੍ਹੀਆਂ ਸੁਣੀਆਂ ਗਈਆਂ।

ਸਥਾਪਤੀ ਲਈ ਉਹ ਬਹੁਤ ਕਾਹਲ਼ਾ ਸੀ। ਉਸ ਨੇ ਇਕ ਕਹਾਣੀ ਲਿਖੀ ਫਲ਼ਾ। ਕਹਾਣੀ ਬਹੁਤ ਲੰਮੀ ਸੀ। ਜਿਸ ਵਿਚ ਮਾਲਵੇ ਦੇ ਪਿੰਡਾਂ ਦਾ ਸਭਿਆਚਾਰ, ਛੋਟੀ ਕਿਰਸਾਨੀ ਦੀਆਂ ਸਮੱਸਿਆਵਾਂ, ਕੰਮੀ ਕਮੀਨਾਂ ਦੀਆਂ ਬੇ-ਵਸੀਆਂ, ਕਾਮ-ਉਲਝਣਾਂ ਦਾ ਬਾਖ਼ੂਬੀ ਚਿੱਤਰਣ ਕੀਤਾ ਗਿਆ ਸੀ। ਉਸਨੇ ਮੈਨੂੰ ਕਹਾਣੀ ਪੜ੍ਹਾਈ ਵੀ ਸੀ। ਮੈਂ ਉਸ ਨੂੰ ਇਹ ਕਹਾਣੀ ਕਿਤੇ ਛਪਣ ਲਈ ਨਾ ਭੇਜਣ ਲਈ ਕਿਹਾ ਸੀ, ਕਿਉਂਕਿ ਕਹਾਣੀ 'ਚ ਬਹੁਤ ਸੋਧ ਕਰਨ ਵਾਲ਼ੀ ਸੀ। ਸਾਹਿਤ ਸਭਾ ਮੋਰਿੰਡੋ ਤੋਂ ਸਾਨੂੰ ਸੱਦਾ-ਪੱਤਰ ਆਇਆ। ਕਹਾਣੀ ਦਰਬਾਰ ਸੀ ਉਥੇ ਅਜੀਤ ਢੰਗਰਾਲੀ ਦੇ ਘਰ। ਮੋਰਿੰਡੇ ਲਈ, ਘਰੋਂ ਤੁਰਨ ਤੋਂ ਪਹਿਲਾਂ ਮੈਂ ਉਸ ਨੂੰ ਕੋਈ ਹੋਰ ਕਹਾਣੀ ਲੈ ਕੇ ਜਾਣ ਲਈ ਕਿਹਾ। ਉਹ ਚੁਪ ਕਰ ਰਿਹਾ। ਮੈਨੂੰ ਕੋਈ ਜਵਾਬ ਨਾ ਦਿਤਾ। ਕਹਾਣੀ ਦਰਬਾਰ ਸਾਰੀ ਰਾਤ ਚਲਣਾ ਸੀ। ਸ਼ੁਰੂਆਤ ਰਾਤੀਂ ਅੱਠ ਵਜੇ ਹੋਈ। ਮੰਚ ਸੰਚਾਲਕ ਗੁਰਿੰਦਰ ਕਲਸੀ ਨੇ ਸਟੇਜ ਸੰਭਾਲਦਿਆਂ ਕਿਹਾ- "ਸਭ ਤੋਂ ਪਹਿਲਾਂ ਅਸੀਂ ਪਟਿਆਲੇ ਤੋਂ ਆਏ ਕਹਾਣੀਕਾਰ ਜਗਰੂਪ ਸਿੰਘ ਦਾਤੇਵਾਸ ਦੀ ਕਹਾਣੀ ਪੜ੍ਹਾਵਾਂਗੇ ਕਿਉਂਕਿ ਕਹਾਣੀ ਬਹੁਤ ਲੰਬੀ ਹੈ...।" ਮੈਨੂੰ ਬੜਾ ਅਚੰਭਾ ਹੋਇਆ। ਦਾਤੇਵਾਸ ਨੇ ਕਹਾਣੀ ਪੜ੍ਹਨੀ ਸ਼ੁਰੂ ਕੀਤੀ। ਕਹਾਣੀ ਪੜ੍ਹਦੇ-ਪੜ੍ਹਦੇ ਉਸਦਾ ਸੰਘ ਸੁਕ ਜਾਇਆ ਕਰੇ, ਮੈਂ ਕਈ ਵਾਰ ਪਾਣੀ ਦਾ ਗਿਲਾਸ ਫੜਾਇਆ। ਜਦੋਂ ਕਹਾਣੀ ਨੌਂ ਵੱਜੇ ਤੱਕ ਵੀ ਖ਼ਤਮ ਨਾ ਹੋਈ ਤਾਂ 'ਬਸ ਕਰ, ਬਸ ਕਰ' ਹੋਣ ਲੱਗ ਪਈ। ਉਸ ਨੇ ਰਹਿੰਦੀ ਕਹਾਣੀ ਬਿਨਾਂ ਪੜ੍ਹਿਆਂ ਹੀ ਛੱਡ ਦਿੱਤੀ। ਉਥੇ ਹਾਜ਼ਰ ਪ੍ਰੇਮ ਗੋਰਖੀ, ਗੁਰਦਿਆਲ ਦਲਾਲ ਅਤੇ ਅਵਤਾਰ ਸਿੰਘ ਬਿਲਿੰਗ ਦੀ ਸਖ਼ਤ ਅਲੋਚਨਾ ਦਾ ਸ਼ਿਕਾਰ ਹੋਣਾ ਪਿਆ ਉਸਨੂੰ। ਦਾਤੇਵਾਸ ਨਾਲ ਲਗਦੇ ਕਮਰੇ 'ਚ ਕੂਲਰ ਲਾ ਕੇ ਉਪਰ ਚਾਦਰ ਲੈ ਕੇ ਸੌਂ ਗਿਆ।

ਪੰਜਾਬੀ ਸਾਹਿਤ ਸਭਾ, ਪਟਿਆਲਾ ਨੂੰ ਲੀਹ ਤੇ ਲਿਆਉਣ ਲਈ ਉਸ ਬਹੁਤ ਯਤਨ ਕੀਤੇ। ਲੰਮੇ ਸਮੇਂ ਤੋਂ 'ਆਪੂੰ ਬਣੇ ਪ੍ਰਧਾਨ' ਜਗਦੀਸ਼ ਅਰਮਾਨੀ ਨਾਲ ਉਸ ਨੂੰ ਇਸ ਗੱਲੋਂ ਚਿੜ ਸੀ ਕਿ ਉਹ ਸਾਹਿਤ ਸਭਾ ਲਈ ਨਾ ਕੋਈ ਉਸਾਰੂ ਕੰਮ ਕਰਦਾ ਹੈ ਅਤੇ ਨਾ ਹੀ ਕਿਸੇ ਨੂੰ ਕਰਨ ਦਿੰਦਾ ਹੈ। ਉਹ ਕਹਿੰਦਾ- "ਇਨ੍ਹਾਂ ਭਾਪਿਆਂ ਨੂੰ ਕੀ ਪਤਾ ਕਹਾਣੀ ਕੀ ਚੀਜ਼ ਹੁੰਦੀ ਐ?" ਪ੍ਰੋ. ਕੁਲਵੰਤ ਗਰੇਵਾਲ ਅਤੇ ਪ੍ਰੋ. ਸੋਜ਼ ਦੀ ਹੱਲਾਸ਼ੇਰੀ ਨਾਲ ਉਸ ਨੇ ਸਾਹਿਤ ਸਭਾ ਪਟਿਆਲਾ ਤੇ ਜ਼ਬਰੀ ਕਬਜ਼ਾ ਵੀ ਕਰ ਲਿਆ ਸੀ ਅਤੇ ਵੱਡੇ ਸਾਹਿਤਕ ਸਮਾਗਮ ਕਰਵਾਏ।

ਸਭ ਤੋਂ ਪਹਿਲਾ ਫੰਕਸ਼ਨ "ਮੋਹਨ ਭੰਡਾਰੀ ਨਾਲ ਰੂਬਰੂ" ਉਲੀਕਿਆ। ਅਗਲੇ ਦਿਨ ਹੀ ਮੈਨੂੰ ਨਾਲ ਲੈ ਕੇ ਚੰਡੀਗੜ੍ਹ ਵਾਲੀ ਬੱਸ 'ਚ ਜਾ ਬੈਠਾ। ਮੋਹਨ ਭੰਡਾਰੀ ਨੂੰ ਅਸੀਂ ਕਦੇ ਮਿਲੇ ਤਾਂ ਨਹੀਂ ਸੀ ਪਰ ਇਤਨਾ ਜ਼ਰੂਰ ਪਤਾ ਸੀ ਕਿ ਉਸਦਾ ਦਫ਼ਤਰ ਸਿਖਿਆ ਵਿਭਾਗ, ਪੰਜਾਬ ਸੈਕਟਰ-17 'ਚ ਹੈ। ਬੱਸ ਟ੍ਰਿਬਿਊਨ ਚੌਂਕ ਰੁਕੀ ਤਾਂ ਅਸੀਂ ਉਤਰ ਗਏ। ਸਾਹਮਣੇ ਟ੍ਰਿਬਿਊਨ ਦੇ ਦਫ਼ਤਰ ਦੇ ਗੇਟ ਤੋਂ ਸ਼ੰਗਾਰਾ ਸਿੰਘ ਭੁੱਲਰ ਨੂੰ ਫ਼ੋਨ ਮਿਲਾਇਆ। ਉਦੋਂ ਉਹ ਪੰਜਾਬੀ ਟ੍ਰਿਬਿਊਨ ਦਾ ਸੰਪਾਦਕ ਸੀ। ਉਸ ਗੇਟ ਕੀਪਰ ਨੂੰ ਅੰਦਰ ਆਉਣ ਦੀ

ਆਗਿਆ ਦੇ ਦਿੱਤੀ। ਉਸ ਤੋਂ ਪਹਿਲਾਂ ਦਾਤੇਵਾਸ ਕਿਸੇ ਸਮਾਗਮ ਦੀ ਪ੍ਰਧਾਨਗੀ ਸ਼ੰਗਾਰਾ ਸਿੰਘ ਭੁੱਲਰ ਤੋਂ ਕਰਵਾ ਚੁੱਕਾ ਸੀ। ਪੰਜਾਬੀ ਸਾਹਿਤ ਸਭਾ, ਪਟਿਆਲਾ ਵੱਲੋਂ 'ਮੋਹਨ ਭੰਡਾਰੀ ਨਾਲ ਰੂਬਰੂ' ਖ਼ਬਰ ਭੁੱਲਰ ਨੂੰ ਛਪਣ ਹਿੱਤ ਦੇ ਕੇ ਅਸੀਂ ਮੋਹਨ ਭੰਡਾਰੀ ਵੱਲ ਚੱਲ ਪਏ।

ਲੰਚ ਟਾਈਮ ਸੀ ਦਫ਼ਤਰ ਦੇ ਕਿਸੇ ਕਰਮਚਾਰੀ ਨੂੰ ਪੁੱਛਿਆ ਤਾਂ ਉਸ ਕਿਹਾ– "ਬਾਹਰ ਫਿਰਦੇ ਹੋਣਗੇ... ਬਸ ਆਉਣ ਹੀ ਵਾਲੇ ਨੇ...।" ਅਸੀਂ ਉਹਨਾਂ ਦੇ ਦਫ਼ਤਰ ਦੇ ਨੇੜੇ ਖੜ੍ਹ ਕੇ ਉਹਨਾਂ ਦੀ ਉਡੀਕ ਕਰਨ ਲਗ ਪਏ। ਉਹ ਸਾਨੂੰ ਆਉਂਦੇ ਹੋਏ ਦਿਸ ਪਏ। ਜਾ ਫਤਿਹ ਬੁਲਾਈ। ਕਹਿਣ ਲੱਗੇ– "ਬਈ ਤੁਸੀਂ ਕੌਣ ਓਂ– ਮੈਂ ਪਛਾਣਿਆ ਨਹੀਂ... ਥੋਨੂੰ ਕਿਸੇ ਨੇ ਕਿਹਾ ਹੋਣੈ ਫੁਲਬਹਿਰੀ ਵਾਲੇ ਬੰਦੇ ਨੂੰ ਫੜ ਲਿਓ ਓਹੀ ਮੋਹਨ ਭੰਡਾਰੀ ਹੋਊ।" ਅਸੀਂ ਆਪਣਾ ਮਕਸਦ ਦੱਸਿਆ ਤਾਂ ਕਹਿਣ ਲੱਗੇ– "ਮੁਸ਼ਕਲ ਐ...।" ਜਦੋਂ ਅਸੀਂ ਉਨ੍ਹਾਂ ਨੂੰ ਕਿਹਾ ਕਿ ਅਸੀਂ ਤਾਂ ਆਉਣ ਲੱਗੇ ਪੰਜਾਬੀ ਟ੍ਰਿਬਿਊਨ 'ਚ ਪ੍ਰੈਸ ਨੋਟ ਵੀ ਦੇ ਆਏ ਹਾਂ ਜਿਹੜਾ ਸਵੇਰ ਨੂੰ ਛੱਪ ਵੀ ਜਾਣਾ ਹੈ। ਪੱਕ ਕਰਨ ਲਈ ਅਸੀਂ ਸ਼ੰਗਾਰਾ ਸਿੰਘ ਭੁੱਲਰ ਦਾ ਨਾਂ ਵੀ ਲਿਆ, ਤਾਂ ਕਹਿਣ ਲੱਗੇ– "ਫੇਰ ਤਾਂ ਭਾਈ ਜਾਣਾ ਪਊ...।" ਅਸੀਂ ਉਹਨਾਂ ਦਾ ਧੰਨਵਾਦ ਕਰਦਿਆਂ ਚਾਈਂ ਚਾਈਂ ਆ ਗਏ ਅਤੇ ਸਮਾਗਮ ਦੀਆਂ ਤਿਆਰੀਆਂ ਅਰੰਭ ਦਿੱਤੀਆਂ।

ਸਮਾਗਮ ਤੋਂ ਇਕ ਦਿਨ ਪਹਿਲਾਂ ਭੰਡਾਰੀ ਸਾਹਿਬ ਆਪਣੀ ਪਤਨੀ ਨਿਮਰਲਾ ਦੇਵੀ ਨਾਲ ਸੁਰਿੰਦਰ ਸ਼ਰਮਾ ਦੇ ਘਰ ਜਿਹੜਾ ਕਿ ਡੀ. ਸੀ. ਡਬਲਿਊ. ਦੀ ਰੇਲਵੇ ਕਲੋਨੀ ਵਿਖੇ ਸੀ, ਪਹੁੰਚ ਗਏ। ਉਸ ਸਮਾਗਮ ਦੀ ਸਫ਼ਲਤਾ ਤੋਂ ਬਾਗੋ ਬਾਗ ਹੋਇਆ ਦਾਤੇਵਾਸ ਅਗਲੇ ਪ੍ਰੋਗਰਾਮ ਦੀ ਰੂਪ ਰੇਖਾ ਉਲੀਕਣ ਲੱਗ ਪਿਆ। ਅਗਲਾ ਪ੍ਰੋਗਰਮ "ਓਮ ਪ੍ਰਕਾਸ਼ ਗਾਸੋ ਨਾਲ ਰੂਬਰੂ" ਰੱਖਿਆ, ਆਕਸਫੋਰਡ ਕਾਲਜ ਵਿਖੇ ਹੀ। ਬਹੁਤੇ ਸਾਹਿਤਕ ਫੰਕਸ਼ਨ ਆਕਸਫੋਰਡ ਕਾਲਜ ਵਿਖੇ ਹੀ ਹੁੰਦੇ ਸਨ। ਕਾਲਜ ਦੇ ਪ੍ਰਿੰਸੀਪਲ ਬਾਬੂ ਸਿੰਘ ਗੁਰਮ ਨੇ ਇਕ ਕਲਾਸ-ਰੂਮ ਪੱਕੇ ਤੌਰ ਤੇ ਅਲਾਟ ਕੀਤਾ ਹੋਇਆ ਸੀ–

ਓਮ ਪ੍ਰਕਾਸ਼ ਗਾਸੋ ਸਮੇਂ ਸਿਰ ਪੁੱਜ ਗਏ ਸਨ। ਸਾਦਾ ਕੁੜਤਾ ਪਜਾਮਾ, ਸਿਰ ਤੇ ਪੱਗ ਤੇ ਹੱਥ ਵਿਚ ਮੁਨੀਮਾਂ ਵਰਗਾ ਕਪੜੇ ਦਾ ਵੱਡਾ ਸਾਰਾ ਥੈਲਾ। ਉਹਨਾਂ ਨੂੰ ਦਤੇਵਾਸ ਨੇ ਜੀ ਆਇਆ ਕਹਿੰਦੇ ਹੋਏ ਮੰਚ ਤੇ ਆਉਣ ਦਾ ਸੱਦਾ ਦਿੱਤਾ। ਲੈਕਚਰ ਸਟੈਂਡ ਤੇ ਖੜ੍ਹ ਕੇ ਮੁਸਕਰਾਉਣ ਲੱਗ ਪਏ ਕਹਿੰਦੇ– "ਮੈਂ ਤਾਂ ਸੋਚਿਆ ਸੀ ਕਿ ਪਟਿਆਲਾ ਬੱਸ ਅੱਡੇ ਤੇ ਵੱਡੇ ਵੱਡੇ ਬੈਨਰ ਲੱਗੇ ਹੋਣਗੇ, ਜਿਸ ਤੇ ਲਿਖਿਆ ਹੋਊ ਨਾਵਲਕਾਰ ਓਮ ਪ੍ਰਕਾਸ਼... ਖ਼ੈਰ।" ਆਪਣੀ ਘੜੀ ਗੁਟ ਤੋਂ ਲਾਹ ਕੇ ਤੇ ਸਟੈਂਡ ਤੇ ਰੱਖ ਦਿੱਤੀ, ਘੜੀ ਵੱਲ ਦੇਖ ਕੇ ਬੋਲੇ– "ਮੈਂ ਤੁਹਾਡੇ ਪੰਜਾਹ ਮਿੰਟ ਲੈਣੇ ਨੇ...।" ਤੇ ਉਹਨਾਂ ਨੇ ਆਪਣੀ ਗੱਲ ਕਹਿਣੀ ਸ਼ੁਰੂ ਕਰ ਦਿੱਤੀ। ਜਿਉਂ ਜਿਉਂ ਉਹ ਗੱਲ ਕਰੀ ਜਾ ਰਹੇ ਸਨ, ਸਰੋਤੇ ਮੰਤਰ-ਮੁਗਧ ਹੋਈ ਜਾ ਰਹੇ ਸਨ। ਜਿਵੇਂ ਕੋਈ ਰਿਸ਼ੀ ਮੁਨੀ ਪ੍ਰਵਚਨ ਕਰ ਰਿਹਾ ਹੋਵੇ। ਕਈਆਂ ਨੂੰ ਉਹਨਾਂ ਦੀਆਂ ਡੂੰਘੀਆਂ ਰਮਜ਼ਾਂ ਵਾਲੀਆਂ ਗੱਲਾਂ ਸਮਝ ਪੈਂਦੀਆਂ ਕਈਆਂ ਦੇ ਨਾ। ਘੜੀ ਨੇ ਪੰਜਾਹ ਮਿੰਟ ਹੋਣ ਦਾ ਇਸ਼ਾਰਾ ਕੀਤਾ ਤਾਂ ਉਹਨਾਂ ਘੜੀ ਚੁੱਕ ਕੇ ਫਿਰ ਗੁਟ ਨੂੰ ਲਾ ਲਈ, ਕਹਿੰਦੇ– "ਮੇਰਾ ਕੰਮ ਖ਼ਤਮ ਹੁਣ ਤੁਸੀਂ...।"

ਪ੍ਰੀਤਮ ਸਿੱਧੂ ਇੰਗਲੈਂਡ ਤੋਂ ਮੁਹਾਲੀ ਆਇਆ ਹੋਇਆ ਸੀ ਦਾਤੇਵਾਸ ਮੈਨੂੰ ਨਾਲ

ਲੈ ਕੇ ਜਾ ਪਹੁੰਚਿਆ ਉਥੇ। ਉਨ੍ਹਾਂ ਦੀ ਪ੍ਰਵਾਨਗੀ ਲੈ ਕੇ ਆਇਆ। ਅਗਲੇ ਦਿਨ ਸੱਦਾ ਪੱਤਰਾਂ ਦੀ ਛਪਾਈ ਹੋਣ ਲੱਗ ਪਈ। ਉਹ ਫੰਕਸ਼ਨ ਸੈਂਟਰਲ ਸਟੇਟ ਲਾਇਬ੍ਰੇਰੀ ਦੇ ਲੈਕਚਰ ਹਾਲ 'ਚ ਕਰਵਾਇਆ ਸੀ ਅਤੇ ਉਥੇ ਹੀ ਅਨੂਪ ਵਿਰਕ ਦੀ ਪੁਸਤਕ "ਪਿੱਪਲ ਦਿਆ ਪੱਤਿਆ ਵੇ" ਦੀ ਘੁੰਡ ਚੁਕਾਈ ਦੀ ਰਸਮ ਅਤੇ ਧਰਮ ਕੰਮੇਆਣਾ ਨਾਲ ਰੂਬਰੂ ਦਾ ਫੰਕਸ਼ਨ ਵੀ ਵੱਡੇ ਪੱਧਰ ਤੇ ਕਰਵਾਇਆ ਸੀ। ਮੈਨੂੰ ਹੱਸਦਿਆਂ ਹੋਇਆ ਕਹਿੰਦਾ– "ਯਾਰ ਗੋਪਾਲਪੁਰੀ ਫੰਕਸ਼ਨ ਕਰਵਾਉਣ ਲਈ ਸਾਈਆਂ ਬਹੁਤ ਆਉਣ ਲੱਗ ਪੀਆਂ...।" ਅਸਲ 'ਚ ਉਹ ਪਟਿਆਲੇ ਵਾਲਿਆਂ ਨੂੰ ਦੱਸਣਾ ਚਾਹੁੰਦਾ ਸੀ ਕਿ ਸਾਹਿਤ ਸਭਾ ਦਾ ਕੀ ਮਕਸਦ ਹੈ। ਜਗਦੀਸ਼ ਅਰਮਾਨੀ ਨਾਲ ਉਸ ਦਾ ਛੱਤੀ ਦਾ ਅੰਕੜਾ ਸੀ। ਕਿਉਂਕਿ ਸਭਾ ਦਾ ਪ੍ਰਧਾਨ ਹੁੰਦਿਆਂ ਹੋਇਆਂ ਜੋ ਅਰਮਾਨੀ ਨਹੀਂ ਸੀ ਕਰ ਸਕਿਆ। ਦਾਤੇਵਾਸ ਕਰੀ ਜਾ ਰਿਹਾ ਸੀ।

ਗੌਰਮਿੰਟ ਪਾਲੀਟੈਕਨਿਕ ਕਾਲਜ, ਲੜਕੀਆਂ ਵਿਖੇ ਸੁਖਮਿੰਦਰ ਸੇਖੋਂ ਦੀ ਨਵ–ਪ੍ਰਕਾਸ਼ਤ ਪੁਸਤਕ "ਹੀਰੋ ਨਹੀਂ ਆਏਗਾ" ਦਾ ਰਿਲੀਜ਼ ਸਮਾਰੋਹ ਸੀ। ਮੈਂ ਤੇ ਦਾਤੇਵਾਸ ਹਾਲ 'ਚ ਦਾਖ਼ਲ ਹੋਏ ਤਾਂ ਸਾਹਮਣੇ ਜਗਦੀਸ਼ ਅਰਮਾਨੀ ਦਿੱਸ ਪਿਆ। ਜਦੋਂ ਦੋਵਾਂ ਦੀਆਂ ਅੱਖਾਂ ਮਿਲੀਆਂ ਤਾਂ ਸਰੀਰ ਹਰਕਤ 'ਚ ਆ ਗਏ। ਅੱਖਾਂ 'ਚੋਂ ਅੰਗਿਆਰ ਡਿਗਣ ਲੱਗ ਪਏ। ਥੋੜ੍ਹਾ ਜਿਹਾ ਬੋਲ–ਬੁਲਾਰਾ ਹੋਇਆ ਤੇ ਘਸੁੰਨ ਮੁਕੀ– "ਮੈਂ ਤੇਰੀ ਦੂਜੀ ਵੀ ਖੇੜ ਦੂੰ... ਸਮਝਦਾ ਕੀ ਐ ਤੂੰ...?" ਜਗਰੂਪ ਗਰਜਿਆ। ਇਕ ਦੂਸਰੇ ਦੀਆਂ ਪੱਗਾਂ ਲੱਥ ਗਈਆਂ। ਕਰਮਵੀਰ ਸੂਰੀ, ਹਰਪ੍ਰੀਤ ਰਾਣਾ, ਅਵਲ ਸਰਹੱਦੀ ਨੇ ਦਾਤੇਵਾਸ ਨੂੰ ਹੱਥ ਤਾਂ ਨਾ ਲਾਇਆ ਪਰ ਉਹ ਅਰਮਾਨੀ ਦੀ ਧਿਰ ਬਣੇ ਹੋਏ ਸਨ। ਅੰਦਰੋਂ ਸੁਖਮਿੰਦਰ ਸੇਖੋਂ, ਬਾਬਾ ਪਟਿਆਲਵੀ, ਡਾ. ਸੁਰਜੀਤ ਖੁਰਮਾ ਤੇ ਹੋਰਾਂ ਨੇ ਆ ਕੇ ਝਗੜਾ ਖ਼ਤਮ ਕਰਵਾਇਆ। ਦਾਤੇਵਾਸ ਗਰਜ ਰਿਹਾ ਸੀ– "ਜਾਇਓ ਨਾ, ਮੈਂ ਭੇਜਤਾ ਸੁਨੇਹਾ ਫੈਕਟਰੀ... ਕੱਲਾ ਨਾ ਸਮਝਿਓ ਸ਼ਹਿਰ 'ਚ... ਅੱਜ ਨਿਬੇੜ ਕੇ ਹੀ ਜਾਊਂ...।" ਐਸਕਾਰਟਸ ਫੈਕਟਰੀ ਲੜਾਈ ਝਗੜੇ ਲਈ ਪਹਿਲਾਂ ਹੀ ਮਸ਼ਹੂਰ ਸੀ। ਮੈਂ ਉਸ ਦੀ ਪੱਗ ਬੰਨ੍ਹਵਾਈ ਤੇ ਜਾ ਕੇ ਅਗਲੀਆਂ ਸੀਟਾਂ ਤੇ ਬੈਠ ਗਏ। ਪੁਸਤਕ ਦੀ ਘੁੰਡ ਚੁਕਾਈ ਦੀ ਰਸਮੀ ਕਰਵਾਈ ਤੋਂ ਬਾਅਦ ਕਵੀ ਦਰਬਾਰ ਹੋਣਾ ਸੀ। ਦੋ ਤਿੰਨ ਕਵੀਆਂ ਤੋਂ ਬਾਅਦ ਜਗਰੂਪ ਸਿੰਘ ਦਾਤੇਵਾਸ ਆਪਣੀ ਕਵਿਤਾ ਤਰੰਨੁਮ 'ਚ ਪੇਸ਼ ਕਰ ਰਿਹਾ ਸੀ। ਪਿੱਛੋਂ ਘੁਸਰ ਮੁਸਰ ਹੋਣ ਦੀ ਅਵਾਜ਼ ਸੁਣਾਈ ਦਿਤੀ। ਮੈਂ ਪਿੱਛੇ ਮੁੜ ਕੇ ਦੇਖਿਆ। ਜਗਦੀਸ਼ ਅਰਮਾਨੀ ਆਪਣੇ ਹਮਾਇਤੀਆਂ ਸਮੇਤ ਪੱਤਰੇ ਵਾਚ ਗਿਆ ਸੀ। ਉਸ ਤੋਂ ਬਾਅਦ ਦਾਤੇਵਾਸ ਮੇਰੇ ਨਾਲ ਕਈ ਦਿਨ ਨਰਾਜ਼ ਰਿਹਾ ਕਹਿੰਦਾ– "ਤੂੰ ਮੇਰੇ ਨਾਲ ਲੱਗਿਆ ਨਹੀਂ...।"

ਦਾਤੇਵਾਸ ਨੂੰ ਪ੍ਰਬੰਧ ਤੋਂ, ਪੁਲਿਸ ਤੋਂ, ਗੰਧਲੀ ਸਿਆਸਤ ਤੋਂ ਸਖ਼ਤ ਨਫ਼ਰਤ ਸੀ। ਕਿਤੇ ਸੜਕ ਟੁੱਟੀ ਦਿਸਦੀ, ਟਰੈਫ਼ਿਕ ਕੰਟਰੋਲ 'ਚ ਨਾ ਹੁੰਦਾ, ਦੇਖ ਕੇ ਬੁੜ ਬੁੜ ਕਰਦਾ। ਅਫ਼ਸਰਾਂ ਅਤੇ ਠੇਕੇਦਾਰਾਂ ਨੂੰ ਮੋਟੀਆਂ ਮੋਟੀਆਂ ਗਾਲ੍ਹਾਂ ਕੱਢਦਾ। ਭਾਰਤ ਛੱਡ ਕੇ ਵਿਦੇਸ਼ ਚਲੇ ਜਾਣ ਦੀਆਂ ਗੱਲਾਂ ਕਰਦਾ। ਉਸ ਨੇ ਪਾਸਪੋਰਟ ਵੀ ਬਣਵਾ ਲਿਆ ਸੀ ਅਤੇ ਕਿਸੇ ਯੂਰਪੀਨ ਦੇਸ਼ ਵਿਚ ਜਾਣ ਲਈ ਯਤਨ ਕਰ ਰਿਹਾ ਸੀ। ਪਰ ਗੁਰਪ੍ਰੀਤ ਨੇ ਉਸ ਦੀ ਇਹ ਇੱਛਾ ਪੂਰੀ ਨਹੀਂ ਹੋਣ ਦਿੱਤੀ। ਕਹਿੰਦਾ– "ਯਾਰ ਗੋਪਾਲਪੁਰੀ ਇਥੇ ਹੀ ਜੂਨ ਭੋਗਣੀ ਪਊ...।" ਉਹ ਗੁਰਪ੍ਰੀਤ ਨੂੰ ਨਰਾਜ਼ ਨਹੀਂ ਸੀ ਕਰਨਾ ਚਾਹੁੰਦਾ। ਉਹ ਉਸਦਾ ਪੂਰਾ ਖਿਆਲ ਰੱਖਦਾ। ਜੇ ਅਸੀਂ ਕਿਤੇ ਘਰੋਂ ਬਾਹਰ ਜਾਣਾ ਹੁੰਦਾ ਸਾਡਾ ਵਾਪਸ ਮੁੜਨਾ ਸਮਾਂ–ਬੱਧ ਹੁੰਦਾ।

ਲੇਟ ਹੋ ਜਾਂਦੇ ਤਾਂ ਝੱਟ ਕਹਿੰਦਾ– "ਛੇਤੀ ਚੱਲੀਏ... ਗੁਰਪ੍ਰੀਤ ਭੁੱਖੀ ਬੈਠੀ ਹੋਊ।"

ਨੌਕਰੀ ਪੇਸ਼ੇ ਤੋਂ ਉਹ ਖੁਸ਼ ਨਹੀਂ ਸੀ। ਹਾਲਾਂ ਕਿ ਬਹੁਤ ਵਧੀਆ ਕੰਪਨੀ 'ਚ ਮੈਨੇਜਰ ਦੀ ਅਸਾਮੀ ਤੇ ਲੱਗਾ ਹੋਇਆ ਸੀ। ਫਿਰ ਵੀ ਕਹਿੰਦਾ– "ਨੌਕਰੀ ਛੱਡ ਦੇਣੀ ਏ, ਬਹੁਤ ਕੁੱਤਾ ਕੰਮ ਐ ਨੌਕਰੀ...।" ਕਦੇ ਪਿੰਡ ਜਾ ਕੇ ਸਰਪੰਚੀ ਕਰਨ ਦੀਆਂ ਗੱਲਾਂ ਕਰਦਾ। ਕਦੇ ਕੋਲਡ ਸਟੋਰ ਬਣਾਉਣ ਦੀਆਂ ਜਾਂ ਕੋਈ ਹੋਰ ਬਿਜਨਸ ਕਰਨ ਦੀਆਂ। ਉਹ ਤਾਂ ਮੈਨੂੰ ਵੀ ਸਰਕਾਰੀ ਨੌਕਰੀ ਛੱਡ ਕੇ ਆਪਣਾ ਪ੍ਰਿੰਟਿੰਗ ਪ੍ਰੈਸ ਲਾਉਣ ਦੀ ਸਲਾਹ ਦਿੰਦਾ।

ਘਰ ਵਿਹਲਾ ਹੋਵੇ ਤਾਂ ਮੇਰੇ ਜਾਣ ਤੇ ਕਹਿੰਦਾ– "ਪ੍ਰੋ. ਸੋਜ਼ ਕੋਲ ਚਲੀਏ ? ਸੁਰਿੰਦਰ ਸ਼ਰਮਾ ਨੂੰ ਮਿਲਿਆਂ ਕਈ ਦਿਨ ਹੋ ਗਏ ਨੇ, ਡਾ. ਜਸਵਿੰਦਰ ਨਾਲ ਇਕ ਸਲਾਹ ਕਰਨੀ ਸੀ, ਡਾ. ਗੁਰਦੇਵ ਸਿੰਘ ਚੰਦੀ ਬਠਿੰਡੇ ਤੋਂ ਯੂਨੀਵਰਸਿਟੀ ਆ ਗਿਐ ਚਲ ਕੇ ਆਈਏ ? ਜੇ ਅਸੀਂ ਇਕ ਵਾਰ ਘਰੋਂ ਨਿਕਲ ਪੈਂਦੇ ਤਾਂ ਉਹ ਆਪਣਾ ਸਕੂਟਰ ਇਕ ਤੋਂ ਦੂਸਰੇ ਵੱਲ ਮੋੜੀ ਰੱਖਦਾ। ਜਿਸ ਕਿਸੇ ਨੂੰ ਵੀ ਮਿਲਦਾ– ਕੋਈ ਸਮਾਗਮ ਕਰਵਾਈਏ– ਕਹਾਣੀ ਗੋਸ਼ਟੀ ਕਰਵਾਈਏ.... ? ਅਤੇ ਮਿੰਟਾਂ–ਸਕਿੰਟਾਂ 'ਚ ਬੁਲਾਏ ਜਾਣ ਵਾਲੇ ਲੇਖਕਾਂ ਦੀ ਲਿਸਟ ਤਿਆਰ ਹੁੰਦੀ।

ਅਚਾਨਕ ਉਹ ਬਿਮਾਰ ਰਹਿਣ ਲੱਗ ਪਿਆ। ਫੈਕਟਰੀ ਉਹ ਕਦੇ ਕਦਾਈਂ ਜਾਂਦਾ। ਇਲਾਜ ਚੱਲ ਰਿਹਾ ਸੀ। ਘਰ ਹੀ ਰਹਿੰਦਾ। ਸੋਚਾਂ 'ਚ ਡੁੱਬਿਆ ਰਹਿੰਦਾ। ਇਲਾਜ ਕਰਾਉਣ ਦੇ ਬਾਵਜੂਦ ਉਸ ਦੀ ਸਿਹਤ ਦਿਨੋ ਦਿਨ ਵਿਗੜਦੀ ਜਾ ਰਹੀ ਸੀ। ਗੁਰਪ੍ਰੀਤ ਉਸਦੇ ਚਿਹਰੇ ਵੱਲ ਵੇਖ ਕੇ ਉਦਾਸ ਹੋ ਜਾਂਦੀ। ਬੱਚਿਆਂ ਨੂੰ ਕੁਝ ਸਮਝ ਨਾ ਪੈਂਦਾ। ਇਕ ਦਿਨ ਮੇਰੇ ਉਥੇ ਬੈਠਿਆਂ ਬੱਚਿਆਂ ਵੱਲ ਵੇਖ ਕੇ ਭੁੱਬਾਂ ਮਾਰ ਕੇ ਰੋਣ ਲੱਗ ਪਿਆ। ਮੈਂ ਉਸ ਨੂੰ ਜੱਫੀ 'ਚ ਲੈ ਕੇ ਚੁੱਪ ਕਰਵਾਇਆ। ਕਿੰਨਾ ਚਿਰ ਉਹ ਮੇਰੇ ਮੋਢੇ ਨਾਲ ਲੱਗ ਕੇ ਡੁਸਕਦਾ ਰਿਹਾ– "ਇਹਨਾਂ ਬੱਚਿਆਂ ਦਾ...।" ਉਸ ਨੂੰ ਸ਼ਾਇਦ ਆਪਣੀ ਨਾ–ਮੁਰਾਦ ਬਿਮਾਰੀ ਬਾਰੇ ਪਤਾ ਲੱਗ ਚੁੱਕਿਆ ਸੀ। ਉਸ ਦੇ ਮਿੱਤਰ ਕਹਾਣੀਕਾਰ ਜਿੰਦਰ ਨੇ ਉਸ ਦੀ ਬਿਮਾਰੀ ਬਾਰੇ ਹਰਜੀਤ ਅਟਵਾਲ ਨਾਲ ਵੀ ਗੱਲ ਕੀਤੀ ਸੀ। ਅਟਵਾਲ ਨੇ ਕਿਹਾ ਸੀ ਕਿ ਇੰਗਲੈਂਡ 'ਚ ਇਸ ਬਿਮਾਰੀ ਦਾ ਇਲਾਜ ਹੈਗਾ।

ਪਟਿਆਲੇ ਇਲਾਜ ਕਰਾਉਣ ਨਾਲ ਕੋਈ ਫ਼ਰਕ ਨਾ ਪਿਆ ਤਾਂ ਲੁਧਿਆਣੇ ਕਿਸੇ ਡਾਕਟਰ ਨੂੰ ਚੈਕਅੱਪ ਕਰਇਆ। ਪਤਾ ਨਹੀਂ ਉਸ ਨੂੰ ਕਿਹੜੀ ਬਿਮਾਰੀ ਸੀ ? ਜਿਸ ਦੀ ਦਵਾਈ ਬਰਫ਼ 'ਚ ਰੱਖ ਕੇ ਲਿਆਉਂਦੀ ਪੈਂਦੀ ਸੀ ਲੁਧਿਆਣੇ ਤੋਂ। ਦਵਾਈ ਖ਼ਤਮ ਹੋਣ ਤੇ ਮੈਨੂੰ ਭੇਜਦਾ ਲੁਧਿਆਣੇ। ਉਸ ਦਵਾਈ ਦੇ ਇੰਜੈਕਸ਼ਨ ਮੈਂ ਘੁਮਾਰ ਮੰਡੀ ਵਿਚਲੀ ਕੈਮਿਸਟ ਦੀ ਦੁਕਾਨ ਤੋਂ ਲੈ ਕੇ ਆਉਂਦਾ। ਕੈਮਿਸਟ ਉਨ੍ਹਾਂ ਇੰਜੈਕੇਸ਼ਨਾਂ ਦਾ ਰਿਕਾਰਡ ਆਪਣੇ ਰਜਿਸਟਰਾਂ ਵਿਚ ਰੱਖਦਾ। ਦੋ ਹਜ਼ਾਰ ਦਾ ਇੰਜੈਕਸ਼ਨ ਇਕ ਦਿਨ ਛੱਡ ਕੇ ਲੱਗਦਾ। ਫਿਰ ਵੀ ਉਸ ਦੀ ਸਿਹਤ ਦਿਨੋ ਦਿਨ ਵਿਗੜਦੀ ਗਈ। ਇਕ ਰਾਤ ਏਨੀ ਵਿਗੜ ਗਈ ਕਿ ਉਸਨੂੰ ਸੀ. ਐਮ. ਸੀ. ਹਸਪਤਾਲ, ਲੁਧਿਆਣਾ ਦਾਖ਼ਲ ਕਰਾਉਣਾ ਪਿਆ। ਮੈਂ ਉਸ ਨੂੰ ਹਸਪਤਾਲ ਮਿਲਣ ਜਾਂਦਾ। ਮੇਰੇ ਨਾਲ ਕਾਫ਼ੀ ਚਿਰ ਗੱਲਾਂ ਕਰਦਾ ਰਹਿੰਦਾ। ਮੈਨੂੰ ਆਣ ਨਾ ਦਿੰਦਾ। ਮੇਰਾ ਹੱਥ ਫੜ ਕੇ ਬਿਠਾ ਲੈਂਦਾ। ਮੈਂ ਉਸ ਨੂੰ ਦਿਲਾਸਾ ਦਿੰਦਾ। ਮੈਨੂੰ ਕਹਿੰਦਾ– "ਗੋਪਾਲਪੁਰੀ ਠੀਕ ਜਿਹਾ ਹੋਜੀਏ, ਕਿਤਾਬ ਛਪਵਾਈਏ ਨਵਯੁਗ ਪਬਲੀਸ਼ਰਜ਼ ਵਾਲਿਆਂ ਕੋਲੋਂ...।" ਠੀਕ ਹੋਣ ਦੀ ਬਜਾਏ ਕੁਝ ਦਿਨਾਂ ਬਾਅਦ ਡਾਕਟਰਾਂ ਨੇ ਸਿਰ ਹਿਲਾ ਦਿਤਾ।

ਗੁਰਪ੍ਰੀਤ ਨੂੰ ਹਰਜੀਤ ਅਟਵਾਲ ਦੀ ਦਿੱਤੀ ਸਲਾਹ ਯਾਦ ਆਈ। ਉਸ ਨੇ ਡਾਕਟਰਾਂ ਨਾਲ ਇੰਗਲੈਂਡ ਲਿਜਾ ਕੇ ਇਲਾਜ ਕਰਾਉਣ ਲਈ ਮਸ਼ਵਰਾ ਕੀਤਾ। "ਮਰੀਜ਼ ਨੂੰ ਤਾਂ ਦਿੱਲੀ ਤੱਕ ਵੀ ਲਿਜਾਣਾ ਮੁਸ਼ਕਲ ਐ...।" ਡਾਕਟਰ ਦੀ ਗੱਲ ਸੁਣ ਕੇ ਗੁਰਪ੍ਰੀਤ ਦਾ ਰੰਗ ਫੱਕ ਹੋ ਗਿਆ।

ਉਹੀਓ ਹੋਇਆ ਜਿਸ ਦਾ ਡਰ ਸੀ। ਮਿਤੀ 12 ਦਸੰਬਰ 1997 ਨੂੰ ਉਹ ਕਿੰਨੀਆਂ ਹੀ ਅਣ-ਕਹੀਆਂ ਕਹਾਣੀਆਂ ਆਪਣੇ ਨਾਲ ਲੈ ਕੇ ਸਵਾਸ ਤਿਆਗ ਗਿਆ। ਉਸ ਦਾ ਸਸਕਾਰ ਉਸ ਦੇ ਪਿੰਡ ਦਾਤੇਵਾਸ ਵਿਚ ਕੀਤਾ ਗਿਆ। ਉਸ ਦੇ ਭੋਗ ਤੋਂ ਬਾਅਦ ਪਟਿਆਲਾ ਵਿਖੇ ਉਸ ਦੀ ਨਿੱਜੀ ਅਲਮਾਰੀ ਖੋਲ੍ਹੀ ਤਾਂ ਉਸ ਵਿਚੋਂ ਇਕ ਫ਼ਾਈਲ ਮਿਲੀ। ਜਿਸ ਵਿਚ ਕਹਾਣੀਆਂ ਟਾਈਪ ਕਰਵਾ ਕੇ ਰੱਖੀਆਂ ਹੋਈਆਂ ਸਨ। ਇਨ੍ਹਾਂ ਕਹਾਣੀਆਂ ਦੀ ਹੀ ਪੁਸਤਕ ਉਹ ਨਵਯੁਗ ਪਬਲੀਸ਼ਰਜ਼ ਕੋਲੋਂ ਛਪਵਾਉਣਾ ਚਾਹੁੰਦਾ ਸੀ। ਗੁਰਪ੍ਰੀਤ ਦੀ ਮਦਦ ਨਾਲ ਇਨ੍ਹਾਂ ਕਹਾਣੀਆਂ ਨੂੰ "ਬੰਜਰ" ਨਾਮ ਦੀ ਪੁਸਤਕ ਦਾ ਰੂਪ ਦੇ ਕੇ ਭਾਸ਼ਾ ਵਿਭਾਗ ਪਟਿਆਲਾ ਵਿਖੇ ਵੱਡੇ ਪੱਧਰ ਦਾ ਸਮਾਗਮ ਕਰਵਾਇਆ ਗਿਆ।

ਪੁਸਤਕ ਦੀ ਰਿਲੀਜ਼ ਸਮਾਗਮ 'ਤੇ ਭਾਸ਼ਾ ਵਿਭਾਗ ਪੰਜਾਬ ਦੇ ਡਾਇਰੈਕਟਰ ਮਦਨ ਲਾਲ ਹਸੀਜਾ, ਅਵਤਾਰ ਸਿੰਘ ਬਿਲਿੰਗ, ਜੋਗਿੰਦਰ ਸਿੰਘ ਨਿਰਾਲਾ, ਕਿਰਪਾਲ ਕਜ਼ਾਕ, ਪਵਨ ਪਰਿੰਦਾ, ਸੁਰਿੰਦਰ ਸ਼ਰਮਾ, ਧਰਮਪਾਲ ਸਾਹਿਲ, ਗੁਰਮੀਤ ਕੱਲਰਮਾਜਰੀ, ਪ੍ਰੋ. ਸ. ਜ. ਸੋਜ਼, ਦਰਸ਼ਨ ਸਿੰਘ ਆਸ਼ਟ, ਪ੍ਰੋ. ਗੁਰਮੁਖ ਸਿੰਘ ਸਹਿਗਲ, ਪ੍ਰੋ. ਕੁਲਵੰਤ ਗ੍ਰੇਵਾਲ, ਗੁਰਦੇਵ ਨਿਰਧਨ, ਬਾਬ ਪਟਿਆਲਵੀ, ਧਰਮ ਕੰਮੇਆਣਾ, ਸੁਖਮਿੰਦਰ ਸੇਖੋਂ, ਸੁਰਜੀਤ ਖੁਰਮਾ, ਡਾ. ਗੁਰਦੇਵ ਸਿੰਘ ਚੰਦੀ, ਦਰਸ਼ਨ ਸਿੰਘ ਬੁੱਟਰ, ਬਲਦੇਵ ਧਾਲੀਵਾਲ, ਹਰਬੰਸ ਧੀਮਾਨ, ਗੁਰਮੇਲ ਮਤਾਹੜ ਅਤੇ ਹੋਰ ਲੇਖਕਾਂ ਤੋਂ ਇਲਾਵਾ ਜਗਰੂਪ ਦੇ ਪਿੰਡ ਦਾਤੇਵਾਸ ਦੇ ਮੋਹਤਬਰ ਵਿਅਕਤੀਆਂ 'ਚ ਬੋਘ ਸਿੰਘ ਨਾਂ ਦਾ ਉਹ ਵਿਅਕਤੀ ਵੀ ਸ਼ਾਮਲ ਸੀ ਜਿਸ ਬਾਰੇ ਦਾਤੇਵਾਸ ਨੇ ਡਾ. ਅਮਰ ਕੋਮਲ ਵੱਲੋਂ ਸੰਪਾਦਤ ਰਸਾਲੇ 'ਕਿਰਨ' ਦੇ 'ਜਗਰੂਪ ਸਿੰਘ ਦਾਤੇਵਾਸ ਅੰਕ' ਵਿਚਲੇ ਸਵੈ-ਕਥਨ 'ਚ ਜ਼ਿਕਰ ਕੀਤਾ ਸੀ- ਮੇਰੇ ਪਿੰਡ ਦਾਤੇਵਾਸ ਦੇ ਸਭ ਤੋਂ ਵੱਧ ਪੜ੍ਹੇ ਲਿਖੇ ਤੇ ਸਿਆਣੇ ਵਿਅਕਤੀ ਸ: ਬੋਘ ਸਿੰਘ ਨੂੰ ਮੈਂ ਬਾਪੂ ਕੋਲ ਕਈ ਵਾਰ ਇਹ ਕਹਿੰਦੇ ਸੁਣਿਆ ਸੀ- "ਬਾਬਾ ਇਹੋ ਜਿਹਾ ਪੁੱਤ ਤਾਂ ਰੱਬ ਸੱਭ ਨੂੰ ਦੇਵੇ। ਮੈਨੂੰ ਦੁੱਖ ਹੁੰਦੈ ਕਿ ਇਹ ਮੇਰੇ ਘਰ ਕਿਉਂ ਨਹੀਂ ਜੰਮਿਆ। ਦੇਖੀਂ! ਇਸਨੂੰ ਸਕੂਲੋਂ ਨਾ ਹਟਾਈਂ।"

ਕਿਰਪਾਲ ਕਜ਼ਾਕ ਨੇ ਪੁਸਤਕ ਅਤੇ ਦਾਤੇਵਾਸ ਬਾਰੇ ਆਪਣੇ ਵਿਚਾਰ ਪ੍ਰਗਟ ਕਰਦਿਆਂ ਕਿਹਾ ਸੀ- " ...... ਅੱਜ ਕੱਲ੍ਹ ਤਾਂ ਜਿਉਂਦੇ ਜੀ ਕੋਈ ਕਿਸੇ ਨੂੰ ਨਹੀਂ ਪੁੱਛਦਾ ਤੇ ਦਾਤੇਵਾਸ ਨੂੰ ਉਸ ਦੀ ਮੌਤ ਤੋਂ ਬਾਅਦ ਉਸਦੇ ਮਿੱਤਰ ਉਸਨੂੰ ਸ਼ਿੱਦਤ ਨਾਲ ਯਾਦ ਕਰ ਰਹੇ ਹਨ...।"

ਦਾਤੇਵਾਸ ਨੂੰ ਇਸ ਸੰਸਾਰ ਨੂੰ ਅਲਵਿਦਾ ਕਿਹਾਂ ਕਿਤਨੇ ਹੀ ਸਾਲ ਹੋ ਗਏ ਹਨ। ਪਰ ਅੱਜ ਵੀ ਅਸੀਂ ਉਸ ਨੂੰ ਯਾਦ ਹੀ ਤਾਂ ਕਰ ਰਹੇ ਹਾਂ...।

#9, ਗਲੀ ਨੰ. 11
ਸ਼ਹੀਦ ਊਧਮ ਸਿੰਘ ਨਗਰ
ਝਿਲ ਰੋਡ, ਪਟਿਆਲਾ
ਮੋਬਾ. 92177-31965

# ਦਾਤੇਵਾਸ ਵਾਲਾ ਜਗਰੂਪ ਪਾੜ੍ਹਾ

**—ਜਿੰਦਰ**

ਬੁਢਲਾਡੇ ਤੋਂ ਚੜ੍ਹਦੇ ਪਾਸੇ ਪੰਦਰਾਂ ਕੁ ਕਿਲੋਮੀਟਰ ਦੀ ਦੂਰੀ 'ਤੇ ਉਸ ਦਾ ਪਿੰਡ ਹੈ–ਦਾਤੇਵਾਸ। ਪਛੜਿਆ ਹੋਇਆ ਇਲਾਕਾ। ਪਿਛੜੇ ਹੋਏ ਲੋਕ। ਮੈਂ ਇੱਧਰ 1982 'ਚ ਪਹਿਲੀ ਵਾਰ ਆਇਆ ਸੀ। ਮੈਨੂੰ ਇਥੋਂ ਦੇ ਲੋਕ ਧੁਆਂਖੇ ਜਿਹੇ ਲੱਗੇ ਸਨ। ਮੈਂ ਉਨ੍ਹਾਂ ਦੇ ਚਿਹਰਿਆਂ ਨੂੰ ਦੇਖਦਾ ਤਾਂ ਮੈਨੂੰ ਹੋਰ ਹੀ ਤਰ੍ਹਾਂ ਦਾ ਲੱਗਦਾ। ਉਨ੍ਹਾਂ ਦੇ ਚਿਹਰਿਆਂ 'ਤੇ ਨੂਰ ਨਹੀਂ ਸੀ। ਉਨ੍ਹਾਂ ਦੇ ਕੱਪੜਿਆਂ ਦਾ ਰੰਗ ਤੇ ਪਹਿਨਣ ਦਾ ਢੰਗ ਦੁਆਬੇ ਦੇ ਲੋਕਾਂ ਨਾਲ ਕਿਤੇ ਵੀ ਮੇਲ ਨਹੀਂ ਖਾਂਦਾ ਸੀ। ਮੈਂ ਗੁਰਚਰਨ ਚਾਹਲ ਭੀਖੀ ਨੂੰ ਮਿਲਣ ਜਾਂਦਾ ਸੀ। ਇਕ ਵਾਰ ਜਾਂਦਾ ਤਾਂ ਦੂਜੀ ਵਾਰ ਇੱਧਰ ਆਉਣ ਨੂੰ ਮਨ ਨਾ ਕਰਦਾ। ਪਰ ਉਹਦੀ ਮੁਹੱਬਤ ਤੇ ਉਹਦੀਆਂ ਮੋਹ ਭਰੀਆਂ ਚਿੱਠੀਆਂ ਧੂਹ ਪਾਉਂਦੀਆਂ। ਮੈਂ ਪੰਜ ਬੱਸਾਂ ਬਦਲ ਕੇ ਭੀਖੀ ਦੇ ਅੱਡੇ 'ਤੇ ਜਾ ਉਤਰਦਾ।

ਜਗਰੂਪ ਦੇ ਭੋਗ 'ਤੇ ਅਸੀਂ ਗਏ ਸੀ। ਡੇਢ–ਦੋ ਸੌ ਬੰਦਾ ਗਮਗੀਨ ਹੋਇਆ–ਨੀਵੀਂ ਪਾਈ ਬੈਠਾ ਸੀ। ਭੋਗ ਤੋਂ ਬਾਅਦ ਮੈਂ ਗੁਰਪ੍ਰੀਤ ਨੂੰ ਮਿਲਿਆ। ਉਸ ਦੇ ਚਿਹਰੇ ਦਾ ਰੰਗ ਬਰਸਾਤੀ ਡੱਡੂ ਵਰਗਾ ਹੋਇਆ ਪਿਆ ਸੀ। ਜਦੋਂ ਵੀ ਮੈਂ ਪਟਿਆਲੇ ਜਾਂਦਾ ਤਾਂ ਉਸਦੇ ਨਾਲ ਸੱਤ ਸ੍ਰੀ ਅਕਾਲ ਤੋਂ ਬਾਅਦ ਸਿਰਫ਼ ਇੰਨੀ ਕੁ ਗੱਲ ਹੁੰਦੀ, "ਤੁਸੀਂ ਵੀ ਕਦੇ ਜਲੰਧਰ ਆਓ।" ਅੱਗੋਂ ਉਹ ਮੁਸਕਰਾ ਕੇ ਕਹਿੰਦੀ, "ਵੀਰ ਜੀ, ਕਈ ਵਾਰ ਪ੍ਰੋਗਰਾਮ ਬਣਿਐ। ਕੋਈ ਨਾ ਕੋਈ ਕੰਮ ਆ ਪਿਐ।" ਜਗਰੂਪ ਵਿਚੋਂ ਹੀ ਬੋਲਦਾ, "ਲੈ–ਅਗਲੇ ਮਹੀਨੇ ਪੱਕਾ ਰਿਹਾ।" ਜਗਰੂਪ ਆਉਂਦਾ ਰਿਹਾ–ਗੁਰਪ੍ਰੀਤ ਘਰੋਂ ਨਾ ਨਿਕਲੀ। ਉਸੇ ਗੁਰਪ੍ਰੀਤ ਨੇ ਜਿੰਨਾ ਕੁ ਮੈਂ ਪੁੱਛਿਆ–ਉੱਨਾ ਕੁ ਦੱਸਿਆ। ਦਰਅਸਲ ਗੱਲਾਂ ਕਰਦੇ–ਕਰਦੇ ਦਾ ਮੇਰਾ ਆਪਣਾ ਮਨ ਭਰ ਆਇਆ ਸੀ। ਮੈਂ ਉਸਦੇ ਸਾਹਮਣੇ ਰੋਣਾ ਨਹੀਂ ਚਾਹੁੰਦਾ ਸੀ। ਹਫ਼ਤਾ ਕੁ ਪਹਿਲਾਂ ਜੋਗਿੰਦਰ ਨਿਰਾਲਾ ਦੇ ਸੱਦੇ 'ਤੇ ਮੈਂ, ਪ੍ਰੇਮ ਪ੍ਰਕਾਸ਼, ਦੇਸ ਰਾਜ ਕਾਲੀ ਤੇ ਭਗਵੰਤ ਕਹਾਣੀ ਗੋਸ਼ਟੀ 'ਤੇ ਆਪਣੀ ਗੱਡੀ 'ਚ ਬਰਨਾਲੇ ਗਏ ਸੀ। ਉੱਥੋਂ ਹੀ ਪਤਾ ਲੱਗਾ ਸੀ ਕਿ ਜਗਰੂਪ ਨਹੀਂ ਰਿਹਾ। ਮੈਨੂੰ ਇੰਨਾ ਤਾਂ ਪਤਾ ਸੀ ਕਿ ਉਹ ਪਿਛਲੇ ਕਈ ਮਹੀਨਿਆਂ ਤੋਂ ਬਿਮਾਰ ਸੀ ਪਰ ਉਹ ਇੰਨੀ ਛੇਤੀ ਦੁਨੀਆ ਤੋਂ ਰੁਖ਼ਸਤ ਕਰ ਜਾਵੇਗਾ–ਇਹ ਮੇਰੇ ਚਿੱਤ ਚੇਤੇ ਵੀ ਨਹੀਂ ਸੀ। ਉਸ ਦੀ ਮੌਤ ਦਾ ਸੁਣ ਕੇ ਮਨ ਨੂੰ ਅਚੋਤਾਈ ਲੱਗੀ ਸੀ ਕਿ ਕਿਤੋਂ ਗੁਰਪ੍ਰੀਤ ਦਾ ਫ਼ੋਨ ਨੰਬਰ ਮਿਲ ਜਾਵੇ। ਮੈਂ ਐਸ. ਟੀ. ਡੀ. 'ਚੋਂ ਚੌਹੀਂ ਪਾਸੀਂ ਫੋਨ ਘੁੰਮਾਏ। ਉਹਦੇ ਸਹੁਰਿਆਂ ਦਾ ਫ਼ੋਨ ਮਿਲ ਗਿਆ ਸੀ। ਉਥੋਂ ਹੀ ਪਤਾ ਲੱਗਾ ਸੀ ਕਿ ਜਗਰੂਪ ਦੇ ਘਰ ਲਾਗੇ ਕਿਸੇ ਦੇ ਫ਼ੋਨ ਲੱਗਾ ਸੀ। ਮੈਂ ਜਲੰਧਰ ਵਾਪਸ ਆ ਕੇ ਫ਼ੋਨ ਮਿਲਾਇਆ ਤੇ ਗੁਰਪ੍ਰੀਤ ਨੂੰ ਬੁਲਾਉਣ ਲਈ ਕਿਹਾ। ਉਸ ਨੂੰ ਜਗਰੂਪ ਨਾਲ ਮੇਰੇ ਸੰਬੰਧਾਂ ਦਾ ਪਤਾ ਸੀ। ਦੂਜੀ ਵਾਰ ਫ਼ੋਨ ਘੰਟੇ ਕੁ ਬਾਅਦ ਮਿਲਿਆ। ਪਤਾ ਲੱਗਾ ਕਿ ਗੁਰਪ੍ਰੀਤ ਫ਼ੋਨ ਉਡੀਕ ਕੇ ਵਾਪਸ ਚਲੀ ਗਈ ਸੀ।

ਵਾਪਸ ਆਉਣ ਤੋਂ ਪਹਿਲਾ ਮੈਂ ਪਿੰਡ ਦੇ ਇਕ ਮੁੰਡੇ ਨੂੰ ਨਾਲ ਲੈ ਕੇ ਸ਼ਮਸ਼ਾਨਘਾਟ ਗਿਆ। ਉਥੇ ਜਗਰੂਪ ਦੇ ਸਰੀਰ ਦੀ ਥਾਂ 'ਤੇ ਸੁਆਹ ਦੀ ਢੇਰੀ ਪਈ ਸੀ। ਚੁਫੇਰੇ ਸਾਂ–ਸਾਂ ਦੀ ਆਵਾਜ਼ ਆ ਰਹੀ ਸੀ। ਮੈਂ ਅੱਖਾਂ ਬੰਦ ਕਰੀ ਹੀ ਉਹਨੂੰ ਯਾਦ ਕੀਤਾ। ਉਹ ਪਿਛਲੇ ਕਈ ਦਿਨਾਂ ਤੋਂ ਮੇਰੇ ਅੰਗ–ਸੰਗ ਰਿਹਾ ਸੀ। ਜਿੱਦਾਂ ਇਤਬਾਰ ਨਾ ਆ ਰਿਹਾ ਹੋਵੇ। ਐਦਾਂ ਹੀ

ਉਦੋਂ ਹੋਇਆ ਸੀ ਜਦੋਂ ਮਨਜੀਤ ਕਾਦਿਰ ਮੋਟਰ ’ਤੇ ਨਹਾਉਣ ਗਿਆ ਕਰੰਟ ਲੱਗਣ ’ਤੇ ਚਲ੍ਹੇ ’ਚੋਂ ਬਾਹਰ ਨਹੀਂ ਨਿਕਲ ਸਕਿਆ ਸੀ।

ਦਾਤੇਵਾਸ ਪਿੰਡ ਕਾਫ਼ੀ ਪਛੜਿਆ ਹੋਇਆ ਸੀ। ਇਸ ਪਿੰਡ ’ਚੋਂ ਉੱਠ ਕੇ ਜਗਰੂਪ ਨੇ ਇੰਜੀਨੀਅਰਿੰਗ ਕੀਤੀ ਸੀ। ਉਹ ਦੱਸਦਾ, “ਮੈਂ ਜਿਸ ਮੁਕਾਮ ’ਤੇ ਅੱਜ ਹਾਂ, ਇਹ ਜ਼ਿੰਦਗੀ ਦਾ ਇਕ ਅਜੀਬ ਇਤਫ਼ਾਕ ਹੀ ਐ। ਛੋਟਾ ਹੁੰਦੇ ਜਦੋਂ ਗਰਮੀ-ਸਰਦੀ ਮੈਂ ਨੰਗੇ ਪੈਰੀਂ ਤੇ ਰੋਡੇ ਸਿਰ ਮੱਝਾਂ ਚਾਰ ਕੇ ਮੁੜਦਾ ਜਾਂ ਸਵੇਰੇ ਚਾਰ ਵਜੇ ਚਾਰੇ ਦੀ ਭਰੀ ਚੁੱਕ ਕੇ ਖੇਤੋਂ ਤੁਰਦਾ ਤਾਂ ਮੈਂ ਕਦੇ ਤਸੱਵਰ ਵੀ ਨਹੀਂ ਸੀ ਕੀਤਾ ਕਿ ਅੱਜ ਜਿਸ ਮੁਕਾਮ ’ਤੇ ਮੈਂ ਹਾਂ, ਕਦੇ ਪਹੁੰਚ ਸਕਾਂਗਾ। ਜਿਸ ਘਰ ’ਚ ਮੈਂ ਕਦੇ ਸਾਈਕਲ ਵੀ ਨਹੀਂ ਸੀ ਵੇਖਿਆ, ਮੇਰੇ ਆਪਣੇ ਹੇਠ ਅਠਾਈ ਸਾਲਾਂ ਦੀ ਉਮਰ ’ਚ ਨਵੀਂ ਮਾਰੂਤੀ ਕਾਰ ਹੋਵੇਗੀ, ਮੈਂ ਕਦੇ ਸੁਪਨੇ ’ਚ ਵੀ ਨਹੀਂ ਸੀ ਸੋਚਿਆ।”

ਉਹ ਇੱਕ ਆਮ ਕਿਸਾਨ ਪਰਿਵਾਰ ਨਾਲ ਸੰਬੰਧ ਰੱਖਦਾ ਸੀ, ਜਿੱਥੇ ਮਾਣ ਵਾਲੀ ਪਹਿਲੀ ਤੇ ਆਖਰੀ ਗੱਲ ਸਿਰਫ਼ ਜ਼ਮੀਨ ਖਰੀਦਣ ਤੱਕ ਸੀਮਤ ਸੀ। ਘਰ ’ਚ ਤੰਗੀ ਸੀ। ਬੋਘ ਸਿੰਘ ਦੇ ਜ਼ੋਰ ਦੇਣ ’ਤੇ ਉਹ ਪਹਿਲੀ ਵਾਰ ਸਕੂਲ ਗਿਆ। ਉਦੋਂ ਉਸ ਦੀ ਉਮਰ ਦਸ ਸਾਲਾਂ ਦੀ ਸੀ। ਕਈ ਦਿਨ ਉਹ ਬਿਨਾਂ ਨਿੱਕਰ ਤੋਂ ਸਕੂਲ ਜਾਂਦਾ ਰਿਹਾ। ਬੈਠਣ ਲੱਗਾ ਝੱਗਾ ਅੱਗੇ ਪਿੱਛੇ ਕਰ ਲੈਂਦਾ। ਕੁਝ ਹੀ ਮਹੀਨਿਆਂ ਬਾਅਦ ਭਰਾਵਾਂ ਤੇ ਭਾਬੀਆਂ ਦੀ ਜ਼ਿੱਦ ਨੇ ਉਹਨੂੰ ਸਕੂਲ ਜਾਣੋਂ ਰੋਕ ਦਿੱਤਾ। ਫਿਰ ਉਹਦੇ ਬਾਪ ਨੂੰ ਪਤਾ ਨਹੀਂ ਕੀ ਔੜੀ, ਉਹਨੇ ਜਗਰੂਪ ਨੂੰ ਫੇਰ ਬੋਰੀ ਤੇ ਫੱਟੀ ਚੁੱਕਾ ਦਿੱਤੀ। ਨਾਲ ਹੀ ਗਾਂਧੀ ਖੱਦਰ ਦਾ ਕੁੜਤਾ ਪਜਾਮਾ ਸੰਵਾ ਕੇ ਦਿੱਤਾ। ਉਹ ਪੜ੍ਹਨ ’ਚ ਹੁਸ਼ਿਆਰ ਨਿਕਲਿਆ। ਉਹਦੇ ਲਿਖੇ ਅੱਖਰ ਮੋਤੀਆਂ ਵਰਗੇ ਹੁੰਦੇ। ਉਸ ਨੇ ਸਿਰਸੇ ਤੋਂ ਇੰਜੀਨੀਅਰਿੰਗ ਦੀ ਪੜ੍ਹਾਈ ਕੀਤੀ। ਪਟਿਆਲੇ ਐਸਕਾਰਟਸ ਫੈਕਟਰੀ ’ਚ ਜੇ. ਈ. ਲੱਗ ਗਿਆ।

ਪਹਿਲੀ ਵਾਰ ਉਹ ਮੈਨੂੰ ਮੇਰੇ ਘਰ ਹੀ ਮਿਲਿਆ ਸੀ। ਉਹਦੀ ਟੀਵੀ ’ਤੇ ਰਿਕਾਰਡਿੰਗ ਸੀ। ਇਸ ਸਬੰਧੀ ਉਸ ਪਹਿਲਾਂ ਚਿੱਠੀ ਲਿਖੀ ਸੀ। ਮੈਂ ਕੋਠੇ ’ਤੇ ਧੁੱਪੇ ਬੈਠਾ ਸੀ ਜਦੋਂ ਮੈਨੂੰ ਹੇਠੋਂ ਆਵਾਜ਼ ਪਈ ਕਿ ਕੋਈ ਮਿਲਣ ਵਾਲਾ ਆਇਆ। ਮੈਂ ਦੇਖਿਆ, ਪਰ ਉਹਨੂੰ ਪਛਾਣ ਨਾ ਸਕਿਆ। ਉਸ ਉੱਚੀ ਆਵਾਜ਼ ’ਚ ਕਿਹਾ, “ਮੈਂ ਜਗਰੂਪ ਦਾਤੇਵਾਸ।” ਮੈਂ ਹੇਠਾਂ ਉਤਰਣ ਲੱਗਾ ਤਾਂ ਉਹ ਬੋਲਿਆ, “ਉਪਰ ਹੀ ਆਉਨੈ।” ਮੈਂ ਨਹੀਂ ਚਾਹੁੰਦਾ ਸੀ ਕਿ ਉਹ ਛੱਤ ’ਤੇ ਆਵੇ ਕਿਉਂਜੁ ਛੱਤ ਤਾਂ ਤਾਜ਼ੀਆਂ ਪੱਥੀਆਂ ਪਾਥੀਆਂ ਨਾਲ ਭਰੀ ਪਈ ਸੀ। ਮੈਂ ਉਸ ਨੂੰ ਆਪਣੇ ਨਾਲੋਂ ਉੱਚਾ ਸਮਝ ਰਿਹਾ ਸੀ। ਮੇਰੇ ਰੋਕਦਿਆਂ-ਰੋਕਦਿਆਂ ਵੀ ਉਹ ਉਪਰ ਚੜ੍ਹ ਆਇਆ। ਹੁਣ ਸਮੱਸਿਆ ਆਣ ਖੜ੍ਹੀ ਹੋਈ ਸੀ ਕਿ ਉਹਨੂੰ ਕਿੱਥੇ ਬੈਠਾਵਾਂ। ਉੱਥੇ ਮੰਜਾ ਡਾਹਿਆ ਨਹੀਂ ਜਾ ਸਕਦਾ ਸੀ। ਮੈਂ ਆਪ ਬੋਰੀ ਵਿਛਾ ਕੇ ਬੈਠਾ ਸੀ। ਉਸ ਬੋਰੀ ਦੇਖ ਲਈ ਤੇ ਮੇਰੇ ਵੱਲ ਦੇਖਦਿਆਂ ਬੋਲਿਆ, “ਤੂੰ ਫੌਰਮਿਲਟੀ ’ਚ ਨਾ ਪੈ। ਮੈਂ ਐਦਾਂ ਦੇ ਮਾਹੌਲ ’ਚੋਂ ਹੀ ਉੱਠ ਕੇ ਪਟਿਆਲੇ ਗਿਐਂ। ਪਹਿਲਾਂ ਚਾਹ ਲਈ ਅਵਾਜ਼ ਦੇ ਭਾਬੀ ਜੀ ਨੂੰ। ਤੇਰਾ ਘਰ ਲੱਭਣਾ ਕਿਹੜਾ ਸੌਖੈ।” ਅਸੀਂ ਉੱਥੇ ਹੀ ਬੈਠਿਆਂ ਚਾਹ ਪੀਤੀ ਸੀ। ਪਹਿਲੀ ਵਾਰ ਮਿਲੇ ਸੀ-ਗੱਲਾਂ ਮੁੱਕਣ ’ਚ ਨਹੀਂ ਆ ਰਹੀਆ ਸਨ। ਮੈਂ ਉਸ ਦੀਆਂ ਦਸ-ਪੰਦਰਾਂ ਮਿੰਨੀ ਕਹਾਣੀਆਂ ਪੜ੍ਹੀਆਂ ਸਨ। ਉਸ ਬਾਰੇ ਚਲਾਵਾਂ ਜਿਹਾ ਜਾਣਦਾ ਸੀ। ਉਹਨੂੰ ਲਿਖਣ

ਬਾਰੇ ਪੁੱਛਿਆ ਤਾਂ ਉਸ ਕਿਤਾਬੇ-ਸਾਹਿਤ ਦਾ ਪਹਿਲਾ ਪੰਨਾ ਫਰੋਲਿਆ, "ਸ਼ਾਇਦ ਮੈਂ ਛੇਵੀਂ-ਸੱਤਵੀਂ ਜਮਾਤ 'ਚ ਪੜ੍ਹਦਾ ਸੀ ਜਦੋਂ ਰੈੱਡ ਕਰਾਸ ਵੱਲੋਂ ਪੰਚਾਇਤ ਨੂੰ ਪਿੰਡ 'ਚ ਲਾਇਬਰੇਰੀ ਸਥਾਪਤ ਕਰਨ ਲਈ ਵੀਹ ਹਜ਼ਾਰ ਦੀਆਂ ਕਿਤਾਬਾਂ ਭੇਜੀਆ ਗਈਆਂ। ਟਰੱਕ, ਕਿਤਾਬਾਂ ਲੈ ਕੇ ਰਾਤ ਦੇ ਕੋਈ ਨੌਂ ਦੱਸ ਵਜੇ ਸਕੂਲ ਦੇ ਗੇਟ ਅੱਗੇ ਪਹੁੰਚਿਆ। ਉਸ ਸਮੇਂ ਮੈਂ ਕੁਸ਼ ਮੁੰਡਿਆਂ ਨਾਲ ਖੜ੍ਹਾ ਸੀ। ਟਰੱਕ 'ਚੋਂ ਕਿਤਾਬਾਂ ਲਾਹੁਣ ਵਾਲਾ ਕੋਈ ਨਹੀਂ ਸੀ। ਕਿਤਾਬਾਂ ਲਾਹੁਣ ਲਈ ਸਰਪੰਚ ਨੇ ਸਾਡੇ ਨਾਲ ਗੱਲਬਾਤ ਕੀਤੀ। ਕਿਤਾਬਾਂ ਲਹਾ ਕੇ ਅਸੀਂ ਸਾਰੇ ਜਣੇ ਜਿੰਨੀਆਂ ਜਿਸ ਦੇ ਹੱਥ ਲੱਗੀਆਂ, ਕਿਤਾਬਾਂ ਲੈ ਕੇ ਘਰ ਦੇ ਰਾਹ ਪੈ ਗਏ। ਸਰਪੰਚ ਕਾਣਾ ਸੀ ਇਕ ਅੱਖੋਂ। ਉਹਨੂੰ ਕੋਈ ਪਤਾ ਨਾ ਲੱਗਿਆ। ਦਸ ਕੁ ਕਿਤਾਬਾਂ ਮੈਂ ਵੀ ਘਰ ਲੈ ਆਇਆ ਜਿਨ੍ਹਾਂ 'ਚ ਨਾਨਕ ਸਿੰਘ ਤੇ ਜਸਵੰਤ ਸਿੰਘ ਕੰਵਲ ਦੇ ਨਾਵਲ ਸਨ। ਮੈਂ ਕੁਸ਼ ਹੀ ਦਿਨਾਂ 'ਚ ਸਾਰੀਆਂ ਕਿਤਾਬਾਂ ਪੜ੍ਹ ਮਾਰੀਆਂ। ਇਕ ਵਾਰ ਨਹੀਂ ਕਈ ਵਾਰ ਪੜ੍ਹੀਆਂ। ਮਿਡਲ ਕਲਾਸ ਕਰਦਿਆਂ ਮੈਂ ਅਣਗਿਣਤ ਕਿਤਾਬਾਂ ਪੜ੍ਹੀਆਂ। ਮੈਨੂੰ ਇਕ ਕਿਸਮ ਦਾ ਐਬ ਜਿਹਾ ਲੱਗ ਗਿਆ। ਨਾ ਛੁੱਟਣ ਵਾਲਾ ਐਬ। ਇਹੀ ਸਮਾਂ ਹੋਏਗਾ ਸ਼ਾਇਦ ਜਦੋਂ ਮੇਰੇ ਅੰਦਰ ਲੇਖਕ ਪਲਣਾ ਸ਼ੁਰੂ ਹੋ ਗਿਆ। ਉਸ ਵੇਲੇ ਭਾਵੇਂ ਮੈਂ ਮਹਿਸੂਸ ਨਹੀਂ ਸੀ ਕਰ ਸਕਿਆ, ਪਰ ਮੇਰੇ ਅੰਦਰਲਾ ਪਾਠਕ ਇੰਨਾ ਵੱਡਾ ਹੋ ਗਿਆ ਸੀ ਕਿ ਇੱਕ ਗਰਭਵਤੀ ਔਰਤ ਵਾਂਗ ਉਸ ਦਾ ਵਜੂਦ ਮੈਂ ਮਹਿਸੂਸ ਕਰ ਰਿਹਾ ਸੀ। ਸਿਰਸੇ ਇੰਜੀਨੀਅਰਿੰਗ ਕਰਦਿਆਂ ਮੈਂ ਪਹਿਲੀ ਕਹਾਣੀ 'ਯਤੀਮਖ਼ਾਨਾ' ਲਿਖੀ ਜਿਹੜੀ ਕਿ 'ਜਨ ਸਾਹਿਤ' 'ਚ ਛਪੀ।"

ਉਸ ਆਪਣਾ ਸਿਰਜਣਾਤਮਕ ਸਫ਼ਰ ਮਿੰਨੀ ਕਹਾਣੀ ਤੋਂ ਸ਼ੁਰੂ ਕੀਤਾ ਸੀ। 1991 'ਚ ਉਹਦਾ ਮਿੰਨੀ ਕਹਾਣੀ ਸੰਗ੍ਰਹਿ 'ਅੰਗ ਸੰਗ' ਛਪਿਆ ਤਾਂ ਮੈਂ ਉਹਨੂੰ ਕਿਹਾ, "ਇਸ ਨਾਂ ਦੀ ਕਿਤਾਬ ਵਰਿਆਮ ਸੰਧੂ ਦੀ ਵੀ ਆ।" ਉਹ ਜੱਟਾਂ ਵਾਲ਼ੀ ਆਕੜ ਨਾਲ ਬੋਲਿਆ, "ਇਹ ਦਾਤੇਵਾਸ ਦੀ ਆ।" ਉਸ ਵਿਚਲਾ ਪੇਂਡੂਪੁਣਾ ਨਹੀਂ ਗਿਆ ਸੀ। ਮੈਨੂੰ ਲੱਗਿਆ ਕਿ ਬੰਦਾ ਜਿੰਨਾ ਮਰਜ਼ੀ ਪੜ੍ਹ ਲਿਖ ਜਾਵੇ-ਉਸ 'ਚ ਜੱਟਪੁਣਾ ਖ਼ਤਮ ਨਹੀਂ ਹੁੰਦਾ। ਉਹਨੂੰ ਇਸ ਗੱਲ ਦੀ ਸੰਤੁਸ਼ਟੀ ਸੀ ਕਿ ਉਸ ਦਾ ਮਿੰਨੀ ਕਹਾਣੀ ਜਗਤ 'ਚ ਨਾਂ ਬਣਨਾ ਸ਼ੁਰੂ ਹੋ ਗਿਆ ਸੀ। ਪਟਿਆਲੇ ਦੀ ਮਿੰਨੀ ਕਹਾਣੀ ਲੇਖਕਾਂ ਦੀ ਜੁੰਡਲੀ ਨਾਲ ਉਸ ਦਾ ਇੱਟ ਖੜੱਕਾ ਚਲਦਾ ਰਹਿੰਦਾ ਸੀ। ਖਾਸ ਕਰਕੇ ਜਗਦੀਸ਼ ਅਰਮਾਨੀ ਨਾਲ। ਗੱਲ ਹੱਥੋ-ਪਾਈ ਤੇ ਪੱਗਾਂ ਲਾਹੁਣ ਤੱਕ ਵੀ ਜਾ ਪਹੁੰਚੀ ਸੀ। ਉਹ ਕਾਰ ਦੀ ਪਿਛਲੀ ਸੀਟ 'ਤੇ ਹਾਕੀ ਰੱਖਦਾ। ਕਹਿੰਦਾ, "ਭਾਪੇ......ਦੇਣੇ। ਇਨ੍ਹਾਂ ਨੂੰ ਇੱਕ ਵਾਰੀ ਕੁੱਟਣਾ ਜ਼ਰੂਰ ਐ।" ਮੈਂ ਉਹਨੂੰ ਰੋਕਿਆ ਤਾਂ ਉਹ ਮੰਨ ਗਿਆ। ਮੈਂ ਮਿੰਨੀ ਕਹਾਣੀ ਲਿਖਣੀ ਛੱਡ ਚੁੱਕਾ ਸੀ। ਉਹ ਵੀ ਛੱਡਾਂ ਜਾਂ ਨਾ ਛੱਡਾਂ ਵਿਚਕਾਰ ਕੋਈ ਫ਼ੈਸਲਾ ਨਹੀਂ ਲੈ ਰਿਹਾ ਸੀ। ਹੁਣ ਉਹ ਕਹਾਣੀ ਲਿਖਣ ਲੱਗ ਪਿਆ ਸੀ। ਇਸੇ ਵਿਚਕਾਰ ਉਸ ਦੂਜਾ ਮਿੰਨੀ ਕਹਾਣੀ ਸੰਗ੍ਰਹਿ 'ਉਦਾਸ ਪਿੰਡ ਦੀ ਕਥਾ' ਵੀ ਛਪਵਾ ਲਿਆ। ਇਕ ਵਾਰ ਉਸ ਟੈਲੀਫ਼ੋਨ ਕੀਤਾ, "ਰਾਤ ਦੀ ਡਿਊਟੀ ਸੀ। ਕੋਈ ਕੰਮ ਨ੍ਹੀਂ ਸੀ। ਮੈਂ ਵੀਹ ਮਿੰਨੀ ਕਹਾਣੀਆਂ ਲਿਖ ਦਿੱਤੀਆਂ।" ਫੇਰ ਉਸਦਾ ਮਿੰਨੀ ਕਹਾਣੀ ਤੋਂ ਮਨ ਉਚਾਟ ਹੋ ਗਿਆ। "ਮੈਨੂੰ ਇਸ ਵਿਧਾ ਤੋਂ ਸੰਤੁਸ਼ਟੀ ਨਹੀਂ ਮਿਲੀ। ਨਿਰਾਸ਼ਾ ਹੀ ਮਿਲੀ ਐ। ਮਿੰਨੀ ਕਹਾਣੀ ਦੇ ਨਾਂ 'ਤੇ ਜ਼ਿਆਦਾਤਰ ਲੇਖਕ ਅਜੇ ਅਣਜਾਣ ਨੇ। ਦੋ ਅੱਖਰਾਂ ਤੋਂ ਲੈ ਕੇ ਦੋ ਪੰਨਿਆਂ ਤੱਕ ਦੀ ਮਿੰਨੀ ਕਹਾਣੀ ਲਿਖ ਰਹੇ ਐ। ਘਿਸੇ ਪਿਟੇ ਵਿਸ਼ੇ ਤੇ ਘਟੀਆ

ਨਿਭਾਅ ਨੇ ਮਿੰਨੀ ਕਹਾਣੀ ਦਾ ਬਹੁਤ ਨੁਕਸਾਨ ਕੀਤੈ। ਇਹ ਸਭ ਕੁਸ਼ ਦੇਖ ਕੇ ਇਸ ਸਿਨਫ਼ ਤੋਂ ਦਿਲ ਜਿਹਾ ਭਰ ਗਿਐ। ਇਕ ਦਿਨ ਕ੍ਰਿਪਾਲ ਕਜ਼ਾਕ ਘੇਰ ਕੇ ਖੜ੍ਹ ਗਿਆ ਕਿ ਤੂੰ ਆਹ ਕੀ ਲਤੀਫ਼ੇ ਜਿਹੇ ਲਿਖੀ ਜਾਂਦੈਂ। ਕੋਈ ਕਹਾਣੀ ਲਿਖ। ਸਮਝਿਐ।" ਉਹ ਸਮਝ ਗਿਆ ਮੁੜ ਉਸ ਮਿੰਨੀ ਕਹਾਣੀ ਨਹੀਂ ਲਿਖੀ।

ਉਹਨੇ ਤਿੰਨ ਪੰਨਿਆਂ ਦੀ ਕਹਾਣੀ-'ਤਾਇਆ ਪੰਜਾਬ ਸਿੰਘ' ਲਿਖੀ। ਪੰਜਾਬ 84 ਬਾਰੇ। ਰਾਮ ਸਰੂਪ ਅਣਖੀ ਨੇ ਸੱਤ ਸੌ ਰੁ. ਦਾ ਭੱਠਲ ਪੁਰਸਕਾਰ ਦਿੱਤਾ। ਉਸ ਦੇ ਘਰ ਜਾ ਕੇ। ਉਸ ਕੋਲੋਂ ਚਾਅ ਸੰਭਾਲਿਆ ਨਾ ਜਾਵੇ। ਇਕ ਪੁਰਸਕਾਰ ਤੇ ਦੂਜਾ ਅਣਖੀ ਦਾ ਘਰੇ ਆਉਣਾ। ਇਸ ਤੋਂ ਪਹਿਲਾਂ ਉਸ ਆਪਣੇ ਘਰੇ ਬੇਟੀ ਪੁਨੀਤ ਸਿੰਘ ਦੇ ਜਨਮ ਦਿਨ 'ਤੇ ਕਹਾਣੀ ਦਰਬਾਰ ਕਰਵਾਇਆ ਸੀ ਜਿਸ 'ਚ ਪੰਦਰ੍ਹਾਂ ਸਥਾਪਤ ਕਹਾਣੀਕਾਰਾਂ ਬਚਿੰਤ ਕੌਰ, ਕਜ਼ਾਕ, ਗੋਰਖੀ, ਲਿਟ, ਲਾਲੀ ਬਾਬਾ, ਬਲਦੇਵ ਧਾਲੀਵਾਲ, ਬਲਦੇਵ ਸਿੰਘ, ਸੁਰਿੰਦਰ ਸ਼ਰਮਾ ਨੇ ਹਿੱਸਾ ਲਿਆ ਸੀ। 'ਤਾਇਆ ਪੰਜਾਬ ਸਿੰਘ' ਨੇ ਉਸਦੇ ਸਾਹਿਤਕ ਸਫ਼ਰ ਨੂੰ ਇਕ ਨਵਾਂ ਮੋੜ ਦਿੱਤਾ। ਜਸਬੀਰ ਭੁੱਲਰ ਨੇ 'ਨਵੀਂ ਰੁੱਤ ਦੇ ਜੁਗਨੂੰ' 'ਚ ਇਹੀ ਕਹਾਣੀ ਸ਼ਾਮਿਲ ਕੀਤੀ ਸੀ। 1990-91 'ਚ ਇਸੇ ਕਹਾਣੀ ਨੂੰ ਭਾਸ਼ਾ ਵਿਭਾਗ ਵੱਲੋਂ ਸਰਵੋਤਮ ਕਹਾਣੀ ਦਾ ਅਵਾਰਡ ਮਿਲਿਆ। ਉਹਦਾ ਨਾਂ ਚਰਚਿਤ ਕਹਾਣੀਕਾਰਾਂ ਦੀ ਲਿਸਟ 'ਚ ਆ ਗਿਆ।

ਉਹ ਡਾਇਨਾਮਿਕ ਪ੍ਰਸਨੈਲਟੀ ਵਾਲਾ ਵਿਅਕਤੀ ਸੀ। ਅਣਖੀਲਾ ਸੁਭਾਅ। ਝੂਠੀ ਵਾਹ-ਵਾਹ ਤੇ ਸਾਹਿਤਕ ਅਡੰਬਰ ਨੂੰ ਨਫ਼ਰਤ ਕਰਦਾ। ਉਹ ਮੇਰੇ ਨਾਲ ਸਲਾਹੀਂ ਪਿਆ ਹੋਇਆਂ ਕਹਿੰਦਾ, "ਮੈਂ ਸੋਚਦੈਂ ਲੇਖਕ ਦਾ ਫ਼ਰਜ਼ ਲਿਖਣਾ ਹੁੰਦੈ। ਉਹ ਚੰਗਾ ਲਿਖਦੈ ਜਾਂ ਮਾੜਾ-ਇਸ ਗੱਲ ਦਾ ਫ਼ੈਸਲਾ ਉਸਦੇ ਪਾਠਕਾਂ ਦੇ ਹੱਥ ਵਿਚ ਹੁੰਦੈ। ਕਿਸੇ ਸਾਲ਼ੇ ਆਲੋਚਕ ਦੇ ਹੱਥ ਵਿਚ ਨਹੀਂ। ਆਲੋਚਕ ਕੌਣ ਹੁੰਦੇ ਐ ਫ਼ੈਸਲਾ ਕਰਨ ਵਾਲੇ। ਫ਼ਤਵੇ ਦੇਣ ਵਾਲੇ। ਮੈਂ ਨਹੀਂ ਕਿਸੇ ਦੀ ਪ੍ਰਵਾਹ ਕਰਦਾ। ਮੈਂ ਨਹੀਂ ਕਿਸੇ ਨੂੰ ਚਿੱਠੀਆਂ ਲਿਖਦਾ। ਕਿਸੇ ਨੂੰ ਫ਼ੋਨ ਨਹੀਂ ਕਰਦਾ। ਨਾ ਹੀ ਮੈਥੋਂ ਚਮਚਾਗਿਰੀ ਹੁੰਦੀ ਐ। ਝੂਠ ਐ ਤਾਂ ਦੱਸ?" ਉਹ ਚੰਗਾ ਮਹਿਮਾਨਨਿਵਾਜ਼ ਸੀ। ਵਧੀਆ ਮਿੱਤਰ। ਮੈਂ ਤੇ ਦੇਸ ਰਾਜ ਕਾਲੀ ਨੇ ਪਟਿਆਲੇ ਜਾਣ ਦਾ ਪ੍ਰੋਗਰਾਮ ਉਲੀਕਿਆ। ਸਵੇਰ ਨੂੰ ਮੈਨੂੰ ਬੁਖ਼ਾਰ ਹੋ ਗਿਆ। ਮੈਂ ਕਾਲੀ ਨੂੰ ਅੱਠ ਵਜੇ ਬੱਸ ਸਟੈਂਡ 'ਤੇ ਮਿਲਣ ਲਈ ਕਿਹਾ ਹੋਇਆ ਸੀ। ਜੇ ਨਾ ਜਾਂਦਾ ਤਾਂ ਉਸ ਉੱਥੇ ਮੈਨੂੰ ਉਡੀਕਣਾ ਸੀ। ਮੈਂ ਬੱਸ ਸਟੈਂਡ 'ਤੇ ਖੜ੍ਹਿਆਂ ਕਾਲੀ ਨੂੰ ਕਿਹਾ, "ਬੱਲਿਆ-ਜੇ ਤੂੰ ਮੈਨੂੰ ਸਾਂਭ ਸਕਦਾਂ-ਤਾਂ ਚੱਲ। ਨ੍ਹੀਂ ਤਾਂ ਫੇਰ ਸਈਂ।" ਕਾਲੀ ਮੇਰੀ ਬਾਂਹ ਫੜ ਕੇ ਬੱਸ ਵੱਲ ਲੈ ਗਿਆ। ਪਟਿਆਲੇ ਪਹੁੰਚੇ। ਜਗਰੂਪ ਘਰ ਸੀ। ਉਸ ਦਾ ਕਿਰਾਏ ਦਾ ਘਰ ਗੁਰਬਖ਼ਸ਼ ਕਾਲੋਨੀ 'ਚ ਸੀ। ਮੈਂ ਯੂਨੀਵਰਸਿਟੀ ਵਾਲਾ ਕੰਮ ਨਬੇੜ ਕੇ ਜਲਦੀ ਵਾਪਸ ਮੁੜਨਾ ਚਾਹੁੰਦਾ ਸੀ। ਉਹਦੀ ਇੱਛਾ ਸੀ ਕਿ ਮੈਂ ਉਸ ਕੋਲ ਰਹਾਂ। ਉਸ ਕਾਰ ਕੱਢੀ ਤੇ ਬੋਲਿਆ, "ਮੇਰੇ ਖਾਤੇ 'ਚ ਕੋਈ ਛੁੱਟੀ ਨ੍ਹੀਂ। ਮੈਂ ਤੇਰੇ ਲਈ ਪੰਜ ਸੌ ਦੀ ਛੁੱਟੀ ਲੈਣੀ ਐਂ। ਚੁੱਪ ਕਰ ਕੇ ਬੈਠ ਜਾ। ਆਪਾਂ ਪਹਿਲਾਂ ਯੂਨੀਵਰਸਿਟੀ ਚਲਦੇ ਐਂ। ਚੰਦੀ ਤੇ ਜਸਵਿੰਦਰ ਨੂੰ ਮਿਲਾਂਗੇ। ਉੱਥੇ ਧਾਲੀਵਾਲ ਤੇ ਕਜ਼ਾਕ ਵੀ ਮਿਲ ਪੈਣਗੇ। ਅਜੇ ਤੇਰੇ ਨਾਲ ਕਈ ਸਲਾਹਾਂ ਕਰਨੀਆਂ।"

ਉਹ ਆਪਣੇ ਪਰਿਵਾਰ ਪ੍ਰਤੀ ਬਹੁਤ ਗੰਭੀਰ ਸੀ। ਉਸ ਦੀਆਂ ਦੋ ਬੇਟੀਆਂ ਹਨ। ਪੁਨੀਤ ਤੇ ਸੁਮੀਤ। ਉਸ ਨੇ ਉਨ੍ਹਾਂ ਦੇ ਨਾਂ ਪਿੱਛੇ 'ਕੌਰ' ਨਹੀਂ 'ਸਿੰਘ' ਲਾਏ ਸਨ, ਉਹ

ਉਨ੍ਹਾਂ ਦਾ ਪੁੱਤਰਾਂ ਵਾਂਗ ਖਿਆਲ ਰੱਖਦਾ। ਕਈ ਵਾਰ ਐਦਾਂ ਹੁੰਦਾ ਕਿ ਉਹ ਗੱਲ ਮੇਰੇ ਨਾਲ ਕਰ ਰਿਹਾ ਹੁੰਦਾ– ਉਸ ਦਾ ਖਿਆਲ ਬੇਟੀਆਂ ਵੱਲ ਹੁੰਦਾ। ਜੇ ਉਨ੍ਹਾਂ 'ਚੋਂ ਕੋਈ ਇਕ ਰੋ ਪੈਂਦੀ ਤਾਂ ਉਹ ਉਸੇ ਵੇਲੇ ਉੱਧਰ ਨੂੰ ਤੁਰ ਪੈਂਦਾ। ਮੇਰੇ ਦੋਸਤਾਂ ਦੀ ਲੰਬੀ ਲਿਸਟ 'ਚ ਉਹ ਅਜਿਹਾ ਪਹਿਲਾ ਵਿਅਕਤੀ ਸੀ ਜਿਸ ਨੂੰ ਮੈਂ ਆਪਣੀਆਂ ਬੇਟੀਆਂ ਪ੍ਰਤੀ ਇੰਨਾ ਭਾਵੁਕ ਦੇਖਿਆ। ਉਸ ਦੀ ਅੱਧੀ ਜਾਨ ਗੁਰਪ੍ਰੀਤ 'ਚ ਸੀ। ਅੱਧੀ ਬੇਟੀਆਂ 'ਚ।

ਉਹ ਐਸਕਾਰਟਸ ਫੈਕਟਰੀ 'ਚ ਮੈਨੇਜਰ ਬਣ ਗਿਆ। ਮੈਂ ਉਹਨੂੰ ਵਧਾਈਆਂ ਦਿੱਤੀਆਂ। ਪਰ ਉਸ ਨੂੰ ਮੈਨੇਜਰ ਬਣ ਕੇ ਖੁਸ਼ੀ ਨਹੀਂ ਸੀ ਹੋਈ। ਸਗੋਂ ਉਹ ਬੇਚੈਨ ਸੀ। ਹੁਣ ਉਸ ਨੂੰ ਨੌਕਰੀ, ਬੰਦਿਸ਼ ਲੱਗਣ ਲੱਗੀ ਸੀ। ਉਹ ਆਜ਼ਾਦ ਰਹਿਣਾ ਚਾਹੁੰਦਾ ਸੀ। ਉਸ ਦੀ ਡਿਊਟੀ ਹਫ਼ਤਾ, ਦਿਨ ਦੀ ਹੁੰਦੀ ਤੇ ਹਫ਼ਤਾ ਰਾਤ ਦੀ। ਬਹੁਤ ਹੀ ਆਸਾਨ ਡਿਊਟੀ। ਬਸ ਉਸਦਾ ਮਨ ਅੱਕ ਗਿਆ ਸੀ। ਉਹ ਕੋਈ ਅਜਿਹਾ ਕੰਮ ਕਰਨਾ ਚਾਹੁੰਦਾ ਸੀ ਜਿਸ ਨਾਲ ਉਹ ਕਿਸੇ ਦਾ ਮੁਹਤਾਜ ਨਾ ਰਹੇ। ਆਪਣੀ ਨੀਂਦੇ ਸੌਂਵੇ। ਆਪਣੀ ਮਰਜ਼ੀ ਨਾਲ ਉੱਠੇ। ਉਹਦਾ ਸੁਭਾਅ ਵਿਦਰੋਹੀ ਸੀ। ਕਿਸੇ ਵੀ ਗ਼ਲਤ ਕੰਮ ਦੇ ਵਿਰੁੱਧ ਅੜ ਜਾਂਦਾ, ਖੜ੍ਹ ਜਾਂਦਾ। ਉਹ ਦੱਸਦਾ, "ਮੈਥੋਂ ਅੱਖੀਂ ਦੇਖ ਕੇ ਮੱਖੀ ਨ੍ਹੀਂ ਨਿਗਲੀ ਜਾਂਦੀ। ਆਹ ਪਿਛਲੇ ਹਫ਼ਤੇ ਇਕ ਸਪੇਰਾ ਜਿਹਾ ਆ ਗਿਆ। ਸਾਲ਼ਾ ਹੱਟਾ–ਕੱਟਾ। ਮੈਥੋਂ ਡਿਉਢਾ ਹੋਣੈ। ਲਾਲ ਸੂਹੀਆਂ ਗੱਲ੍ਹਾਂ। ਮੈਂ ਉਹਨੂੰ ਕਿਹਾ ਕਿ ਆਹ ਕੀ ਮੰਗਤਾ ਬਣਿਐਂ ? ਕੋਈ ਕੰਮ ਕਰ। ਪਰ ਉਹਨੂੰ ਤਾਂ ਵਿਹਲੀਆਂ ਖਾਣ ਦੀ ਆਦਤ ਪਈ ਸੀ। ਮੈਂ ਉਹਨੂੰ ਸਮਝਾਇਐ ਕਿ ਐਦਾਂ ਤਾਂ ਜ਼ਿੰਦਗੀ ਨੀਂ ਚਲਦੀ ਹੁੰਦੀ। ਪੂਰਾ ਇਕ ਘੰਟਾ ਲੈਕਚਰ ਦਿੱਤੈ ਤਾਂ ਜਾ ਕੇ ਉਹ ਮੰਨਿਐ। ਮੈਂ ਉਹਨੂੰ ਫੈਕਟਰੀ 'ਚ ਰਖਵਾ ਦਿੱਤੈ। ਅੱਜ ਸ਼ਾਮ ਨੂੰ ਜੇ ਉਹ ਆਇਆ ਤਾਂ ਤੈਨੂੰ ਮਿਲਾਊਂਗਾ। ਉਹ ਮਹਾਂਗਾਲ਼ੜੀ ਐ।... ਮੈਨੂੰ ਫੈਕਟਰੀ ਦੀ ਨੌਕਰੀ ਰਾਸ ਨ੍ਹੀਂ ਆ ਰਹੀ। ਮੈਂ ਕੋਈ ਵੱਡਾ ਕੰਮ ਕਰਨਾ ਚਾਹੁੰਨੈ, ਆਪਣਾ ਕੰਮ...।" ਉਹ ਬਰਨਾਲੇ ਆਪਣਾ ਕੋਲਡ ਸਟੋਰ ਬਣਾਉਣਾ ਚਾਹੁੰਦਾ ਸੀ। ਬੈਂਕ ਤੋਂ ਲੋਨ ਲੈ ਕੇ। ਕਹਿੰਦਾ, "ਪਿੰਡ ਦੀ ਜ਼ਮੀਨ 'ਚੋਂ ਮੈਂ ਹਿੱਸਾ ਨ੍ਹੀਂ ਲੈਣਾ। ਮੈਂ ਸਭ ਕੁਸ਼ ਆਪਣੇ ਸਿਰ 'ਤੇ ਬਣਾਇਆ–ਹੁਣ ਆਪਣਾ ਕੰਮ ਵੀ ਆਪੇ ਚਲਾਊਂ। ਮੈਂ ਚਾਹੁਨੈਂ ਕਿ ਪੁਨੀਤ ਮੈਡੀਕਲ ਕਾਲਜ ਵਿਚ ਐਮ. ਡੀ. ਕਰੇ। ਸੁਮੀਤ ਐਮ. ਬੀ. ਏ.। ਬੱਚੇ ਵੱਡੇ ਹੋ ਰਹੇ ਨੇ। ਖ਼ਰਚਾ ਵੱਧ ਜਾਣੈ। ਮੈਂ ਇਨ੍ਹਾਂ ਨੂੰ ਹੋਸਟਲ ਵਿਚ ਰੱਖ ਕੇ ਪੜ੍ਹਾਉਣੈ। ......ਇਹ ਵੀ ਮੇਰੇ ਲਈ ਡਾਹਢਾ ਔਖਾ ਹੋਣੈ। ਮੈਂ ਇਨ੍ਹਾਂ ਤੋਂ ਬਹੁਤ ਦੂਰ ਨ੍ਹੀਂ ਰਹਿ ਸਕਦਾ। ਚੱਲ ਦੇਖਾਂਗੇ। ਹੁਣ ਮੈਂ ਪੱਕਾ ਫ਼ੈਸਲਾ ਕਰ ਲਿਐ–ਕੰਮ ਆਪਣਾ ਹੀ ਕਰਨੈਂ।" ਉਹਦਾ ਇਰਾਦਾ ਦ੍ਰਿੜ ਸੀ। ਪਰ ਨਾਮੁਰਾਦ ਬਿਮਾਰੀ ਨੇ ਉਹਦੀਆਂ ਸਕੀਮਾਂ 'ਤੇ ਪੱਕੀ ਲੀਕ ਮਾਰ ਦਿੱਤੀ। ਮੈਂ ਉਹਦਾ ਪਤਾ ਲੈਣ ਗਿਆ। ਉਹਦੀ ਸਿਹਤ ਪਹਿਲਾਂ ਨਾਲੋਂ ਅੱਧੀ ਰਹਿ ਗਈ ਸੀ। ਮੂੰਹ 'ਤੇ ਕਾਲੋਂ ਜਿਹੀ ਫਿਰ ਗਈ ਸੀ। ਉਹ ਥੋੜ੍ਹੀਆਂ ਗੱਲਾਂ ਕਰਕੇ ਥੱਕ ਜਾਂਦਾ। ਲੰਬਾ ਪੈ ਜਾਂਦਾ। ਬੱਚੀਆਂ ਨੂੰ ਹਿੱਕ ਨਾਲ ਘੁੱਟਦਾ। ਰਸੋਈ 'ਚ ਖੜ੍ਹੀ ਗੁਰਪ੍ਰੀਤ ਵੱਲ ਦੇਖਦਾ। ਫੇਰ ਕੋਈ ਸਾਹਿਤਕ ਗੱਲ ਛੇੜਦਾ। ਉਸ ਮੈਨੂੰ 'ਸ਼ਬਦ' ਲਈ ਨਵੀਂ ਕਹਾਣੀ 'ਸੁਨੀਤਾ ਅੱਜ ਫੇਰ ਚੁੱਪ ਹੈ' ਦਿੱਤੀ। ਉਦੋਂ ਹੀ ਗੁਰਮੀਤ ਕੱਲਰਮਾਜਰੀ ਆ ਗਿਆ। ਮੈਨੂੰ ਉਸ ਦੇ ਨਾਲ ਜਾਣਾ ਪਿਆ। ਦਾਤੇਵਾਸ ਨੇ ਉਦਾਸੀ ਭਰੀਆਂ ਨਜ਼ਰਾਂ ਨਾਲ ਮੇਰੇ ਵੱਲ ਦੇਖਿਆ। ਬੋਲਿਆ, "ਜਿੰਦਰ, ਤੂੰ ਰਾਤ ਮੇਰੇ ਕੋਲ ਰਹਿਣੈ। ਤੂੰ ਇਹਦੇ ਨਾਲ ਜਾ ਆ। ਪਰ ਰਾਤ ਨੂੰ ਮੁੜ

ਆਵੀਂ। ਆਪਾਂ ਗੱਲਾਂ ਕਰਨੀਆਂ।" ਮੈਥੋਂ ਰਾਤ ਨੂੰ ਮੁੜ ਕੇ ਵਾਪਸ ਜਾਇਆ ਨਾ ਗਿਆ। ਮੈਂ ਵਾਪਸ ਆ ਕੇ ਜਲੰਧਰੋਂ ਫ਼ੋਨ ਕੀਤਾ ਕਿ ਬੱਸ ਆ ਹੀ ਨਹੀਂ ਹੋਇਆ। ਮੈਂ ਫ਼ੋਨ ਬੰਦ ਕਰਨ ਲੱਗਾ ਤਾਂ ਉਹ ਬੋਲਿਆ, "ਸਾਲ਼ੇ ਦੁਆਬੀਏ ਬੜੇ ਕੰਜੂਸ ਐ। ਗੱਲਾਂ ਕਰ। ਅੱਧਾ ਘੰਟਾ। ਬਿੱਲ ਮੇਰੇ ਖਾਤੇ 'ਚ ਪਾ ਦਈਂ।" ਉਹ ਘਰ ਵਿਚਲੀ ਇਕੱਲਤਾ, ਲੰਬੀ ਹੁੰਦੀ ਜਾ ਰਹੀ ਬਿਮਾਰੀ ਤੋਂ ਉਕਤਾ ਗਿਆ ਸੀ। ਉਹਨੂੰ ਕੋਈ ਗੱਲਾਂ ਕਰਨ ਵਾਲਾ ਚਾਹੀਦਾ ਸੀ। ਗੁਰਪ੍ਰੀਤ ਦੀਆਂ ਨਜ਼ਰਾਂ ਤਾਂ ਹਮਦਰਦੀ ਨਾਲ ਭਰੀਆਂ ਹੁੰਦੀਆਂ ਸਨ। ਉਸਨੂੰ ਇਹ ਹਮਦਰਦੀ ਨਹੀਂ ਚਾਹੀਦੀ ਸੀ। ਉਹ ਜਲਦੀ ਤੋਂ ਜਲਦੀ ਨੌਂ-ਬਰ-ਨੌਂ ਹੋਣਾ ਲੋਚਦਾ ਸੀ। ਮੈਂ ਉਹਦਾ ਦਿਲ ਲਾਉਣ ਲਈ ਛੇੜਿਆ, "ਤੈਨੂੰ ਆਰਥਿਕ ਸਮੱਸਿਆ ਲੈ ਕੇ ਲਿਖੀ ਕਹਾਣੀ ਵਧੀਆ ਲੱਗਦੀ ਆ ਜਾਂ ਸਮਾਜਿਕ ਰਿਸ਼ਤਿਆਂ ਦੀ ਟੁੱਟ ਭੱਜ ਬਾਰੇ ?" ਅੱਗੋਂ ਉਹਦਾ ਜੁਆਬ ਸੀ, "ਹੁਣ ਮੈਨੂੰ ਤੀਵੀਂ-ਮਰਦ ਦੇ ਰਿਸ਼ਤਿਆਂ ਦੀਆਂ ਕਹਾਣੀਆਂ ਚੰਗੀਆਂ ਲੱਗਦੀਆਂ।" "ਅੱਜ ਕੱਲ੍ਹ ਕੀ ਸੋਚਦਾ ਹੁਨਾ ?" "ਮੇਰੇ ਦਿਮਾਗ਼ 'ਚ ਇਕ ਕਹਾਣੀ ਐ। ਸਾਡੇ ਜੱਟਾਂ ਦੇ ਦਿਉਰ ਭਰਜਾਈ ਦੇ ਇੱਲੀਗਲ ਰਿਸ਼ਤੇ ਬਹੁਤ ਜ਼ਿਆਦਾ ਐ। ਇਹਨੂੰ ਮਾੜਾ ਵੀ ਨ੍ਹੀਂ ਮੰਨਿਆ ਜਾਂਦਾ। ਮੈਂ ਉਨ੍ਹਾਂ ਕਾਰਨਾਂ ਦੀ ਖੋਜ ਕਰ ਰਿਹੈਂ ਜਿਹਨਾਂ ਕਰਕੇ ਇਹ ਖਿੱਚ ਹੁੰਦੀ ਐ। ਇਹ ਸਰੀਰਕ ਭੁੱਖ ਵੀ ਹੁੰਦੀ ਐ। ਭਾਵਨਾਤਮਕ ਸਾਂਝ ਵੀ। ਜੇ ਇਹ ਵਿਸ਼ਾ ਮੇਰੀ ਪਕੜ ਵਿਚ ਆ ਗਿਆ ਤਾਂ ਇਹ ਚਾਲੀ-ਪੰਜਾਹ ਪੰਨਿਆਂ ਦੀ ਕਹਾਣੀ ਬਣ ਜਾਣੀ। ਤੂੰ ਵੀ ਇਸ ਸੰਬੰਧ ਬਾਰੇ ਸੋਚ ਕੇ ਮੈਨੂੰ ਫ਼ੋਨ ਕਰੀਂ। ਕੰਜੂਸੀ ਨਾ ਕਰੀਂ, ਜਾਂ ਮੇਰੇ ਕੋਲ ਆ ਜਾਈਂ।" ਮੈਂ ਉਸ ਨੂੰ ਯਾਦ ਕਰਾਇਆ, "ਤੂੰ 'ਸਿਆਣੀ ਬਣ ਧੀਏ' ਕਹਾਣੀ ਲਿਖੀ ਸੀ।" ਉਸ ਕਿਹਾ, "ਉਹ ਆਰਥਿਕਤਾ ਤੇ ਪੁੱਤ ਦੀ ਕਾਮਨਾ ਨਾਲ ਜੁੜੀ ਕਹਾਣੀ ਐ। ਹੁਣ ਵਾਲੀ ਸਰੀਰਕ ਲੋੜ ਬਾਰੇ ਹੋਵੇਗੀ।" ਮੈਂ ਉਹਨੂੰ ਪੁੱਛਿਆ ਕਿ ਕੀ ਉਸਦੇ ਵੀ ਅਜਿਹੇ ਸੰਬੰਧ ਰਹੇ ਸੀ ਤਾਂ ਉਸ ਧੀਮੀ ਆਵਾਜ਼ 'ਚ ਕਿਹਾ, "ਕਾਹਨੂੰ, ਮੈਨੂੰ ਤਾਂ ਅਕਲ ਹੀ ਪਟਿਆਲੇ ਆ ਕੇ ਆਈ। ਪਿੰਡ ਵਿਚ ਮੈਂ ਬਹੁਤ ਕੁਸ਼ ਸੁਣਿਆ ਸੀ।" ਮੈਂ ਸਾਹਮਣੇ ਮੀਟਰ ਵੱਲ ਦੇਖਿਆ ਤਾਂ 105-00 ਰੁ. ਦਿੱਸੇ। ਮੈਂ ਕਾਹਲ਼ੀ-ਕਾਹਲ਼ੀ ਕਿਹਾ, "ਭਾਈ ਮੀਟਰ ਜ਼ਿਆਦਾ ਘੁੰਮ ਗਿਆ ਬਾਕੀ ਫਿਰ।"

ਸ਼ਾਇਦ ਉਸ ਕੁਝ ਕਿਹਾ ਸੀ ਜਾਂ ਉਹ ਕਹਿਣਾ ਚਾਹੁੰਦਾ ਸੀ। ਪਰ ਮੈਂ ਸੁਣਨ ਲਈ ਤਿਆਰ ਨਹੀਂ ਸੀ। ਉਹ ਜਲੰਧਰ ਆ ਨਹੀਂ ਸਕਦਾ ਸੀ। ਮੈਨੂੰ ਹੀ ਜਾਣਾ ਪੈਣਾ ਸੀ। ਉਸ ਦੀ ਨਵੀਂ ਕਹਾਣੀ 'ਸੁਨੀਤਾ ਅੱਜ ਫਿਰ ਚੁੱਪ ਹੈ' ਦੀਆਂ ਸਤਰਾਂ ਯਾਦ ਆਈਆਂ- "ਔਰਤ ਤਾਂ ਔਰਤ ਹੈ। ਕਿੰਨੇ ਟੁਕੜਿਆਂ 'ਚ ਵੰਡੀ ਹੋਈ ਹੈ ਉਹ। ਇਸ ਦਾ ਇਕ ਟੁਕੜਾ ਮਰਦ ਲਈ ਹਵਸ ਬਣਦਾ ਹੈ ਤੇ ਦੂਜਾ ਉਸ ਦੇ ਗਲ ਲਈ ਗਲਵਕੜੀ। ਬੀਵੀ ਬਣਨਾ ਤਾਂ ਉਸਨੂੰ ਕਦੇ-ਕਦੇ ਨਸੀਬ ਹੁੰਦਾ ਹੈ। ਉਹ ਵੰਡੀ ਰਹਿੰਦੀ ਹੈ। ਖ਼ਸਮ, ਬੱਚੇ, ਭੈਣ-ਭਰਾ, ਮਾਂ-ਪਿਉ ਤੇ ਸੱਸ ਸਹੁਰੇ 'ਚ। ਪਰ ਉਸ ਲਈ ਕੋਈ ਨਹੀਂ ਵੰਡਿਆ ਜਾਂਦਾ। ਉਸ ਦੀ ਤਕਦੀਰ 'ਚ ਟੁੱਟਣਾ, ਟੁੱਟ ਕੇ ਫਿਰ ਜੁੜਨਾ ਤੇ ਫੇਰ ਟੁੱਟਣਾ ਹੈ। ਇਹ ਅਣਹੋਣੀ ਹੈ ਉਸਦੀ।"

ਇਹ ਸਤਰਾਂ ਉਸ ਦੀਆਂ ਛੇ ਕਹਾਣੀਆਂ ਦਾ ਮੁਖ ਭਾਵ ਹੈ ਜਾਂ ਕਹਿ ਲਵੋ ਛੇ ਕਹਾਣੀਆਂ 'ਚੋਂ ਔਰਤ ਦਾ ਇਹੀ ਰੂਪ ਦੇਖਣ ਨੂੰ ਮਿਲਦਾ ਹੈ। 'ਤਿਕੋਨ' ਕਹਾਣੀ ਦੀ ਮਿੰਦਰ, 'ਆਂਟੀ ਨੇ ਠੀਕ ਕਿਹਾ ਸੀ' ਦੀ ਮੈਂ ਪਾਤਰ, 'ਸਿਆਣੀ ਬਣ ਧੀਏ' ਦੀ ਅਮਰੋ,

'ਸੁਨੀਤਾ ਅੱਜ ਫਿਰ ਚੁੱਪ ਹੈ' ਦੀ ਸੁਨੀਤਾ, 'ਚੱਲ ਬਰਨਾਲੇ ਚਲੀਏ' ਦੀ ਮੀਤੋ ਇਕ ਔਰਤ ਦੇ ਵੱਖ ਵੱਖ ਰੂਪ ਹਨ।

ਉਸ ਦੀਆਂ ਕਹਾਣੀਆਂ, 'ਚੱਲ ਬਰਨਾਲੇ ਚੱਲੀਏ' ਤੇ 'ਆਂਟੀ ਨੇ ਠੀਕ ਕਿਹਾ ਸੀ' ਕਾਫ਼ੀ ਚਰਚਿਤ ਹੋਈਆਂ ਸਨ। ਉਸ ਨੂੰ ਔਰਤ ਦੀ ਸਾਇਕੀ ਦੀ ਸਮਝ ਸੀ। ਉਸ ਦਾ ਨਾਂ ਮੋਹਰਲੀ ਕਤਾਰ ਵਾਲੇ ਕਹਾਣੀਕਾਰਾਂ 'ਚ ਆਉਣ ਲੱਗ ਪਿਆ ਸੀ। ਇਕ ਦਿਨ ਮੈਂ ਉਹਨੂੰ ਛੇੜਿਆ, "ਆਹ ਅਕਾਸ਼ਾਂ-ਜ਼ਮੀਨਾਂ ਦਾ ਕੀ ਰੌਲ਼ਾ ?" ਉਸ ਮੇਰੀ ਗੱਲ ਨੂੰ ਵਿਚਕਾਰੋਂ ਹੀ ਟੋਕਦਿਆਂ ਕਿਹਾ ਸੀ, "ਮੈਨੂੰ ਪਤਾ ਜਿੱਥੋਂ ਤੂੰ ਬੋਲਦੈਂ-ਮੈਨੂੰ ਇਹ ਗੱਲ ਇਕ ਪਾਸੜ ਲੱਗਦੀ ਐ। ਕਹਾਣੀ ਦੇ ਹੋਰ ਵੀ ਤਾਂ ਅਕਾਸ਼ ਨੇ ਜਿਨ੍ਹਾਂ ਇਹਨੂੰ ਬੁਲੰਦੀਆਂ 'ਤੇ ਪਹੁੰਚਾਇਐ- ਮੋਹਨ ਭੰਡਾਰੀ, ਬਲਦੇਵ ਸਿੰਘ, ਗੋਰਖੀ, ਅਜੀਤ ਕੌਰ, ਬਚਿੰਤ ਕੌਰ, ਰੁਪਾਣਾ, ਲਿਟ, ਗੁਰਬਚਨ ਭੁੱਲਰ।" ਮੈਂ ਉਸ ਨਾਲ ਗੱਲਾਂ ਵੀ ਕਰ ਰਿਹਾ ਸੀ ਤੇ ਮੇਰੇ ਨਾਲ ਹੀ 'ਵਾਪਸੀ', 'ਤਾਇਆ ਪੰਜਾਬ ਸਿੰਘ', 'ਬੰਜਰ', 'ਫਲ਼ਾ', 'ਦੋ ਦੂਣੀ ਸੱਤ' ਦੇ ਪਾਤਰ ਘੁੰਮ ਰਹੇ ਸਨ।

ਪ੍ਰੇਮ ਪ੍ਰਕਾਸ਼ ਨੇ ਨਵੇਂ ਕਹਾਣੀਕਾਰਾਂ ਨੂੰ ਲੈ ਕੇ 'ਚੌਥੀ ਕੂਟ' ਪੁਸਤਕ ਸੰਪਾਦਤ ਕੀਤੀ, ਜਿਸ 'ਚ ਦਾਤੇਵਾਸ ਦੀ ਕਹਾਣੀ 'ਬੰਜਰ' ਸ਼ਾਮਿਲ ਕੀਤੀ। ਫੇਰ ਉਸ ਨੇ 'ਮੁਹੱਬਤਾਂ' 'ਚ 'ਅੰਟੀ ਨੇ ਠੀਕ ਕਿਹਾ ਸੀ' ਤੇ 'ਗੰਢਾਂ' 'ਚ 'ਚਲ ਬਰਨਾਲ਼ੇ ਚੱਲੀਏ' ਕਹਾਣੀਆਂ ਛਾਪੀਆਂ। ਪੁਸਤਕ 'ਗੰਢਾਂ' ਦੀ ਭੂਮਿਕਾ 'ਚ ਉਸਨੇ ਲਿਖਿਆ, "ਉਹ ਬੜਾ ਸੰਵੇਦਨਸ਼ੀਲ ਬੰਦਾ ਸੀ। ਉਸ ਨੇ ਪਰਿਵਾਰਕ ਜੀਵਨ ਬਾਰੇ ਜ਼ਿਹਨ ਤੇ ਖੁਣ ਹੋਣ ਵਾਲੀਆ ਕਹਾਣੀਆਂ ਲਿਖੀਆਂ ਨੇ।" ਜੇ ਮੈਂ ਨਹੀਂ ਭੁਲਦਾ ਤਾਂ ਪ੍ਰੇਮ ਗੋਰਖੀ, ਰਾਮ ਸਰੂਪ ਅਣਖੀ ਦੀਆਂ ਸੰਪਾਦਤ ਪੁਸਤਕਾਂ 'ਚ ਦਾਤੇਵਾਸ ਦੀਆਂ ਕਹਾਣੀਆਂ ਸ਼ਾਮਲ ਹਨ।

ਉਹ ਵਾਇਰਲ ਹੈਪੀਟਾਈਟਸ ਬੀ ਨਾਲ ਪੀੜਤ ਸੀ। ਇਕ ਮਹੀਨੇ 'ਚ ਪੈਂਹਠ ਹਜ਼ਾਰ ਦੇ ਇੰਜੈਕਸ਼ਨ ਲੱਗਦੇ। ਉਸਨੂੰ ਪਤਾ ਲੱਗ ਗਿਆ ਸੀ ਕਿ ਉਸ ਦਾ ਅੰਤ ਨੇੜੇ ਆ ਗਿਆ ਸੀ। ਪਰ ਕਈ ਵਾਰ ਇਹ ਉਸਨੂੰ ਆਪਣਾ ਭ੍ਰਮ ਵੀ ਲੱਗਦਾ। ਉਹਨੇ ਇਕ ਚਿੱਠੀ 'ਚ ਲਿਖਿਆ ਸੀ, "ਮੈਂ ਮਹੀਨਾ ਕੁ ਹੋਰ ਇੰਤਜ਼ਾਰ ਕਰਨੈ। ਜੇ ਮੋੜਾ ਨਾ ਪਿਆ ਤਾਂ ਬਾਹਰੋਂ ਇਲਾਜ ਕਰਾਉਣਾ ਪੈਣੈ। ਤੂੰ ਹਰਜੀਤ ਅਟਵਾਲ ਨੂੰ ਕਹਿ ਕੇ ਉਹ ਕਿਸੇ ਚੰਗੇ ਹਸਪਤਾਲ ਦਾ ਪਤਾ ਕਰੇ। ਪੈਸੇ ਵੱਲੋਂ ਨਾ ਡਰਿਓ। ਮੈਂ ਕਿਸੇ 'ਤੇ ਬੋਝ ਨ੍ਹੀਂ ਬਣਨਾ...। ਇਹ ਮੇਰੇ ਸੁਭਾਅ 'ਚ ਵੀ ਨ੍ਹੀਂ।" ਉਹਦੇ ਸੁਭਾਅ 'ਚ ਕੋਈ ਤਬਦੀਲੀ ਨਹੀਂ ਆਈ ਸੀ। ਉਹ ਪਹਿਲਾਂ ਵਾਲਾ ਹੀ ਜਗਰੂਪ ਸੀ। 14 ਜਨਵਰੀ, 1996 ਦੀ ਭਰ ਸਿਆਲ ਦੀ ਰਾਤ ਸੀ। ਸੁਰਿੰਦਰ ਸ਼ਰਮਾ ਦੇ ਘਰੇ ਕਹਾਣੀ ਦਰਬਾਰ ਸੀ। ਮੈਂ 'ਕਤਲ' ਕਹਾਣੀ ਪੜ੍ਹੀ। ਫੇਰ ਜਗਰੂਪ ਨੂੰ ਕਹਾਣੀ ਪੜ੍ਹਣ ਲਈ ਕਿਹਾ ਗਿਆ। ਉਨ੍ਹੀਂ ਦਿਨੀਂ ਉਹਦੀ ਕਹਾਣੀ 'ਚ ਨਿਖ਼ਾਰ ਆ ਰਿਹਾ ਸੀ। ਉਹ ਔਰਤ-ਮਰਦ ਦੇ ਰਿਸ਼ਤੇ ਦੀਆਂ ਬਰੀਕ ਤੰਦਾਂ ਫੜਨ 'ਚ ਵਿਗਿਆਨਕ ਸੋਚ ਅਪਣਾ ਰਿਹਾ ਸੀ। ਪ੍ਰੇਮ ਗੋਰਖੀ, ਨਛੱਤਰ, ਜਸਵਿੰਦਰ ਤੇ ਬਲਜੀਤ ਕੌਰ ਬਲੀ ਤੋਂ ਬਾਅਦ ਕ੍ਰਿਪਾਲ ਕਜ਼ਾਕ, ਜਿਹੜਾ ਕਿ ਕੋਡਾ ਜਿਹਾ ਹੋ ਕੇ ਪਿਆ ਸੀ, ਉੱਠਕੇ ਬੈਠ ਗਿਆ। ਜਗਰੂਪ ਦੀ ਕਹਾਣੀ ਬਾਰੇ ਕਿੰਤੂ-ਪਰੰਤੂ ਕਰਨ ਲੱਗਾ। ਜਗਰੂਪ ਨੂੰ ਲੱਗਾ ਕਿ ਕਜ਼ਾਕ ਦੀ ਸੁਰ ਠੀਕ ਨਹੀਂ। ਉਹ ਵਿਚਕਾਰੋਂ ਟੋਕਦਾ ਵੀ ਰਿਹਾ। ਫੇਰ ਜਗਰੂਪ ਨੂੰ ਚੜ੍ਹ ਮਚੀ। ਮੈਂ ਉਹਨੂੰ ਰੋਕਿਆ। ਪਰ ਉਹ ਕਿੱਥੇ ਮੰਨਣ ਵਾਲਾ ਸੀ। ਉਹ ਔਰਤਾਂ ਵਾਂਗੂ ਮਿਹਣਿਆਂ 'ਤੇ ਉਤਰ ਆਇਆ।

ਮੈਂ ਉਹਨੂੰ ਸਮਝਾਇਆ ਕਿ ਕਜ਼ਾਕ ਆਪਣਾ ਸੀਨੀਅਰ ਕਹਾਣੀਕਾਰ ਹੈ। ਪਰ ਉਸਦਾ ਗੁੱਸਾ ਨਾ ਘਟਿਆ। ਫੇਰ ਉਹਨੇ ਇਹ ਗੁੱਸਾ 'ਲਕੀਰ' ਨੂੰ ਲਿਖੀ ਚਿੱਠੀ 'ਚ ਉਤਾਰਿਆ। ਮੈਨੂੰ ਉਹਦਾ ਇਹ ਛੋਟਾਪਣ ਲੱਗਾ। ਉਸ ਦਾ ਕਹਿਣਾ ਸੀ, "ਤੈਨੂੰ ਨ੍ਹੀਂ ਪਤਾ। ਇਹ ਸਾਡੀ ਪਾਪੂਲੈਰਟੀ ਤੋਂ ਸਾੜਾ ਖਾਂਦੈ। ਇਹਨੂੰ ਕਹੁ-ਹੁਣ ਲਿਖ ਕੇ ਦਿਖਾਏ।" ਕਿਸੇ ਵੀ ਲੇਖਕ ਦਾ ਸਭ ਤੋਂ ਜ਼ਿਆਦਾ ਵਿਰੋਧ ਉਸ ਦੇ ਆਪਣੇ ਸ਼ਹਿਰ 'ਚ ਹੁੰਦਾ ਹੈ। ਸ਼ਾਇਦ ਉਹ ਵੀ ਇਸੇ ਵਿਰੋਧ ਦਾ ਸ਼ਿਕਾਰ ਸੀ। ਸ਼ਾਇਦ ਉਸਨੂੰ ਉਹ ਗੱਲਾਂ/ਵਾਰਦਾਤਾਂ ਨਹੀਂ ਭੁੱਲ ਰਹੀਆਂ ਸਨ ਜਦੋਂ ਜਗਦੀਸ਼ ਅਰਮਾਨੀ ਗਰੁੱਪ ਨੇ ਅੱਤਵਾਦੀਆਂ ਦੇ ਲੈਟਰ-ਪੈੱਡ 'ਤੇ ਉਹਨੂੰ ਧਮਕੀਆਂ ਭਰਪੂਰ ਚਿੱਠੀਆਂ ਲਿਖੀਆਂ ਸਨ। ਲੱਤਾਂ ਤੋੜਨ ਤੱਕ ਦਾ ਡਰਾਵਾ ਦਿੱਤਾ ਸੀ।

ਉਸ ਆਪਣੀ ਪੁਸਤਕ 'ਅੰਗ ਸੰਗ' ਦੀ ਭੂਮਿਕਾ 'ਚ ਲਿਖਿਆ ਹੈ "ਜਿਸ ਸਮਾਜਿਕ ਵਰਤਾਵੇ 'ਚ ਅਸੀਂ ਜੀਵਨ ਬਤੀਤ ਕਰ ਰਹੇ ਹਾਂ, ਮੇਰੀ ਜਾਂਚੇ ਉਹ ਵਾਤਾਵਰਣ ਜੀਣ ਦੇ ਯੋਗ ਨਹੀਂ।"

ਉਹਨੇ ਸਿਰਫ਼ 11 ਕਹਾਣੀਆਂ ਲਿਖੀਆਂ। ਜਿੱਦਾਂ ਸੁਰਜੀਤ ਹਾਂਸ ਕਹਿੰਦਾ ਹੁੰਦਾ ਸੀ ਕਿ ਪ੍ਰੇਮ ਪ੍ਰਕਾਸ਼ ਕੋਲ਼ ਸਿਰਫ 2½ ਕਹਾਣੀਆਂ ਹਨ। ਕਾਨ੍ਹੀ, ਭੈਂਗਾ ਤੇ ਅੱਧੀ ਸੋਲਡਰ ਬੈਗ 100 ਵਿਚੋਂ ਕੇਵਲ 2½। ਦਾਤੇਵਾਸ ਕੋਲ 2¼ ਕਹਾਣੀਆਂ ਹਨ। ਤਿਕੋਨ, ਅੰਟੀ ਨੇ ਠੀਕ ਕਿਹਾ ਸੀ, ਪੂਰੀਆਂ। ਅਤੇ 'ਦੋ ਦੂਣੀ ਸੱਤ' ¼।

ਉਹ ਜਿਉਣਾ ਚਾਹੁੰਦਾ ਸੀ। ਆਪਣੀ ਹੀ ਤਰ੍ਹਾਂ ਦੀ ਜ਼ਿੰਦਗੀ। ਜਿਸ 'ਚ ਗੁਰਪ੍ਰੀਤ ਵੰਙਾਂ ਛਣਕਾਉਂਦੀ ਵਿਹੜੇ 'ਚ ਤੁਰੀ ਫਿਰਦੀ ਦਿੱਸੇ। ਪੁਨੀਤ ਤੇ ਸੁਮੀਤ ਉਹਨੂੰ ਕਹਿਣ, "ਪਾਪਾ-ਅੱਜ ਕਾਰ ਅਸੀਂ ਚਲਾਵਾਂਗੀਆਂ। ਡਲਹੌਜ਼ੀ ਚੱਲਣੈ।" ਮਨ ਦੀ ਕਿਸੇ ਨੁਕਰੋਂ ਇਹ ਨਿਕਲਿਆ ਸੀ ਜਗਰੂਪ ਦੇ, "ਬੇਟੇ-ਅੱਜ ਪਿੰਡ ਨੂੰ ਚੱਲੀਏ। ਬੜੇ ਵਰ੍ਹੇ ਹੋ ਗਏ ਪਿੰਡ ਗਿਐਂ। ਤੁਹਾਨੂੰ ਆਪਣਾ ਪਿੰਡ ਵੀ ਵੇਖਣਾ ਚਾਹੀਦੈ। ਤੁਸੀਂ ਤਾਂ......।" ਪੁਨੀਤ ਨੇ ਕਿਹਾ, "ਠੀਕ ਆ ਚਲੋ।"

ਪੁਨੀਤ ਤੇ ਸੁਮੀਤ ਗਈਆਂ ਸਨ। ਫਰਕ ਇਨਾ ਸੀ ਕਿ ਹੁਣ ਕਾਰ 'ਚ ਉਨ੍ਹਾਂ ਦੇ ਪਾਪਾ ਦੀ ਲਾਸ਼ ਪਈ ਸੀ।

***

**ਆਖਰੀ ਪੈਰੇ ਤੋਂ ਪਹਿਲਾਂ** : ਦਸੰਬਰ, 2019 ਤੋਂ 'ਪੰਜਾਬੀ ਟ੍ਰਿਬਿਊਨ' 'ਚ ਮੇਰਾ ਕਾਲਮ 'ਜੀਵਨ ਲੋਅ' ਛਪਦਾ। ਜੂਨ, 2020 'ਚ ਦਰਸ਼ਨ ਗੋਪਾਲਪੁਰੀ ਦਾ ਫ਼ੋਨ ਆਇਆ। ਉਹ ਦਾਤੇਵਾਸ ਦੇ ਘਰ ਮੈਨੂੰ ਕਈ ਵਾਰ ਮਿਲਿਆ ਸੀ। ਅਸੀਂ ਅੱਧਾ ਘੰਟਾ ਦਾਤੇਵਾਸ ਬਾਰੇ ਗੱਲਾਂ ਕੀਤੀਆਂ। ਉਸ ਦੀ ਕਿਤਾਬ ਦੁਬਾਰਾ ਛਾਪਣ ਬਾਰੇ ਵਿਉਂਤ ਬਣਾਈ। ਕੁਝ ਦਿਨਾਂ ਬਾਅਦ ਸਾਡੇ ਨਾਟਕਕਾਰ ਮਿੱਤਰ ਕੇਵਲ ਧਾਲੀਵਾਲ ਦੀ ਪਤਨੀ ਅਰਵਿੰਦਰ ਧਾਲੀਵਾਲ ਦਾ ਫ਼ੋਨ ਆਇਆ, "ਭਾਜੀ, ਮੈਂ ਦਾਤੇਵਾਸ ਦੀਆਂ ਕਹਾਣੀਆਂ ਪੜ੍ਹਨੀਆਂ ਚਾਹੁੰਨੀ ਆਂ। ਕਿਤਾਬ ਕਿੱਥੋਂ ਮਿਲੇਗੀ ?" ਮੈਂ ਉਸ ਨਾਲ ਵਾਅਦਾ ਕੀਤਾ ਕਿ ਮੈਂ ਜਲਦੀ ਹੀ ਕਿਤਾਬ ਛਪਵਾਂਵਾਂਗਾ। ਫੇਰ ਮੇਰੇ ਮਨ 'ਚ ਵਿਚਾਰ ਆਇਆ ਕਿ ਕਿਉਂ ਨਾ 'ਸ਼ਬਦ' ਦਾ 'ਦਾਤੇਵਾਸ ਵਿਸ਼ੇਸ਼ ਅੰਕ' ਕੱਢਿਆ ਜਾਵੇ। ਮੈਂ ਗੋਪਾਲਪੁਰੀ ਨੂੰ ਕਿਹਾ ਉਹ ਮੈਨੂੰ ਕਹਾਣੀਆਂ ਕੰਪੋਜ਼ ਕਰਵਾ ਕੇ ਦੇਵੇ। ਉਸ ਝੱਟਪਟ ਕਿਹਾ, "ਦਾਤੇਵਾਸ ਮੇਰਾ ਲੰਗੋਟੀਆ ਯਾਰ ਸੀ। ਇਹ

ਕਿਹੜਾ ਵੱਡਾ ਕੰਮ ਐ।" ਹੁਣ ਸਮੱਸਿਆ ਆਈ ਕਿ ਦਾਤੇਵਾਸ ਦੀਆਂ ਫ਼ੋਟੋਆਂ ਕਿੱਥੋਂ ਲੱਭੀਆਂ ਜਾਣ। ਮੇਰੇ ਕੋਲ ਜਿਹੜੀਆਂ ਫ਼ੋਟੋਆਂ ਸਨ, ਉਹ ਧੁੰਦਲੀਆਂ ਜਿਹੀਆਂ ਸਨ। ਇਹੀ ਹਾਲ ਗੋਪਾਲਪੁਰੀ ਕੋਲ ਸਾਂਭੀਆਂ ਫ਼ੋਟੋਆਂ ਦਾ ਸੀ। ਮੈਨੂੰ ਇੰਨਾ ਕੁ ਪਤਾ ਸੀ ਕਿ ਗੁਰਪ੍ਰੀਤ ਆਪਣੀਆਂ ਬੇਟੀਆਂ ਦੇ ਨਾਲ ਬਰਨਾਲੇ ਰਹਿੰਦੀ ਹੈ। ਦਾਤੇਵਾਸ ਦੀ ਮੌਤ ਮਗਰੋਂ ਉਸ ਨਾਲ ਕੋਈ ਸੰਪਰਕ ਨਹੀਂ ਰਿਹਾ ਸੀ। ਗੋਪਾਲਪੁਰੀ ਨੇ ਪਵਨ ਪਰਿੰਦੇ ਦਾ ਫ਼ੋਨ ਨੰ. ਦਿੱਤਾ। ਪਰਿੰਦੇ ਨੇ ਅਗਾਂਹ ਫ਼ੋਨ ਕਰਕੇ ਮੈਨੂੰ ਗੁਰਪ੍ਰੀਤ ਦਾ ਨੰ. ਲੱਭ ਦਿੱਤਾ। ਦੂਜੇ ਦਿਨ ਗੁਰਪ੍ਰੀਤ ਨਾਲ ਫ਼ੋਨ 'ਤੇ ਗੱਲ ਹੋਈ ਤਾਂ ਉਸ ਦੱਸਿਆ, "ਵੀਰ ਜੀ, ਵੱਡੀ ਪੁਨੀਤ ਬੀ. ਡੀ. ਐਸ. ਕਰਕੇ ਮੈਰਿਜ ਬੇਸ ਤੇ ਕੈਨੇਡਾ ਚਲੇ ਗਈ ਸੀ, ਛੋਟੀ ਨੇ ਬਾਇਓਟੈਕਨੋਲੌਜੀ 'ਚ ਮਾਸਟਰ ਡਿਗਰੀ ਕਰ ਲਈ। ਹੁਣ ਉਹ ਸਟੱਡੀ ਬੇਸ 'ਤੇ ਕੈਨੇਡਾ ਆ ਗਈ ਹੈ। ਆਪਣਾ ਪ੍ਰਾਹੁਣਾ ਬਹੁਤ ਚੰਗਾ ਮੁੰਡਾ। ਮੈਂ ਵੀ ਹੁਣ ਬੇਟੀਆਂ ਕੋਲ ਹੀ ਕੈਨੇਡਾ ਆਂ। ਟੋਰੰਟੋ ਦੇ ਸ਼ਹਿਰ ਬਰੈਂਪਟਨ 'ਚ।" ਮੈਂ ਪਟਿਆਲੇ ਵੱਲ ਮੂੰਹ ਕਰਕੇ ਆਪਣੇ ਨਾਲ ਗੱਲਾਂ ਕਰਨ ਲੱਗਾ, "ਬੱਲੇ ਬੱਲੇ ਜਗਰੂਪ ਸਿੰਹਾਂ, ਜੋ ਤੂੰ ਚਾਹੁੰਦਾ ਸੀ, ਆਪਣੀਆਂ ਧੀਆਂ ਨੇ ਤਾਂ ਉਸ ਤੋਂ ਜ਼ਿਆਦਾ ਹਾਸਿਲ ਕਰ ਲਿਆ......।"

---

(ਪੰਨਾ 41 ਦੀ ਬਾਕੀ)

"ਜੈਲਾ ਬੱਚਿਆਂ ਵਰਗੈ ਬੇਬੇ। ਕਿਉਂ ਬਾਤ ਦਾ ਬਤੰਗੜ ਬਣਾਉਨੇ ਓ? ਇਹ ਰਿਸ਼ਤਾ ਤੂੰ ਮੈਂ ਨੀਂ ਬਣਾਇਆ। ਇਹ ਸਾਡੇ ਵੱਡਿਆਂ ਦੇ ਕੈਦੇ ਨੇ। ਫਿਰ ਉਹਨੇ ਕਿਹੜੀ ਜੱਗੋਂ ਬਾਹਰੀ ਕਰ ਤੀ? ਇਹੋ ਜਿਹੀਆਂ ਛੋਟੀਆਂ ਮੋਟੀਆਂ ਤੋਂ ਭਲਾ ਕਿਤੇ ਘਰ ਛੱਡੇ ਜਾਂਦੇ ਆ?"ਕੈਲਾ ਸੱਸ ਨੂੰ ਮੱਤਾਂ ਦੇਣ ਲੱਗ ਪਿਆ ਜਿਵੇਂ ਵੱਡਾ ਵਡੇਰਾ ਹੋਵੇ।

ਸੱਸ ਨੇ ਠੰਢਾ ਸਾਹ ਭਰਿਆ।

"ਜੇ ਗੱਲ ਦਿਉਰ ਦੀ ਹੁੰਦੀ ਫਿਰ ਕੀ ਸੀ ਕਾਕਾ? ਮੈਂ ਕਿਸੇ ਦੀ ਭਾਬੀ ਨ੍ਹੀਂ ਰਹੀ? ਜੇ ਸਹੁਰਾ ਈ ਖ਼ਸਮ ਬਣਨ ਨੂੰ ਫਿਰੇ, ਫਿਰ ਤਾਂ ਕੁੜੀ ਨੀਂ ਤੋਰੀ ਜਾਂਦੀ ਭਾਈ।ਅਸੀਂ ਕੁੜੀ ਤੇਰੇ ਨਾਲ ਵਿਆਹੀ ਆ, ਤੇਰੇ ਬਾਪ ਨਾਲ ਨੀਂ। ਅਸੀਂ ਸੋਚਿਆ ਸੀ ਤੂੰ ਸਾਡੀ ਜਿੰਦ ਕਰ ਕੇ ਭਾਂਡੇ ਅੱਡ ਧਰਲੇਂਗਾ। ਪਰ ਤੇਰੀ ਮਰਜ਼ੀ ਆ ਭਾਈ। ਜੇ ਤੂੰ ਆਪਣੀ ਤੀਵੀਂ ਪਿਉ ਦੇ ਵਸਾਉਣੀ ਆ, ਫਿਰ ਲੈ ਜਾ।"

ਕੈਲੇ ਦੀਆਂ ਨਾੜਾਂ 'ਚ ਖ਼ੂਨ ਜੰਮ ਗਿਆ।

"ਆਹ ਆਗੀ— ਤੀਵੀਂ ਆਦਮੀ ਸੋਚ ਲਓ।"ਮੀਤੋ ਸ਼ਾਇਦ ਸੱਭ ਕੁੱਝ ਬੈਠਕ ਦੇ ਬਾਹਰ ਖੜ੍ਹ ਕੇ ਸੁਣਦੀ ਰਹੀ ਸੀ।

ਸੱਸ ਚੁੰਨੀ ਨਾਲ ਮੂੰਹ ਢੱਕ ਕੇ ਬਾਹਰ ਨਿਕਲ ਗਈ।

ਕੈਲੇ ਦੀਆਂ ਅੱਖਾਂ ਮੂਹਰੇ ਬੀਤੇ ਦਿਨਾਂ ਦੇ ਧੁੰਦਲੇ ਅਕਸ ਗੂਹੜੇ ਹੋ ਗਏ।

ਮੀਤੋ ਦੀਆਂ ਭਰੀਆਂ ਅੱਖਾਂ ਦੇਖ ਕੇ ਕੈਲੇ ਦਾ ਵੀ ਮਨ ਭਰ ਆਇਆ। ਉਸ ਨੇ ਮੀਤੋ ਨੂੰ ਮੋਢਿਆਂ ਤੋਂ ਫੜ ਕੇ ਗਲ਼ ਨਾਲ ਲਾ ਲਿਆ ਤੇ ਉਸ ਦੇ ਮੋਢੇ ਤੇ ਹੰਝੂ ਸੁੱਟ ਕੇ ਬੋਲਿਆ— "ਮੀਤੋ, ਚੱਲ ਬਰਨਾਲੇ ਚਲੀਏ— ਰੋਜ਼ ਦਾ ਕਲੇਸ਼ ਮੁੱਕ ਜੂ।"

# ਨਥਾਣਾ ਸਕੂਲ ਅਤੇ ਜਗਰੂਪ

## —ਹਰਮਹਿੰਦਰ ਚਹਿਲ

ਕੁਝ ਦੇਰ ਪਹਿਲਾਂ, ਕਹਾਣੀਕਾਰ ਜਿੰਦਰ ਦੇ ਘਰ ਕਿਸੇ ਮੈਗਜ਼ੀਨ 'ਤੇ ਮੈਂ ਜਗਰੂਪ ਸਿੰਘ ਦੀ ਫ਼ੋਟੋ ਵੇਖੀ। ਚਿਹਰੇ ਮੋਹਰੇ ਤੋਂ ਜਾਪਿਆ ਜਿਵੇਂ ਮੈਂ ਇਸ ਸਖਸ਼ ਨੂੰ ਕਿਧਰੇ ਵੇਖਿਆ ਹੋਵੇ। ਜਦੋਂ ਧਿਆਨ ਨਾਲ ਉਸਦੇ ਨਾਮ ਨਾਲ ਪਿੰਡ ਦਾ ਨਾਂ 'ਦਾਤੇਵਾਸ' ਲਿਖਿਆ ਪੜ੍ਹਿਆ ਤਾਂ ਚਿਰਾਂ ਦੇ ਬੰਦ ਪਏ ਯਾਦਾਂ ਦੇ ਝਰੋਖੇ ਭੜੱਕ ਭੜੱਕ ਖੁੱਲ੍ਹ ਗਏ। ਬਹੁਤ ਪਹਿਲਾਂ ਸਕੂਲ ਵੇਲੇ ਅਸੀਂ ਕੁਝ ਦੇਰ ਲਈ ਇਕੱਠੇ ਰਹੇ ਸੀ। ਹਾਈ ਸਕੂਲ ਵੇਲ਼ੇ ਦੀਆਂ ਗੱਲਾਂ ਹਨ।

ਜਦੋਂ ਮੈਂ ਅੱਠਵੀਂ ਪਾਸ ਕਰਕੇ ਨੌਂਵੀ ਜਮਾਤ 'ਚ, ਕਸਬੇ ਦੇ ਸਕੂਲ ਜਾ ਲੱਗਿਆ ਤਾਂ ਮੇਰੇ ਨਾਂ ਦੀ ਇਕ ਚਿੱਠੀ ਸ਼ਾਇਦ ਸਕੂਲ ਸਿੱਖਿਆ ਬੋਰਡ ਵੱਲੋਂ ਆਈ। ਬੋਰਡ ਦੀ ਕੋਈ ਇਸ ਪ੍ਰਕਾਰ ਦੀ ਸਕੀਮ ਸੀ ਕਿ ਜੋ ਵੀ ਅੱਠਵੀਂ ਜਮਾਤ 'ਚੋਂ ਫ਼ਸਟ ਡਿਵੀਜ਼ਨ ਵਿਚ ਆਏ ਹਨ ਉਨ੍ਹਾਂ ਦਾ ਅੱਗੇ ਵਜ਼ੀਫੇ ਲਈ ਇੰਮਤਿਹਾਨ ਹੋਵੇਗਾ। ਮੇਰਾ ਨੰਬਰ ਵੀ ਆ ਗਿਆ ਸੀ। ਵਜ਼ੀਫੇ ਦੇ ਪੇਪਰ ਬਠਿੰਡੇ ਹੋਏ ਸਨ। ਇਨ੍ਹਾਂ ਪੇਪਰਾਂ ਦੇ ਕੁਝ ਮਹੀਨੇ ਬਾਅਦ ਰਿਜ਼ਲਟ ਆ ਗਿਆ। ਮੈਂ ਵਜ਼ੀਫੇ ਵਾਲਾ ਇੰਮਤਿਹਾਨ ਪਾਸ ਕਰ ਲਿਆ ਸੀ।ਅੱਗੇ ਦੀ ਇਕ ਹੋਰ ਹੀ ਟੇਢੀ ਜਿਹੀ ਸਕੀਮ ਸੀ। ਉਹ ਇਹ ਸੀ ਕਿ ਬਠਿੰਡੇ ਜਿਲ੍ਹੇ ਵਿਚੋਂ ਜੋ ਵੀ ਵਿਦਿਆਰਥੀ ਵਜ਼ੀਫੇ ਦਾ ਇੰਮਤਿਹਾਨ ਪਾਸ ਕਰ ਗਏ ਉਨ੍ਹਾਂ ਦੀ ਇਕ ਵੱਖਰੀ ਕਲਾਸ ਬਣੇਗੀ ਤੇ ਉਨ੍ਹਾਂ ਨੂੰ ਉਚੇਚੀ ਪੜ੍ਹਾਈ ਕਰਵਾਈ ਜਾਏਗੀ। ਇਸਦੇ ਲਈ ਨਥਾਣਾ ਦਾ ਹਾਇਰ ਸੈਕਿੰਡਰੀ ਸਕੂਲ ਚੁਣਿਆ ਗਿਆ। ਸਭ ਸਿਲੈਕਟ ਹੋ ਗਏ ਵਿਦਿਆਰਥੀਆਂ ਨੇ ਉੱਥੇ ਜਾ ਕੇ ਦਾਖ਼ਲ ਹੋਣਾ ਸੀ। ਉਸ ਵੇਲੇ ਦੀ ਉਮਰ ਜਾਣੀ ਕਿ ਪੰਦਰਾਂ ਸੋਲਾਂ ਦੇ ਜੁਆਕਾਂ ਲਈ ਇਹ ਬੜਾ ਪੰਗਾ ਜਿਹਾ ਸੀ। ਪਰ ਨਵੀਂ ਥਾਂ ਜਾਣ ਦੇ ਚਾਅ ਮੈਂ ਤਿਆਰ ਹੋ ਗਿਆ। ਮੇਰੇ ਸਕੂਲ 'ਚੋਂ ਮੈਂ ਇਕੱਲਾ ਹੀ ਸੀ। ਜਿਸ ਦਿਨ ਦਾਖ਼ਲਾ ਹੋਣਾ ਸੀ ਉਸ ਤੋਂ ਪਹਿਲੀ ਰਾਤ ਕਿਸੇ ਦੂਰ ਦੀ ਰਿਸ਼ਤੇਦਾਰੀ 'ਚ ਰਾਤ ਗੁਜ਼ਾਰ ਕੇ ਅਗਲੇ ਦਿਨ ਸੰਦੇਹਾਂ ਹੀ ਸਕੂਲ ਮੂਹਰੇ ਜਾ ਬੈਠਾ। ਦਸੰਬਰ ਮਹੀਨੇ ਦੀ ਠੰਢ ਸੀ। ਮੈਂ ਵੇਖਿਆ ਕਿ ਮੇਰੀ ਹੀ ਤਰ੍ਹਾਂ ਇਕ ਹੋਰ ਜੁਆਕ ਬੈਂਚ ਦੇ ਦੂਸਰੇ ਪਾਸੇ ਬੈਠਾ ਠਰੂੰ ਠਰੂੰ ਕਰੀ ਜਾ ਰਿਹਾ ਸੀ। ਧੁੰਦ ਪੈ ਰਹੀ ਸੀ ਤੇ ਇਸ ਕਰਕੇ ਠੰਢ ਆਮ ਨਾਲੋਂ ਕਿਤੇ ਜ਼ਿਆਦਾ ਸੀ। ਮੈਂ ਉਸਨੂੰ ਨਾਮ ਪਤਾ ਪੁੱਛਿਆ। ਜਦੋਂ ਉਸਨੇ ਪਿੰਡ ਜਾਣੀ ਕਿ ਦਾਤੇਵਾਸ ਦੱਸਿਆ ਤਾਂ ਮੇਰੀ ਰੂਹ ਖਿੜ ਗਈ। ਕਿਉਂਕਿ ਇਹ ਪਿੰਡ ਮੇਰੇ ਇਲਾਕੇ ਵੱਲ ਦਾ ਹੀ ਸੀ। ਛੇਤੀ ਹੀ ਸਾਡੀ ਪਛਾਣ ਬਣ ਗਈ। ਦਿਨ ਵੇਲੇ ਹੋਰ ਵਿਦਿਆਰਥੀ ਆਉਂਦੇ ਗਏ। ਸ਼ਾਮ ਤੱਕ ਦੋ ਦੋ ਜਣਿਆਂ ਦੇ ਰਹਿਣ ਲਈ ਕਮਰੇ ਵਾਸਤੇ ਗਰੁੱਪ ਬਣ ਗਏ। ਮੈਂ ਤੇ ਜਗਰੂਪ ਇਕੋ ਗਰੁੱਪ 'ਚ ਸ਼ਾਮਲ ਹੋ, ਰੂਮ ਮੇਟ ਬਣ ਚੁੱਕੇ ਸਾਂ। ਅਗਲੇ ਦਿਨਾਂ 'ਚ ਪਤਾ ਲੱਗਿਆ ਕਿ ਉੱਥੇ ਕੋਈ ਵੱਖਰੀ ਕਲਾਸ ਨਹੀਂ ਬਣਨੀ ਸੀ। ਸਾਨੂੰ ਸਭ ਨੂੰ ਉੱਥੇ ਪਹਿਲਾਂ ਤੋਂ ਹੀ ਚੱਲ ਰਹੀ ਨੌਂਵੀਂ ਜਮਾਤ ਵਿਚ ਬਿਠਾ ਦਿੱਤਾ। ਉੱਥੇ ਵਿਦਿਆਰਥੀਆਂ ਦੀ ਗਿਣਤੀ ਬਹੁਤ ਸੀ। ਡਿਸਿਪਲਨ ਪੱਖੋਂ ਵੀ ਬੁਰਾ ਹਾਲ ਸੀ। ਕੋਈ ਜਮਾਤ ਵਿਚ ਆਵੇ ਜਾਂ ਨਾ ਆਵੇ ਕਿਸੇ ਨੂੰ ਕੋਈ ਫ਼ਰਕ ਨਹੀਂ ਸੀ ਪੈਂਦਾ। ਇਕ ਤਾਂ ਅਸੀਂ ਪਿੰਡਾਂ ਤੋਂ ਦੂਰ ਜਾ ਕੇ ਰਹਿਣ ਲੱਗੇ ਸਾਂ ਤੇ ਦੂਸਰਾ ਸਾਨੂੰ ਸਕੂਲ ਦੇ ਲੋਕਲ ਜੁਆਕ ਬੜਾ ਤੰਗ ਕਰਦੇ ਸਨ। ਇਸ ਕਰਕੇ ਅਸੀਂ ਨਵੇਂ ਆਏ ਸਾਰੇ ਹੀ ਜੁਆਕ, ਜਮਾਤ ਤੋਂ ਦੂਰ ਰਹਿਣ ਦੀ ਕੋਸ਼ਿਸ਼ ਕਰਦੇ ਸੀ। ਖਾਸ ਤੌਰ 'ਤੇ ਮੈਂ ਤੇ ਜਗਰੂਪ ਹਮੇਸ਼ਾ ਹੀ ਟਲ਼ ਕੇ ਰਹਿੰਦੇ। ਸਾਡੀਆਂ ਰੁਚੀਆਂ ਬਹੁਤ ਮਿਲਦੀਆਂ ਸਨ। ਰਾਤ ਵੇਲ਼ੇ ਤਾਂ ਸਾਡਾ ਵਕਤ

ਗਾਉਂਦਿਆਂ ਹੀ ਲੰਘਦਾ ਸੀ। ਮੈਨੂੰ ਗਾਉਣ ਦਾ ਸ਼ੌਂਕ ਸੀ ਤੇ ਉਹ ਗੀਤ ਲਿਖਦਾ ਸੀ। ਉਸ ਉਮਰੇ ਜਿਹੋ ਜਿਹਾ ਵੀ ਲਿਖਿਆ ਗਾਇਆ ਜਾਂਦਾ ਠੀਕ ਸੀ ਪਰ ਇਸ ਨਾਲ ਸਾਡਾ ਵਕਤ ਬਹੁਤ ਵਧੀਆ ਗੁਜ਼ਰਦਾ ਸੀ। ਦਿਨ ਵੇਲ਼ੇ ਸਕੂਲ ਲੱਗਦਾ ਤੇ ਇਸਦੇ ਬਾਅਦ ਜਮਾਤ ਦੀ ਹਾਜ਼ਰੀ ਲੱਗ ਜਾਂਦੀ। ਇਸ ਪਿੱਛੋਂ ਕੋਈ ਨਹੀਂ ਪੁੱਛਦਾ ਸੀ ਕਿ ਕੌਣ ਕਿੱਥੇ ਹੈ। ਮੈਂ ਤੇ ਜਗਰੂਪ ਜ਼ਰਾ ਕੁ ਅੱਖ ਬਚਾ ਕੇ ਸਕੂਲੋਂ ਨਿਕਲਦੇ ਤੇ ਸਿੱਧੇ ਬੱਸ ਅੱਡੇ ਜਾ ਪਹੁੰਚਦੇ। ਉੱਥੋਂ ਸਾਡੀ ਮੰਜ਼ਲ ਹੁੰਦੀ ਸੀ ਬਠਿੰਡਾ ਸ਼ਹਿਰ ਤੇ ਅੱਗੇ ਖਾਸ ਤੌਰ 'ਤੇ ਉੱਥੇ ਦਾ ਕਿਲਾ। ਅਸੀਂ ਗੱਲਾਂ ਮਾਰਦੇ ਕਿਲੇ ਦੇ ਸਿਖਰ ਪਹੁੰਚ ਜਾਂਦੇ। ਸਾਰਾ ਦਿਨ ਉੱਥੇ ਬੈਠੇ ਜੱਕੜ ਮਾਰੀ ਜਾਂਦੇ। ਕਈ ਵਾਰੀ ਜਗਰੂਪ, ਲਹਿੰਦੇ ਵੱਲ ਵੇਖਦਾ ਦੂਰ ਖਲਾਅ ਵੱਲ ਨਜ਼ਰ ਮਾਰ ਰਿਹਾ ਹੁੰਦਾ। ਮੈਂ ਪੁੱਛਦਾ ਇੱਧਰ ਕੀ ਵੇਖੀ ਜਾਂਦਾ ਹੈਂ ਤਾਂ ਉਸਨੇ ਅਜੀਬ ਜਿਹਾ ਜੁਆਬ ਦਿੰਦਿਆਂ ਕਹਿਣਾ, "ਮੈਂ ਸੋਚਦਾਂ ਕਿ ਹਜ਼ਾਰਾਂ ਸਾਲ ਪਹਿਲਾਂ ਦੂਜੇ ਮੁਲਕਾਂ ਦੇ ਲੁਟੇਰੇ ਜਦੋਂ ਇੱਧਰ ਲੁੱਟ ਮਾਰ ਕਰਨ ਆਉਂਦੇ ਹੋਣਗੇ ਤਾਂ ਇਸੇ ਪਾਸੇ ਤੋਂ ਆਉਂਦੇ ਹੋਣਗੇ।" ਮੈਂ ਹੈਰਾਨ ਹੁੰਦਾ ਕਿ ਇਸਦਾ ਮਨ ਕਿੱਧਰ ਭਟਕਦਾ ਫਿਰਦਾ ਹੈ। ਇਕ ਗੱਲ ਇਹ ਹੁੰਦੀ ਕਿ ਮੇਰੇ ਮਨ 'ਚ ਆਉਂਦਾ ਬਈ ਜੋ ਕੁਝ ਇਹ ਸੋਚਦਾ ਹੈ ਇਹ ਮੇਰੇ ਮਨ 'ਚ ਕਿਉਂ ਨਹੀਂ ਆਉਂਦਾ। ਉਂਝ ਸਾਡੀ ਬਣਦੀ ਬਹੁਤ ਸੀ। ਹਰ ਵਕਤ ਇਕੱਠੇ ਰਹਿਣਾ। ਇਕ ਉਸਦੀ ਹੋਰ ਗੱਲ ਮੈਂ ਨੋਟ ਕਰਦਾ ਕਿ ਉਹ ਗੱਪ ਬਹੁਤ ਮਾਰਦਾ ਹੁੰਦਾ ਸੀ। ਗੱਪ ਤੋਂ ਮਤਲਬ ਉਹ ਸਾਰਾ ਦਿਨ ਕਦੇ ਪਿਛਲੇ ਸਕੂਲ ਦੀਆਂ, ਕਦੇ ਕੁੜੀਆਂ ਦੀਆਂ ਤੇ ਕਦੇ ਹੋਰ ਹੀ ਅਜੀਬ ਜਿਹੀਆਂ ਗੱਲਾਂ ਸੁਣਾਉਂਦਾ ਦਿਲ ਲੁਆਈ ਰੱਖਦਾ। ਖੈਰ! ਪਿੱਛੋਂ ਜਾ ਕੇ ਇਹ ਤਾਂ ਮੈਨੂੰ ਵੀ ਪਤਾ ਲੱਗ ਗਿਆ ਸੀ ਕਿ ਕਹਾਣੀਕਾਰ ਜਾਂ ਨਾਵਲਕਾਰ ਆਮ ਤੌਰ 'ਤੇ ਗੱਪੀ ਹੀ ਹੁੰਦੇ ਹਨ। ਕਿਉਂਕਿ ਉਹੀ ਸੁਆਦਲੇ ਗੱਪ ਤਾਂ ਉਨ੍ਹਾਂ ਨੇ ਅੱਗੇ ਫਿਰ ਕਹਾਣੀਆਂ ਜਾਂ ਨਾਵਲਾਂ 'ਚ ਲਿਖਣੇ ਹੁੰਦੇ ਹਨ। ਇਸ ਤਰ੍ਹਾਂ ਕੁਝ ਮਹੀਨੇ ਅਸੀਂ ਇਕੱਠੇ ਰਹੇ। ਪਰ ਸਾਡਾ ਉੱਥੇ ਦਿਲ ਬਿਲਕੁਲ ਨਹੀਂ ਲੱਗਦਾ ਸੀ। ਤਾਂ ਹੀ ਤਾਂ ਸਕੂਲ ਛੱਡ ਕੇ ਸਾਰਾ ਦਿਨ ਇੱਧਰ ਉੱਧਰ ਘੁੰਮਦੇ ਫਿਰਦੇ ਸੀ। ਛੁੱਟੀਆਂ ਵੇਲ਼ੇ ਅਸੀਂ ਇਕ ਦੂਜੇ ਦੇ ਪਿੰਡ ਵੀ ਜਾ ਆਉਂਦੇ ਸੀ। ਫਿਰ ਇਕ ਮੌਕੇ 'ਤੇ ਆ ਕੇ ਅਸੀਂ ਫ਼ੈਸਲਾ ਕਰ ਲਿਆ ਕਿ ਇੱਥੋਂ ਵਾਪਸ ਆਪਣੇ ਮੁਢਲੇ ਸਕੂਲਾਂ ਨੂੰ ਮੁੜ ਚੱਲੀਏ। ਅੱਗੇ ਛੁੱਟੀਆਂ ਸੀ। ਪਹਿਲਾਂ ਮੇਰੇ ਪਿੰਡ ਗਏ ਤੇ ਮੇਰੇ ਘਰਦਿਆਂ ਨੇ ਮੈਨੂੰ ਵਾਪਸ ਮੁੜ ਆਉਣ ਦੀ ਇਜਾਜ਼ਤ ਦੇ ਦਿੱਤੀ। ਪਰ ਉਸਦੇ ਘਰਦਿਆਂ ਨੇ ਉਸਨੂੰ ਵਾਪਸ ਆਉਣ ਤੋਂ ਰੋਕ ਦਿੱਤਾ। ਮੁੜ ਕੇ ਨਥਾਣੇ ਸਕੂਲ ਗਏ ਤੇ ਮੈਂ ਆਪਣਾ ਸਰਟੀਫ਼ੀਕੇਟ ਕਟਵਾ ਲਿਆ। ਪਰ ਉਹ ਉੱਥੇ ਹੀ ਰਹਿ ਗਿਆ। ਉਹ ਮਿਲਣੀ ਸਾਡੀ ਆਖਰੀ ਮਿਲਣੀ ਸੀ। ਉਂਝ ਚਿੱਠੀਆਂ ਰਾਹੀਂ ਅਸੀਂ ਜੁੜੇ ਰਹੇ। ਅੱਗੇ ਜਦੋਂ ਨੌਕਰੀਆਂ ਦੇ ਰਾਹ ਪੈ ਗਏ ਤੇ ਜ਼ਿੰਦਗੀਆਂ ਸ਼ੁਰੂ ਹੋ ਗਈਆਂ ਤਾਂ ਸਾਡਾ ਤਾਲਮੇਲ ਬੰਦ ਹੋ ਗਿਆ। ਉਸਤੋਂ ਬਾਅਦ ਤਾਂ ਉਸ ਬਾਰੇ ਉਦੋਂ ਹੀ ਸੁਣਿਆਂ ਜਦੋਂ ਪਤਾ ਲੱਗਿਆ ਕਿ ਉਹ ਇਸ ਜਹਾਨ ਤੋਂ ਕੂਚ ਕਰ ਗਿਆ ਹੈ। ਉਦੋਂ ਹੀ ਮੈਨੂੰ ਪਤਾ ਲੱਗਿਆ ਕਿ ਉਹ ਬਹੁਤ ਸੰਜੀਦਾ ਕਹਾਣੀਕਾਰ ਬਣ ਚੁਕਿਆ ਸੀ। ਉਨ੍ਹਾਂ ਗੱਲਾਂ ਨੂੰ ਬਹੁਤ ਸਾਲ ਗੁਜ਼ਰ ਗਏ। ਪਰ ਅੱਜ ਵੀ ਜਦੋਂ ਉਸਦਾ ਖਲਾਅ ਵੱਲ ਘੂਰਦਿਆਂ ਕਿਧਰੇ ਦੂਰ ਗੁਆਚ ਜਾਣਾ ਯਾਦ ਆਉਂਦਾ ਹੈ ਤਾਂ ਅਹਿਸਾਸ ਹੁੰਦਾ ਹੈ ਕਿ ਉਹ ਤਾਂ ਜੰਮਦਾ ਹੀ ਕਹਾਣੀਕਾਰ ਸੀ। ਸਰੀਰਕ ਤੌਰ 'ਤੇ ਨਾ ਸਹੀ ਪਰ ਲਿਖਤਾਂ ਰਾਹੀਂ ਅੱਜ ਵੀ ਉਹ ਸਾਡੇ ਵਿਚਕਾਰ ਮੌਜੂਦ ਹੈ।

# ਮਿੱਤਰ ਪਿਆਰਾ: ਜਗਰੂਪ ਸਿੰਘ ਦਾਤੇਵਾਸ

**- ਧਰਮ ਸਿੰਘ ਕੰਮੇਆਣਾ**

ਮਾਨਸਾ ਜ਼ਿਲ੍ਹੇ ਦਾ
ਪਿੰਡ ਦਾਤੇਵਾਸ
ਇੱਕ ਘੋਨਾ ਮੁੰਡਾ
ਪੈਰੋਂ ਨੰਗਾ
ਹੱਥ ਵਿੱਚ ਡੰਡਾ
ਤਿੱਖੜ ਦੁਪਹਿਰੇ
ਰੋਹੀ 'ਚ ਮੱਝਾਂ ਚਾਰਦਾ
ਹੀਅ ਉਏ ! ਕਹਿ ਕੇ
ਮੱਝਾਂ ਨੂੰ ਪਿਛਾਂਹ ਵੱਲ ਮੋੜਨ ਲਈ
ਹੋਕਰਾ ਮਾਰਦਾ
ਰੇਤਲੇ ਰਾਹ 'ਤੇ ਤੁਰਦੀਆਂ ਮੱਝਾਂ
ਤੇ ਜਗਰੂਪ ਦੇ ਮਨ ਤੁਰਦੀਆਂ ਸੋਚਾਂ
ਉਹ ਸਾਉਣ ਮਹੀਨੇ ਵਗਦੀ
ਪੁਰੇ ਦੀ ਪੌਣ ਵਰਗੇ ਸੁਪਨੇ ਵੇਖਦਾ
ਉਂਜ ਭਾਵੇਂ ਮੱਚਦਾ ਰੇਤਾ ਰਾਹ ਦਾ
ਪੈਰ ਸਾੜਦਾ

ਰੇਤਲੀ ਤੇ ਕੱਲਰੀ ਭੋਇੰ
ਉਹਦੇ ਬਾਪੂ ਦੀ
ਹੱਡ-ਭੰਨਵੀਂ ਮਿਹਨਤ ਦਾ
ਮੁੱਲ ਨਾ ਮੋੜਦੀ
ਚੜ੍ਹਦੇ ਸਿਆਲ ਹੀ
ਭੜੋਲੇ 'ਚੋਂ ਘਰ ਦੀ ਕਣਕ ਦਾ ਆਟਾ
ਗਾਇਬ ਹੋਣ ਲੱਗਦਾ
ਅਤੇ ਆੜ੍ਹਤੀਆਂ ਤੋਂ ਵਿਆਜੂ ਫੜੇ ਪੈਸੇ
ਚਕਲੇ 'ਤੇ ਰੋਟੀ ਵੇਲਦੇ

ਜਿਵੇਂ ਮੂਹਰੋਂ ਵਗਦੀ ਤੇਜ਼ ਹਵਾ
ਪਹਾੜੀ ਉਕਾਬ ਨੂੰ
ਹੋਰ ਉੱਚਾ ਉਡਾਵੇ
ਉਸੇ ਤਰ੍ਹਾਂ ਹੀ
ਅਣਸੁਖਾਵੇਂ ਹਾਲਾਤ ਵੀ

ਜਗਰੂਪ ਦੇ ਸੁਪਨਿਆਂ ਦੀ ਉਡਾਣ ਨਾ ਰੋਕ ਸਕੇ
ਉਸ ਨੂੰ ਅੱਗੇ ਵੱਧਣ ਤੋਂ ਨਾ ਟੋਕ ਸਕੇ

ਜਗਰੂਪ ਰੇਤਲੇ ਟਿੱਬਿਆਂ 'ਤੇ
ਊੜਾ ਆੜਾ ਲਿਖਦਾ ਲਿਖਦਾ
ਹਿੰਮਤ, ਮਿਹਨਤ ਅਤੇ ਸਿਰੜ ਦਾ ਪੱਲਾ ਫੜ ਕੇ ਇੰਜੀਨੀਅਰ ਬਣਿਆ
ਆਲੇ -ਦੁਆਲੇ ਇੱਕ ਹੈਰਾਨੀ ਫੈਲਗੀ
ਸ਼ਰੀਕਾਂ ਵਿਹੜੇ ਸੱਪਣੀ ਮੇਹਲਦੀ

ਮੈਨੂੰ ਨਹੀਂ ਪਤਾ
ਉਹਦਾ ਗੋਤ ਕੀ ਸੀ
ਸਿੱਧੂ, ਚਾਹਲ, ਔਲਖ, ਰੋਮਾਣਾ, ਧਾਲੀਵਾਲ
ਨਾ ਉਸ ਕੀਤੀ ਕਦੇ ਗੱਲ
ਉਸ ਦੀ ਪਛਾਣ
ਮੇਰੇ ਲਈ
ਦਾਤੇਵਾਸ ਪਿੰਡ ਦਾ
ਨਿਮਨ ਕਿਸਾਨੀ ਵਿੱਚ ਜੰਮਿਆਂ
ਜਗਰੂਪ ਸੀ ਬੱਸ

ਉਹ ਪਟਿਆਲੇ ਦੀ ਵੱਖੀ ਨਾਲ ਖਹਿੰਦੇ
ਬਹਾਦਰ ਗੜ੍ਹ ਵਿਖੇ
ਐਸਕਾਰਟਸ ਕੰਪਨੀ ਦਾ ਇੰਜੀਨੀਅਰ ਸੀ
ਸੂਝਵਾਨ ਸੁਆਣੀ ਦਾ ਪਤੀ
ਅਤੇ ਦੋ ਧੀਆਂ ਦਾ ਬਾਪ
ਉਹ ਚੰਗੇ ਸਾਹਿਤ ਦਾ ਪ੍ਰਬੁੱਧ ਪਾਠਕ ਬਣਿਆ
ਤੇ ਫੇਰ ਖ਼ੁਦ ਰਚੇਤਾ
ਆਪਣੀ ਪਸੰਦ ਦੇ ਲੇਖਕਾਂ ਨੂੰ
ਉਹ ਆਪਣੇ ਨੇੜੇ ਰੱਖ ਕੇ ਖੁਸ਼ ਹੁੰਦਾ
ਮੈਂ ਸ਼ਹਿਰ ਪਟਿਆਲੇ
ਪਹਿਲੀ ਵਾਰ ਕਿਸੇ ਘਰ ਵਿੱਚ
ਗੁਜ਼ਾਰੀ ਸੀ ਰਾਤ
ਤਾਂ ਉਹ ਦਾਤੇਵਾਸ ਦਾ ਘਰ ਸੀ
ਜਗਰੂਪ ਨਾਲ ਪਾਉਂਦਿਆਂ ਸਾਹਿਤ ਦੀ ਬਾਤ
ਉਹ ਸਾਹਿਤ ਸਭਾ ਦਾ ਪ੍ਰਧਾਨ ਬਣਿਆ
ਤਾਂ ਮੈਨੂੰ ਪਟਿਆਲੇ ਦੇ ਲੇਖਕਾਂ ਦੇ

ਰੂ-ਬ-ਰੂ ਕੀਤਾ
ਮੇਰੀਆਂ ਸਾਹਿਤਕ ਕਿਰਤਾਂ ਦੇ
ਮੁਲਾਂਕਣ ਲਈ
ਸਮਾਗਮ ਰਚਾਇਆ
ਮੇਰੀ ਕਲਮ ਨੂੰ ਵਡਿਆਇਆ

ਉਸਨੇ
"ਉਦਾਸ ਪਿੰਡ ਕੀ ਕਥਾ"
ਅਤੇ "ਅੰਗ ਸੰਗ"
ਕਿਤਾਬਾਂ ਛਪਵਾਈਆਂ
ਮਿੰਨੀ ਕਹਾਣੀਆਂ
ਛੋਟੇ ਬ੍ਰਿਤਾਂਤ
ਤੇ ਫਿਰ ਉਹ 'ਬੰਜਰ' ਪੁਸਤਕ ਰਚ ਕੇ
ਮਿੱਟੀ ਤੇ ਮਨ ਦੇ ਬੰਜਰ ਹਿੱਸੇ ਦਾ
ਸਫ਼ਲ ਚਿਤੇਰਾ ਬਣਿਆ
ਜਿਵੇਂ ਕੋਈ ਮਾਂ ਬੁਣਦੀ ਹੈ ਬੱਚਿਆਂ ਦੇ ਸਵੈਟਰ
ਉਵੇਂ ਸੋਹਣਾ ਬ੍ਰਿਤਾਂਤ ਬੁਣਿਆ
ਆਲੋਚਕਾਂ ਦਾ ਥਾਪੜਾ
ਤੇ ਉਨ੍ਹਾਂ ਦੀ ਵਾਹ ਵਾਹ ਮਿਲੀ,
ਜਿਨ੍ਹਾਂ ਸੁਣਿਆ

ਪਰ, ਭਰ ਜੋਬਨ ਦੀ ਰੁੱਤੇ
ਅਚਿੰਤੇ ਬਾਜ਼ ਪਏ ਉਸਨੂੰ
ਹੈਪੇਟਾਈਟਸ- ਬੀ ਬਣ ਕੇ
ਖਿੱਲਰ ਗਏ ਸਾਹਾਂ ਦੇ ਮਣਕੇ
ਉਹ ਕਿੰਨੀਆਂ ਹੀ ਕਹਾਣੀਆਂ
ਆਪਣੇ ਨਾਲ ਲੈ ਕੇ ਚਲਾ ਗਿਆ
ਪਤਨੀ ਤੇ ਬੱਚੀਆਂ ਦੇ ਹੋਂਠੀਂ
ਹਉਕਾ ਬਣ ਗਿਆ
ਉਮਰਾਂ ਦਾ ਦੁੱਖ ਝੋਲੀ ਪਿਆ

ਮਿੱਤਰ ਜਦ ਜੁੜਦੇ
ਉਹਦੀਆਂ ਗੱਲਾਂ ਕਰਦੇ ਹਨ
ਜੋ ਮਿੱਤਰਾਂ ਅਤੇ ਪਾਠਕਾਂ ਵਿੱਚ
ਜਿਉਂਦੇ ਨੇ ਲੇਖਕ
ਉਹ ਮਰ ਕੇ ਵੀ ਨਾ ਮਰਦੇ ਹਨ
ਉਹ ਮਰ ਕੇ ਵੀ ਨਾ ਮਰਦੇ ਹਨ .......

**ਆਲੋਚਨਾ**

(ਕਹਾਣੀ ਪੜ੍ਹਤ)

# 'ਅੰਟੀ ਨੇ ਠੀਕ ਕਿਹਾ ਸੀ' ਦੀ ਅਰਥ ਸੰਰਚਨਾ

**—ਪਰਮਜੀਤ ਢੀਂਗਰਾ**

ਹਰ ਸਾਹਿਤਕ ਕਿਰਤ ਮੂਲ ਰੂਪ ਵਿਚ ਭਾਸ਼ਾ 'ਤੇ ਉਸਰੀ ਹੁੰਦੀ ਹੈ। ਪਰ ਹਰ ਕਿਰਤ ਵਿਚ ਭਾਸ਼ਾ ਪਾਠਕ/ਸਰੋਤੇ ਨੂੰ ਵੱਖਰੀ ਤਰ੍ਹਾਂ ਸੰਬੋਧਤ ਹੁੰਦੀ ਹੈ। ਭਾਸ਼ਾ ਸਿਰਫ਼ ਸੰਚਾਰ ਹੀ ਨਹੀਂ ਕਰਦੀ ਸਗੋਂ ਰਚਨਾ ਸੰਸਾਰ ਦੀ ਅਰਥ ਸੱਤਾ ਨੂੰ ਪਰਿਭਾਸ਼ਤ ਵੀ ਕਰਦੀ ਹੈ। ਹਰ ਰਚਨਾਕਾਰ ਰਚਨਾ ਨੂੰ ਪੈਗ਼ਾਮਮੁਖੀ ਬਣਾਉਂਦਾ ਹੈ। ਉਹ ਸੰਚਾਰ ਦੀਆਂ ਜੁਗਤਾਂ + ਸਾਹਿਤਕ ਜੁਗਤਾਂ ਰਾਹੀਂ ਇਕ ਅਜਨਬੀਕ੍ਰਿਤ ਹੋਂਦ ਨੂੰ ਉਜਾਗਰ ਕਰਦਾ ਹੈ। ਇਹੀ ਕਾਰਨ ਹੈ ਕਿ ਉਸ ਵਿਚੋਂ ਅਰਥ ਪ੍ਰਾਪਤੀ ਲਈ ਸਾਨੂੰ ਉਹਦੀ ਗਹਿਨ ਸੰਰਚਨਾ (Deep Structure) ਨੂੰ ਘੋਖਣਾ ਪੈਂਦਾ ਹੈ। ਸਤਹ ਸੰਰਚਨਾ (Surface structure) 'ਤੇ ਨਜ਼ਰ ਆਉਂਦੇ ਅਰਥ ਕਈ ਵਾਰ ਭੁਲੇਖਾ ਪਾਊ ਵੀ ਹੁੰਦੇ ਹਨ ਕਿਉਂਕਿ ਲੇਖਕ ਦੀ ਭਾਸ਼ਾ ਸਮਰੱਥਾ (Language Competence) ਦੀ ਵੀ ਇਕ ਸੀਮਾ ਹੁੰਦੀ ਹੈ। ਉਹ ਜਿੰਨਾ ਕੁਝ ਪ੍ਰਗਟ ਕਰਦਾ ਹੈ ਉਸ ਤੋਂ ਕਿਤੇ ਵੱਧ ਲੁਕਾ ਲੈਂਦਾ ਹੈ। ਇਸ ਲੁਕੇ ਹੋਏ ਨੂੰ ਪ੍ਰਗਟ ਕਰਨਾ ਹੀ ਅਰਥ ਸੱਤਾ ਨੂੰ ਪਛਾਣਨਾ ਹੈ। ਹਰ ਸੰਰਚਨਾ ਜਿੰਨੀ ਸਰਲ ਨਜ਼ਰ ਆਉਂਦੀ ਹੈ ਓਨੀ ਹੁੰਦੀ ਨਹੀਂ। ਉਹ ਅੰਦਰੂਨੀ ਨੇਮਾਂ ਵਿਚ ਬੱਝੀ ਬੜੀ ਜਟਿਲ ਇਕਾਈ ਹੁੰਦੀ ਹੈ। ਏਸੇ ਕਰਕੇ ਕਿਹਾ ਜਾਂਦਾ ਹੈ ਕਿ ਹਰ ਪਾਠਕ ਦਾ ਆਪਣਾ ਆਪਣਾ ਪਾਠ ਹੁੰਦਾ ਹੈ ਤੇ ਉਹ ਰਚਨਾ ਸੰਸਾਰ ਤੋਂ ਵਿੱਥ 'ਤੇ ਰਹਿ ਕੇ ਮਾਨਸਿਕ ਪ੍ਰਭਾਵ ਰਾਹੀਂ ਆਪਣੇ ਪਾਠ ਦੀ ਰਚਨਾ ਕਰਦਾ ਹੈ। ਜਿਹੜੇ ਸਿਧਾਂਤਕ ਟੂਲਜ਼ ਕਿਸੇ ਰਚਨਾ ਦੀ ਸਮਝ ਨੂੰ ਪੁਖ਼ਤਾ ਕਰਨ ਵਿਚ ਸਾਡੀ ਮਦਦ ਕਰਦੇ ਹਨ ਉਹੀ ਦੂਜੇ ਪਾਸੇ ਰਚਨਾ ਦੇ ਅੰਦਰੂਨੀ ਨੇਮਾਂ ਦੀ ਥਾਹ ਪਾਉਣ ਵਿਚ ਵੀ ਮਦਦ ਕਰਦੇ ਹਨ। ਇਸ ਪ੍ਰਥਾਏ ਅਸੀਂ ਜਗਰੂਪ ਸਿੰਘ ਦਾਤੇਵਾਸ ਦੀ ਕਹਾਣੀ 'ਅੰਟੀ ਨੇ ਠੀਕ ਕਿਹਾ ਸੀ' ਦੀ ਪਾਠਕੀ ਭਾਸ਼ਾ ਪੜ੍ਹਤ ਤਿਆਰ ਕਰਨ ਦਾ ਯਤਨ ਕਰਾਂਗੇ।

ਜਗਰੂਪ ਸਿੰਘ ਦਾਤੇਵਾਸ ਪੰਜਾਬੀ ਦਾ ਅਣਗੌਲਿਆ ਕਥਾਕਾਰ ਹੈ। ਉਹਦੇ ਬਾਰੇ ਸੰਖੇਪ ਜਿਹੀ ਜਾਣਕਾਰੀ ਮਿਲਦੀ ਹੈ ਕਿ ਉਹ ਕਿਸੇ ਬੜੇ ਭਿਆਨਕ ਰੋਗ ਨਾਲ ਫੌਤ ਹੋ ਗਿਆ। ਪੇਸ਼ੇ ਵੱਜੋਂ ਉਹ ਇੰਜੀਨੀਅਰ ਸੀ। ਪਰਿਵਾਰਕ ਜੀਵਨ ਵਿਚਲੀਆਂ ਮਾਨਸਿਕ ਗੁੰਝਲਾਂ ਅਤੇ ਮਾਨਸ ਪਟਲ 'ਤੇ ਪਏ ਸੂਖ਼ਮ ਪ੍ਰਭਾਵਾਂ ਨੂੰ ਉਹਨੇ ਬੜੇ ਕਲਾਤਮਕ ਢੰਗ ਨਾਲ ਚਿਤਰਿਆ ਹੈ। ਉਹ ਕਿਸੇ ਫ਼ਾਲਤੂ ਵੇਰਵੇ, ਦ੍ਰਿਸ਼ਾਂ ਤੇ ਬਿਰਤਾਂਤ ਵਿਚ ਨਹੀਂ ਉਲਝਦਾ ਸਗੋਂ ਕਥਾ ਵਿਚੋਂ ਕਥਾ ਤੁਰਦੀ ਆਪਣੇ ਸਿਖਰ ਵੱਲ ਵਧਦੀ ਹੈ। ਕਥਾ ਜਿਉਂ ਜਿਉਂ ਸਿਖਰ ਵੱਲ ਵਧਦੀ ਹੈ ਤਿਵੇਂ ਤਿਵੇਂ ਉਹ ਉਪ ਕਥਾਵਾਂ ਰਾਹੀਂ ਘਟਨਾਵਾਂ ਨੂੰ ਸੇਧ ਦੇਂਦਾ ਹੈ। ਘਟਨਾਵੀਂ ਕ੍ਰਮ ਬੀਤੇ, ਵਰਤਮਾਨ ਤੇ ਆਉਣ ਵਾਲੇ ਕਾਲ ਵਿਚ ਫੈਲਦਾ ਕਈ ਸੁਆਲ ਖੜ੍ਹੇ ਕਰਦਾ ਹੈ, ਕਈ ਗੁੰਝਲਾਂ ਪੈਦਾ ਕਰਦਾ ਹੈ ਤੇ ਨਾਲ ਹੀ ਮਨੁੱਖੀ ਹੋਣੀ ਤੇ ਤ੍ਰਾਸ ਰਾਹੀਂ ਰਚਨਾ ਨੂੰ ਅਰਥਵਾਨ ਬਣਾਉਂਦਾ ਜਾਂਦਾ ਹੈ। ਪਾਤਰ ਵਿਚ ਪਾਤਰ ਗੁੰਦ ਕੇ ਉਹ ਮਾਨਸਿਕ ਗੰਢਾਂ ਖੋਲ੍ਹਦਾ ਹੈ, ਰਿਸ਼ਤਿਆਂ ਦੀਆਂ ਲਾਚਾਰਗੀਆਂ ਪੈਦਾ ਕਰਦਾ ਹੈ, ਮਨੁੱਖ ਨੂੰ ਸਮਾਜਕ ਤੇ ਭਾਸ਼ਾ ਪ੍ਰਾਣੀ ਦੇ ਨਾਲ ਨਾਲ ਮਾਨਸਿਕ ਪ੍ਰਾਣੀ ਵਜੋਂ ਉਸ ਵਿਚਲੀ ਪਸ਼ੂਤਾ ਨੂੰ ਪਛਾਣਦਾ

ਹੈ। ਪਰ  ਇਕ ਵੱਡਾ ਸੁਆਲ ਵੀ ਖੜ੍ਹਾ ਕਰਦਾ ਹੈ ਕਿ, ਕੀ ਕਾਮ ਏਨਾ ਬਲੀ ਹੈ ਕਿ ਉਹ ਮਨੁੱਖ ਨੂੰ ਪਸ਼ੂ ਮਾਨਸਿਕਤਾ ਵੱਲ ਧੱਕ ਦੇਂਦਾ ਹੈ ? ਰਿਸ਼ਤੇ, ਨਾਤੇ, ਪਿਆਰ, ਸਨੇਹ, ਮਮਤਾ, ਮੁਹੱਬਤ ਸਭ ਕਾਮ ਦੀ ਅੱਗ ਅੱਗੇ ਏਨੇ ਹੇਚ ਹਨ ਕਿ ਉਹਦੀ ਪੂਰਤੀ ਲਈ ਮਨੁੱਖ ਸਭ ਕੁਝ ਦਾ ਤਿਆਗ ਕਰਨ ਲਈ ਦ੍ਰਿੜ ਹੋ ਜਾਂਦਾ ਹੈ ? ਕੀ ਔਰਤ ਸਿਰਫ਼ ਕਾਮ ਤ੍ਰਿਪਤੀ ਲਈ ਬਣੀ ਹੈ ? ਪਿੱਤਰ ਸੱਤਾ ਨੇ ਉਹਨੂੰ ਏਨਾ ਨੀਵਾਂ ਕਰ ਦਿੱਤਾ ਹੈ ਕਿ ਉਹਦੀ ਅਜ਼ਾਦ ਹੋਂਦ, ਹਸਤੀ ਤੇ ਮਨੁੱਖੀ ਗੁਣਾਂ 'ਤੇ ਪ੍ਰਸ਼ਨ ਚਿੰਨ੍ਹ ਲੱਗ ਗਿਆ ਹੈ ? ਅਜਿਹੇ ਸੁਆਲਾਂ ਦੇ ਰੂਬਰੂ ਏਹ ਬੜੀ ਸਸ਼ੱਕਤ ਕਹਾਣੀ ਹੈ।

ਕਹਾਣੀ ਦੇ ਮੁੱਢ ਵਿਚ ਕੁਝ ਅਜਿਹੇ ਭਾਸ਼ਾਈ ਚਿੰਨ੍ਹ ਪ੍ਰਗਟ ਹੁੰਦੇ ਹਨ ਜੋ ਕਹਾਣੀ ਦੇ ਤੁਰਨ ਲਈ ਪਿੜ ਬੰਨ੍ਹਦੇ ਹਨ– **ਵੇਲਾ ਅੱਧੀ ਰਾਤ ਦਾ, ਗੱਡੀ ਲੰਘ ਗਈ, ਲੋਹੜੇ ਦੀ ਗਰਮੀ, ਮੱਛਰਾਂ ਦੀ ਭਿਣਕਾਹਟ, ਬਿਜਲੀ ਬੰਦ।** ਇਹ ਸਾਰੇ ਚਿੰਨ੍ਹ ਸਾਡੀ ਵਿਵਸਥਾ ਦੇ ਚਿੰਨ੍ਹ ਹਨ। ਪਿੰਡਾਂ ਵਿਚ ਇਹ ਦ੍ਰਿਸ਼ ਆਮ ਹੈ। ਜੁੜਵੇਂ ਚਿੰਨ੍ਹ ਹਨ - **ਚੁੰਨੀ ਨਾਲ ਬੱਚੀ ਨੂੰ ਹਵਾ ਝੱਲਣੀ, ਅੱਖ ਲਾਉਣ ਦੀ ਕੋਸ਼ਿਸ਼, ਮੱਛਰਾਂ ਦਾ ਕੰਨਾਂ 'ਚ ਘੌਰੂ ਪਾਉਣਾ, ਛਾਤੀ 'ਤੇ ਟਿੱਕਿਆ ਹੱਥ।** ਇਹ ਇਕ ਪਾਸੇ ਬਾਹਰੀ ਅਵਸਥਾ ਦੇ ਹਾਜ਼ਰ ਚਿੰਨ੍ਹ ਹਨ ਦੂਜੇ ਪਾਸੇ ਇਹ ਮੈਂ ਪਾਤਰ ਦੀ ਅੰਦਰੂਨੀ ਤਨਾਓ ਗ੍ਰਸਤ ਮਾਨਸਿਕਤਾ ਦੇ ਲਖਾਇਕ ਹਨ। ਇਹਨਾਂ ਪਿੱਛੇ ਅਨੇਕਾਂ ਗੈਰ ਹਾਜ਼ਰ ਚਿੰਨ੍ਹ ਪਛਾਣੇ ਜਾ ਸਕਦੇ ਹਨ ਪਰ ਰਚਨਾਕਾਰ ਸਿਰਫ਼ ਸਥਿਤੀ ਤੇ ਸੰਦਰਭ ਅਨੁਸਾਰ ਹਾਜ਼ਰ ਚਿੰਨ੍ਹਾਂ ਨੂੰ ਅਗਰਭੂਮਿਤ ਕਰਦਾ ਹੈ। ਉਹਦੇ ਪਤੀ ਰਣਜੀਤ ਦੇ ਬੋਲ ਉਹਦੀ ਮਾਨਸਿਕਤਾ ਵਿਚ ਖੁਣੇ ਪਏ ਹਨ -

- **ਤੂੰ ਕਦੇ ਬੱਚੇ ਨੂੰ ਪਿੰਡੋਂ ਸਹੀ ਸਲਾਮਤ ਵੀ ਲੈ ਆਇਆ ਕਰ।**
- **ਬੱਚਿਆਂ ਦੀ ਸ਼ਕਲ ਵਿਗਾੜ ਦਿੰਦੀ ਹੈਂ ਤੂੰ ਪਿੰਡ ਜਾ ਕੇ। ਕੁੜੀ ਦਾ ਰੰਗ ਵੇਖ ਜਿਵੇਂ ਚਮਾਰਾਂ ਦੀ ਹੋਵੇ ?**
- **ਦੇਖਿਐ, ਇਨ੍ਹਾਂ ਨੂੰ ਗਾਲ੍ਹਾਂ ਤੋਂ ਬਿਨਾਂ ਕੁਝ ਸਿਖਾਅ ਕੇ ਵੀ ਲਿਆਂਦੈ ਕਦੇ ? ਆਪਣੇ ਵਰਗੇ ਕਰ ਲਏ ਇਹ ਤੂੰ।**

ਇਨ੍ਹਾਂ ਵਾਕੰਸ਼ਾਂ ਵਿਚੋਂ ਇਕ ਤਾਂ ਰਣਜੀਤ ਦੀ ਮਾਨਸਿਕਤਾ ਖੁਲ੍ਹਦੀ ਹੈ। ਉਹਦੇ ਵਿਚੋਂ ਨਫ਼ਰਤ ਝਲਕਦੀ ਹੈ ਕਿ ਪਿੰਡ ਜਾ ਕੇ ਬੱਚੇ ਦੀ ਸ਼ਕਲ ਵਿਗੜ ਜਾਂਦੀ ਹੈ ਪਰ ਨਾਲ ਨਾਲ ਸਮਾਜਕ ਯਥਾਰਥ ਦਾ ਇਕ ਕਰੂਪ ਚੇਹਰਾ ਵੀ ਨਜ਼ਰ ਆਉਂਦਾ ਹੈ ਜਦੋਂ ਉਹ ਕੁੜੀ ਦੀ ਤੁਲਨਾ ਚਮਾਰਾਂ ਨਾਲ ਕਰਦਾ ਹੈ। ਸਾਡੇ ਅੰਦਰ ਜਾਤੀਗਤ ਨਫ਼ਰਤ ਦੇ ਵੇਰਵੇ ਕਦੇ ਖ਼ਤਮ ਨਹੀਂ ਹੁੰਦੇ। ਹਾਲਾਂਕਿ ਸ਼ਕਲ ਦੇ ਵਿਗਾੜ ਨੂੰ ਕਿਸੇ ਮੱਝ, ਬੱਕਰੀ, ਗਾਂ ਨਾਲ ਵੀ ਤੁਲਨਾਇਆ ਜਾ ਸਕਦਾ ਹੈ ਪਰ ਜਾਤੀਗਤ ਨਫ਼ਰਤ ਦੇ ਨਿਕਟ ਵੇਰਵੇ ਸਾਡੀ ਦੂਸ਼ਿਤ ਮਾਨਸਿਕਤਾ ਵਿਚੋਂ ਉਜਾਗਰ ਹੋ ਜਾਂਦੇ ਹਨ। ਏਸੇ ਤਰ੍ਹਾਂ ਬੱਚੇ ਦਾ ਗਾਲ੍ਹਾਂ ਸਿਖਣਾ ਵੀ ਸਾਡੀ ਸਭਿਅਤਾ ਤੇ ਸਭਿਆਚਾਰ ਦੇ ਹੀਣਪੁਣੇ ਨੂੰ ਉਜਾਗਰ ਕਰਦਾ ਹੈ। ਇਹ ਸਾਰੇ ਵਾਕੰਸ਼ ਵੇਰਵੇ ਇਕ ਡਰ, ਇਕ ਭੈਅ ਪੈਦਾ ਕਰ ਰਹੇ ਹਨ। ਓਧਰ ਮੈਂ ਪਾਤਰ ਦੀ ਵੱਖੀ ਨਾਲ ਲੱਗ ਕੇ ਸੁੱਤੀ ਬੱਚੀ ਘੁਰਾੜੇ ਮਾਰ ਰਹੀ ਹੈ। ਉਹ ਇਸ ਡਰ, ਭੈ ਤੋਂ ਮੁਕਤ ਹੈ ਪਰ ਉਹਦੀ ਮਾਂ ਦੇ ਸਾਹਮਣੇ ਪਿੱਤਰੀ ਸੱਤਾ ਦਾ ਪ੍ਰਤੀਕ ਉਹਦਾ ਪਤੀ ਹੈ ਜੋ ਉਸ ਵੱਲ ਨਾਕਾਰ ਦ੍ਰਿਸ਼ਟੀ ਰੱਖਦਾ ਹੈ।

ਕਥਾ ਅੱਗੇ ਤੁਰਦੀ ਹੈ। ਰਣਜੀਤ ਮੰਜੀ ਦੀ ਬਾਹੀ 'ਤੇ ਜ਼ੋਰ ਦੀ ਅੱਡੀ ਮਾਰ ਕੇ

ਉੱਚੀ ਸਾਰੀ ਗਾਲ੍ਹ ਕੱਢਦਾ ਹੈ। ਉਹਦੇ ਬੋਲਾਂ ਵਿਚੋਂ ਗੁੱਸਾ ਤੇ ਗਰਜ ਦੋਵੇਂ ਡਿੱਗ ਰਹੇ ਹਨ। ਮੈਂ ਪਾਤਰ ਉਹਦੇ ਅੰਦਰਲੇ ਨੂੰ ਸਮਝਦੀ ਹੋਈ ਲਾਚਾਰ ਹੈ। ਉਹ ਆਲ਼ੇ-ਦੁਆਲ਼ੇ ਨਜ਼ਰ ਘੁੰਮਾਉਂਦੀ ਹੈ। ਲਗਪਗ ਸਾਰੇ ਜੀਅ ਜਾਗ ਰਹੇ ਹਨ। ਪਹਿਲਾਂ ਉਹ ਵੱਡੀ ਭੈਣ ਵੱਲ ਵੇਖਦੀ ਹੈ। ਉਹ ਰਸੋਈ ਦੇ ਦਰਵਾਜ਼ੇ ਕੋਲ ਡਠੀ ਮੰਜੀ 'ਤੇ ਪਾਸੇ ਮਾਰ ਰਹੀ ਹੈ। ਉਹਦੀ ਆਪਣੀ ਤ੍ਰਾਸਦ ਕਥਾ ਹੈ। ਵਿੱਚੋਂ ਵਿੱਚ ਗੱਲ ਖੁਲ੍ਹਦੀ ਹੈ ਕਿ ਉਹ ਕਦੇ ਸੁੱਤੀ ਹੀ ਨਹੀਂ। ਹਰ ਸਵੇਰ ਉਹਦੀਆਂ ਅੱਖਾਂ ਵਿਚ ਨਾ ਸੌਣ ਦੀ ਰੜਕ ਨਜ਼ਰ ਆਉਂਦੀ ਹੈ। ਉਸ ਦੀਆਂ ਅੱਖਾਂ ਦੀ ਨਮੀਂ ਉਦਾਸੀ ਦਾ ਸਬੂਤ ਹੈ। ਘਰ ਵਿਚ ਸਾਰੇ ਇਸ ਉਦਾਸੀ ਤੋਂ ਜਾਣੂੰ ਹਨ ਪਰ ਇਸ ਨੂੰ ਦੂਰ ਕਰਨ ਲਈ ਕੋਈ ਹੀਲਾ ਵਸੀਲਾ ਨਜ਼ਰ ਨਹੀਂ ਆਉਂਦਾ। ਉਹਦੇ ਗੈਰ ਹਾਜ਼ਰ ਚਿੰਨ੍ਹਾਂ ਵਿਚ ਉਹਦੀ ਤ੍ਰਾਸਦੀ ਪਈ ਹੈ। ਉਹ ਪਿਆਰ, ਮੁਹੱਬਤ, ਮਮਤਾ ਤੋਂ ਊਣੀ ਹੈ। ਉਹਦੀ ਕਾਮ ਇੱਛਾ ਜ਼ਿੱਦ ਦਾ ਭਿਆਨਕ ਰੂਪ ਧਾਰ ਕੇ ਸਰਾਪ ਦੀ ਹੱਦ ਤੱਕ ਪਹੁੰਚ ਗਈ ਹੈ।

ਲੇਖਕ ਏਥੇ ਕਥਾ ਨੂੰ ਰੋਕ ਕੇ ਵੱਡੀ ਭੈਣ ਦੇ ਬਿਰਤਾਂਤ ਨੂੰ ਸਿਰਜਦਾ ਹੈ। ਇਸ ਬਿਰਤਾਂਤ ਵਿਚ ਮੂਲ ਬੀਜ ਪਏ ਹਨ ਕਿ ਉਹਦੇ ਵਿਆਹ ਨੂੰ ਛੇ ਵਰ੍ਹੇ ਹੋ ਗਏ ਹਨ, ਪੰਜਾਂ ਸਾਲਾਂ ਤੋਂ ਉਹ ਬਾਪ ਦੀ ਦਹਿਲੀਜ਼ 'ਤੇ ਬੈਠੀ ਹੈ। ਘਰ ਵਾਲੇ ਨਾਲ਼ ਕਿਸ ਗੱਲ ਤੋਂ ਅਣਬਣ ਹੋਈ ਇਹਦੇ ਬਾਰੇ ਨਾ ਤਾਂ ਕਦੇ ਉਹਨੂੰ ਪੁਛਿਆ ਗਿਆ ਤੇ ਨਾ ਹੀ ਉਹਨੇ ਦੱਸਿਆ। ਘਰਦਿਆਂ 'ਤੇ ਉਸਦਾ ਦਬਦਬਾ ਇਸ ਹੱਦ ਤੱਕ ਦਾ ਹੈ ਕਿ ਉਹ ਦੱਸਣਾ ਨਹੀਂ ਚਾਹੁੰਦੀ ਤਾਂ ਕਿਸੇ ਵਿਚ ਪੁੱਛਣ ਦੀ ਵੀ ਹਿੰਮਤ ਪੈਦਾ ਨਹੀਂ ਹੁੰਦੀ। ਇਸ ਚੁਪ ਵਿਚਲਾ ਤਣਾਅ ਬੜਾ ਖ਼ਤਰਨਾਕ ਹੈ। ਇਹ ਮਾਨਸਿਕ ਰੋਗ ਦੀ ਅਲਾਮਤ ਹੈ। ਲੇਖਕ ਉਸਦੀ ਗੰਢ ਖੋਲ੍ਹਦਾ ਹੈ -

**'ਜੇ ਸਿਰਫ਼ ਉਸ ਦੀਆਂ ਰੋਟੀਆਂ ਹੀ ਸੇਕਣੀਆਂ ਨੇ, ਫਿਰ ਬਾਪੂ ਦਾ ਘਰ ਕੀ ਮਾੜੈ ਚਾਚੀ? ਜੇ ਮੈਂ ਉਸ ਦੀ ਜੁਲੀ 'ਚ ਸੌਣਾ ਨੀ, ਵਿਛਾਵਾਂ ਕਿਉਂ? ਜਿਹੜੀ ਸੌਂਦੀ ਐ, ਉਸ ਤੋਂ ਵਿਛਾਵੇ, ਮੈਂ ਸੋਚਦੀ ਹਾਂ ਕਿ ਉਹ ਭੈਣ ਦੀ ਜਠਾਣੀ ਹੋਵੇਗੀ - ਜੇ ਜੂਠ ਹੀ ਖਾਣੀ ਐ, ਫਿਰ ਪਿੰਡ ਦੇ ਮੁੰਡੇ ਕੀ ਮਰ ਗਏ ਚਾਚੀਏ ਜੇ ਉਸਨੂੰ ਤੀਵੀਆਂ ਦਾ ਘਾਟਾ ਨਹੀਂ, ਮੇਰੇ ਵਾਸਤੇ ਕਿਹੜੀ ਕਾਲ਼ੀ ਚਿੜੀ ਫਿਰ ਗਈ।'**

ਇਥੇ ਕਾਲ਼ੀ ਚਿੜੀ ਦਾ ਫਿਰਨਾ ਬੜਾ ਅਰਥਵਾਨ ਬਿੰਬ ਹੈ। ਕਾਲ਼ੀ ਚਿੜੀ ਫਿਰੀ ਨਹੀਂ ਫਿਰ ਵੀ ਉਹ ਪਿਓ ਦੀ ਦਹਿਲੀਜ਼ ਨਹੀਂ ਟੱਪਦੀ। ਉਹ ਸੰਸਕਾਰੀ ਮਰਿਆਦਾ ਵਿਚ ਬੱਝੀ ਹੋਈ ਹੈ, ਪਰ ਉਹ ਪਤੀ ਦੀ ਆਗਿਆਕਾਰੀ ਰਖੈਲ ਬਣ ਕੇ ਨਹੀਂ ਰਹਿ ਸਕਦੀ। ਹਰ ਔਰਤ ਆਪਣੇ ਪਤੀ ਉਤੇ ਅਧਿਕਾਰ ਚਾਹੁੰਦੀ ਹੈ, ਉਹ ਕਿਸੇ ਵੀ ਹਾਲਤ ਵਿਚ ਕਿਸੇ ਨਾਲ ਵੀ ਉਹਨੂੰ ਵੰਡ ਨਹੀਂ ਸਕਦੀ। ਇਸੇ ਕਰਕੇ ਉਹ ਔਰਤਪੁਣੇ ਤੋਂ ਵਾਂਝੀ ਰਹਿ ਕੇ ਪ੍ਰਤਿਰੋਧ ਕਰਦੀ ਆਪਣੇ ਆਪ ਨਾਲ ਸੰਘਰਸ਼ਰਤ ਹੈ। ਏਥੇ ਭੈਣ ਬਾਰੇ ਵਰਤੇ ਗਏ ਮੋਟਿਫ਼ ਬੜੇ ਮਾਅਨੇਖੇਜ਼ ਨੇ -

- **ਭੈਣ ਦੀਵਾਰ ਵਾਂਗ ਖੜ੍ਹੀ ਹੈ।**
- **ਉਸ ਦੀ ਜ਼ਿੱਦ ਉਸ ਤੋਂ ਵੱਡੀ ਹੈ।**
- **ਉਹ ਬਾਜੀ ਹਾਰ ਜਾਏਗੀ ਪਰ ਜ਼ਿੱਦ ਨਹੀਂ ਛੱਡੇਗੀ।**

ਇਹ ਤਿੰਨੇ ਮੋਟਿਫ਼ ਇਤਿਹਾਸਕ ਮਹੱਤਤਾ ਵਾਲੇ ਹਨ। ਜ਼ਿੱਦ ਮਨੁੱਖ ਦੀ ਹਓਂ 'ਤੇ ਟਿੱਕੀ ਹੋਈ ਹੈ ਤੇ ਹਓਂ ਦੀਵਾਰ ਵਾਂਗ ਖੜ੍ਹੀ ਹੈ। ਪਰ ਸੁਆਲ ਇਹ ਹੈ ਕਿ ਦੀਵਾਰ ਢਹਿ

ਕਿਉਂ ਨਹੀਂ ਜਾਂਦੀ ਤਾਂ ਕਿ ਸਥਿਤੀਆਂ ਤਣਾਓ ਮੁਕਤ ਹੋ ਸਕਣ ਪਰ ਏਥੇ ਸੁਆਲ ਦੀਵਾਰ ਦੇ ਢਹਿਣ ਦਾ ਨਹੀਂ ਸਗੋਂ ਕੁਰਬਾਨੀ ਦੇ ਉਸ ਜਜ਼ਬੇ ਦਾ ਹੈ ਜਿਸ ਕਰਕੇ ਮਨੁੱਖ ਸਿੱਧਾ ਖੜ੍ਹਾ ਹੈ। ਦੀਵਾਰ ਦਾ ਢਹਿ ਜਾਣਾ ਮਨੁੱਖ ਦੀ ਹਉਂ ਦਾ ਢਹਿ ਢੇਰੀ ਹੋ ਜਾਣਾ ਹੈ। ਏਸੇ ਕਰਕੇ ਰਚਨਾਕਾਰ ਨੇ ਵੱਡੀ ਭੈਣ ਦੇ ਪਾਤਰ ਨੂੰ ਸਪੇਸ ਦਿਤੀ ਹੈ। ਇਸ ਸਪੇਸ ਕਰਕੇ ਹੀ ਉਹ ਕਥਾ ਵਿਚ ਅਰਥਵਾਨ ਕੜੀ ਹੈ। ਇਹ ਕੜੀ ਪਰਿਵਾਰ ਦੀ ਹੋਣੀ ਦੇ ਨਾਲ ਵੀ ਜੁੜੀ ਹੋਈ ਹੈ।

ਇਸ ਤੋਂ ਅਗਲਾ ਬਿਰਤਾਂਤ ਪਰਿਵਾਰ ਦੇ ਮੁੱਖੀ ਦਾ ਹੈ ਜੋ ਸਾਰੇ ਪਾਤਰਾਂ ਦਾ ਧੁਰਾ ਹੈ। ਮੈਂ ਪਾਤਰ ਬੁੱਢੇ ਬਾਪ ਦੇ ਸਰਾਪੇ ਹੋਣ ਦੀ ਗੱਲ ਕਰਦੀ ਦੱਸਦੀ ਹੈ ਕਿ -

- **ਬਾਪੂ ਨੂੰ ਗੋਡਿਆਂ ਦੀ ਤਕਲੀਫ਼ ਹੈ।**
- **ਉਹ ਉੱਠ, ਬੈਠ, ਖੜ੍ਹਾ ਨਹੀਂ ਹੋ  ਸਕਦਾ।**
- **ਉਠਦੇ ਬੈਠਦੇ ਉਹ ਰੱਬ ਨੂੰ ਗਾਲ੍ਹਾਂ ਕੱਢਦਾ ਰਹਿੰਦਾ ਹੈ।**
- **ਰੱਬ ਉਹਦਾ ਕਰਜ਼ਈ ਜਾਪਦਾ ਹੈ।**
- **ਉਸ ਨੂੰ ਪਿਸ਼ਾਬ ਦੀ ਤਕਲੀਫ਼ ਵੀ ਹੈ।**
- **ਸਵੇਰੇ ਉਹਦਾ ਬਿਸਤਰ ਪਿਸ਼ਾਬ ਨਾਲ ਭਿੱਜਿਆ ਹੁੰਦਾ ਹੈ।**
- **ਉਹ ਆਪਣੀ ਕਿਸਮਤ 'ਤੇ ਰੋਂਦਾ ਹੈ, ਝੂਰਦਾ ਹੈ।**
- **ਜਿਹੜਾ ਸਾਹਮਣੇ ਆਵੇ ਉਹਨੂੰ ਗਾਲ੍ਹਾਂ ਕੱਢਦਾ ਹੈ।**
- **ਡਾਕਟਰ ਅਨੁਸਾਰ ਉਹਦੇ ਗਦੂਦ ਵਧੇ ਹੋਏ ਹਨ।**

ਅਜਿਹੀ ਲਾਚਾਰੀ ਵਿਚ ਉਹ ਕਿਸੇ ਦਾ ਕੁਝ ਨਹੀਂ ਕਰ ਸਕਦਾ। ਸਾਰਾ ਟੱਬਰ ਆਪਣੀ ਆਪਣੀ ਹੋਣੀ ਦੁਆਲੇ ਭਟਕਦਾ ਤ੍ਰਾਸਦੀ ਭੋਗ ਰਿਹਾ ਹੈ। ਬਾਪੂ ਕੋਲ਼ ਬਿਮਾਰੀ ਦੇ ਇਲਾਜ ਦੇ ਪੈਸੇ ਨਹੀਂ। ਹੋਰ ਕੋਈ ਉਹਦੇ ਲਈ ਤਰੱਦਦ ਨਹੀਂ ਕਰਦਾ। ਰੱਬ ਪ੍ਰਤੀ ਉਹਦੀ ਨਾਬਰੀ ਸੁਰ ਕੋਈ ਵੱਡਾ ਆਦਰਸ਼ ਸਿਰਜਣ ਦੇ ਕਾਬਲ ਨਹੀਂ। ਪੀੜਾਂ ਭੰਨਿਆ ਮਨੁੱਖ ਆਮ ਤੌਰ 'ਤੇ ਰੱਬ ਦੇ ਆਸਰੇ ਟਿਕੇ ਹੋਣ ਨੂੰ ਤਰਜੀਹ ਦੇਂਦਾ ਹੈ। ਪਰ ਮੈਂ ਦਾ ਪਿਓ ਨਹੀਂ। ਉਹਦੀ ਨਾਬਰੀ ਦਾ ਆਦਰਸ਼ ਏਨੀ ਕੁ ਟੇਕ ਜਰੂਰ ਸਿਰਜਦਾ ਹੈ ਜਦੋਂ ਮੈਂ ਪਾਤਰ ਦੇ ਅਨੰਦ ਕਾਰਜ ਲਈ ਵੱਡੀ ਭੈਣ ਦੇ ਜ਼ੋਰ ਪਾਉਣ 'ਤੇ ਉਹ ਬੜੀ ਮੁਸ਼ਕਲ ਨਾਲ ਮੰਨਦਾ ਹੈ। ਉਹ ਘਰ ਵਿਚ ਕੋਈ ਵੀ ਧਾਰਮਕ ਰਸਮ ਨਹੀਂ ਕਰਦਾ ਨਾ ਕੋਈ ਉਤਸਵ ਮਨਾਉਂਦਾ ਹੈ। ਉਹਦੀ ਨਾਬਰੀ ਦੇ ਨਿੱਜ ਤੱਕ ਸੀਮਤ ਰਹਿ ਜਾਣ ਦਾ ਸ਼ਾਇਦ ਵੱਡਾ ਕਾਰਣ ਇਹ ਵੀ ਹੈ ਕਿ ਉਹ ਸਰੀਰਕ ਪੱਖੋਂ ਲਾਚਾਰ ਹੈ।

ਅਗਲੀ ਬਿਰਤਾਂਤਕ ਲੜੀ ਵਿਚ ਨਿੱਕੀ ਭੈਣ ਦਾ ਵੇਰਵਾ ਹੈ। ਉਹ ਵੀ ਬੇਚੈਨੀ ਵਿਚ ਪਾਸੇ ਮਾਰ ਰਹੀ ਹੈ। ਕਦੇ ਹੱਥਲੇ ਗੱਤੇ ਨਾਲ ਹਵਾ ਝੱਲਣ ਲਗ ਜਾਂਦੀ ਹੈ। ਗਰਭ ਪੀੜਾ ਕਰਕੇ ਉਹ ਪਰੇਸ਼ਾਨ ਹੈ। ਪਹਿਲਾ ਜਣੇਪਾ ਪੇਕੇ ਘਰ ਕੱਟਣ ਲਈ ਆਈ ਹੈ। ਉਹ ਕਿਸੇ ਹੋਣੀ ਦੀ ਡੰਬੀ ਨਹੀਂ ਜਾਪਦੀ ਸਗੋਂ ਉਹਦਾ ਪਾਤਰ ਇਸ ਦੇ ਪਰਿਵਾਰ ਦੇ ਅੰਗ ਵੱਜੋਂ ਉਜਾਗਰ ਹੁੰਦਾ ਹੈ।

ਅਗਲੀ ਬਿਰਤਾਂਤਕ ਲੜੀ ਮਾਂ ਨਾਲ ਸੰਬੰਧਤ ਹੈ ਜੋ ਨਾਲ ਦੀ ਮੰਜੀ 'ਤੇ ਘੂਕ ਸੁੱਤੀ ਪਈ ਹੈ। ਮੰਜੇ 'ਤੇ ਡਿਗਦਿਆਂ ਉਹ ਸੌਂ ਗਈ। ਉਹਦੇ ਨਾਲ ਜੁੜੇ ਵੇਰਵੇ ਇਸ ਪ੍ਰਕਾਰ ਹਨ-

- **ਉਹ ਸਾਰਾ ਦਿਨ ਚੂਹੀ ਵਾਂਗ ਭੱਜੀ ਫਿਰਦੀ ਹੈ।**
- **ਘਰ ਦੇ ਪਸ਼ੂ ਤੋਂ ਲੈ ਕੇ ਬਾਪੂ ਨੂੰ ਸਾਂਭਦੀ ਹੈ।**
- **ਬਾਪੂ ਦੀਆਂ ਗਾਲ੍ਹਾਂ ਦਾ ਭਾਰ ਵੀ ਚੁਕਦੀ ਹੈ।**
- **ਸਾਰਾ ਕੁਝ ਪਾਣੀ ਵਾਂਗ ਪੀ ਜਾਂਦੀ ਹੈ।**
- **ਵੱਡੀ ਭੈਣ ਵੱਲ ਵੇਖ ਅੰਦਰ ਵੜ ਰੋਂਦੀ ਹੈ।**
- **ਭੈਣ ਨੂੰ ਆਪਣੀ ਸਥਿਤੀ ਜ਼ਾਹਰ ਨਹੀਂ ਹੋਣ ਦਿੰਦੀ।**

ਪਰਿਵਾਰ ਵਿਚ ਮਾਂ ਦਾ ਰੋਲ ਵੱਡਾ ਹੁੰਦਾ ਹੈ, ਜਿਥੇ ਬਾਪੂ ਲੇਟਵੇਂ ਦਾਅ (Horizontal) ਮੰਜੀ 'ਤੇ ਬਿਮਾਰ ਪਿਆ ਹੈ ਓਥੇ ਮਾਂ ਖੜ੍ਹਵੇਂ ਦਾਅ (Vertical) ਘਰ ਗ੍ਰਹਿਸਥੀ ਨੂੰ ਓਟਦੀ ਹੈ। ਪਰ ਸਥਿਤੀਆਂ ਅੱਗੇ ਉਹ ਵੀ ਬੇਵੱਸ ਹੈ। ਉਹ ਕਿਸੇ ਵੀ ਤਰ੍ਹਾਂ ਪਤੀ ਜਾਂ ਧੀ ਦੀ ਹੋਣੀ ਨੂੰ ਬਦਲਣ ਦੇ ਸਮਰੱਥ ਨਹੀਂ। ਉਹਦੀ ਭੱਜ ਦੌੜ ਕਰਕੇ ਘਰ-ਘਰ ਬਣਿਆ ਰਹਿੰਦਾ ਹੈ, ਭਾਵੇਂ ਕਿ ਚਾਰੇ ਪਾਸੇ ਘਰ ਦੇ ਜੀਅ ਹੋਣੀ ਦੇ ਸ਼ਿਕਾਰ ਬਣ ਕੇ ਤ੍ਰਾਸਦੀ ਭੋਗ ਰਹੇ ਹਨ। ਬਸ ਉਹਦੀ ਗਤੀਸ਼ੀਲਤਾ ਕਥਾ ਨੂੰ ਅੱਗੇ ਤੋਰਨ ਦਾ ਸਬੱਬ ਬਣਦੀ ਹੈ।

ਇਥੋਂ ਤੱਕ ਰਚਨਾਕਾਰ ਨੇ ਕਥਾ ਦੇ ਮੁੱਢਲੇ ਤੇ ਬੁਨਿਆਦੀ ਵੇਰਵੇ ਨੂੰ ਰੋਕ ਕੇ ਰਖਿਆ ਹੋਇਆ ਹੈ। ਦ੍ਰਿਸ਼ ਤੋਂ ਬਾਅਦ ਦ੍ਰਿਸ਼ ਬਦਲ ਕੇ ਵੱਖ-ਵੱਖ ਪਾਤਰਾਂ ਦੀ ਹੋਣੀ, ਬੇਬਸੀ, ਲਾਚਾਰੀ ਦੇ ਇਸ ਜੰਜਾਲ 'ਚੋਂ ਮੁਕਤੀ ਦੀ ਬਜਾਏ ਉਨ੍ਹਾਂ ਨੂੰ ਜੜ੍ਹ ਬਣਾ ਕੇ ਖੜ੍ਹਾ ਕੀਤਾ ਗਿਆ ਹੈ। ਉਂਜ ਕਥਾ ਨੂੰ ਗਤੀਸ਼ੀਲਤਾ ਉਨ੍ਹਾਂ ਦੇ ਕਰਮ ਵਿਚੋਂ ਮਿਲਦੀ ਹੈ। ਸਮਾਂ ਕਦੇ ਫੈਲਦਾ ਕਦੇ ਸੁੰਗੜਦਾ ਫਿਰ ਮੂਲ ਬਿਰਤਾਂਤ ਵੱਲ ਆਉਂਦਾ ਹੈ। ਮੈਂ ਪਾਤਰ ਆਸੇ ਪਾਸੇ ਪਏ ਘਰਦਿਆਂ ਤੋਂ ਤੇ ਉਨ੍ਹਾਂ ਦੇ ਜਾਗਦੇ ਹੋਣ ਤੋਂ ਦੁਚਿੱਤੀ 'ਚ ਹੈ ਕਿ ਰਣਜੀਤ ਨੂੰ ਕਿਵੇਂ ਸਮਝਾਵੇ। ਉਹ ਆਪਣੀ ਜ਼ਿੱਦ ਤੇ ਕਾਮ ਪੂਰਤੀ ਦੀ ਇੱਛਾ ਲਈ ਉਹਦੇ 'ਤੇ ਧੌਂਸ ਜਮਾਉਂਦਾ ਹੈ। ਉਹਦੇ ਲਈ ਔਰਤ ਜਾਇਦਾਦ ਵਾਂਗ ਹੈ ਤੇ ਉਹ ਹਰ ਹਫ਼ਤੇ ਔਰਤ ਦੀ ਪਿਆਰ ਖਿਚ ਕਰਕੇ ਨਹੀਂ ਸਗੋਂ ਕਾਮ ਪੂਰਤੀ ਦੀ ਇੱਛਾ ਲਈ ਫਿਰੋਜ਼ਪੁਰੋਂ ਚੱਲ ਕੇ ਸਹੁਰੇ ਘਰ ਆਉਂਦਾ ਹੈ ਤੇ ਫਿਰ ਕਿਸੇ ਪ੍ਰਕਾਰ ਦੀ ਨਾਂਹ-ਨੁਕਰ ਸੁਣਨ ਨੂੰ ਆਪਣੀ ਮਰਦਾਵੀਂ ਹਓਂ ਦਾ ਨਿਰਾਦਰ ਮੰਨਦਾ ਹੈ। ਰਣਜੀਤ ਦੇ ਬੋਲਾਂ 'ਚੋਂ ਗੁੱਸਾ, ਨਫ਼ਰਤ ਤੇ ਔਰਤ ਬਾਰੇ ਨੀਚ ਦ੍ਰਿਸ਼ਟੀ ਦਾ ਪਤਾ ਲਗਦਾ ਹੈ-

- **ਹੋਰ ਤੇਰੇ ਘਸਾੜ ਵੱਲ ਦੇਖਦਾ ਰਹਾਂ।**
- **ਤੂੰ ਸਾਲ਼ੀ ਬਰਫ ਦੀ ਸਿੱਲ**
- **ਠੰਡੀ ਤੀਵੀਂ।**
- **ਨਹੀਂ ਮੁਕਦੇ ਤੀਵੀਆਂ ਦੇ ਚਲਿਤਰ।**

ਉਹਦੇ ਗੁੱਸੇ ਤੇ ਨਫ਼ਰਤ ਵਿਚ ਸਿਰਫ਼ ਕਾਮ ਦਾ ਬੋਲਬਾਲਾ ਹੈ। ਉਹ ਇਹੀ ਚਾਹੁੰਦਾ ਹੈ ਕਿ ਜੇ ਉਹ ਹਫ਼ਤੇ ਬਾਅਦ ਸਫ਼ਰ ਕਰਕੇ ਆਵੇ ਤਾਂ ਔਰਤ ਬਿਨਾ ਕਿਸੇ ਉਜਰ ਦੇ ਆਪਣਾ ਆਪ ਉਹਦੇ ਅੱਗੇ ਪਰੋਸ ਦੇਵੇ। ਪਰ ਮੈਂ ਪਾਤਰ ਨੂੰ ਆਪਣੇ ਪੇਕੇ ਪਰਿਵਾਰ ਦੀ ਲਾਜ ਸ਼ਰਮ ਮਾਰਦੀ ਹੈ। ਸਾਰਿਆਂ ਸਾਹਮਣੇ ਉਹ ਕਿਵੇਂ ਭੋਗ ਦੀ ਵਸਤ ਬਣ ਜਾਵੇ। ਉਹਨੂੰ ਪਤੈ ਦੁੱਖ, ਪੀੜ ਨਾਲ ਕਰਾਹ ਰਿਹਾ ਬਾਪੂ ਜਾਗਦੈ। ਜੇ ਉਹਨੂੰ ਪਤਾ ਲਗ ਗਿਆ ਤਾਂ ਕੀ ਸੋਚੇਗਾ ਕਿ ਇਹ ਕੰਜਰ ਮੇਰਾ ਪਤਾ ਥੋੜ੍ਹਾ ਲੈਣ ਆਇਆ, ਮੇਰੇ ਸਿਰ ਸੁਆਹ ਪਾਉਣ ਆਇਆ। ਇਹੋ ਜਿਹੇ ਨਿੱਕੇ-ਨਿੱਕੇ ਵੇਰਵੇ ਕਥਾ ਨੂੰ ਗਤੀਸ਼ੀਲਤਾ ਦੇਂਦੇ ਅੰਦਰ ਪਏ ਅਰਥਾਂ ਨੂੰ ਅਗਰਭੂਮਿਤ ਕਰਦੇ ਹਨ। ਇਸ ਅਗਰਭੂਮਨ ਵਿਚੋਂ ਸਾਡੇ ਸਮਾਜ ਦਾ ਇਹ ਸੱਚ ਉਭਰਦਾ ਹੈ ਕਿ ਜੇ ਰੱਬ

ਇਕ ਪੁੱਤ ਦੇ ਦੇਵੇ। ਤਿੰਨ ਧੀਆਂ ਦਾ ਪਿਓ ਸਮਾਜਕ ਵਰਤਾਰੇ ਦਾ ਸ਼ਿਕਾਰ ਹੈ। ਇਸ ਵਿਚੋਂ ਰੱਬ ਪ੍ਰਤੀ ਉਹਦੀ ਨਾਬਰੀ ਉਭਰਦੀ ਹੈ ਜਦੋਂ ਉਹ ਕਹਿੰਦਾ ਹੈ -

- **ਕੋਈ ਰੱਬ ਰੁੱਬ ਨਹੀਂ, ਲੋਕ ਐਵੇਂ ਸਾਲ਼ੇ ਬਕਵਾਸ ਕਰਦੇ ਆ।**
- **ਨਰਕ ਸੁਰਗ ਸਭ ਏਥੇ ਹੀ ਆ।**
- **ਸਭ ਲੈਣ ਦੇਣ ਇਸ ਜਨਮ 'ਚ ਹੁੰਦੈ।**
- **ਜੁਆਈ ਕਦੇ ਪੁੱਤ ਨਹੀਂ ਬਣਦੇ।**
- **ਜੋ ਵੱਡੇ ਨੇ ਚੰਨ ਚਾੜ੍ਹਿਐ ਤਾਂ ਛੋਟਾ ਵੀ ਚਾੜ੍ਹੇਗਾ।**
- **ਇਕੱਲੀਆਂ ਧੀਆਂ ਦੇ ਬਾਪ ਨੂੰ ਲੋਭੀ ਜੁਆਈ ਮਿਲਦੇ ਨੇ।**
- **ਉਹ ਪੁੱਤ ਤਾਂ ਕੀ ਜੁਆਈ ਵੀ ਨਹੀਂ ਬਣਦੇ।**

ਇਹ ਸਾਰੇ ਵੇਰਵੇ ਸਾਡੇ ਸਮਾਜ-ਸਭਿਆਚਾਰ ਵਿਚੋਂ ਉਭਰਦੇ ਹਨ। ਪਿੱਤਰੀ ਸੱਤਾ ਵਿਚ ਔਰਤ/ਧੀ ਦਾ ਦਰਜਾ ਦੁਜੈਲਾ ਹੈ। ਪੁੱਤ ਦੀ ਕਮੀ ਧੀਆਂ ਦੇ ਬਾਪ ਨੂੰ ਮਰੋੜ ਕੇ ਰੱਖ ਦੇਂਦੀ ਹੈ। ਸਾਡੇ ਸਮਾਜਾਂ ਦੀ ਅਜਿਹੀ ਦਸ਼ਾ ਵਿਚ ਲੋਭ, ਲਾਲਸਾ ਭਾਰੂ ਤੱਤ ਹਨ।

ਰਣਜੀਤ ਦੀ ਦੂਸ਼ਿਤ ਮਾਨਸਿਕਤਾ ਉਦੋਂ ਪ੍ਰਗਟ ਹੁੰਦੀ ਹੈ ਜਦੋਂ ਇਕ ਦਿਨ ਉਹ ਵੱਡੀ ਭੈਣ ਦੀ ਪਿੱਠ 'ਤੇ ਚੂੰਢੀ ਭਰਦਾ ਹੈ। ਉਹ ਅੱਗੋਂ ਸਿਰਫ਼ ਏਨਾ ਹੀ ਕਹਿ ਸਕੀ- **ਦੁਨੀਆ 'ਚ ਔਰਤ ਮਰਦ ਦਾ ਸਿਰਫ਼ ਇਕੋ ਰਿਸ਼ਤਾ ਬਚਿਐ ਰਣਜੀਤ, ਬਾਕੀ ਰਿਸ਼ਤਿਆਂ ਦੇ ਕੋਈ ਅਰਥ ਨਹੀਂ।** ਉਹਨੇ ਸ਼ਾਇਦ ਭੈਣ ਨੂੰ ਘਰੋਂ ਕੱਢੀ ਗਾਂ ਸਮਝ ਲਿਆ ਸੀ। ਇਥੇ ਵੀ ਇਹ ਨੁਕਤਾ ਬੜਾ ਬਲਵਾਨ ਹੈ ਕਿ ਇਸ ਛੇੜਖਾਨੀ ਤੋਂ ਵੱਡੀ ਭੈਣ ਵੱਡਾ ਰੌਲਾ ਪਾ ਸਕਦੀ ਸੀ ਪਰ ਉਹਦੇ ਸਾਹਮਣੇ ਪਿੱਤਰੀ ਸਮਾਜ ਹੈ, ਪਿਤਾ ਦੀ ਲਾਜ ਹੈ, ਭੈਣ ਦਾ ਘਰ ਹੈ, ਹੋ ਸਕਦੈ ਉਲਟੀ ਊਂਜ ਲਾ ਕੇ ਪਿੱਤਰੀ ਸੱਤਾ ਉਹਨੂੰ ਬਦਨਾਮ ਕਰ ਦੇਵੇ। ਅਜਿਹੀਆਂ ਸੰਭਾਵਨਾਵਾਂ ਵਿਚੋਂ ਉਹ ਮੱਧ ਮਾਰਗ ਚੁਣਦੀ ਹੈ ਤਾਂ ਕਿ ਪਰਿਵਾਰ ਦੀ ਬਣੀ ਬਣਾਈ ਇੱਜ਼ਤ ਕਾਇਮ ਰਹੇ। ਉਹ ਆਪਣਾ ਜ਼ੇਰਾ, ਜ਼ਿੱਦ, ਦਬੰਗਪੁਣਾ ਸਾਰਾ ਕੁਝ ਖਾਰਜ ਕਰ ਦੇਂਦੀ ਹੈ।

ਮੈਂ ਪਾਤਰ ਨੂੰ ਉਸ 'ਤੇ ਤਰਸ ਵੀ ਆਉਂਦਾ ਹੈ ਕਿ ਉਹਦਾ ਹੌਂਸਲਾ ਕੇਡਾ ਵੱਡਾ ਹੈ। ਆਪਣੇ ਮਰਦ ਤੋਂ ਬਿਨਾਂ ਪੰਜ ਸਾਲ ਹੋ ਗਏ ਪੇਕਿਆਂ ਦੇ ਮੰਜੇ 'ਤੇ ਪਿਆਂ। ਏਨੇ 'ਚ ਤਾਂ ਔਰਤ ਪਾਗਲ ਹੋ ਜਾਂਦੀ ਐ। ਚੜ੍ਹਦੀ ਉਮਰੇ ਕਾਮ ਦਾ ਵੇਗ ਤਾਂ ਅੰਨ੍ਹਾ ਹੁੰਦੈ। ਪਰ ਔਰਤ ਦੀ ਜ਼ਿੱਦ ਤੇ ਕਾਮ ਦੋਵੇਂ ਆਪਣੀ ਆਪਣੀ ਸਪੇਸ ਮਲ ਕੇ ਬੈਠੇ ਹਨ। ਇਸ ਅਡੋਲਤਾ ਵਿਚ ਕੁਰਬਾਨੀ ਜਾਂ ਤਬਾਹ ਹੋ ਜਾਣ ਦਾ ਜਜ਼ਬਾ ਪਿਆ ਹੈ। ਕਦੇ ਕਦੇ ਮੈਂ ਦਾ ਦਿਲ ਕਰਦੈ ਕਿ ਉਹ ਰਣਜੀਤ ਨੂੰ ਕੁਝ ਦਿਨਾਂ ਲਈ ਭੈਣ ਨੂੰ ਉਧਾਰਾ ਦੇ ਦੇਵੇ, ਪਰ ਮਰਦ ਕਿਸੇ ਨੂੰ ਵੀ ਉਧਾਰਾ ਨਹੀਂ ਦਿਤਾ ਜਾ ਸਕਦਾ ਭਾਵੇਂ ਉਹ ਭੈਣ ਹੀ ਕਿਉਂ ਨਾ ਹੋਵੇ। ਭੈਣ ਦੀ ਤ੍ਰਾਸਦਿਕ ਹਾਲਤ ਵਿਚੋਂ ਜ਼ਿੱਦ ਖ਼ਤਰਨਾਕ ਹਾਲਤ 'ਤੇ ਪਹੁੰਚੀ ਹੋਈ ਹੈ। ਕਾਮ, ਹਿੰਸਾ, ਬਦਲਾ, ਨਫ਼ਰਤ, ਪਿਆਰ ਦੁਜੈਲੇ ਹਨ। ਉਹਨੂੰ ਲਗਦੈ -

- **ਭੈਣ ਪਤਾ ਨਹੀਂ ਚੰਦਰੀ ਕਿਹੜੀ ਮਿੱਟੀ ਦੀ ਬਣੀ ਹੈ ?**
- **ਪਸ਼ੂ ਪੰਛੀ ਵੀ ਕਲੋਲਾਂ ਕਰਦੇ ਨੇ**
- **ਕਿੰਨਾ ਔਖੈ ਆਪਣੇ ਆਪ ਨੂੰ ਮਾਰਨਾ**
- **ਤੇ ਮਰ ਕੇ ਜੀਣਾ।**

ਮਰ ਕੇ ਜੀਣ ਵਿਚ ਵਿਚਲਾ ਰਾਹ ਜਾਂ ਸਮਝੌਤੇ ਵਰਗੇ ਸਰੋਕਾਰ ਇਥੇ ਕੋਈ ਅਰਥ ਨਹੀਂ

ਰਖਦੇ। ਅਜਿਹੀ ਸਥਿਤੀ ਵਿਚ ਉਹਨੂੰ ਝੁਕਣ ਨਾਲੋਂ ਟੁੱਟਣਾ ਮੰਜੂਰ ਹੈ। ਇਹ ਸ਼ਹਾਦਤ ਦਾ ਜਾਮ ਪੀਣ ਵਰਗੇ ਅਰਥ ਰੱਖਦਾ ਹੈ।

ਇਸ ਤੋਂ ਅੱਗੇ ਕਹਾਣੀ ਫਿਰ ਪਹਿਲੇ ਵਾਲੀ ਸਮੱਸਿਆ 'ਤੇ ਗਤੀਸ਼ੀਲ ਹੁੰਦੀ ਹੈ। ਕੁੱਤੇ ਦੇ ਭੌਂਕਣ ਨਾਲ ਮੈਂ ਦੀ ਸੋਚ ਵਾਪਸ ਪਹਿਲਾਂ ਵਾਲੀ ਸਥਿਤੀ 'ਤੇ ਆ ਜਾਂਦੀ ਹੈ। ਇਸ ਵਿਚ ਅਨੇਕਾਂ ਵੇਰਵੇ ਉਭਰਦੇ ਹਨ -

- **ਰਣਜੀਤ ਦੀ ਜ਼ਿੱਦ**
- **ਉਹਨੂੰ ਵੱਡੇ ਛੋਟੇ ਦੀ ਕੋਈ ਸ਼ਰਮ ਨਹੀਂ**
- **ਸਿਰਫ਼ ਕਾਮ ਪੂਰਤੀ ਚਾਹੁੰਦਾ ਹੈ**
- **ਮੈਂ ਲਈ ਮਾਂ ਧੀ, ਪਿਓ ਧੀ, ਭੈਣ ਦੇ ਰਿਸ਼ਤੇ ਪਵਿਤਰ**
- **ਅਖੀਰ ਰਣਜੀਤ ਦਾ ਦਾਬਾ ਕਿ ਕੁੱਤੀਏ ਤੇਰੇ ਵਰਗੀਆਂ ਤੀਵੀਆਂ ਆਦਮੀ ਨੂੰ ਹੋਰ ਪਾਸੇ ਮੂੰਹ ਮਾਰਨ ਲਈ ਮਜਬੂਰ ਕਰਦੀਆਂ ਨੇ**
- **ਦੂਜਾ ਦਾਬਾ ਕਿ ਪ੍ਰੀਤੋ ਅਜੇ ਵਿਆਹੀ ਨਹੀਂ**
- **ਇਹ ਫੁੰਕਾਰਾ, ਲਲਕਾਰਾ ਹਰ ਮਰਦ ਦੀ ਢਾਲ ਹੁੰਦੈ। ਇਹਦੇ 'ਤੇ ਉਹ ਫ਼ਖ਼ਰ ਕਰਦੈ।**
- **ਮੈਂ ਸੋਚਦੀ ਜੇ ਅਜਿਹਾ ਫੁੰਕਾਰਾ, ਲਲਕਾਰਾ ਉਹ ਵੀ ਮਾਰ ਦਵੇ ਤਾਂ ?**
- **ਮਰਦ ਦੀ ਸਾਰੀ ਮਰਦਾਨਗੀ ਗਰਕ ਜਾਏਗੀ।**

ਪ੍ਰੀਤੋ ਦਾ ਨਾਂ ਸੁਣ ਮੈਂ ਦਾ ਮੂੰਹ ਬਕਬਕਾ ਹੋ ਗਿਆ। ਇਹ ਰਣਜੀਤ ਦਾ ਖੇਡਿਆ ਜੇਤੂ ਦਾਅ ਸੀ ਕਿ ਉਹ ਉਹਦਾ ਹੱਥ ਫੜ ਕੇ ਹਨੇਰੀ ਬੈਠਕ ਵੱਲ ਤੁਰ ਪਵੇਗੀ। ਏਥੇ ਸਥਿਤੀ ਬੜੀ ਅਰਥਵਾਨ ਬਣ ਜਾਂਦੀ ਹੈ। ਇਸ ਤਣਾਓ ਵਿਚ ਹਾਰ ਜਿੱਤ ਜਾਂ ਹਓਂ ਦਾ ਫ਼ੈਸਲਾ ਕਿਵੇਂ ਹੋਵੇਗਾ। ਦੋਵੇਂ ਧਿਰਾਂ ਅਜੇ ਤਣਾਓ ਦੀ ਕਸ ਵਿਚ ਹਨ। ਇਕ ਧਿਰ ਕਾਮ ਬਾਣਾਂ ਦੀ ਵਿੰਨ੍ਹੀ ਪਈ ਹੈ ਜਦ ਕਿ ਦੂਜੀ ਧਿਰ ਨੂੰ ਜਾਪਦੈ ਜਿਵੇਂ ਸਾਰਾ ਪਰਿਵਾਰ ਸੁੰਗੜ ਕੇ ਮੰਜਿਆਂ 'ਤੇ ਦੁਬਕ ਗਿਐ, ਜਿਵੇਂ ਬਿਨਾ ਧੜਾਂ ਤੋਂ ਲਾਸ਼ਾਂ ਹੋਣ। ਉਹਨੂੰ ਪਿਓ ਦੇ ਵਿਹੜੇ 'ਚੋਂ ਪੁਰਖਿਆਂ ਦੀਆਂ ਅੱਖਾਂ ਘੂਰ ਰਹੀਆਂ ਜਾਪਦੀਆਂ ਹਨ। ਮਾਪਿਆਂ ਦਾ ਘਰ ਖ਼ੈਰ ਮੰਗਦਾ ਪ੍ਰਤੀਤ ਹੁੰਦਾ ਹੈ। ਇਨ੍ਹਾਂ ਵੇਰਵਿਆਂ ਵਿਚ ਰਿਸ਼ਤਿਆਂ, ਨਾਤਿਆਂ, ਮਾਣ ਮਰਿਆਦਾ, ਨੈਤਿਕਤਾ, ਭੈਅ, ਡਰ ਦਾ ਭੇੜ → ਕਾਮ+ਹਿੰਸਾ+ਧੌਂਸ ਨਾਲ ਹੁੰਦਾ ਹੈ। ਰਚਨਾਕਾਰ ਕਾਮ ਨੂੰ ਮਹਾਂਬਲੀ ਦੇ ਰੂਪ ਵਿਚ ਹਰ ਸਰੋਕਾਰ ਨੂੰ ਨਾਗਵਲ ਮਾਰਦੇ ਦਿਖਾਂਦਾ ਹੈ। ਏਥੇ ਫੇਰ ਕਥਾ ਰੋਕ ਕੇ ਰਚਨਾਕਾਰ ਇਕ ਨਵੇਂ ਬਿਰਤਾਂਤ ਨੂੰ ਸਿਰਜਦਾ ਹੈ।

ਅੰਟੀ ਨਸੀਬੋ ਦਾ ਬਿਰਤਾਂਤ ਮਰਦ ਦੀ ਮਰਦਾਨਗੀ, ਕਾਮ, ਪਿੱਤਰੀ ਸੱਤਾ ਦੇ ਭੇਦ ਖੋਲ੍ਹਦਾ ਹੈ -

- **ਧੀਆਂ ਮਾਂ ਤੇ ਜਾਂਦੀਆਂ ਨੇ, ਮੁੰਡੇ ਲੰਡਰ ਪਿਓ 'ਤੇ।**
- **ਇਹ ਆਦਮੀ ਸਾਡੀ ਮਿੱਟੀ 'ਚੋਂ ਜੰਮਿਐ, ਇਕ ਦਿਨ ਸਾਡੀ ਧੁੰਨੀ 'ਤੇ ਲੱਤ ਮਾਰ ਕੇ ਤੁਰਦਾ ਬਣਦੈ।**
- **ਇਸ ਤੋਂ ਵਫ਼ਾ ਦੀ ਆਸ ਨਹੀਂ**
- **ਮਰਦ ਤੇ ਘੋੜਾ ਇਕੋ ਚੀਜ਼ ਦਾ ਨਾਂ ਏ ਧੀਏ**
- **ਖੁਲ੍ਹੇ ਛੱਡੋ ਦੋਵੇਂ ਬੇਕਾਬੂ ਹੋ ਜਾਂਦੇ ਨੇ**

- **ਤੀਵੀਂ ਦੂਰ ਹੋਵੇ ਤਾਂ ਰੱਸਾ ਤੁੜਾਂਦੇ ਨੇ**
- **ਤੀਵੀਂ ਦੀਆਂ ਬਾਹਾਂ 'ਚ ਕਾਬੂ ਰਹਿੰਦੇ ਨੇ।**

ਇਹ ਸਾਰੇ ਵੇਰਵੇ ਇਸ ਕਹਾਣੀ ਦੇ ਆਰ ਪਾਰ ਫੈਲੇ ਹੋਏ ਹਨ। ਅੰਟੀ ਦਾ ਆਪਣਾ ਦੁਖਾਂਤ ਹੈ ਕਿਉਂਕਿ ਸ਼ਕਲ ਸੂਰਤ ਤੋਂ ਉਘੜੀ ਦੁਗੜੀ ਆਂਟੀ ਨੂੰ ਉਹਦਾ ਪਤੀ ਸਾਲ ਬਾਅਦ ਛੱਡ ਕੇ ਕਿਸੇ ਹੋਰ ਨਾਲ ਨਿਕਲ ਜਾਂਦਾ ਹੈ। ਉਹਦਾ ਮੁੰਡਾ ਵਿਆਹ ਕਰਵਾ ਕੇ ਦੂਸਰੇ ਸ਼ਹਿਰ ਰਹਿਣ ਲੱਗ ਜਾਂਦਾ ਹੈ। ਮਰਦ ਤੋਂ ਵਿਛੁੰਨੀ ਅੰਟੀ ਪਹਿਲਾਂ ਪਤੀ ਤੋਂ ਵਿਰਵੀ ਹੁੰਦੀ ਹੈ ਫਿਰ ਪੁੱਤ ਤੋਂ।

ਕਹਾਣੀ ਦੇ ਅੰਤਿਮ ਪੜਾਅ 'ਤੇ ਵੱਡੀ ਭੈਣ ਦੇ ਬੋਲ - **ਜਾ ਬੈਠਕ 'ਚ ਮੰਜੀ ਪਈ ਹੈ। ਸਿਆਣੀ ਬਣ। ਜ਼ਿੱਦ ਨੀ ਕਰਦੇ। ਸਾਡੇ ਨਸੀਬਾਂ 'ਚ ਇਹੀ ਕੁਝ ਐ, ਜਾ ਮੇਰੀ ਸਿਆਣੀ ਭੈਣ**। ਇਸ ਨਾਲ ਕਹਾਣੀ ਵਿਚਲਾ ਤਨਾਓ ਖਾਰਜ ਹੋ ਜਾਂਦਾ ਹੈ। **ਮੈਂ ਨੂੰ ਤੁਰਦਿਆਂ ਜਾਪਦਾ ਹੈ ਜਿਵੇਂ ਮੇਰੇ 'ਚ ਮੈਂ ਨਹੀਂ, ਅਣ-ਦੇਖੀ ਪ੍ਰੀਤੋ ਤੁਰ ਰਹੀ ਹੋਵੇ, ਵੱਡੀ ਭੈਣ ਤੁਰ ਰਹੀ ਹੋਵੇ।** ਨਸੀਬਾਂ ਦਾ ਸਹਾਰਾ ਲੈਂਦੀ ਵੱਡੀ ਭੈਣ ਦਾ ਪਾਤਰ ਇਥੇ ਆ ਕੇ ਕੁਝ ਕਮਜ਼ੋਰੀ ਦਿਖਾਂਦਾ ਹੈ ਪਰ ਇਹਦੀ ਇਹ ਖੂਬੀ ਵੀ ਹੈ ਕਿ ਉਹ ਨਹੀਂ ਚਾਹੁੰਦੀ ਕਿ ਜੀਜੇ ਦੀ ਸਰੀਰਕ ਇਛਾ ਅਧੂਰੀ ਰਹਿਣ ਕਰਕੇ ਉਹਦੀ ਭੈਣ ਵੀ ਉਹਦੇ ਵਾਂਗ ਪਿਓ ਦੀ ਦਹਿਲੀਜ਼ 'ਤੇ ਆ ਬੈਠੇ।

ਸਮੁੱਚੀ ਕਹਾਣੀ ਦੀ ਅਰਥ ਤੋਰ ਪਰਤ ਦਰ ਪਰਤ ਔਰਤ ਦੀ ਤ੍ਰਾਸਦਕ ਹੋਣੀ ਨੂੰ ਪੇਸ਼ ਕਰਦੀ ਹੈ। ਪਿੱਤਰੀ ਸੱਤਾ ਦੇ ਦਾਬੇ ਹੇਠ ਔਰਤ ਦੀ ਸਥਿਤੀ ਸਿਰਫ਼ ਇਕ ਭੋਗਣਹਾਰੀ ਵਸਤੂ ਵਾਂਗ ਹੈ। ਕਹਾਣੀਕਾਰ ਨੇ ਬਿਰਤਾਂਤਕ ਲੜੀਆਂ ਵਿਚ ਕਾਮ ਦੇ ਬਹੁਤੇ ਭੇਦ ਨਹੀਂ ਖੋਲ੍ਹੇ ਸਗੋਂ ਉਹਨੂੰ ਪਿੱਤਰੀ ਸੱਤਾ ਦੇ ਮਹਾਂ ਚਿੰਨ੍ਹ ਦਾ ਹਥਿਆਰ ਬਣਾ ਦਿਤਾ ਹੈ। ਔਰਤ ਦੀ ਜ਼ਿੱਦ ਵੀ ਅੱਗੇ ਜਾ ਕੇ ਹਾਰ ਜਾਂਦੀ ਹੈ। ਜਿਹੜੀ ਵੱਡੀ ਭੈਣ ਆਪਣੇ ਪਤੀ ਸਾਹਮਣੇ ਆਪਣੀ ਜ਼ਿੱਦ ਦੇ ਆਸਰੇ ਟੱਕਰ ਲੈ ਕੇ ਸ਼ਹਾਦਤ ਦੇਣ ਲਈ ਤਿਆਰ ਹੈ ਉਹੀ ਛੋਟੀ ਭੈਣ ਦੀ ਜ਼ਿੱਦ ਨੂੰ ਖਾਰਜ ਕਰ ਦੇਂਦੀ ਹੈ। ਔਰਤਾਂ ਚਾਹੁੰਦੀਆਂ ਹੋਈਆਂ ਵੀ ਸ਼ਕਤੀ ਦਾ ਚਿੰਨ੍ਹ ਨਹੀਂ ਬਣ ਸਕਦੀਆਂ। ਅਖੀਰ 'ਤੇ ਨਸੀਬਾਂ ਦੀ ਗੱਲ ਕਰਕੇ ਔਰਤ ਦੀ ਹੋਣੀ ਨੂੰ ਪਰਵਾਨ ਕਰ ਲਿਆ ਗਿਆ ਹੈ। ਜਿੱਤ ਨਾ ਮੈਂ ਦੀ ਹੁੰਦੀ ਹੈ ਨਾ ਪ੍ਰੀਤੋ ਦੀ ਨਾ ਵੱਡੀ ਭੈਣ ਦੀ ਸਗੋਂ ਪਿੱਤਰੀ ਸੱਤਾ ਲਈ ਇਹ ਉਹੀ ਭੋਗਣਹਾਰ ਵਸਤੂਆਂ ਵਜੋਂ ਪੇਸ਼ ਹੁੰਦੀਆਂ ਹਨ। ਰਣਜੀਤ ਦਾ ਦਾਬਾ ਕਿ ਅਜੇ ਪ੍ਰੀਤੋ ਵਿਆਹੀ ਨਹੀਂ। ਵਿਆਹ ਬਾਹਰੇ ਰਿਸ਼ਤੇ ਦੀ ਮਰਦਾਵੀਂ ਲਲਕਾਰ ਹੈ, ਵੱਡੀ ਸਾਲ਼ੀ ਨੂੰ ਉਹ ਘਰੋਂ ਕੱਢੀ ਗਾਂ ਸਮਝਦਾ ਹੈ। ਪਤਨੀ ਨੂੰ ਉਹ ਜਾਇਦਾਦ ਸਮਝਦਾ ਹੈ। ਇਸ ਤਰ੍ਹਾਂ ਇਕ ਪਾਸੇ ਔਰਤ ਮਰਦ ਦੇ ਰਿਸ਼ਤੇ ਦੀ ਪਾਕੀਜ਼ਗੀ ਹੈ ਦੂਸਰੇ ਪਾਸੇ ਸਿਰਫ਼ ਕਾਮ ਅਥਵਾ ਔਰਤ ਦੇ ਨੀਵੇਂ ਦਰਜੇ ਦੀ ਗੱਲ ਕੀਤੀ ਗਈ ਹੈ। ਦਾਤੇਵਾਸ ਕੋਲ ਬੜੀ ਸਮਰੱਥ ਕਥਾ ਭਾਸ਼ਾ ਹੈ। ਉਹ ਨਿੱਕੇ ਨਿੱਕੇ ਵਾਕੰਸ਼ਾਂ ਨਾਲ ਸਥਿਤੀ ਦਾ ਪ੍ਰਭਾਵ ਸਿਰਜ ਕੇ ਉਸਨੂੰ ਗੂੜ੍ਹਾ ਕਰ ਦੇਂਦਾ ਹੈ। ਭਾਸ਼ਾ ਸੰਚਾਰ ਦੇ ਪੱਧਰ 'ਤੇ ਘੱਟ ਤੇ ਮਾਨਸਿਕ ਪੱਧਰ 'ਤੇ ਵਧੇਰੇ ਵਿਚਰਦੀ ਹੈ। ਅਜਿਹੀ ਖੂਬਸੂਰਤ ਕਹਾਣੀ ਵਿਚਲੇ ਚਿੰਨ੍ਹ ਪਾਠਕ ਨੂੰ ਜਕੜ ਕੇ ਰਖਦੇ ਹਨ। ਇਸਦੀ ਗਹਿਨ ਸੰਰਚਨਾ ਵਿਚਲੇ ਅਰਥਾਂ ਨੂੰ ਅਸਾਂ ਪਾਠਕੀ ਨਜ਼ਰੀਏ ਤੋਂ ਲੱਭਣ ਦਾ ਸੰਖੇਪ ਜਿਹਾ ਜਤਨ ਕੀਤਾ ਹੈ।

***

94173-58120

# ਦਿਹਾਤੀ ਸਮਾਜ ਦੇ ਮਨੋਵਿਗਿਆਨ ਦੀ ਸਟੀਕ ਪੇਸ਼ਕਾਰੀ ਵਾਲਾ ਸੀ -ਜਗਰੂਪ ਸਿੰਘ ਦਾਤੇਵਾਸ

**-ਜੇ.ਬੀ.ਸੇਖੋਂ**

ਜਗਰੂਪ ਸਿੰਘ ਦਾਤੇਵਾਸ ਪੰਜਾਬੀ ਕਹਾਣੀ ਦਾ ਅਹਿਮ ਹਸਤਾਖ਼ਰ ਹੋਇਆ ਹੈ। ਉਹ ਇਸ ਵੇਲੇ ਭੌਤਿਕ ਰੂਪ ਵਿੱਚ ਇਸ ਦੁਨੀਆ ਦਾ ਹਿੱਸਾ ਨਹੀਂ ਪਰ ਉਸ ਵਲੋਂ ਲਿਖੀਆਂ ਗਿਆਰਾਂ ਕਹਾਣੀਆਂ ਵੀਹਵੀਂ ਸਦੀ ਦੇ ਆਖਰੀ ਦੋ ਦਹਾਕਿਆਂ ਦੀ ਪੰਜਾਬੀ ਕਹਾਣੀ ਵਿੱਚ ਆਪਣਾ ਵਿਸ਼ੇਸ਼ ਸਥਾਨ ਰੱਖਦੀਆਂ ਹਨ। ਦਾਤੇਵਾਸ ਦੀ ਕਹਾਣੀ ਸਾਹਿਤਕ ਮੈਗਜ਼ੀਨਾਂ ਵਿੱਚ ਛੱਪਦੇ ਸਾਰ ਹੀ ਚਰਚਾ ਦਾ ਵਿਸ਼ਾ ਬਣਦੀ ਸੀ ਪਰ ਉਸਦੇ ਫ਼ੌਤ ਹੋਣ ਮਗਰੋਂ ਉਸਦੀ ਕਹਾਣੀ ਕਲਾ ਇਕ ਯਾਦ ਬਣ ਗਈ ਜਿਸ ਵਿੱਚ ਉਸਦਾ ਬਿਰਤਾਂਤ ਪਾਠਕਾਂ ਦੀ ਥਾਂ ਉਸਦੇ ਮਿੱਤਰ ਘੇਰੇ ਵਾਲੇ ਲੇਖਕਾਂ ਦੀ ਗੱਲਬਾਤ ਤੱਕ ਸਿਮਟ ਗਿਆ। ਦਾਤੇਵਾਸ ਨੇ ਆਪਣੀ ਲਿਖਣ ਯਾਤਰਾ ਮਿੰਨੀ ਕਹਾਣੀ ਤੋਂ ਸ਼ੁਰੂ ਕੀਤੀ ਪਰ ਉਸਦੀ ਪਛਾਣ ਮਿੰਨੀ ਕਹਾਣੀ ਦੀ ਥਾਂ 'ਨਿੱਕੀ ਕਹਾਣੀ' ਵਾਲੇ ਰਚਨਾ ਧਰਾਤਲ 'ਤੇ ਹੀ ਬਣੀ। ਜਗਰੂਪ ਸਿੰਘ ਦਾਤੇਵਾਸ ਮਾਲਵਾ ਖੇਤਰ ਦੀ ਨਿਮਨ ਕਿਸਾਨੀ ਦੇ ਸੰਤਾਪ ਵਿੱਚੋਂ ਉੱਠਿਆ ਕਹਾਣੀਕਾਰ ਸੀ ਜਿਸਦੀ ਕਹਾਣੀ ਵਿੱਚ ਇਸ ਵਰਗ ਦੀਆਂ ਚੀਸਾਂ ਭਲੀਭਾਂਤ ਪਛਾਣ ਹੁੰਦੀਆਂ ਹਨ। ਉਹ ਨਿਮਨ ਕਿਸਾਨੀ ਵਰਗ ਦੀਆਂ ਅੰਦਰਲੀਆਂ ਤੁਰਸ਼ੀਆਂ ਅਤੇ ਅਖੌਤੀ 'ਸਰਦਾਰੀ' ਦੇ ਦਵੰਦ ਦਾ ਕਥਾਕਾਰ ਹੈ ਜਿਸਦੀ ਕਹਾਣੀ ਵਿੱਚ ਦਿਹਾਤੀ ਸਮਾਜ ਦੇ ਨਸਲੀ ਮਨੋ ਵਿਗਿਆਨ ਦਾ ਮਾਰਮਿਕ ਪ੍ਰਗਟਾਵਾ ਮਿਲਦਾ ਹੈ। ਸਿਰਫ਼ ਗਿਆਰਾਂ ਕਹਾਣੀਆਂ ਦੀ ਸਿਰਜਣਾ ਵਾਲੇ ਦਾਤੇਵਾਸ ਦੇ ਕਥਾ ਸੰਸਾਰ ਦਾ ਗਿਣਾਤਮਿਕ ਘੇਰਾ ਛੋਟਾ ਪਰ ਗੁਣਾਤਮਿਕ ਦਾਇਰਾ ਵਿਸ਼ਾਲ ਹੈ। ਉਸਦੀ ਲਿਖਤ ਦਾ ਆਪਣਾ ਸੱਚ ਹੈ ਜਿਹੜਾ ਹੱਢੀਂ ਹੰਢਾਏ ਅਨੁਭਵ ਵਿੱਚੋਂ ਨਿਕਲਿਆ ਹੈ। ਇਹ ਅਨੁਭਵ ਉਸਦੀ ਕਹਾਣੀ ਦੀ ਵਸਤੂ ਦੇ ਨਾਲ ਨਾਲ ਉਸਦੀ ਕਥਾ ਸ਼ੈਲੀ ਵਿੱਚੋਂ ਡੁਲਕਦਾ ਹੈ। ਇਸੇ ਕਰਕੇ ਦਾਤੇਵਾਸ ਦੀ ਕਹਾਣੀ ਨੂੰ ਪੜ੍ਹਦਿਆਂ ਇਕ ਨਿਪੁੰਨ ਕਥਾ ਸ਼ਿਲਪੀ ਦੀ ਰਚਨਾ ਵਿੱਚੋਂ ਗੁਜ਼ਰਨ ਦਾ ਅਹਿਸਾਸ ਹੁੰਦਾ ਹੈ। ਉਹ ਪੇਂਡੂ ਸਮਾਜ ਦੀ ਸਾਇਕੀ ਨੂੰ ਸਮਝਣ ਵਾਲਾ ਅਤੇ ਇਸਨੂੰ ਸਟੀਕਤਾ ਨਾਲ ਕਥਾ ਸੰਗਠਨ ਵਿੱਚ ਢਾਲਣ ਵਾਲਾ ਕਥਾਕਾਰ ਹੋਇਆ ਹੈ। ਦਾਤੇਵਾਸ ਦੀ ਕਹਾਣੀ ਪਿੰਡ ਦੀ ਸਮਾਜਿਕ ਬਣਤਰ ਨੂੰ ਸਿੱਧ ਪੱਧਰੇ ਅਤੇ ਤਰਵੇਂ ਕਥਾ ਅੰਦਾਜ਼ ਵਿੱਚ ਪੇਸ਼ ਨਹੀਂ ਕਰਦੀ ਸਗੋਂ ਪਿੰਡ ਦੀ ਸਭਿਆਚਾਰਕ ਇਕਾਈ ਵਿੱਚ ਘਿਰੇ ਬੰਦੇ ਦੇ ਮਨੋਵਿਗਿਆਨ ਦੀ ਯਥਾਰਥਿਕ ਪੇਸ਼ਕਾਰੀ ਵਾਲੀ ਬਣਦੀ ਹੈ। ਲੇਖਕ ਕੋਲ ਮਰਦਾਵੇਂ ਦਾਬੇ ਵਾਲੇ ਪੇਂਡੂ ਸਮਾਜ ਦੀਆਂ ਬੇਤਰਤੀਬੀਆਂ ਨੂੰ ਵੇਖਣ ਵਾਲੀ ਲੇਖਕੀ ਅੱਖ ਹੈ ਜਿਸ ਦੁਆਰਾ ਉਹ ਪੰਜਾਬ ਦੇ ਅਰਧ ਜਗੀਰੂ ਦਿਹਾਤੀ ਸਮਾਜ ਵਿੱਚ ਮੌਨ ਹੋਈਆਂ ਧਿਰਾਂ ਨੂੰ ਜ਼ੁਬਾਨ ਦੇਣ ਦਾ ਬਿਰਤਾਂਤਕ ਬੱਲ ਰੱਖਦਾ ਹੈ। ਇਹ ਧਿਰਾਂ ਪੇਡੂ ਔਰਤਾਂ, ਛੜੇ ਬੰਦਿਆਂ, ਦਲਿਤਾਂ, ਸੀਰੀਆਂ ਅਤੇ ਨਿਮਨ ਕਿਸਾਨੀ ਦੇ ਪਾਤਰਾਂ ਵੱਜੋਂ ਆਪਣੀ ਸਮਾਜਿਕ ਸਪੇਸ ਲਈ ਛਿਟਪਟਾਉਂਦੀਆਂ ਹਨ। ਦਾਤੇਵਾਸ ਜਿਸ ਸਮੇਂ ਨੂੰ ਆਪਣੀ ਕਹਾਣੀ ਵਿੱਚ ਵਿਉਂਤਦਾ ਹੈ ਉਹ ਸਮਾਂ ਪੰਜਾਬ ਅੰਦਰ ਹਰੀ ਕ੍ਰਾਂਤੀ ਤੋਂ ਬਾਅਦ ਦੀ 'ਖੁਸ਼ਹਾਲੀ' ਨਾਲ ਧਨੀ ਕਿਰਸਾਨੀ ਦੀ ਚੜ੍ਹਤ ਅਤੇ ਨਿਮਨ ਕਿਸਾਨੀ ਦੇ ਹਾਸ਼ੀਅਤ ਹੋਣ ਦਾ ਦੌਰ ਹੈ। ਖੇਤੀ ਉਪਜ ਦੇ ਮੰਡੀ ਨਾਲ ਜੁੜਨ

ਕਰਕੇ ਜਿਸ ਤਰ੍ਹਾਂ ਦੇ ਸੰਕਟ ਪਿੰਡ ਦੀ ਛੋਟੀ ਕਿਸਾਨੀ, ਖੇਤ ਮਜ਼ਦੂਰਾਂ ਅਤੇ ਸੀਰੀ ਵਰਗ ਨੂੰ ਦਰਪੇਸ਼ ਹੁੰਦੇ ਹਨ ਇਹ ਸੰਕਟ ਕਿਸੇ ਨਾ ਕਿਸੇ ਤਰ੍ਹਾਂ ਦੀ ਕਹਾਣੀ ਦੀ ਵਸਤੂ ਬਣਦੇ ਰਹੇ ਹਨ। ਇਸ ਤੋਂ ਇਲਾਵਾ ਉਸਦੀ ਕਹਾਣੀ ਵਿੱਚ ਪਿੰਡ ਪੱਧਰ ਦੇ ਜਾਤੀ, ਜਮਾਤੀ ਅਤੇ ਲਿੰਗਕ ਸਮਾਜ ਦੀਆਂ ਬੇਤਰਤੀਬੀਆਂ ਦੀ ਭਰਵੀਂ ਦ੍ਰਿਸ਼ਕਾਰੀ ਹੈ, ਪਰ ਇਹ ਸਿੱਧ ਸਪਾਟ ਪੱਧਰ ਦੀ ਫਾਰਮੂਲੇਸ਼ਨ ਵਾਲੀ ਨਹੀਂ ਸਗੋਂ ਇਸ ਬੇਤਰਤੀਬੇ ਪ੍ਰਬੰਧ ਦੀਆਂ ਜੜ੍ਹਾਂ ਤੱਕ ਪੁੱਜਣ ਦੀ ਲੇਖਕੀ ਲਲਕ ਬਿਰਤਾਂਤ ਅੰਦਰ ਬਿਰਾਜਮਾਨ ਦਿਸਦੀ ਹੈ। ਉਹ ਪੇਂਡੂ ਸਮਾਜ ਵਿੱਚ ਔਰਤ ਮਰਦ ਵਿਤਕਰੇ, ਨਸ਼ੇਖੋਰੀ, ਜ਼ਮੀਨ ਦੀ ਵੰਡ ਵੰਡਾਈ ਦੇ ਸੰਕਟ, ਔਰਤਾਂ ਨਾਲ ਹੁੰਦੇ ਭੇਦਭਾਵ, ਸ਼ਰੀਕੇਬਾਜ਼ੀ, ਆਰਥਿਕ ਅਸਾਵੇਂਪਣ ਅਤੇ ਰਿਸ਼ਤਿਆਂ ਦੇ ਕੱਚ-ਸੱਚ ਸਮੇਤ ਤਮਾਮ ਉਨ੍ਹਾਂ ਸਰੋਕਾਰਾਂ ਨੂੰ ਆਪਣੀ ਕਹਾਣੀ ਵਿੱਚ ਪੇਸ਼ ਕਰਦਾ ਹੈ ਜਿਨ੍ਹਾਂ ਨਾਲ ਪਿੰਡ ਦਾ ਕਿਰਤੀ ਅਤੇ ਮਿਹਨਤਕਸ਼ ਵਰਗ ਕਈ ਕਿਸਮ ਦੀਆਂ ਮਾਨਸਿਕ ਅਤੇ ਆਰਥਿਕ ਘੁੰਮਣਘੇਰੀਆਂ ਵਿੱਚ ਘਿਰਿਆ ਰਹਿੰਦਾ ਹੈ। ਦਾਤੇਵਾਸ ਕੋਲ ਪਿੰਡ ਦੀ ਜ਼ਮੀਨੀ ਸਥਿਤੀ ਨੂੰ ਪੇਸ਼ ਕਰਨ ਲਈ ਭਾਸ਼ਾ ਦਾ ਮੌਲਿਕ ਅਤੇ ਅਨੂਠਾ ਸੰਸਾਰ ਹੈ। ਉਹ ਸਿੱਧੇ ਸਪਾਟ ਵੇਰਵਿਆਂ ਵਾਲੀ ਸੂਚਨਾਮੁਖੀ ਜਾਂ ਰਿਪੋਰਟਿੰਗ ਨੁਮਾ ਕਥਾ ਭਾਸ਼ਾ ਦੀ ਥਾਂ ਅਰਥਾਂ ਦੀਆਂ ਪਰਤਾਂ ਉਘਾੜਨ ਵਾਲੀ ਭਾਸ਼ਾ ਨਾਲ ਆਪਣੇ ਬਿਰਤਾਂਤ ਦੀ ਉਸਾਰੀ ਕਰਦਾ ਹੈ। ਪਿੰਡ ਦਾ ਸਮਾਜ ਜਿਸ ਭਾਸ਼ਾ ਦੁਆਰਾ ਲੋਕਾਂ ਦੀ ਬੋਲਬਾਣੀ ਅਤੇ ਜੀਵਨ ਵਿਹਾਰ ਵਿੱਚੋਂ ਸਪਲੀਮੈਂਟ ਹੁੰਦਾ ਹੈ ਇਸਨੂੰ ਗਲਪੀ ਪ੍ਰਬੰਧ ਵਿੱਚ ਢਾਲਣ ਦਾ ਹੁਨਰ ਲੇਖਕ ਦੀਆਂ ਕਹਾਣੀਆਂ ਵਿੱਚ ਦਰਜ ਹੈ। ਉਸਦੀਆਂ ਕਹਾਣੀਆਂ ਦੇ ਪਾਤਰ ਜਦੋਂ ਬੋਲਦੇ ਹਨ ਤਾਂ ਸਭਿਆਚਾਰ ਦਾ ਪੂਰਾ ਪਰਿਵੇਸ਼ ਪਾਠਕਾਂ ਅੱਗੇ ਸਾਕਾਰ ਹੋ ਜਾਂਦਾ ਹੈ। ਉਹ ਆਪਣੀ ਕਹਾਣੀ ਦੀ ਉਸਾਰੀ ਲਈ ਪਾਤਰਾਂ ਦੇ ਦਿਸਦੇ ਸੰਸਾਰ ਨਾਲੋਂ ਉਨ੍ਹਾਂ ਦੀ ਅੰਦਰੂਨੀ ਕੋਲਾਹਲ ਅਤੇ ਮਾਨਸਿਕ ਹਲਚਲ ਨੂੰ ਨਾਲੋਂ ਨਾਲ ਰਜਿਸਟਰ ਕਰਦਾ ਜਾਂਦਾ ਹੈ। ਪਿੱਛਲਝਾਤ, ਮਨਬਚਨੀ, ਨਾਟਕੀਯਤਾ ਅਤੇ ਭਾਸ਼ਾ ਦੀ ਪ੍ਰਤੀਕਮਈ ਵਰਤੋਂ ਦਾਤੇਵਾਸ ਦੇ ਕਥਾ ਬਿਰਤਾਂਤ ਦੇ ਅਹਿਮ ਲੱਛਣ ਹਨ। ਉਸਦੇ ਪਾਤਰ ਸਮਾਜ ਦੀ ਮੁੱਖ ਧਾਰਾ ਤੋਂ ਹਾਸ਼ੀਏ ਵੱਲ ਧੱਕੇ ਹੋਏ ਹਨ ਪਰ ਆਪਣੀ ਵਿਲੱਖਣ ਹਸਤੀ ਨਾਲ ਉਹ ਪ੍ਰਤੀਕੂਲ ਸਥਿਤੀਆਂ ਵਿੱਚ ਵੀ ਜੀਉਣ ਥੀਣ ਦਾ ਮਾਦਾ ਨਹੀਂ ਗੁਆਉਂਦੇ। ਉਸਦੇ ਨਾਰੀ ਪਾਤਰਾਂ ਦਾ ਆਪਣਾ ਵੱਖਰਾ ਸੰਸਾਰ ਹੈ। ਉਹ ਔਰਤ ਦੇ ਕਈ ਰੂਪਾਂ ਦਾ ਸਿਰਜਕ ਹੈ ਜਿਨ੍ਹਾਂ ਵਿੱਚ ਸਾਧੋ (ਸਿਆਣੀ ਬਣ ਧੀਏ), ਗਾਮੋ (ਬੰਜਰ) ਵਰਗੀਆਂ ਹੰਢੀਆਂ ਵਰਤੀਆਂ  ਬਜ਼ੁਰਗ ਔਰਤਾਂ ਵੀ ਹਨ। ਸੁਨੀਤਾ (ਸੁਨੀਤਾ ਅੱਜ ਫਿਰ ਚੁੱਪ ਹੈ), ਮਿੰਦਰ (ਤਿਕੋਣ) ਵਰਗੀਆਂ ਨਾਰੀ ਹੋਂਦ ਪ੍ਰਤੀ ਚੇਤੰਨ ਨਾਰੀ ਪਾਤਰ ਵੀ ਹਨ। ਅਮਰੋ, ਰਾਣੋ ਅਤੇ ਗਾਮੋ ਵਰਗੇ

ਨਾਰੀ ਪਾਤਰ ਪੁਰਸ਼ ਪ੍ਰਧਾਨ ਸਮਾਜ ਦੀ ਸੱਤਾ ਦਾ ਬੁਲਾਰਾ ਬਣ ਕੇ ਪੇਸ਼ ਹੋਏ ਹਨ। ਕੁੱਲ ਮਿਲਾ ਕੇ ਪਿੰਡ ਦੀ ਸੰਸਕ੍ਰਿਤਕ ਬਣਤਰ ਵਿੱਚ ਔਰਤ ਨੂੰ ਉਸਦੇ ਆਪਣੇ ਸਾਪੇਖ ਸੱਚ ਨਾਲ ਪੇਸ਼ ਕਰਨ ਵਿੱਚ ਦਾਤੇਵਾਸ ਨੇ ਕਮਾਲ ਦੇ ਬਿਰਤਾਂਤਕ ਖੰਡ ਉਸਾਰੇ ਹਨ।

ਦਾਤੇਵਾਸ ਦੀ ਕਹਾਣੀ ਵੀਹਵੀਂ ਸਦੀ ਦੇ ਅੱਠਵੇਂ ਨੌਵੇਂ ਦਹਾਕੇ ਦੀ ਕਹਾਣੀ ਹੈ। ਇਹ ਸਮਾਂ ਪੰਜਾਬ ਵਿੱਚ ਹਰੀ ਕ੍ਰਾਂਤੀ ਤੋਂ ਬਾਅਦ ਪੰਜਾਬ ਸੰਕਟ ਦੇ ਦੌਰ ਨਾਲ ਭਿੜਦੀ ਪੰਜਾਬੀ ਮਾਨਸਿਕਤਾ ਵਾਲਾ ਵੀ ਰਿਹਾ ਹੈ। ਦੇਸ਼ ਵਿੱਚ ਐਮਰਜੈਂਸੀ ਤੋਂ ਬਾਅਦ ਦੇ ਹਾਲਾਤ, ਆਪਰੇਸ਼ਨ ਬਲਿਊ ਸਟਾਰ, ਇੰਦਰਾ ਗਾਂਧੀ ਦਾ ਕਤਲ, ਸਿੱਖ ਵਿਰੋਧੀ ਕਤਲੇਆਮ ਅਤੇ

ਪਿੱਛੋਂ ਪੰਜਾਬ ਵਿੱਚ ਅੱਤਵਾਦ ਅਤੇ ਸਟੇਟ ਦੇ ਕਹਿਰ ਵਾਲੀਆਂ ਘਟਨਾਵਾਂ ਇਸ ਦੌਰ ਦੀ ਪੰਜਾਬੀ ਮਾਨਸਿਕਤਾ ਨੂੰ ਨਵੇਂ ਸਮੀਕਰਨ ਦੇ ਰਹੀਆਂ ਸਨ। ਪੰਜਾਬ ਸਮੱਸਿਆ ਦੇ ਰਾਜਸੀ, ਧਾਰਮਿਕ ਅਤੇ ਖੇਤੀ ਸੰਕਟਾਂ ਵਾਲੇ ਬਹੁਪਰਤੀ ਪਰਿਪੇਖ ਵਾਲਾ ਇਹ ਦੌਰ ਪੰਜਾਬੀ ਕਹਾਣੀ ਵਿੱਚ ਵੀ ਰਜਿਸਟਰ ਹੋ ਰਿਹਾ ਸੀ। ਪੰਜਾਬ ਦੇ ਹਿੰਦੂ ਅਤੇ ਸਿੱਖ ਵਰਗ ਦੇ ਆਪੋ ਆਪਣੇ ਸੱਚ ਇਸ ਦੌਰ ਦੀ ਦਹਿਸ਼ਤ ਵਿੱਚ ਲਟਕ ਰਹੇ ਸਨ। ਸੱਤਾ ਦਾ ਤਾਂਡਵ ਕਈ ਮੁਦਰਾਵਾਂ ਵਿੱਚ ਸਮੇਂ ਦੀ ਹਿੱਕ 'ਤੇ ਨੱਚ ਰਿਹਾ ਸੀ। ਵੀਹਵੀਂ ਸਦੀ ਦੇ ਨੌਂਵੇਂ ਦਹਾਕੇ ਦੀ ਇਸ ਖੌਫ਼ਜ਼ਦਾ ਗੂੰਜ ਨੇ ਪੰਜਾਬੀ ਬੰਦੇ ਦੀ ਬੰਦਿਆਈ ਨੂੰ ਨਵੀਂ ਚੁਣੌਤੀਆਂ ਦੇ ਸਨਮੁੱਖ ਕਰ ਦਿੱਤਾ ਸੀ। ਇਸ ਦੌਰ ਦੀ ਖੰਡਿਤ ਹੋਈ ਸੰਵੇਦਨਾ ਨੂੰ ਪੰਜਾਬੀ ਕਹਾਣੀ ਨੇ ਚਿੰਤਨ ਦੀ ਥਾਂ ਭਾਵੁਕ ਆਵੇਸ਼ ਵਿੱਚ ਸਮਝਿਆ ਹੈ। ਦਾਤੇਵਾਸ ਵੀ ਇਸੇ ਭਾਵੁਕ ਵਹਿਣ ਵਿੱਚ ਪੰਜਾਬ ਨੂੰ 'ਤਾਇਆ ਪੰਜਾਬ ਸਿੰਘ' ਕਹਾਣੀ ਅੰਦਰ ਪੰਜਾਬ ਸਿੰਘ ਦੇ ਪਾਤਰ ਦੁਆਰਾ ਮਾਨਵੀਕ੍ਰਿਤ ਕਰਦਾ ਹੈ ਜਿਸਨੂੰ ਸੱਤਾ ਦੇ ਦਰਿੰਦੇ ਇਕੋ ਵੇਲੇ ਧਾਰਮਿਕ ਦਹਿਸ਼ਤਗਰਦੀ ਨਾਲ ਅਤੇ ਸਟੇਟ ਦੇ ਜ਼ਬਰ ਨਾਲ ਬਰਬਾਦ ਕਰਦੇ ਹਨ। ਤਾਇਆ ਪੰਜਾਬ ਸਿੰਘ ਦੀ ਦੂਜੀ ਸੂਰਤ 'ਵਾਪਸੀ' ਕਹਾਣੀ ਦੇ ਬੰਤਾ ਸਿੰਘ ਦੀ ਹੋਣੀ ਨਾਲ ਜੁੜੀ ਹੈ। ਇਹ ਕਹਾਣੀ 1988 ਦੇ ਹੜ੍ਹਾਂ ਵਿੱਚ ਬਰਬਾਦ ਹੋਈ ਕਿਸਾਨੀ ਪਿਛੋਕੜ ਵਾਲੇ ਇਕ ਪਰਿਵਾਰ ਦੀ ਮਾਰਮਿਕ ਕਥਾ ਹੈ। ਹੜ੍ਹ ਦੇ ਮੈਟਾਫ਼ਰ ਨਾਲ ਲੇਖਕ ਪੰਜਾਬ ਸੰਕਟ ਦੇ ਦੌਰ ਵਿੱਚ ਹੜ੍ਹਾਂ ਵਾਂਗ ਵਹਿ ਗਈ ਮਨੁੱਖਤਾ ਦਾ ਅਚੇਤ ਸੁਚੇਤ ਸੁਮੇਲ ਕਰ ਜਾਂਦਾ ਹੈ। ਕਹਾਣੀ ਦਾ ਪਾਤਰ ਭਾਰਤੀ ਫੌਜ ਦਾ ਸੇਵਾ ਮੁਕਤ ਸਿਪਾਹੀ ਕਾਮਰੇਡ ਬੰਤਾ ਸਿੰਘ ਹੈ ਜੋ ਕਿ ਝੂਠੇ ਕੇਸ ਵਿੱਚ ਪੰਜ ਸਾਲ ਦੀ ਸਜ਼ਾ ਕੱਟ ਕੇ ਪਿੰਡ ਪਰਤਦਾ ਹੈ ਪਰ ਹੜ੍ਹ ਦੇ ਪਾਣੀ ਵਿੱਚ ਘਿਰਿਆ ਪਿੰਡ ਉਸਦੇ ਲਈ ਕੋਈ ਠਾਹਰ ਨਹੀਂ ਬਣਦਾ। ਜੇਲ੍ਹ ਵਿੱਚੋਂ ਰਿਹਾਅ ਹੋ ਕੇ 'ਆਜ਼ਾਦ' ਫ਼ਿਜ਼ਾ ਅੰਦਰ ਸਟੇਟ ਦੀ ਸਿੱਖ ਵਿਰੋਧੀ ਮਾਨਸਿਕਤਾ ਦੀ ਜ਼ੇਲ੍ਹ ਵਿੱਚ ਮੁੜ ਕੈਦ ਹੋਣਾ ਉਸਨੂੰ ਗੁੰਮਨਾਮ ਬਣਾ ਦਿੰਦਾ ਹੈ। ਪੁਲੀਸ ਦੇ ਝੂਠੇ ਮੁਕਾਬਲ ਵਿੱਚ ਉਸਦਾ ਭਰਾ ਮਾਰਿਆ ਜਾਂਦਾ ਹੈ। ਪਤਨੀ ਅਤੇ ਧੀ ਹੜ੍ਹ ਵਿੱਚ ਰੁੜ੍ਹ ਜਾਂਦੀਆਂ ਹਨ। ਆਪਣੇ 'ਘਰ' ਵਿੱਚ ਹੋਈ ਉਸਦੀ 'ਵਾਪਸੀ' ਉਸਦੇ ਲਈ ਨਾਸੂਰ ਬਣ ਜਾਂਦੀ ਹੈ। ਦੁਖਾਂਤਕ ਭਾਵ ਬੋਧ ਵਾਲੀ ਇਹ ਕਹਾਣੀ ਪੰਜਾਬ ਦੇ ਕਈ ਨਿਰਦੋਸ਼ ਬੰਤਿਆਂ ਦਾ ਬਿਰਤਾਂਤ ਹੈ ਜਿਹੜੇ ਦਹਿਸ਼ਤਗਰਦੀ ਅਤੇ ਸਟੇਟ ਦੇ ਜ਼ੁਲਮ ਵਿੱਚ ਪਿਸਦੇ ਮੌਨ ਹੋ ਗਏ। ਇਸੇ ਪ੍ਰਸੰਗ ਵਿੱਚ ਕਹਾਣੀ 'ਤਾਇਆ ਪੰਜਾਬ ਸਿੰਘ' ਪੰਜਾਬ ਦੀ ਮਿੱਸੀ ਸਭਿਆਚਾਰਕ ਰਹਿਤਲ 'ਤੇ ਹੋਏ ਧਾਰਮਿਕ ਧਰੁਵੀਕਰਨ ਨੂੰ ਪੇਸ਼ ਕਰਦੀ ਹੈ। ਤਾਇਆ ਪੰਜਾਬ ਸਿੰਘ ਵਰਗਾ ਪਾਤਰ ਪੰਜਾਬ ਸੂਬੇ ਦੀ ਪ੍ਰਤੀਨਿਧਤਾ ਹੀ ਕਰਦਾ ਹੈ ਜਿਸਦੇ ਦੋਵੇਂ ਪੁੱਤਰ ਹਿੰਦੂ/ਸਿੱਖ ਤੇ ਮੁਸਲਮਾਨ ਸੰਤਾਲੀ ਵਿੱਚ ਆਪਣੀ ਜ਼ਮੀਨ ਵੰਡ ਲੈਂਦੇ ਹਨ ਅਤੇ ਤਾਏ ਦੇ ਮਾਪੇ (ਭਾਰਤ) ਦੇ ਆਗੂ ਉਸਦਾ ਪਾਣੀ ਗੁਆਂਢੀ ਭਰਾ ਨੂੰ ਦੇ ਕੇ ਉਸਦੇ ਹੱਕਾਂ ਦਾ ਘਾਣ ਕਰ ਦਿੰਦੇ ਹਨ। ਇਹ ਕਹਾਣੀ ਸੰਤਾਲੀ ਦੇ ਦੁਖਾਂਤ ਤੋਂ ਪੰਜਾਬ ਸਮੱਸਿਆ ਤੱਕ ਦੇ ਇਤਿਹਾਸਕ ਕਾਲ ਦੌਰਾਨ ਪੰਜਾਬ ਨਾਲ ਦੇਸ਼ ਦੀ ਹੁਕਮਰਾਨ ਧਿਰਾਂ ਵਲੋਂ ਕੀਤੇ ਗਏ ਵਿਤਕਰੇ ਤੋਂ ਪੈਦਾ ਸੰਤਾਪ ਦੀ ਦਾਸਤਾਨ ਪੇਸ਼ ਕਰਦੀ ਹੈ। ਪੰਜਾਬ ਸਮੱਸਿਆ ਦੌਰਾਨ ਹਿੰਦੂ ਸਿੱਖਾਂ ਦੇ ਧਰੁਵੀਕਰਨ ਅਤੇ ਸਟੇਟ ਦੀ ਦਹਿਸ਼ਤ ਨੂੰ ਲੇਖਕ ਵੱਖਰੇ ਪ੍ਰਤੀਕਮਈ ਲਹਿਜ਼ੇ ਵਿੱਚ ਪੇਸ਼ ਕਰਦਾ ਹੈ। ਤਾਇਆ ਪੰਜਾਬ ਸਿੰਘ ਦਾ ਪੁੱਤਰ ਸਤਨਾਮ ਪੁਲੀਸ ਦੀ ਗੋਲੀ ਨਾਲ ਅਤੇ ਦੂਜਾ ਪੁੱਤਰ ਰਾਮ ਦਹਿਸ਼ਤਗਰਦਾਂ ਦੀ ਗੋਲੀ

ਨਾਲ ਮਾਰਿਆ ਜਾਂਦਾ ਹੈ। ਪੰਜਾਬ ਸਿੰਘ ਦੀ ਮਨ ਬਚਨੀ ਅਤੇ ਆਤਮ ਬਿਆਨੀ ਦੁਆਰਾ ਇਹ ਕਹਾਣੀ ਸੱਤਾ ਦੇ ਜ਼ਬਰ ਅੱਗੇ ਕਈ ਸਵਾਲ ਖੜ੍ਹੇ ਕਰਦੀ ਹੈ। ਇਹ ਕਹਾਣੀਆਂ ਪੰਜਾਬ ਸੰਕਟ ਦੇ ਦਰਦ ਵਿੱਚ ਪਰੁੰਨੇ ਅਤੇ ਹਿੰਦੂ ਸਿੱਖ ਦੇ ਭੇਸ ਵਿੱਚ ਕੋਈ ਸਜ਼ਾ ਭੋਗਦੇ ਲੋਕਾਂ ਦੇ ਦਰਦ ਦੀ ਦਾਸਤਾਨ ਹਨ।

ਇੰਝ ਇਹ ਦੋਵੇਂ ਕਹਾਣੀਆਂ ਪੰਜਾਬ ਸੰਕਟ ਵਿੱਚ ਸੱਤਾ ਅਤੇ ਧਰਮ ਦੀ ਦਹਿਸ਼ਤ ਨਾਲ ਮਾਰੇ ਗਏ ਆਮ ਨਿਰਦੋਸ਼ ਲੋਕਾਂ ਦੀ ਵਾਰਤਾ ਹੈ। ਲੇਖਕ ਦੀ ਕਥਾ ਦ੍ਰਿਸ਼ਟੀ ਪੰਜਾਬ ਦੀ ਸਾਂਝੀ ਰਹਿਤਲ ਨਾਲੋਂ ਟੁੱਟੇ ਮਾਨਵਵਾਦੀ ਜੀਵਨ ਮੁੱਲਾਂ ਦੀ ਨਿਸ਼ਾਨਦੇਹੀ ਕਰਨ ਵਾਲੀ ਹੈ ਜਿਸ ਪ੍ਰਸੰਗ ਵਿੱਚ ਤਾਇਆ ਪੰਜਾਬ ਸਿੰਘ ਅਤੇ ਬੰਤਾ ਸਿੰਘ ਵਰਗੇ ਕਿਰਦਾਰ ਇਸ ਦੌਰ ਦੀ ਪੱਛੀ ਸੰਵੇਦਨਾ ਦੇ ਪ੍ਰਤੀਨਿਧ ਕਿਰਦਾਰ ਬਣਦੇ ਹਨ। ਦਾਤੇਵਾਸ ਦੀ ਕਹਾਣੀ ਬਿਰਤਾਂਤ ਦੀ ਸਪਾਟ ਬਿਆਨੀ ਅਤੇ ਕਥਾ ਵੇਰਵਿਆਂ ਦੀ ਸਿੱਧੜ ਪੇਸ਼ਕਾਰੀ ਵਾਲੀ ਨਹੀਂ। ਕਥਾ ਦੇ ਸ਼ਿਲਪ-ਪ੍ਰਬੰਧ ਵਿੱਚ ਉਹ ਅਨਯਪੁਰਖੀ ਪਾਤਰਾਂ ਦੇ ਮਨੋ ਉਚਾਰ, ਨਾਟਕੀ ਅੰਸ਼ਾਂ ਅਤੇ ਪ੍ਰਤੀਕਮਈ ਭਾਸ਼ਾ ਨਾਲ ਆਪਣੇ ਬਿਰਤਾਂਤ ਦੀ ਸੰਚਾਰਯੋਗਤਾ ਕਾਇਮ ਰੱਖਦਾ ਹੈ। 'ਵਾਪਸੀ' ਕਹਾਣੀ ਦੇ ਮੁੱਖ ਫੌਜੀ ਪਾਤਰ ਦੀ ਮਾਨਸਿਕਤਾ ਇਕ ਪਾਸੇ ਭਾਰਤ ਪਾਕਿਸਤਾਨ ਯੁੱਧ ਵਿੱਚ ਦੇਸ਼ ਲਈ ਦਿਖਾਈ ਵੀਰਤਾ 'ਤੇ ਮਾਣ ਕਰਦੀ ਹੈ ਪਰ ਦੂਜੀ ਸੁਰਤ ਪੰਜਾਬ ਸਮੱਸਿਆ ਦੌਰਾਨ ਨਿਰਦੋਸ਼ ਜਿਸਮ ਅਤੇ ਰੂਹ 'ਤੇ ਖੂਣੀ ਸਰਕਾਰੀ ਦਹਿਸ਼ਤ ਵਿੱਚ ਨਪੀੜ ਹੁੰਦੀ ਹੈ।

"ਉਹ ਸੋਚਣ ਲੱਗਾ ਕਿ ਕੀ ਫਰਕ ਹੈ ਆਪਣੇ ਤੇ ਬੇਗਾਨਿਆਂ 'ਚ? ਆਪਣੇ ਤੇ ਦੁਸ਼ਮਣ 'ਚ? ਦੁਸ਼ਮਣ ਕਿਤੇ ਕਿਤੇ ਹਮਦਰਦ ਸੀ। ਪਰ ਆਪਣੇ ਹਰ ਥਾਂ ਬੇਦਰਦ। ਦੁਸ਼ਮਣ ਦੇਸ਼ ਦੇ ਕੈਦੀ ਵੀ ਕਿਸੇ ਨਾ ਕਿਸੇ ਸ਼ਰਤ 'ਤੇ ਛੱਡੇ ਜਾਂਦੇ ਐ। ਪਰ ਆਪਣੇ ਨਹੀਂ। ਕੀ ਆਪਣੇ ਬੇਗਾਨਿਆਂ ਤੋਂ ਵੀ ਗਏ ਗੁਜ਼ਰੇ ਹੋ ਗਏ?" (ਵਾਪਸੀ, ਪੰਨਾ 108)

ਦਾਤੇਵਾਸ ਦੇ ਕਥਾ ਅਵਚੇਤਨ ਵਿੱਚ ਪੁਰਾਣੇ ਪੰਜਾਬ ਦੇ ਭੌਂਅ ਦ੍ਰਿਸ਼ ਅਤੇ ਸਭਿਆਚਾਰਕ ਸਾਂਝ ਦੀਆਂ ਤੰਦਾਂ ਪਈਆਂ ਹਨ। ਉਸਦੇ ਕਥਾ ਪਾਤਰ ਪੰਜਾਬ ਦੀ ਟੁੱਟਦੀ ਖੁਰਦੀ ਰਹੀ ਭੂਗੋਲਿਕ ਪਛਾਣ 'ਤੇ ਰੁਦਨ ਵੀ ਕਰਦੇ ਹਨ ਅਤੇ ਪੁਰਾਣੇ ਪੰਜਾਬ ਦੀ ਰਹਿਤਲ ਨੂੰ ਝੂਰਦੇ ਵੀ ਹਨ। ਲੇਖਕ ਦੀ ਕਥਾ ਦ੍ਰਿਸ਼ਟੀ ਪੰਜਾਬ ਨੂੰ ਇਕ ਸਭਿਆਚਾਰਕ ਇਕਾਈ ਵਜੋਂ ਵੇਖਣ ਵਾਲੀ ਅਤੇ ਇਸਦੇ ਲਗਾਤਾਰ ਬਟਵਾਰੇ ਦੀਆਂ ਜ਼ਿੰਮੇਵਾਰ ਧਿਰਾਂ ਨੂੰ ਕਟਹਿਰੇ ਵਿੱਚ ਖੜ੍ਹੇ ਕਰਨ ਵਾਲੀ ਹੈ।

ਦਾਤੇਵਾਸ ਦੀ ਕਹਾਣੀ ਦਾ ਇਕ ਪਾਸਾਰ ਪੰਜਾਬੀ ਸਮਾਜ ਦੀਆਂ ਸਮਾਜਿਕ ਆਰਥਿਕ ਦਰਜੇਬੰਦੀਆਂ ਕਾਰਨ ਲੋਕ ਮਾਨਸਿਕਤਾ ਵਿੱਚ ਬਰਮ ਬਣੀ ਬੈਠੇ ਆਪਸੀ ਤਣਾਅ ਨੂੰ ਪੇਸ਼ ਕਰਨ ਨਾਲ ਜੁੜਿਆ ਹੈ। ਭਾਰਤੀ ਸਮਾਜ ਵਿੱਚ ਦਲਿਤ ਵਰਗ ਨੂੰ ਰਾਖਵੇਂਕਰਨ ਦੁਆਰਾ ਸਮਾਜ ਦੀ ਮੁੱਖ ਧਾਰਾ ਵਿੱਚ ਲਿਆਉਣ ਵਾਲੀ ਵਿਚਾਰਧਾਰਾ ਨਾਲ ਸਦੀਆਂ ਤੋਂ ਸਬਰ ਤੇ ਜ਼ਬਰ ਨਾਲ ਚੁੱਪ ਕਰਾ ਦਿੱਤੀਆਂ ਗਈਆਂ ਧਿਰਾਂ ਦੀ ਦਸ਼ਾ ਵਿੱਚ ਕਾਫ਼ੀ ਸੁਧਾਰ ਹੋਇਆ ਪਰ ਰਾਖਵੇਂਕਰਨ ਦਾ ਮੁੱਦਾ ਵੋਟ ਬੈਂਕ ਦੀ ਘਿਣਾਉਣੀ ਸਿਆਸਤ ਦੇ ਧੱਕੇ ਚੜ੍ਹ ਗਿਆ। ਜਿਸ ਨਾਲ ਵਧੀਆਂ ਪੇਚੀਦਗੀਆਂ ਨੇ ਜਿੱਥੇ ਸਮਾਜ ਵਿੱਚ ਇਕ ਤਣਾਅ ਨੂੰ ਜਨਮ ਦਿੱਤਾ ਉੱਥੇ ਹੀ ਦਲਿਤਾਂ ਦੀ ਕਰੀਮੀ ਲੇਅਰ ਨੇ ਰਾਖਵੇਂਕਰਨ ਦੇ ਅਸਲ ਹੱਕਦਾਰਾਂ ਦਾ ਵੀ ਘਾਣ ਕਰ ਦਿੱਤਾ। ਜਾਤੀ ਅਧਾਰਿਤ ਰਵਾਇਤੀ ਰਾਖਵਾਂਕਰਨ ਦੀ ਥਾਂ ਰਾਖਵੇਂਕਰਨ

ਦੇ ਪੁਨਰ ਮੁਲਾਂਕਣ ਅਤੇ ਆਰਥਿਕਤਾ ਅਧਾਰਿਤ ਰਾਖਵੇਂਕਰਨ ਦੇ ਵਿਚਾਰ ਵੀ ਤੁਰੇ ਪਰ ਵੋਟਾਂ ਦੀ ਰਾਜਨੀਤੀ ਨੇ ਪਰੰਪਰਕ ਜਾਤੀ ਕੇਂਦਰਿਤ ਰਿਜਰਵੇਸ਼ਨ ਨੂੰ ਆਪਣੇ ਹਿੱਤਾਂ ਲਈ ਖ਼ੂਬ ਵਰਤਿਆ। ਕਾਰਪੋਰਟ ਸੈਕਟਰ ਦੇ ਇਸ ਦੌਰ ਵਿੱਚ ਇਹ ਮੁੱਦੇ ਵੱਖਰੇ ਸੰਵਾਦ ਦੇ ਬਾਇਸ ਹਨ ਪਰ ਰਾਖਵਾਂਕਰਨ ਦੇ ਜੜ੍ਹ ਹੋਏ ਵਰਤਾਰੇ ਨੇ ਦਲਿਤ ਵਰਗ ਤੇ ਅਖੌਤੀ ਸਵਰਨ ਵਰਗ ਦਾ ਧਰੁਵੀਕਰਨ ਕਰਕੇ ਸਮਾਜ ਲਈ ਨਵੇਂ ਸੰਕਟ ਪੈਦਾ ਕਰ ਦਿੱਤੇ। ਚੌਥੇ ਪੜਾਅ ਦੀ ਪੰਜਾਬੀ ਕਹਾਣੀ ਨੇ ਦਲਿਤ ਸਰੋਕਾਰਾਂ ਦੇ ਚੇਤਨ ਅਵਚੇਤਨ ਨੂੰ ਦਲਿਤ ਕਹਾਣੀ ਦੇ ਅਨੁਵਾਨ ਹੇਠਾਂ ਵੱਖਰੇ ਤੌਰ ’ਤੇ ਉਭਾਰਿਆ ਹੈ ਜਿਸ ਵਿੱਚ ਦਲਿਤ ਪਛਾਣ ਦੇ ਸੰਕਟ ਅਤੇ ਦਲਿਤ ਵਰਗ ਨਾਲ ਹੁੰਦੇ ਮਾਨਸਿਕ ਵਿਤਕਰਿਆਂ ਦੀ ਰੂੜ੍ਹੀ ਪ੍ਰਧਾਨ ਰਹਿੰਦੀ ਹੈ। ਇਸ ਕਹਾਣੀ ਦਾ ਬਹੁਤ ਥੋੜ੍ਹਾ ਹਿੱਸਾ ਹੈ ਜੋ ਕਿ ਰਾਖਵੇਂਕਰਨ ਦੇ ਮੁਲਾਂਕਣ ਵੱਲ ਤੁਰ ਕੇ ਆਰਥਿਕ ਜ਼ਿੱਲਤ ਹੰਢਾਉਂਦੇ ਅਖੌਤੀ ਉੱਚ ਵਰਗਾਂ ਨਾਲ ਜੁੜਨ ਦੀ ਕੋਸ਼ਿਸ਼ ਵਿੱਚ ਹੋਵੇ। ਜਗਰੂਪ ਸਿੰਘ ਦਾਤੇਵਾਸ ਦੀ ਇਕ ਕਹਾਣੀ ‘ਦੋ ਦੂਣੀ ਸੱਤ’ ਰਾਖਵੇਂਕਰਨ ਦੁਆਰਾ ਪੈਦਾ ਹੋਏ ਸਮਾਜਿਕ ਤਣਾਅ ਅਤੇ ਅਖੌਤੀ ਉੱਚ ਵਰਗਾਂ ਦੇ ਲੋੜਵੰਦ ਤੇ ਕਾਬਿਲ ਲੋਕਾਂ ਦੀ ਹੋਣੀ ਨੂੰ ਤਿੱਖੇ ਸੰਵਾਦ ਦੁਆਰਾ ਪੇਸ਼ ਕਰਦੀ ਹੈ। ਇਸ ਕਹਾਣੀ ਦਾ ਕੇਂਦਰੀ ਪਾਤਰ ਬ੍ਰਾਹਮਣ ਜਾਤ ਨਾਲ ਸਬੰਧਤ ਸਕੂਲ ਮਾਸਟਰ ਰੁਲਦੂ ਰਾਮ ਹੈ ਜੋ ਕਿ ਰਾਜਸੀ ਸੱਤਾਵਾਦੀ ਧਿਰਾਂ ਦੀ ਵੋਟ ਬੈਂਕ ਵਾਲੀ ਘਿਣਾਉਣੀ ਰਾਜਨੀਤੀ ਅਤੇ ਰਾਖਵੇਂਕਰਨ ਨਾਲ ਭਰਤੀ ਹੋਏ ‘ਅਯੋਗ’ ਲੋਕਾਂ ਪ੍ਰਤੀ ਆਪਣੀ ਪ੍ਰਤੀਕਿਰਿਆ ਦਿੰਦਾ ਪਾਗਲਾਂ ਵਾਲੀ ਸਥਿਤੀ ਵਿੱਚ ਆ ਜਾਂਦਾ ਹੈ। ਕਹਾਣੀ ਵਿੱਚ ਤਿੱਖੇ ਤੇ ਸਪਾਟ ਵਿਅੰਗ ਦੇ ਭਾਰੂ ਹੋਣ ਦੇ ਨਾਲ ਨਾਲ ਵਾਰਤਾਲਾਪ ਦਾ ਟਾਕਰਵਾਂ ਰੂਪ ਹਾਜ਼ਰ ਹੈ ਜਿਸ ਨਾਲ ਕਹਾਣੀ ਵਿੱਚ ਰਿਜ਼ਰਵੇਸ਼ਨ ਦੁਆਰਾ ਚੰਗਾ ਜੀਵਨ ਬਸਰ ਕਰਦੇ ਘੀਸੂ ਵਰਗੇ ਦਲਿਤ ਦੇ ਦੱਬੇ ਘੁੱਟੇ ਅਵਚੇਤਨ ਅਤੇ ਆਰਥਿਕ ਜ਼ਿੱਲਤ ਹੰਢਾਉਂਦੇ ਰੁਲਦੂ ਰਾਮ ਦੇ ਵਰਤਮਾਨ ਵਿੱਚ ਕੋਈ ਫ਼ਰਕ ਨਹੀਂ ਰਹਿੰਦਾ। ਸਮੁੱਚੀ ਕਹਾਣੀ ਦਾ ਬਿਰਤਾਂਤਕ ਸਫ਼ਰ ਰੁਲਦੂ ਰਾਮ ਦੇ ਚੇਤਨ ਅਵਚੇਤਨ ’ਤੇ ਸਵਾਰ ਰਹਿੰਦਾ ਹੈ। ਕਹਾਣੀ ਵਿੱਚ ਰੁਲਦੂ ਰਾਮ ਰਾਖਵਾਂਕਰਨ ਨਾਲ ਅਖੌਤੀ ਅਯੋਗ ਲੋਕਾਂ ਦੀ ਭਰਤੀ ਨੂੰ ਗਧਿਆਂ ਦੀ ਸੰਗਿਆ ਦਿੰਦਾ ਹੈ। ਉਸ ਵਲੋਂ ਗਧਿਆਂ ਨੂੰ ਸਲੂਟ ਮਾਰਨ, ਪਲੋਸਣ, ਜੇਬ ਵਿੱਚੋਂ ਅਫ਼ਸਰਾਂ ਦੇ ਨਾਮ ਦੇ ਨਿਯੁਕਤੀ ਪੱਤਰ ਗਧਿਆਂ ਦੇ ਸਿਰ ’ਤੇ ਚਿਪਕਾਉਣ ਵਰਗੇ ਬਿਰਤਾਂਤਕ ਵੇਰਵੇ ਉਸਦੀ ਉੱਖੜੀ ਮਾਨਸਿਕਤਾ ਨੂੰ ਦਰਸਾਉਂਦੇ ਹਨ ਜਿਸ ਕਰਕੇ ਉਹ ਕਹਾਣੀ ਵਿੱਚ ਬੇਗਾਨਗੀ ਭਰੇ ਅਹਿਸਾਸ ਵਾਲੀ ਸਥਿਤੀ ਵਿੱਚੋਂ ਲੰਘਦਾ ਹੈ। ਕਹਾਣੀ ਦੇ ਆਰੰਭਲੇ ਬੋਲ ਹੀ ਇਸ ਤਣਾਅ ਦਾ ਮੁੱਢ ਬੰਨ੍ਹ ਦਿੰਦੇ ਹਨ।

–ਦੁੱਲੇ ਦਾ ਗਧਾ ਹੀਂਗਿਆ। ਮਾਸਟਰ ਨੇ ਘਰ ਦੀਆਂ ਦਹਿਲੀਜ਼ਾਂ ’ਚੋ ਦੀ ਕਿਲਕਾਰੀ ਮਾਰੀ ਤੇ ਫਿਰ ਉਸ ਨੇ ਤਿੰਨ ਗਾਲ੍ਹਾਂ ਕੱਢੀਆਂ। ਪਹਿਲੀ ਆਪਣੇ ਜੰਮਦਿਆਂ ਨੂੰ ਤੇ ਦੂਜੀ ਮੁਲਕ ਦੀ ਆਜ਼ਾਦੀ ਲਈ ਕੁਰਬਾਨ ਹੋ ਗਿਆਂ ਨੂੰ ਤੀਜੀ ਕਾਨੂੰਨ ਦੇ ਘਾੜਿਆਂ ਨੂੰ।

(ਦੋ ਦੂਣੀ ਸੱਤ–ਪੰਨਾ 96)

ਮਾਸਟਰ ਪਾਤਰ ਦੋ ਦੂਣੀ ਸੱਤ ਦਾ ਪਹਾੜਾ ਗਾਇਣ ਕਰਦਾ ਪ੍ਰਤੀਕਮਈ ਰੂਪ ਵਿੱਚ ਰਾਖਵੇਂਕਰਨ ਤੋਂ ਪੈਦਾ ਹੋਈ ‘ਬੌਧਿਕ ਕੰਗਾਲੀ’ ਵੱਲ ਇਸ਼ਾਰਾ ਕਰਦਾ ਹੈ। ਵਰਤਮਾਨ ਦੀ ਦਲਿਤ ਕਹਾਣੀ ਦਾ ਬਿਰਤਾਂਤ ਰਚਨਾ ਦੀ ਜਿਸ ਸਿਆਸਤ ਨਾਲ ਦਲਿਤ ਪਾਤਰ ਦੇ

ਡਿਫੈਂਸ ਵਿੱਚ ਖੜ੍ਹਦਾ ਹੈ ਦਾਤੇਵਾਸ ਦੀ ਕਹਾਣੀ ਇਸ ਡਿਫੈਂਸ ਘੇਰੇ ਨੂੰ ਤੋੜਦੀ ਹੈ। ਸਿਰਜਣਾ ਦੀ ਸਿਆਸਤ ਦੇ ਪ੍ਰਸੰਗ ਵਿੱਚ ਹੁਣ ਦੀ ਦਲਿਤ ਕਹਾਣੀ ਨੂੰ ਬਲੈਕ ਐਂਡ ਵਾਈਟ ਲਹਿਜ਼ੇ ਵਿੱਚ ਰਚਿਆ ਜਾ ਰਿਹਾ ਹੈ ਜਿਸ ਕਰਕੇ ਸਾਰੇ ਦਲਿਤ ਪੀੜਤ ਅਤੇ ਸਾਰੇ ਅਖੌਤੀ ਸਵਰਨ ਪੀੜਾ ਦੇਣ ਵਾਲੇ ਸਿੱਧ ਕੀਤੇ ਜਾ ਰਹੇ ਹਨ। ਬੇਸ਼ੱਕ ਇਸਦੇ ਅਪਵਾਦ ਵੀ ਹਨ ਪਰ ਦਲਿਤ ਕਹਾਣੀ ਦੀ ਰਚਨਾ ਦੇ ਇਸ ਸਿੱਧੜ ਫ਼ਾਰਮੂਲੇ ਨੂੰ ਬਹੁਤ ਵਰਤਿਆ ਗਿਆ ਹੈ। ਦਾਤੇਵਾਸ ਦੀ ਕਹਾਣੀ ਅਖੌਤੀ ਸਵਰਨ ਜਾਤੀਆਂ ਦੀ 'ਸਮਾਜਿਕ ਸਰਦਾਰੀ' ਹੇਠਲੀ ਆਰਥਿਕ ਜ਼ਿੱਲਤ ਦਾ ਬਿਆਨ ਕਰਕੇ ਦਲਿਤ ਚਿੰਤਨ ਦਾ ਇਕ ਪ੍ਰਤਿਉੱਤਰ ਸਿਰਜਦਾ ਹੈ ਜਿਹੜਾ ਰਾਖਵੇਂਕਰਨ ਨਾਲ ਦਲਿਤਾਂ ਦੀ ਹੋਈ ਆਰਥਿਕ ਸੰਪੰਨਤਾ ਹੇਠਲੇ ਮਾਨਸਿਕ ਸ਼ੋਸ਼ਣ ਵਰਗਾ ਹੀ ਹੈ।

ਦਾਤੇਵਾਸ ਦੀਆਂ ਕਹਾਣੀਆਂ ਵਿੱਚ ਪਿੰਡ ਦੇ ਜਗੀਰੂ ਅਵਚੇਤਨ ਦੇ ਗਾੜ੍ਹੇ ਦ੍ਰਿਸ਼ ਪੇਸ਼ ਹੋਏ ਹਨ। ਉਹ ਜੱਟ ਪਰਿਵਾਰਾਂ ਵਿੱਚ ਅਣਜੋੜ ਵਿਆਹ, ਜ਼ਮੀਨ ਦੀ ਵੰਡ, ਸ਼ਰੀਕੇਬਾਜ਼ੀ,ਨਸ਼ੇਖੋਰੀ ਅਤੇ ਪੁਰਸ਼ ਪ੍ਰਧਾਨ ਸਮਾਜਿਕ ਬਣਤਰਾਂ ਵਿੱਚ ਪੇਂਡੂ ਔਰਤਾਂ ਦੇ ਸੰਤਾਪ ਨੂੰ ਬੜੀ ਸ਼ਿੱਦਤ ਨਾਲ ਪੇਸ਼ ਕਰਦਾ ਹੈ। 'ਬੰਜਰ' ਕਹਾਣੀ ਵਿੱਚ ਰਾਣੋ ਨਾਂ ਦੀ ਔਰਤ ਆਪਣੇ ਨਸ਼ੇੜੀ ਪਤੀ ਦੀ ਅਸਮਰੱਥਾ ਦੇਖ ਕੇ ਸੀਰੀ ਨਾਲ ਸਬੰਧ ਬਣਾ ਕੇ ਆਪਣੀ 'ਜ਼ਮੀਨ' ਦੇ ਬੰਜਰ ਹੋਣ ਦਾ ਦੁੱਖ ਕੱਟ ਦਿੰਦੀ ਹੈ। ਕਹਾਣੀ ਵਿੱਚ ਰਾਣੋ ਦੇ ਇਹ ਬੋਲ 'ਹੁਣ ਬੰਜਰ ਜ਼ਮੀਨ ਪੁੱਤ ਜੰਮੂ' ਪੁੱਤ ਦੇ ਜਨਮ ਨਾਲ ਪਿੰਡ ਦੇ ਸੰਸਾਰ ਵਿੱਚ ਬੰਦੇ ਦੀ ਗੰਢ ਬੱਝਣ ਵਾਲੀ ਜਗੀਰੂ ਰੂੜੀ ਨਾਲ ਜੁੜਦੇ ਹਨ। ਇਸੇ ਤਰ੍ਹਾਂ 'ਸਿਆਣੀ ਬਣ ਧੀਏ' ਕਹਾਣੀ ਵਿੱਚ ਅਮਰੋ ਆਪਣੇ ਸ਼ਰਾਬੀ ਕਬਾਬੀ ਪਤੀ ਨਾਰ੍ਹੇ ਦੀ ਲਾਪਰਵਾਹੀ ਦੇਖ ਕੇ ਆਪਣੇ ਛੜੇ ਤੇ ਜਿੰਨ ਵਰਗੇ ਦਿਉਰ 'ਸੁਨੱਖੇ' ਨਾਲ ਸਬੰਧ ਰੱਖਦੀ ਹੈ। ਇਹ ਵਰਤਾਰਾ ਦਿਹਾਤੀ ਸਮਾਜ ਦਾ ਅਟੁੱਟ ਹਿੱਸਾ ਰਿਹਾ ਹੈ ਜਿਸ ਪਿੱਛੇ ਘਰ ਦੀਆਂ ਕੰਧਾਂ ਘਰ ਵਿੱਚ ਡਿੱਗਣ ਅਤੇ ਜ਼ਮੀਨ ਦੀ ਵੰਡ ਦੇ ਮੁੱਦੇ ਭਾਰੂ ਹੁੰਦੇ ਸਨ। ਪੰਜਾਬ ਦੇ ਜਗੀਰੂ ਸਭਿਆਚਾਰਕ ਅਵਚੇਤਨ ਵਿੱਚ ਪਲੀ ਔਰਤ ਮਰਦ ਵਾਂਗ ਹੀ ਜ਼ਮੀਨ ਅਤੇ ਵੰਸ਼ ਦੀ ਜੜ੍ਹ ਪੁੱਤ ਦੀ ਤਲਾਸ਼ ਵਿੱਚ ਮਹਿਸੂਸ ਕਰਦੀ ਹੈ ਜਿਸ ਕਰਕੇ ਰਵਾਇਤੀ ਰਹਿਤਲ ਅੰਦਰ ਇਕ ਮਰਦ ਨਾਲ ਵਿਆਹੀ ਔਰਤ ਆਪਣੇ ਛੜੇ ਦਿਉਰਾਂ, ਜੇਠਾਂ ਨਾਲ ਇਕੋ ਵੇਲੇ ਵਿਰੋਧ ਅਤੇ ਸਾਂਝ ਮਹਿਸੂਸ ਕਰਦੀ ਰਹੀ ਹੈ। ਇਸਦੇ ਅਨੇਕਾਂ ਵਰਤਾਰੇ ਦਾਤੇਵਾਸ ਨੇ ਆਪਣੀਆਂ ਕਹਾਣੀਆਂ ਵਿੱਚ ਫੜੇ ਹਨ। ਇੱਥੋਂ ਤੱਕ ਕਿ 'ਸਿਆਣੀ ਬਣ ਧੀਏ' ਕਹਾਣੀ ਵਿੱਚ ਛੜੇ ਦਿਉਰ ਵੱਲੋਂ ਆਪਣੀ ਜ਼ਮੀਨ ਦਾ ਹਿੱਸਾ ਮੰਗਣ 'ਤੇ ਭਾਬੀ ਵੱਲੋਂ ਉਸਨੂੰ ਘਰ ਪਰਿਵਾਰ ਵਿੱਚ ਬਹਿਲਾ ਲੈਣਾ ਹੀ ਸਿਆਣੇ ਹੋਣ ਦਾ ਪ੍ਰਮਾਣ ਸਿੱਧ ਹੁੰਦਾ ਹੈ। ਕਹਾਣੀ ਵਿੱਚ ਅਮਰੋ ਦੀ ਆਪਣੀ ਸੱਸ ਨਾਲ ਗੱਲਬਾਤ ਦੁਆਰਾ ਔਰਤ ਦੀਆਂ ਕਾਮ ਇੱਛਾਵਾਂ ਦੇ ਦਮਨ ਨੂੰ ਪ੍ਰਤੀਕਮਈ ਲਹਿਜ਼ੇ ਵਿੱਚ ਪੇਸ਼ ਕੀਤਾ ਹੈ।

–ਮੱਚਦੀ ਅੱਗ ਫਿਰ ਬੁੱਝ ਗਈ ਸੀ।

"ਕੁੜੇ ਅਮਰੋ।"

ਅਮਰੋ ਨੇ ਸਾਧੋ ਵੱਲ ਵੇਖ ਕੇ ਚੁੰਨੀ ਨਾਲ ਅੱਖਾਂ ਪੂੰਝ ਲਈਆਂ।

"ਕੁੱੜੀਏ ਕਿਉਂ ਧੂੰਏਂ 'ਚ ਅੱਖਾਂ ਗਾਲਦੀ ਆਂ। ਸੁੱਕੀਆਂ ਛਟੀਆਂ ਦਾ ਇਕ ਝੋਕਾ ਲਾ ਲੈ।" ਸਾਧੋ ਬੋਲੀ।

"ਗੋਹੇ ਗਿੱਲੇ ਨੇ ਬੇਬੇ। ਗਿੱਲੇ ਗੋਹਿਆਂ ਨਾਲ ਧੂੰਆਂ ਹੀ ਹੁੰਦੈ। ਅੱਗ ਨਹੀਂ ਹੁੰਦੀ।

ਹੁਣ ਤਾਂ ਇਨ੍ਹਾਂ ਨਾਲ ਹੀ ਅੱਖਾਂ ਗਾਲਣੀਆਂ ਨੇ।"

(ਸਿਆਣੀ ਬਣ ਧੀਏ- ਪੰਨਾ-36)

'ਆਂਟੀ ਨੇ ਠੀਕ ਕਿਹਾ ਸੀ' ਕਹਾਣੀ ਮੱਧਵਰਗੀ ਪਰਿਵਾਰਾਂ ਦੇ ਨੈਤਿਕ ਦਾਬੇ ਵਿੱਚ ਕਾਮ ਸਬੰਧਾਂ ਦੀ ਘੁਟਣ ਦਾ ਬਿਰਤਾਂਤ ਹੈ। ਆਪਣੇ ਸਹੁਰੇ ਘਰ ਗਿਆ ਪਾਤਰ ਰਣਜੀਤ ਆਪਣੀ ਪਤਨੀ ਨਾਲ ਸੌਣ ਦੀ ਇੱਛਾ ਕਰਕੇ ਗਰਮੀ ਦੇ ਹੁੰਮਸੀ ਮਾਹੌਲ ਵਿੱਚ ਖਿੱਝਦਾ ਖਪਦਾ ਹੈ ਪਰ ਉਸਦੀ ਪਤਨੀ ਘਰ ਵਿੱਚ ਮਾਂ, ਪਿਤਾ, ਛੁੱਟੜ ਭੈਣ ਅਤੇ ਜਣੇਪਾ ਕੱਟਣ ਆਈ ਛੋਟੀ ਭੈਣ ਕਰਕੇ ਡਰ, ਸਹਿਮ ਵਾਲੀ ਦਬੇਲ ਮਾਨਸਿਕਤਾ ਵਿੱਚ ਰਹਿੰਦੀ ਹੈ। ਆਖਿਰ ਪਤੀ ਦੇ 'ਪਰਮੇਸ਼ਰੀ' ਰੂਪ ਅੱਗੇ ਝੁਕਣ ਵਾਲੀ ਪਤਨੀ ਦੀ ਮਜ਼ਬੂਰ ਮਨੋ-ਦਸ਼ਾ ਨੂੰ ਲੇਖਕ ਨੇ ਉਨ੍ਹਾਂ ਪਲਾਂ ਦੀ ਸਿਸਕਣ ਵਿੱਚ ਪੇਸ਼ ਕਰਕੇ ਔਰਤ ਦੀ ਦਮਿਤ ਹੋਂਦ ਦਾ ਵੱਖਰਾ ਪਾਸਾਰ ਪੇਸ਼ ਕੀਤਾ ਹੈ। ਕਾਮ ਸਬੰਧਾਂ ਦੇ ਅਧੂਰੇਪਣ ਤੋਂ ਪੈਦਾ ਮਾਨਸਿਕ ਬੇਤਰਤੀਬੀਆਂ ਦੇ ਵੱਖਰੇ ਪਾਸਾਰ ਪੇਸ਼ ਕਰਨ ਵਿੱਚ ਦਾਤੇਵਾਸ ਦੀ ਆਪਣੀ ਮੁਹਾਰਤ ਹੈ। 'ਸੁਨੀਤਾ ਅੱਜ ਫਿਰ ਚੁੱਪ ਹੈ' ਕਹਾਣੀ ਬਚਪਨ ਵਿੱਚ ਕਾਮੁਕ ਵਿਵਹਾਰ ਦੇ ਸ਼ਿਕਾਰ ਹੋਏ ਬੱਚੇ ਦੀ ਜ਼ਿੰਦਗੀ 'ਤੇ ਪਏ ਨਾਕਾਰਤਮਕ ਪ੍ਰਭਾਵਾਂ ਨੂੰ ਸਪਲੀਮੈਂਟ ਕਰਦੀ ਹੈ। ਕਹਾਣੀ ਵਿੱਚ ਨਿਮਨਵਰਗੀ ਵਰਜਨਾਵਾਂ ਵਾਲੇ ਮਜ਼ਦੂਰ ਪਰਿਵਾਰ ਦਾ ਉੱਤਮ ਆਪਣੀ ਪਤਨੀ ਸੁਨੀਤਾ ਦੇ ਕਿਰਦਾਰ ਪ੍ਰਤੀ ਸ਼ੱਕ ਤੇ ਸਾੜੇ ਨਾਲ ਭਰਿਆ ਰਹਿੰਦਾ ਹੈ। ਉੱਤਮ ਦੇ ਪੁੱਤਰ ਮਿੱਠੂ ਕੋਲ ਉਸਦਾ ਸਹਿਪਾਠੀ ਸ਼ੈਲੀ ਆਉਂਦਾ ਜਾਂਦਾ ਹੈ ਜਿਸਨੂੰ ਘਰ ਵਿੱਚ ਉੱਤਮ ਬਰਦਾਸ਼ਤ ਨਹੀਂ ਕਰਦਾ। ਇਸਦਾ ਕਾਰਨ ਉੱਤਮ ਦੇ ਬਚਪਨ ਵੇਲੇ ਉਸਦੇ ਸਹਿਪਾਠੀ ਦੀ ਮਾਂ ਵੱਲੋਂ ਉਸ ਨਾਲ ਕੀਤੇ ਕਾਮੁਕ ਵਿਵਹਾਰ ਵਿੱਚ ਪਿਆ ਹੈ ਜਿਸ ਕਰਕੇ ਕਾਮ ਵਰਜਨਾਵਾਂ ਦੇ ਮਾਹੌਲ ਵਿੱਚ ਉਸਦਾ ਵਿਅਕਤੀਤਵ ਸਹਿਜ ਨਹੀਂ ਰਹਿੰਦਾ ਅਤੇ ਕੁੰਠਿਤ ਵਿਹਾਰ ਵਾਲਾ ਹੋ ਜਾਂਦਾ ਹੈ। ਲੇਖਕ ਨੇ ਇਸ ਕਹਾਣੀ ਵਿੱਚ ਬਾਲ ਮਨਾਂ ਦੀਆਂ ਕਾਮ ਗੰਢਾਂ ਦਾ ਤਾਉਮਰ ਜ਼ਿੰਦਗੀ 'ਤੇ ਪੈਂਦਾ ਪ੍ਰਭਾਵ ਪੇਸ਼ ਕਰਨ ਦਾ ਉੱਦਮ ਕੀਤਾ ਹੈ। ਲੇਖਕ ਦੀਆਂ ਕਹਾਣੀਆਂ ਦੇ ਕਈ ਮਰਦ/ਔਰਤ ਪਾਤਰ ਜਿੱਥੇ ਪੰਜਾਬੀ ਸਮਾਜ ਵਿੱਚ ਕਾਮ ਵਰਜਨਾਵਾਂ ਅਤੇ ਮਨੁੱਖੀ ਸੁਪਨਿਆਂ ਦੇ ਤਣਾਅ ਤੋਂ ਪੈਦਾ ਮਨੋ ਬਿਰਤੀਆਂ ਦੇ ਸਿੱਧੇ ਸ਼ਿਕਾਰ ਹਨ ਉੱਥੇ ਹੀ ਇਸਦੇ ਅਪਵਾਦ ਵੀ ਹਨ ਜਿੱਥੇ ਔਰਤਾਂ ਦੇ ਚੇਤੰਨ ਬਿੰਬ ਪੇਸ਼ ਹੋਏ ਹਨ। 'ਚੱਲ ਬਰਨਾਲੇ ਚੱਲੀਏ' ਕਹਾਣੀ ਵਿੱਚ ਪਤਨੀ ਦੀ ਮੌਤ ਤੋਂ ਬਾਅਦ ਇਕੱਲਤਾ ਅਤੇ ਨਮੋਸ਼ੀ ਹੰਢਾਉਂਦਾ ਜੰਗ ਸਿੰਘ ਆਪਣੀ ਨੂੰਹ ਮੀਤੋ ਨਾਲ ਸਬੰਧ ਰੱਖਣ ਦੀ ਤਾਕ ਵਿੱਚ ਰਹਿੰਦਾ ਹੈ ਪਰ ਮੀਤੋ ਦਾ ਵਿਰੋਧ ਉਸਦੇ ਪਤੀ ਕੈਲੇ ਨੂੰ ਵੀ ਜਾਗਰੂਕ ਕਰਦਾ ਹੈ ਅਤੇ ਦੋਵੇਂ ਘਰ ਦੀ ਥਾਂ ਬਰਨਾਲੇ ਰਹਿਣ ਦਾ ਫ਼ੈਸਲਾ ਕਰਦੇ ਹਨ। ਮੀਤੋ ਦਾ ਛੜਾ ਦਿਉਰ ਜੈਲਾ ਵੀ ਪਿਤਾ ਜੰਗ ਸਿੰਘ ਵਾਲੇ ਰਾਹ ਪੈ ਜਾਂਦਾ ਹੈ ਤਾਂ ਮੀਤੋ ਨਿਡਰਤਾ ਨਾਲ ਇਨ੍ਹਾਂ ਹਾਲਾਤ ਦਾ ਸਾਹਮਣਾ ਕਰਦੀ ਹੈ। ਮੀਤੋ ਵਰਗਾ ਚੇਤੰਨ ਪਾਤਰ 'ਤਿਕੋਣ' ਕਹਾਣੀ ਵਿੱਚ ਮਿੰਦਰ ਦੇ ਰੂਪ ਵਿੱਚ ਪੇਸ਼ ਹੈ ਜੋ ਕਿ ਆਪਣੇ ਪਤੀ ਸਰਦੂਲ ਤੇ ਧੀ ਵਾਲੇ ਘਰ ਅੰਦਰ ਪੈਦਾ ਘਰੇਲੂ ਕਲੇਸ਼ ਵਿੱਚ ਟੁੱਟਦੇ ਜਾਂਦੇ ਆਪਣੇ 'ਘਰ' ਦੀ ਹੋਂਦ ਬਚਾ ਰੱਖਦੀ ਹੈ।

ਲੇਖਕ ਨੇ ਪੁਰਸ਼ ਕੇਂਦਰਤ ਸਮਾਜ ਵਿੱਚ ਔਰਤ ਦੇ ਸਾਥ ਤੋਂ ਵਿਰਵੇਂ ਅਤੇ ਕਾਮੁਕ ਸਬੰਧਾਂ ਲਈ ਹਾਬੜੇ ਮਰਦ ਪਾਤਰਾਂ ਦੀ ਪੇਸ਼ਕਾਰੀ ਖ਼ੂਬਸੂਰਤ ਢੰਗ ਨਾਲ ਕੀਤੀ ਹੈ। ਅਜਿਹੇ ਪਾਤਰ ਦਾਤੇਵਾਸ ਦੀਆਂ ਕਈ ਕਹਾਣੀਆਂ ਵਿੱਚ ਕਥਾਕਾਰੀ ਦੇ ਇਕ ਨਿਸ਼ਚਿਤ

ਪੈਟਰਨ ਵਿੱਚ ਪੇਸ਼ ਹੋਏ ਹਨ। 'ਫ਼ਲਾ' ਕਹਾਣੀ ਦਾ ਸੀਰੀ ਪਾਤਰ, 'ਆਂਟੀ ਨੇ ਠੀਕ ਕਿਹਾ ਸੀ' ਦਾ ਰਣਜੀਤ, 'ਚੱਲ ਬਰਨਾਲੇ ਚੱਲੀਏ' ਦਾ ਜੈਲਾ ਤੇ ਜੰਗ ਸਿੰਘ, 'ਸਿਆਣੀ ਬਣ ਧੀਏ' ਦਾ ਸੁਨੱਖਾ ' ਫ਼ਲਾ' ਦਾ ਨਰੈਣਾ ਆਦਿ ਪਾਤਰ ਔਰਤ ਦੇ ਸਾਥ ਲਈ ਤਰਸਦੇ ਅਤੇ ਜਿਬਕਦੇ ਹਨ। ਲੇਖਕ ਨੇ ਇਨ੍ਹਾਂ ਪਾਤਰਾਂ ਦੇ ਅੰਦਰੂਨੀ ਸੰਸਾਰ ਤੱਕ ਪੁੱਜਤ ਕਰਨ ਲਈ ਆਪਣੀ ਕਹਾਣੀ ਨੂੰ ਪਾਤਰਾਂ ਦੀ ਪ੍ਰਤੀਕਮਈ ਗੱਲਬਾਤ ਦੁਆਰਾ ਅਤੇ ਨਾਟਕੀ ਜੁਗਤਾਂ ਨਾਲ ਪੇਸ਼ ਕੀਤਾ ਹੈ। ਦਾਤੇਵਾਸ ਦੀ ਕਹਾਣੀ 'ਫ਼ਲਾ' ਦਲਿਤ ਪਰਿਵਾਰਾਂ ਵਿੱਚ ਅਨਪੜ੍ਹਤਾ, ਵੱਧ ਬੱਚੇ ਪੈਦਾ ਕਰਨ ਤੋਂ ਉਪਜਦੇ ਸੰਤਾਪ ਸਮੇਤ ਅਖੌਤੀ ਉੱਚ ਜਾਤਾਂ ਦੇ ਲੋਕਾਂ ਵੱਲੋਂ ਹੁੰਦੇ ਭੇਦਭਾਵ ਦੀ ਦਾਸਤਾਨ ਹੈ। ਗੇਲੀ ਦੀ ਪਤਨੀ ਅਤੇ ਮਾਂ ਗਰਭਵਤੀ ਹਨ। ਮਾਂ ਦਾ ਗਰਭਵਤੀ ਹੋਣਾ ਗੇਲੀ ਲਈ ਪਿੰਡ ਦੀ ਸੱਥਾਂ ਵਿੱਚ ਨਾਸੂਰ ਬਣ ਜਾਂਦਾ ਹੈ ਅਤੇ ਉਹ ਆਪਣੇ ਮਾਂ ਪਿਉ ਨੂੰ ਨਫ਼ਰਤ ਨਾਲ ਦੇਖਦਾ ਹੈ। ਕਹਾਣੀ ਦੇ ਅੰਤ ਵਿੱਚ ਬੱਚੇ ਨੂੰ ਜਨਮ ਦੇਣ ਮੌਕੇ ਗੇਲੀ ਦੀ ਮਾਂ ਦੀ ਮੌਤ ਹੋ ਜਾਂਦੀ ਹੈ ਤਾਂ ਗੇਲੀ ਆਪਣੇ ਨਵ ਜਨਮੇ ਭਰਾ ਨੂੰ ਚੁੱਕ ਕੇ ਉੱਚੀ ਉੱਚੀ ਰੋਣ ਲੱਗ ਪੈਂਦਾ ਹੈ। ਪਿੰਡ ਦੀ ਪਾਰਲੀਮੈਂਟ (ਸੱਥ) ਵਿੱਚੋਂ ਦਲਿਤ ਵਰਗ ਜਿਸ ਤਰ੍ਹਾਂ ਦੇ ਅਪਰਾਧ ਬੋਧ ਅਤੇ ਗਿਲਾਨੀ ਵਾਲੇ ਭਾਵਾਂ ਨਾਲ ਗੁਜ਼ਰਦਾ ਹੈ ਇਸ ਨਾਲ ਜੁੜੇ ਬਿਰਤਾਂਤਕ ਵੇਰਵੇ ਕਹਾਣੀ ਦਾ ਕਥਾ ਰਸ ਅਤੇ ਪੜ੍ਹਨਯੋਗਤਾ ਬਣਾਈ ਰੱਖਦੇ ਹਨ।

ਦਾਤੇਵਾਸ ਕੋਲ ਕਹਾਣੀ ਉਸਾਰਨ ਦੀ ਜੁਗਤ ਹੈ। ਉਹ ਜਗੀਰੂ ਅਵਚੇਤਨ ਵਾਲੇ ਪੰਜਾਬੀ ਸੁਭਾਅ ਦਾ ਕੁਸ਼ਲ ਸਿਰਜਕ ਹੈ। ਪੰਜਾਬੀ ਗਾਇਕੀ ਦੇ ਸੱਤਵੇਂ ਅੱਠਵੇਂ ਦਹਾਕੇ ਵਿੱਚ ਜਦੋਂ ਦਿਉਰ-ਭਾਬੀ, ਜੇਠ-ਭਰਜਾਈ ਦੇ ਰਿਸ਼ਤਿਆਂ ਦੀਆਂ ਚੋਰ ਮੋਰੀਆਂ ਅਤੇ ਛੜੇ ਪਾਤਰਾਂ ਦੇ ਔਰਤ ਲਈ ਤਰਸੇਵੇਂ ਵਾਲੇ ਭਾਵਾਂ ਦੀ ਤਰਜਮਾਨੀ ਆਮ ਹੁੰਦੀ ਸੀ ਤਾਂ ਦਾਤੇਵਾਸ ਦੀ ਕਹਾਣੀ ਵੀ ਇਸਦੇ ਸਮਾਨਅੰਤਰ ਗਲਪ ਦੀ ਧਰਮੀ ਵਿਧਾ ਤੋਂ ਇਸ ਸਮਾਜਿਕ ਪਰਿਪੇਖ ਨੂੰ ਸਪਲੀਮੈਂਟ ਕਰਦੀ ਰਹੀ। ਉਹ ਪਿੰਡ ਦੀ ਜਾਤੀ, ਜਮਾਤੀ ਅਤੇ ਜ਼ਮੀਨ ਦੀ ਸਿਆਸਤ ਦਾ ਜਾਣੂੰ ਕਥਾਕਾਰ ਹੋਇਆ ਹੈ ਜਿਸਦੀਆਂ ਕਹਾਣੀਆਂ ਦੇ ਬਿਰਤਾਂਤਕ ਖੰਡ ਪਿੰਡ ਦੀ ਇਕਾਈ ਨੂੰ ਉਸਦੇ ਸੰਪੂਰਨ ਬਿੰਬ ਵਿੱਚ ਪੇਸ਼ ਕਰਦੇ ਰਹੇ। ਦਾਤੇਵਾਸ ਬਿਰਤਾਂਤ ਦੀ ਸੂਚਨਾਵੀਂ ਭਾਸ਼ਾ ਅਤੇ ਪਾਤਰਾਂ ਦੀ ਵਾਰਤਾਲਾਪੀ ਭਾਸ਼ਾ ਨੂੰ ਪ੍ਰਤੀਕਾਂ ਦੇ ਮਾਧਿਅਮ ਨਾਲ ਸੰਜਮ ਭਰੇ ਲਹਿਜ਼ੇ ਵਿੱਚ ਪੇਸ਼ ਕਰਨ ਵਾਲਾ ਕਥਾਕਾਰ ਹੋਇਆ ਹੈ। ਕਹਾਣੀਆਂ ਵਿੱਚ ਉਹ ਅਖੌਤੀ ਉੱਚ ਵਰਗ ਵੱਲੋਂ ਦਲਿਤਾਂ ਨੂੰ 'ਸਲਾਬ੍ਹੀ ਜਾਤ', ਪੰਜਾਬ ਸੰਕਟ ਨੂੰ 1988 ਦੇ 'ਹੜ੍ਹਾਂ', ਖੁੰਢਾਂ 'ਤੇ ਬੈਠ ਦਲਿਤਾਂ ਨੂੰ ਟਿੱਚਰਾਂ ਕਰਦੇ ਲੋਕਾਂ ਨੂੰ 'ਕੁੱਤਿਆਂ ਦੇ ਮੂੰਹਾਂ ਵਾਲੇ' , ਰਿਜ਼ਰਵੇਸ਼ਨ ਦੀ ਕਰੀਮੀ ਲੇਅਰ ਨੂੰ 'ਗਧਿਆਂ', ਕਾਮ ਦੇ ਦਮਨ ਨੂੰ 'ਗਿੱਲੇ ਗੋਹੇ ਦੀ ਅੱਗ', ਵਰਗੇ ਲਕਬ ਦੇ ਕੇ ਕਥਾ ਬਿਰਤਾਂਤ ਨੂੰ ਪਿੰਡ ਦੀ ਲੋਕ ਮਾਨਸਿਕਤਾ ਦੇ ਮੌਲਿਕ ਉਚਾਰ ਵਿੱਚੋਂ ਪੇਸ਼ ਕਰਦਾ ਹੈ। ਪਿੰਡ ਦੇ ਮਨੋ ਵਿਗਿਆਨ ਦੀ ਭਰਵੀਂ ਦ੍ਰਿਸ਼ਕਾਰੀ ਦਾਤੇਵਾਸ ਦੀ ਕਹਾਣੀ ਦਾ ਅਹਿਮ ਹਾਸਿਲ ਹੈ। ਉਸ ਦੀਆਂ ਗਿਆਰਾਂ ਕਹਾਣੀਆਂ ਪਿੰਡ ਦੇ ਜਗੀਰੂ ਅਵਚੇਤਨ ਵਾਲੇ ਸਮਾਜ ਦਾ ਦਰਪਣ ਹਨ।

***

ਸ੍ਰੀ ਗੁਰੂ ਗੋਬਿੰਦ ਸਿੰਘ ਖਾਲਸਾ ਕਾਲਜ
ਮਾਹਿਲਪੁਰ, 94175 86028

# ਕਿਰਸਾਨੀ ਸਮਾਜ ਵਿਚਲੀ ਔਰਤ ਦੇ ਦੁਖਾਂਤ ਦੀ ਕਹਾਣੀ ਬੰਜਰ

**ਡਾ. ਗੁਰਦੀਪ ਸਿੰਘ**

ਆਮ ਕਿਰਸਾਨ ਪਰਿਵਾਰ ਦਾ ਜੰਮਪਲ ਜਗਰੂਪ ਸਿੰਘ ਦਾਤੇਵਾਸ ਪੰਜਾਬੀ ਦਾ ਇਕ ਨਿਵੇਕਲੀ ਸੁਰ ਵਾਲਾ ਕਹਾਣੀਕਾਰ ਸੀ। ਜਗਰੂਪ, ਅਜੋਕੇ ਮਰਦ ਪ੍ਰਧਾਨ ਸਮਾਜ ਵਿਚ ਔਰਤ ਦੀ ਹੋਂਦ ਨੂੰ ਸਥਾਪਿਤ ਕਰਨ ਦੀ ਉਸਾਰੂ ਸੋਚ ਦਾ ਧਾਰਨੀ ਰਿਹਾ ਹੈ। ਜਗਰੂਪ ਨੇ ਆਪਣੇ ਸਿਰਜਣਾਤਮਕ ਸਫ਼ਰ ਦੀ ਸ਼ੁਰੂਆਤ ਮਿੰਨੀ ਕਹਾਣੀ ਨਾਲ ਕੀਤੀ। ਸਾਲ 1991 ਵਿਚ ਜਗਰੂਪ ਦਾ ਪਹਿਲਾ ਮਿੰਨੀ ਕਹਾਣੀ ਸੰਗ੍ਰਹਿ 'ਅੰਗ ਸੰਗ' ਪ੍ਰਕਾਸ਼ਿਤ ਹੋਇਆ। ਪਰ ਇਸ ਵਿਧਾ ਤੋਂ ਉਸ ਨੂੰ ਮਾਨਸਿਕ ਸੰਤੁਸ਼ਟੀ ਹਾਸਿਲ ਨਾ ਹੋ ਸਕੀ। ਜਗਰੂਪ ਨੇ ਇਸ ਗੱਲ ਨੂੰ ਕਈ ਸਾਹਿਤਕ ਗੋਸ਼ਟਾਂ ਵਿਚ ਆਪਣੇ ਮਿੱਤਰਾਂ ਸਾਹਮਣੇ ਕਬੂਲ ਵੀ ਕੀਤਾ ਹੈ "ਘਿਸੇ ਪਿਟੇ ਵਿਸ਼ੇ ਤੇ ਘਟੀਆ ਨਿਭਾਅ ਨੇ ਮਿੰਨੀ ਕਹਾਣੀ ਦਾ ਬਹੁਤ ਨੁਕਸਾਨ ਕੀਤਾ ਹੈ, ਇਹ ਸਭ ਕੁਸ਼ ਦੇਖ ਕੇ ਇਸ ਸਿਨਫ਼ ਤੋਂ ਦਿਲ ਜਿਹਾ ਭਰ ਗਿਐ।"[1] ਕਹਾਣੀਕਾਰ ਕਿਰਪਾਲ ਕਜ਼ਾਕ ਦੇ ਕਹਿਣ 'ਤੇ ਜਗਰੂਪ ਲੰਮੀ ਕਹਾਣੀ ਸਿਰਜਣ ਵੱਲ ਕਲਮ ਦਾ ਰੁੱਖ਼ ਕਰਦਾ ਹੈ। ਜਗਰੂਪ ਨੇ ਵੱਖ-ਵੱਖ ਵਿਸ਼ਿਆਂ ਨੂੰ ਲੈ ਕੇ ਅਨੇਕਾਂ ਹੀ ਕਹਾਣੀਆਂ ਦੀ ਸਿਰਜਣਾ ਕੀਤੀ। ਔਰਤ ਤੇ ਦਲਿਤ ਵਰਗ ਨਾਲ ਸੰਬੰਧਿਤ ਸਮੱਸਿਆਵਾਂ ਨੂੰ ਉਜਾਗਰ ਕਰਨ ਵੱਲ ਜਗਰੂਪ ਦਾ ਖ਼ਾਸ ਧਿਆਨ ਰਿਹਾ ਹੈ। ਇਨ੍ਹਾਂ ਦੋਹਾਂ ਵਿਸ਼ਿਆਂ ਉਪਰ ਤਾਂ ਜਗਰੂਪ ਨੂੰ ਮੁਹਾਰਤ ਹਾਸਿਲ ਸੀ। ਕਹਾਣੀ ਸੰਗ੍ਰਹਿ 'ਬੰਜਰ' ਵਿਚ ਕਹਾਣੀਕਾਰ ਜਗਰੂਪ ਦਾਤੇਵਾਸ ਦੀਆਂ ਦਸ ਪ੍ਰਮੁੱਖ ਕਹਾਣੀਆਂ ਨੂੰ ਸ਼ਾਮਿਲ ਕੀਤਾ ਹੈ। ਇਨ੍ਹਾਂ ਵਿਚੋਂ ਤਿਕੋਨ, ਸਿਆਣੀ ਬਣ ਧੀਏ, ਚੱਲ ਬਰਨਾਲੇ ਚਲੀਏ, ਬੰਜਰ ਤੇ ਤਾਇਆ ਪੰਜਾਬ ਸਿੰਘ ਕਹਾਣੀਆਂ ਵਿਸ਼ੇਸ ਧਿਆਨ ਆਕਰਸ਼ਿਤ ਕਰਦੀਆਂ ਹਨ।

ਇਹ ਸਾਰੀਆਂ ਕਹਾਣੀਆਂ ਉਸ ਸਮੇਂ ਦੇ ਪ੍ਰਸਿੱਧ ਰਸਾਲਿਆਂ ਵਿਚ ਪ੍ਰਕਾਸ਼ਿਤ ਹੋ ਚੁੱਕੀਆਂ ਹਨ। ਇਸ ਸੰਗ੍ਰਹਿ ਵਿਚਲੀ ਕਹਾਣੀ 'ਤਾਇਆ ਪੰਜਾਬ ਸਿੰਘ' ਨੂੰ ਤਾਂ ਸੰਨ 1991 ਵਿਚ ਰਾਮ ਸਰੂਪ ਅਣਖੀ ਵੱਲੋਂ ਭੱਠਲ ਪੁਰਸਕਾਰ ਵੱਜੋਂ ਸਨਮਾਨਿਆ ਵੀ ਗਿਆ ਹੈ। ਜਸਬੀਰ ਭੁੱਲਰ ਦੀ ਕਿਤਾਬ 'ਨਵੀਂ ਰੁੱਤ ਦੇ ਜੁਗਨੂੰ' ਵਿਚ ਵੀ ਇਸ ਕਹਾਣੀ ਨੂੰ ਸਥਾਨ ਮਿਲਿਆ। ਇਸ ਤਰ੍ਹਾਂ ਜਗਰੂਪ ਪੰਜਾਬੀ ਦੇ ਸਥਾਪਿਤ ਕਹਾਣੀਕਾਰਾਂ ਵਿਚ ਜਾ ਖਲੋਂਦਾ ਹੈ। ਜਗਰੂਪ ਦੀਆਂ ਜ਼ਿਆਦਾਤਰ ਕਹਾਣੀਆਂ ਦੇ ਵਿਸ਼ੇ ਔਰਤ ਮਰਦ ਵਿਚਲੀ ਲਿੰਗ ਅਭੇਦਤਾ ਨੂੰ ਰੂਪਮਾਨ ਕਰਨ ਵਾਲੇ ਹਨ। ਲਿੰਗ ਅਭੇਦਤਾ ਸਾਡੇ ਸਭਿਅਕ ਸਮਾਜ ਦੇ ਲਿਸ਼ਕੇ-ਪੁਸ਼ਕੇ ਚਿਹਰੇ ਉਤੇ ਇਕ ਬਦਨੁਮਾ ਦਾਗ਼ ਵਾਂਗ ਹੈ। ਔਰਤ ਤੇ ਮਰਦ ਇਸ ਬ੍ਰਹਿਮੰਡ ਦੀ, ਇਸ ਕੁਦਰਤ ਦੀ ਸਭ ਨਾਲੋਂ ਉਤਮ ਸਿਰਜਣਾ ਹੈ। ਜੀਵ ਵਿਗਿਆਨੀ ਚਾਰਲਸ ਡਾਰਵਿਨ ਦੇ ਅਨੁਸਾਰ ਅਜੋਕੇ ਮਨੁੱਖ ਦੇ ਇਸ ਪਰਿਵੇਸ਼ ਵਿਚ ਪਹੁੰਚਣ ਤੱਕ ਦਾ ਸਫ਼ਰ ਕਰੋੜਾਂ ਅਰਬਾਂ ਸਾਲ ਪੁਰਾਣਾ ਹੈ। ਬ੍ਰਹਿਮੰਡ ਦੇ ਸਭ ਜੀਵਾਂ ਦਾ ਆਧਾਰ ਇਕ ਹੀ ਹੈ। ਪੱਥਰ ਯੁਗ ਤੋਂ ਅੱਜ ਵਾਲੇ ਸਭਿਅਕ ਯੁਗ ਤਕ ਦੇ ਸਫਰ ਦੌਰਾਨ ਮਰਦ ਨੇ ਬਾਕੀ ਸਾਰੇ ਵਰਤਾਰਿਆਂ ਵਾਂਗ ਔਰਤ ਨੂੰ ਭੋਗ ਵਿਲਾਸ ਦੀ ਵਸਤੂ ਮੰਨ ਕੇ ਜਾਇਦਾਦ ਦੀਆਂ ਬਾਕੀ ਸੰਸਥਾਵਾਂ ਵਾਂਗ ਆਪਣਾ ਅਧਿਕਾਰ ਸਥਾਪਿਤ ਕਰ ਲਿਆ। ਧਰਮ ਸ਼ਾਸਤਰਾਂ ਦਾ ਸਹਾਰਾ ਲੈ ਇਸ ਅਧਿਕਾਰ ਨੂੰ ਸਭਿਆਚਾਰ ਰਾਹੀਂ ਪ੍ਰਗਟਾਉਣਾ ਤੇ ਮਨਵਾਉਣਾ ਵੀ ਸ਼ੁਰੂ ਕਰ ਦਿੱਤਾ।

ਜਗਰੂਪ ਨੇ ਆਪਣੀਆਂ ਕਹਾਣੀਆਂ ਰਾਹੀਂ ਇਸ ਸਮਾਜਿਕ ਦਾਗ਼ ਨੂੰ ਧੋਣ ਦਾ ਭਰਪੂਰ ਜਤਨ ਕੀਤਾ ਹੈ। ਇਹ ਲਿੰਗ ਅਸਮਾਨਤਾ ਉਸ ਨੂੰ ਕੰਡਿਆਲੀ ਥੋਹਰ ਵਾਂਗ ਜਾਪਦੀ ਹੈ। ਜਿਸ ਨੂੰ ਜੜ੍ਹੋਂ ਪੁੱਟ ਕੇ ਵਗ੍ਹਾਉਣ ਦੀ ਵਿਚਾਰਕ ਗੁਆਹੀ ਆਪਣੀ ਕਹਾਣੀਆਂ ਵਿਚ ਥਾਂ-ਥਾਂ ਭਰਦਾ ਨਜ਼ਰ ਆਉਂਦਾ ਹੈ। ਜਗਰੂਪ ਆਪਣੇ ਇਸ ਮਕਸਦ ਵਿਚ ਕਾਫ਼ੀ ਹੱਦ ਤਕ ਸਫ਼ਲ ਵੀ ਹੋ ਰਿਹਾ ਹੈ ਪਰ ਅਕਾਲ ਚਲਾਣੇ ਕਾਰਨ ਪੰਜਾਬੀ ਸਾਹਿਤ ਜਗਤ ਨਾਲੋਂ ਅਜਿਹੀ ਸੋਚ ਦਾ ਰਿਸ਼ਤਾ ਹਮੇਸ਼ਾ ਲਈ ਟੁੱਟ ਜਾਂਦਾ ਹੈ। ਬੇਸ਼ਕ ਜਗਰੂਪ ਇਸ ਫਾਨੀ ਸੰਸਾਰ ਤੋਂ ਰੁਖ਼ਸਤ ਹੋ ਗਿਆ ਹੈ ਪਰ ਉਸਦੀ ਸੋਚ ਤੋਂ ਸੇਧ ਲੈ ਕੇ ਪੰਜਾਬੀ ਕਹਾਣੀ ਉਸਦੀ ਵਿਚਾਰਧਾਰਾ ਨੂੰ ਅਗਾਂਹ ਤੋਰ ਰਹੀ ਹੈ। ਇਨਸਾਨ ਮਰਦਾ ਹੈ ਪਰ ਵਿਚਾਰ ਹਮੇਸ਼ਾ ਜਿੰਦਾ ਰਹਿੰਦੇ ਹਨ। ਇਹ ਵਿਚਾਰ ਇਨਸਾਨ ਦਰ ਇਨਸਾਨ, ਪੀੜ੍ਹੀ ਦਰ ਪੀੜ੍ਹੀ, ਨਿਰੰਤਰ ਵਿਕਾਸ ਕਰਦੇ ਹੋਏ ਨਦੀ ਦੇ ਪਾਣੀ ਵਾਂਗ ਕਦੇ ਸ਼ਾਤਮਈ ਰੂਪ ਵਿਚ ਵਿਚਰਦੇ ਹਨ ਤੇ ਕਦੇ ਬਰਸਾਤੀ ਹੜ੍ਹਾਂ ਦਾ ਰੂਪ ਲੈ ਕੇ ਵਿਨਾਸ਼ ਦਾ ਕਾਰਨ ਵੀ ਹੋ ਨਿਬੜਦੇ ਹਨ। ਨਿਰਸੰਦੇਹ ਪੰਜਾਬੀ ਸਾਹਿਤ ਜਗਤ ਲਈ ਜਗਰੂਪ ਦਾ ਇਸ ਤਰ੍ਹਾਂ ਬੇਵਕ਼ਤ ਤੁਰ ਜਾਣਾ ਸਾਹਿਤ ਤੇ ਸਮਾਜ ਲਈ ਬਹੁਤ ਵੱਡਾ ਘਾਟਾ ਹੈ। ਜਗਰੂਪ ਨੇ ਆਪਣੀਆਂ ਕਹਾਣੀਆਂ ਵਿਚ ਕਿਸਾਨ, ਦਲਿਤ ਵਰਗ ਤੇ ਔਰਤ ਨਾਲ ਸੰਬੰਧਤ ਸਮੱਸਿਆਵਾਂ ਨੂੰ ਬੇਬਾਕੀ ਨਾਲ ਪੇਸ਼ ਕੀਤਾ ਹੈ। ਉਹ ਆਪਣੇ ਪਾਠਕਾਂ ਨੂੰ ਸ਼ਸ਼ੋਪੰਜ/ਉਲਝਣ ਵਿਚ ਨਹੀਂ ਪਾਉਂਦਾ। ਸਾਦਗੀ ਤੇ ਸਰਲਤਾ ਨਾਲ ਆਪਣੇ ਵਿਚਾਰ ਪਾਠਕਾਂ ਦੇ ਰੂ-ਬ-ਰੂ ਕਰਦਾ ਹੈ। ਇਸ ਸੰਪਾਦਿਤ ਸੰਗ੍ਰਹਿ ਦੀਆਂ ਜਿਆਦਾਤਰ ਕਹਾਣੀਆਂ ਪੰਜਾਬੀ ਪੇਂਡੂ ਸਭਿਆਚਾਰ ਤੇ ਉਸ ਵਿਚਲੀਆਂ ਆਰਥਿਕ ਤੇ ਸਮਾਜਿਕ ਸਮੱਸਿਆਵਾਂ ਨੂੰ ਦ੍ਰਿਸ਼ਟੀਗੋਚਰ ਕਰਦੀਆਂ ਹਨ।

ਪੰਜਾਬੀ ਸਭਿਆਚਾਰ ਦੀ ਰੀੜ੍ਹ ਇਸ ਦਾ ਭਾਈਚਾਰਕ ਤੇ ਸਾਕਾਚਾਰੀ ਸਿਸਟਮ ਹੈ। ਇਹ ਪੰਜਾਬੀ ਸਭਿਆਚਾਰ ਉਹ ਸੋਮਾ ਹੈ ਜਿਸ ਪਾਸੋਂ ਹਰ ਇਕ ਪੰਜਾਬੀ ਨੂੰ ਜੀਵਨ ਦੇ ਉਤਾਰਾਂ-ਚੜ੍ਹਾਵਾਂ ਨਾਲ ਦੋ-ਦੋ ਹੱਥ ਕਰਨ ਦੀ ਤਾਕਤ ਮਿਲਦੀ ਹੈ। ਔਰਤ-ਮਰਦ ਸਾਡੇ ਭਾਰਤੀ ਪੰਜਾਬੀ ਸਭਿਆਚਾਰ ਦੇ ਪ੍ਰਮੁੱਖ ਅੰਗ ਹਨ। ਇਨ੍ਹਾਂ ਦੋਹਾਂ ਦੀ ਹੋਂਦ ਸਭਿਅਕ ਸਮਾਜ ਦੇ ਵਿਕਾਸ ਲਈ ਬੇਹਦ ਜ਼ਰੂਰੀ ਹੈ। ਇਕ ਦੀ ਵੀ ਅਣਹੋਂਦ ਸਮਾਜ ਸਭਿਆਚਾਰ ਦੀ ਪ੍ਰਗਤੀ ਦੇ ਰਾਹ-ਰਸਤੇ ਦੀ ਸਭ ਤੋਂ ਵੱਡੀ ਰੁਕਾਵਟ ਸਾਬਿਤ ਹੁੰਦੀ ਹੈ। ਸਾਡੇ ਭਾਰਤੀ ਸਮਾਜ ਵਿਚ ਔਰਤ ਨੂੰ ਹਮੇਸ਼ਾ ਤੋਂ ਹੀ ਦੂਜੇ ਦਰਜ਼ੇ ਦੇ ਨਾਗਰਿਕ ਮੰਨਿਆ ਜਾਂਦਾ ਰਿਹਾ ਹੈ। ਭਾਰਤੀ ਸਮਾਜ-ਸਭਿਆਚਾਰ ਵਿਚ ਔਰਤ ਦੀ ਹੋਂਦ ਹਮੇਸ਼ਾ ਤੋਂ ਹੀ ਅਸਵੀਕਾਰ ਤੇ ਚੁਣੌਤੀਪੂਰਨ ਰਹੀ ਹੈ। ਪੁਰਾਤਨ ਕਾਲ ਤੋਂ ਹੀ ਔਰਤ ਮਰਦ ਲਈ ਦਿਲ ਪਰਚਾਵੇ ਦਾ ਸਾਧਨ ਮਾਤਰ ਹੋ ਕੇ ਵਿਚਰਦੀ ਰਹੀ ਹੈ। ਰਾਜਿਆਂ-ਮਹਾਰਾਜਿਆਂ ਨੇ ਔਰਤ ਨੂੰ ਆਪਣੇ ਸ਼ਾਹੀ ਹਰਮਾਂ ਦਾ ਸ਼ਿੰਗਾਰ ਬਣਾ ਲਿਆ। ਸੁੰਦਰਤਾ ਔਰਤ ਲਈ ਸਰਾਪ ਸਿੱਧ ਹੋਣ ਲੱਗੀ। ਕਾਬੁਲ ਤੇ ਕੰਧਾਰ ਦੀਆਂ ਮੰਡੀਆਂ ਵਿਚ ਔਰਤਾਂ ਨੂੰ ਜਾਨਵਰਾਂ ਵਾਂਗ ਵੇਚਿਆ ਤੇ ਖਰੀਦਿਆ ਜਾਣ ਲੱਗਾ। ਔਰਤ ਨੂੰ ਗੁਲਾਮਾਂ ਵਾਂਗ ਰੱਖਿਆ ਜਾਂਦਾ। ਭਾਰਤ ਦੇ ਸਭ ਤੋਂ ਪੁਰਾਤਨ ਮਹਾ-ਕਾਵਿ 'ਰਾਮਾਇਣ' ਤੇ 'ਮਹਾਂਭਾਰਤ' ਦੀਆਂ ਨਾਇਕਾਂ ਦੇ ਸਵੰਬਰ ਦੀ ਰਸਮ, ਔਰਤ ਦੀ ਗ਼ੁਲਾਮੀ ਦਾ ਹੀ ਪ੍ਰਤੀਕ ਹੈ।

ਕਹਾਣੀ 'ਬੰਜਰ' ਇਸ ਸੰਗ੍ਰਹਿ ਦੀ ਇਕ ਬਹੁਤ ਹੀ ਪ੍ਰਮੁੱਖ ਕਹਾਣੀ ਕਹੀ ਜਾ ਸਕਦੀ ਹੈ। ਪੇਂਡੂ ਕਿਰਸਾਨੀ ਸਮਾਜ ਵਿਚ ਔਰਤ ਦੀ ਅਣਹੋਣੀ ਨੂੰ ਜਿੰਨੀ ਬੇਬਾਕੀ ਨਾਲ ਜਗਰੂਪ ਨੇ ਇਸ ਕਹਾਣੀ ਵਿਚ ਪੇਸ਼ ਕੀਤਾ ਹੈ ਸ਼ਾਇਦ ਹੀ ਕਿਸੇ ਹੋਰ ਕਹਾਣੀਕਾਰ ਪਹਿਲਾਂ ਅਜਿਹਾ ਕਰ ਸਕਿਆ ਹੋਵੇ। ਕਹਾਣੀ ਦੀ ਸ਼ੁਰੂਆਤ ਕਿਰਸਾਨ ਪਰਿਵਾਰ ਦੀਆਂ ਦੋ ਔਰਤਾਂ ਨਿੰਮੋ ਤੇ ਗਾਮੋ

ਦੀ ਆਪਸੀ ਗੱਲ ਬਾਤ ਨਾਲ ਹੁੰਦੀ ਹੈ। ਉਹ ਦੋਵੇਂ ਕੱਸੀ ਭਾਵ ਛੋਟੀ ਜਿਹੀ ਨਹਿਰ 'ਤੇ ਕੱਪੜੇ ਧੋਣ ਜਾ ਰਹੀਆਂ ਹਨ। ਹਰੇ ਇੰਕਲਾਬ ਤੋਂ ਪਹਿਲਾਂ ਪੰਜਾਬ ਦੀ ਲਗਭਗ ਸਾਰੀ ਕਿਰਸਾਨੀ ਮੀਹਾਂ ਦੇ ਪਾਣੀਆਂ ਉਤੇ ਨਿਰਭਰ ਸੀ। ਹਰੇ ਇੰਕਲਾਬ ਕਾਰਨ ਪੰਜਾਬ ਦੀ ਕਿਰਸਾਨੀ ਦਾ ਮਸ਼ੀਨੀਕਰਨ ਤੇ ਸਰਲੀਕਰਨ ਆਰੰਭ ਹੁੰਦਾ ਹੈ। ਪਿੰਡਾਂ ਵਿਚ ਖੇਤਾਂ ਨੂੰ ਨਹਿਰੀ ਪਾਣੀ ਨਾਲ ਜੋੜਣ ਲਈ ਸਰਕਾਰ ਦੁਆਰਾ ਛੋਟੀਆਂ-ਛੋਟੀਆਂ ਕੱਸੀਆਂ ਬਣਾਈਆਂ ਗਈਆਂ। ਨਿੰਮੋ ਤੇ ਗਾਮੋ ਇਕ ਦੂਜੇ ਨਾਲ ਹਾਸੇ-ਠੱਠੇ ਕਰਦਿਆਂ ਕਿਰਸਾਨੀ ਸਮਾਜ ਦੀਆਂ ਔਰਤਾਂ ਦੇ ਦੁਖਾਂਤ ਨੂੰ ਬਿਆਨ ਕਰਦੀਆਂ ਹਨ। ਆਪਸ ਵਿਚ ਮਸ਼ਕਰੀਆਂ ਕਰਦੀਆਂ ਹਨ। ਇਸ ਸੰਗ੍ਰਹਿ ਦੀ ਇਕ ਹੋਰ ਮਹੱਤਵਪੂਰਨ ਕਹਾਣੀ 'ਸਿਆਣੀ ਬਣ ਧੀਏ' ਹੈ। ਕਹਾਣੀ 'ਸਿਆਣੀ ਬਣ ਧੀਏ' ਕਹਾਣੀ 'ਬੰਜਰ' ਦਾ ਹੀ ਵਿਸਥਾਰ ਹੈ। ਜਗਰੂਪ ਨੇ ਕੇਵਲ ਪਾਤਰਾਂ ਦੇ ਨਾਮ ਹੀ ਬਦਲੇ ਹਨ। 'ਬੰਜਰ' ਦੀ ਗਾਮੋ 'ਸਿਆਣੀ ਬਣ ਧੀਏ' ਦੀ ਅਮਰੋ ਇਕ ਹੀ ਹਨ।

'ਬੰਜਰ' ਸ਼ਬਦ ਉਸ ਜ਼ਮੀਨ ਲਈ ਵਰਤਿਆ ਜਾਂਦਾ ਹੈ ਜੋ ਕਈ ਵਰ੍ਹਿਆਂ ਤੋਂ ਅਣਵਾਹੀ ਹੋਵੇ। ਜਿੱਥੇ ਵਰ੍ਹਿਆਂ ਤੋਂ ਕੁਝ ਵੀ ਨਾ ਉਗਿਆ ਹੋਵੇ। 'ਬੰਜਰ' ਤੇ 'ਬਾਂਝ' ਦੇਵਨਾਗਰੀ ਲਿੱਪੀ ਦੇ ਸ਼ਬਦ ਹਨ। ਦੋਵੇਂ ਇਕ ਦੂਜੇ ਦੇ ਸਮਾਂਤਰ ਵਿਚਰਦੇ ਹਨ। 'ਬਾਂਝ' ਉਸ ਔਰਤ ਲਈ ਵਰਤਿਆ ਜਾਣ ਵਾਲਾ ਸ਼ਬਦ ਹੈ ਜਿਸਦੀ ਵਿਆਹ ਮਗਰੋਂ ਵਰ੍ਹੇ ਬੀਤ ਜਾਣ ਬਾਅਦ ਵੀ ਕੁੱਖ ਹਰੀ ਨਾ ਹੋਈ ਹੋਵੇ। ਉਹ ਮਾਂ ਬਣਨ ਦਾ ਸੁਖ ਹਾਸਿਲ ਨਾ ਕਰ ਸਕੀ ਹੋਵੇ। ਭਾਰਤੀ ਸਮਾਜ ਸਭਿਆਚਾਰ ਵਿਚ ਇਸ ਧਰਤੀ ਨੂੰ ਵੀ ਮਾਂ ਦਾ ਦਰਜ਼ਾ ਦਿੱਤਾ ਗਿਆ ਹੈ। ਗੁਰੂ ਨਾਨਕ ਦੇਵ ਜੀ ਨੇ ਵੀ ਆਪਣੀ ਸੰਸਾਰ ਪ੍ਰਸਿੱਧ ਰਚਨਾ 'ਜਪੁ ਜੀ ਸਾਹਿਬ' ਦੇ ਸਲੋਕ ਵਿਚ ਧਰਤੀ ਦੀ ਮਹਿਮਾ ਕਰਦੇ ਹੋਏ ਕਿਹਾ ਹੈ ਕਿ 'ਪਵਣੁ ਗੁਰੂ ਪਾਣੀ ਪਿਤਾ ਮਾਤਾ ਧਰਤ ਮਹਤੁ ॥'[2] ਕਹਾਣੀ 'ਬੰਜਰ' ਵਿਚ ਜਗਰੂਪ ਨੇ ਬੜੀ ਨਿਪੁੰਨਤਾ ਨਾਲ ਇਕ ਤੀਰ ਨਾਲ ਦੋ ਨਿਸ਼ਾਨੇ ਸਾਧ ਲਏ ਹਨ। ਕਹਾਣੀ ਵਿਚ ਗਾਮੋ ਤੇ ਰਾਣੋ ਦੋ ਪ੍ਰਮੁੱਖ ਔਰਤਾਂ ਹਨ। ਰਾਣੋ ਇਸ ਕਹਾਣੀ ਦੀ ਨਾਇਕਾ ਹੈ। ਰਾਣੋ ਦਾ ਜ਼ਿਕਰ ਕਹਾਣੀ ਦੇ ਮੱਧ ਵਿਚ ਹੁੰਦਾ ਹੈ ਤੇ ਆਮਦ ਅੰਤ ਵਿਚ ਹੁੰਦੀ ਹੈ।

ਗਾਮੋ ਤੇ ਰਾਣੋ ਦੋਹਾਂ ਦੇ ਸਰੀਰਕ ਸਬੰਧ ਪਰਾਏ ਮਰਦਾਂ ਨਾਲ ਹਨ। ਇਨ੍ਹਾਂ ਦੋਹਾਂ ਦੇ ਸਬੰਧਾਂ ਪਿੱਛੇ ਕਾਮ ਭੁੱਖ ਦੀ ਤ੍ਰਿਪਤੀ ਬਿਲਕੁਲ ਨਹੀਂ ਹੈ। ਉਹਨਾਂ ਦੇ ਅਜਿਹੇ ਅਨੈਤਿਕ ਸਬੰਧਾਂ ਪਿੱਛੇ ਆਪਣੀ ਜ਼ਮੀਨ ਨੂੰ ਸਾਂਭਣ ਲਈ ਵਾਰਸ ਪੈਦਾ ਕਰਨ ਦੀ ਲੋਚਾ ਹੈ। ਬੰਜਰ ਪਈ ਧਰਤੀ ਵਾਂਗ ਇਨ੍ਹਾਂ ਦੀ ਕੁੱਖ ਵੀ ਬੰਜਰ ਜਾਂ ਬਾਂਝ ਹੁੰਦੀ ਜਾ ਰਹੀ ਹੈ। ਸਮਾਜਿਕ ਤਹੁਮਤਾਂ ਕਾਰਨ ਜੀਵਨ ਦੁਸ਼ਵਾਰ ਹੁੰਦਾ ਜਾ ਰਿਹਾ ਹੈ। ਇੰਨਾਂ ਦੋਹਾਂ ਦੇ ਪਤੀ ਨਸ਼ਿਆਂ ਦੇ ਆਦੀ ਬਣ ਚੁੱਕੇ ਹਨ। ਜੱਟਪੁਣੇ ਦੀ ਹੈਂਕੜ ਨੇ ਸੋਚ ਨੂੰ ਖ਼ਤਮ ਕਰ ਦਿੱਤਾ ਹੈ। ਉਹ ਗਰੀਬ ਮਜ਼ਦੂਰ ਔਰਤਾਂ ਦੀ ਇੱਜ਼ਤਾਂ ਨਾਲ ਖੇਡਣਾ ਆਪਣਾ ਸ਼ੁਗਲ ਸਮਝਦੇ ਹਨ। ਪਰ ਆਪਣੀ ਪਤਨੀ ਦੀ ਕੁੱਖ ਹਰੀ ਕਰਨ ਦੀ ਤਾਕਤ ਉਨ੍ਹਾਂ ਵਿਚ ਨਹੀਂ ਹੈ। ਉਹ ਦਾਰੂ ਪੀ ਕੇ ਗਰੀਬ ਲੋਕਾਂ ਦੀਆਂ ਧੀਆਂ ਭੈਣਾਂ ਦੀ ਇੱਜ਼ਤ ਸ਼ਰੇਆਮ ਲੀਰੋ-ਲੀਰ ਕਰਦੇ ਹਨ। ਇਸ ਤਰ੍ਹਾਂ ਕਰਕੇ ਉਹ ਆਪਣੀ ਮਰਦਾਨਗੀ ਦਾ ਪ੍ਰਦਰਸ਼ਨ ਸਮਾਜ ਵਿਚ ਕਰਦੇ ਹਨ, ਤਾਂ ਕਿ ਪਿੰਡ ਦੇ ਲੋਕ ਉਹਨਾਂ ਨੂੰ ਨਾਮਰਦ ਨਾ ਸਮਝਣ। ਉਂਝ ਵੀ ਜਿਹੜੇ ਮਰਦ ਨੂੰ ਆਪਣੀ ਮਰਦਾਨਗੀ 'ਤੇ ਸ਼ੱਕ ਹੋਵੇ, ਉਸਦਾ ਵਿਵਹਾਰ ਔਰਤਾਂ ਦੇ ਪ੍ਰਤੀ ਆਮ ਮਰਦਾਂ ਨਾਲੋਂ ਜ਼ਿਆਦਾ ਘੰਮਡੀ, ਤ੍ਰਿਸਕਾਰਪੂਰਨ ਤੇ ਹਮਲਾਕੁੰਨ ਹੋ ਜਾਂਦਾ ਹੈ।

ਜਗਰੂਪ ਇਸ ਕਹਾਣੀ ਵਿਚ ਚੇਤੂ ਮਰਾਸੀ ਦੀ ਘਰਵਾਲੀ ਰਾਹੀਂ ਦੱਬੇ-ਕੁਚਲੇ ਲੋਕਾਂ ਦੇ ਵਿਰੋਧ ਨੂੰ ਵੀ ਬਿਆਨ ਕਰਦਾ ਹੈ। ਇਸ ਕਹਾਣੀ ਵਿਚ ਔਰਤ ਅਤੇ ਦਲਿਤ ਦੀਆਂ ਸਮਾਜਿਕ ਸਮੱਸਿਆਵਾਂ ਇਕੋ ਵੇਲੇ ਉਜਾਗਰ ਹੋ ਰਹੀਆਂ ਹਨ। ਰਾਣੋ ਦਾ ਸ਼ਰਾਬੀ ਘਰ ਵਾਲਾ ਜਦ ਚੇਤੂ ਮਰਾਸੀ ਦੀ ਜੁਆਨ ਧੀ ਦਾ ਪਿੱਛਾ ਕਰਦਾ ਹੋਇਆ ਉਹਨਾਂ ਦੇ ਘਰ ਵੜ ਜਾਂਦਾ ਹੈ ਤਾਂ ਚੇਤੂ ਦੀ ਘਰਵਾਲੀ ਉੱਚੀ ਆਵਾਜ਼ ਵਿਚ ਲਲਕਾਰਾ ਮਾਰਦੀ ਹੋਈ ਕਹਿੰਦੀ ਹੈ "ਤੇਰੀ ਵੱਡੇ ਮਰਦ ਦੀ। ਸ਼ਰਮ ਨੀਂ ਆਉਂਦੀ ਲੋਕਾਂ ਦੀਆਂ ਧੀਆਂ-ਭੈਣਾਂ ਪਿੱਛੇ ਆਉਂਦਿਆਂ ? ਤੀਵੀਂ ਤੇਰੀ ਸੀਰੀ ਦੀਆਂ ਰੋਟੀਆਂ ਢੋਂਦੀ ਫਿਰਦੀ ਆ।"[3] ਚੇਤੂ ਮਰਾਸੀ ਦੀ ਘਰਵਾਲੀ ਦੀ ਇਹ ਲਲਕਾਰ ਉਸਦੇ ਜੱਟਪੁਣੇ ਅਤੇ ਮਰਦਾਨਗੀ ਦੋਹਾਂ ਨੂੰ ਸੱਟ ਕਰਨ ਵਾਲੀ ਹੈ। 'ਬੰਜਰ' ਕਹਾਣੀ ਦੀ ਗਾਮੋ ਅਣਵਿਆਹੇ ਦਿਉਰ ਨਾਲ ਸਰੀਰਕ ਸੰਬੰਧ ਕਾਇਮ ਕਰਦੀ ਹੈ ਤੇ ਰਾਣੋ ਆਪਣੇ ਨੌਜੁਆਨ 'ਸੀਰੀ' ਨਾਲ ਖੇਤ ਤੇ ਸਰੀਰ ਦੋਵੇਂ ਸਾਂਝਾ ਕਰਦੀ ਹੈ।

ਪੁਰਾਤਨ ਸਮੇਂ ਤੋਂ ਹੀ ਕਿਰਸਾਨੀ ਸਮਾਜ ਵਿਚ ਦਿਉਰ-ਭਰਜਾਈ ਦੇ ਅਨੈਤਿਕ ਸੰਬੰਧਾਂ ਦੀਆਂ ਕਹਾਣੀਆਂ ਮੌਜੂਦ ਹਨ। ਮਹਾਂਕਾਵਿ 'ਮਹਾਂਭਾਰਤ' ਦੀ ਨਾਇਕਾ ਦ੍ਰੋਪਦੀ ਦੇ ਪੰਜ ਪਤੀ ਸਨ। ਅਜਿਹੀਆਂ ਵੀ ਕਈ ਕਹਾਣੀਆ ਹਨ ਜਿੰਨ੍ਹਾਂ ਵਿਚ ਰਾਜੇ-ਮਹਾਰਾਜੇ ਆਪਣੀ ਕਾਮ ਤ੍ਰਿਪਤੀ ਵਸ ਕਈ ਔਰਤਾਂ ਨਾਲ ਵਿਆਹ ਕਰ ਲੈਂਦੇ ਸਨ। ਬਾਅਦ ਵਿਚ ਇਹ ਰਾਣੀਆਂ-ਮਹਾਰਾਣੀਆਂ ਆਪਣੀ ਕਾਮ ਤ੍ਰਿਪਤੀ ਲਈ ਆਪਣੇ ਨਿੱਜੀ ਸੇਵਕਾਂ, ਦਾਸਾਂ ਨਾਲ ਸਰੀਰਕ ਸਬੰਧ ਬਣਾ ਲੈਂਦੀਆਂ ਸਨ। ਕਾਦਰਯਾਰ ਦਾ ਕਿੱਸਾ 'ਪੂਰਨ ਭਗਤ' ਵਿਚ ਬਜ਼ੁਰਗ ਰਾਜਾ ਸਲਵਾਨ ਆਪਣੀ ਧੀ ਦੀ ਉਮਰ ਦੀ ਗਰੀਬ ਕੁੜੀ ਲੂਣਾ ਨਾਲ ਵਿਆਹ ਕਰ ਲੈਂਦਾ ਹੈ। ਇਸ ਅਣਜੋੜ ਵਿਆਹ ਲੂਣਾ ਲਈ ਨਰਕ ਦੇ ਦੁਖਾਂ ਵਾਂਗ ਹੋ ਜਾਂਦਾ ਹੈ। ਫੁੱਲਾਂ ਦੀ ਸੇਜ ਸੂਲਾਂ ਵਾਂਗ ਚੁੱਭਣ ਲਗਦੀ ਹੈ। ਜਦ ਲੂਣਾ ਪੂਰਨ ਵਿਚ ਆਪਣਾ ਭਵਿੱਖ ਵੇਖਦੀ ਹੈ ਤਾਂ ਸਾਡਾ ਸਮਾਜਿਕ ਤੇ ਧਾਰਮਿਕ ਵਿਵਸਥਾ ਉਸਦੇ ਵਿਰੁੱਧ ਹੋ ਜਾਂਦੀ ਹੈ। ਲੂਣਾ ਨੂੰ ਵੇਸ਼ਵਾ ਕਹਿ ਕੇ ਦੁਤਕਾਰਿਆ ਜਾਂਦਾ ਹੈ। ਲੂਣਾ ਦੇ ਇਸ ਪਰੰਪਰਕ ਬਿੰਬ ਨੂੰ ਸ਼ਿਵ ਕੁਮਾਰ ਬਟਾਲਵੀ ਭੰਗ ਕਰਦਾ ਹੈ। ਕਹਾਣੀ ਬੰਜਰ ਵਿਚ ਜਗਰੂਪ ਸ਼ਿਵ ਕੁਮਾਰ ਦਾ ਰੂਪ ਧਾਰਦਾ ਹੋਇਆ ਜ਼ਰੂਰ ਦਿਖਾਈ ਦਿੰਦਾ ਹੈ।

ਪਹਿਲਾਂ ਪਿੰਡਾਂ ਵਿਚ ਜੇਕਰ ਕਿਸੇ ਕਿਸਾਨ ਦੇ ਚਾਰ ਪੁੱਤ ਹੁੰਦੇ ਤਾਂ ਉਹਨਾਂ ਵਿਚੋਂ ਇਕ ਦੋ ਕੁਆਰੇ ਹੀ ਰਹਿ ਜਾਂਦੇ ਸਨ ਜਾਂ ਕਹਿ ਲਿਉ ਕਿ ਜਾਣਬੁਝ ਕੇ ਰੱਖ ਲਏ ਜਾਂਦੇ ਸਨ। ਇਹ ਪਰੰਪਰਾ ਸਦੀਆਂ ਤੋਂ ਚਲਦੀ ਆ ਰਹੀ ਹੈ। ਜ਼ਮੀਨ ਦੀ ਵੰਡ ਜ਼ਿਆਦਾ ਲੋਕਾਂ ਵਿਚ ਨਾ ਹੋਵੇ, ਇਸ ਵੰਡ ਨੂੰ ਰੋਕਣ ਲਈ ਵਿਆਹੁਤਾ ਔਰਤ ਨੂੰ ਆਪਣੇ ਦਿਉਰ ਜਾਂ ਜੇਠ ਨਾਲ ਸਰੀਰਕ ਸੰਬੰਧ ਬਣਾਉਣਾ ਮਜਬੂਰੀ ਬਣ ਜਾਂਦੀ। ਇਸ ਲਈ ਕਿਸਾਨ ਪਰਿਵਾਰ ਵਿਚ ਅਜਿਹੇ ਅਨੈਤਿਕ ਰਿਸ਼ਤਿਆਂ ਨੂੰ ਚੁਪਚਾਪ ਤਰੀਕੇ ਨਾਲ ਸਵੀਕਾਰ ਕਰ ਲਿਆ ਜਾਂਦਾ ਸੀ। ਜ਼ਮੀਨ ਦੀ ਢੇਰੀ ਬਚਾਉਣ ਲਈ ਹਮੇਸ਼ਾ ਔਰਤ ਨੂੰ ਕੁਰਬਾਨੀ ਦੇਣੀ ਪਈ। ਕਿਸਾਨ ਤੇ ਜ਼ਮੀਨ ਇਕ ਦੂਜੇ ਦੇ ਪੂਰਕ ਰਹੇ ਹਨ। ਜ਼ਮੀਨ ਨਾਲ ਹੀ ਕਿਸਾਨ ਦੀ ਹੋਂਦ ਜੁੜੀ ਹੁੰਦੀ ਹੈ। ਕੋਈ ਪੰਜਾਹ ਕੁ ਵਰ੍ਹੇ ਪਹਿਲਾਂ ਕਹਾਣੀਕਾਰ ਗੁਰਬਚਨ ਸਿੰਘ ਭੁੱਲਰ ਨੇ ਵੀ 'ਦੀਵੇਂ ਵਾਂਗ ਬਲਦੀ ਅੱਖ' ਕਹਾਣੀ ਅਜਿਹੇ ਵਿਸ਼ੇ ਨੂੰ ਲੈ ਕੇ ਲਿਖੀ ਹੈ। ਕਹਾਣੀ 'ਬੰਜਰ' ਦਾ ਬਿਰਤਾਂਤ ਗੁਰਬਚਨ ਭੁੱਲਰ ਦੀ ਕਹਾਣੀ ਨਾਲ ਕਾਫ਼ੀ ਮਿਲਦਾ ਜੁਲਦਾ ਹੈ। ਦੋਹਾਂ ਕਹਾਣੀਕਾਰਾਂ ਦਾ ਪਿਛੋਕੜ ਕਿਰਸਾਨੀ ਪਰਿਵਾਰ ਨਾਲ ਸੰਬੰਧਿਤ ਹੈ। ਕਹਾਣੀ 'ਬੰਜਰ' ਤੇ ਗੁਰਬਚਨ ਸਿੰਘ ਭੁੱਲਰ ਦੀ ਕਹਾਣੀ 'ਦੀਵੇ ਵਾਂਗ ਬਲਦੀ ਅੱਖ' ਦੇ ਬਿਰਤਾਂਤ ਦੇ ਕੇਂਦਰ ਵਿਚ 'ਜ਼ਮੀਨ' ਹੈ। ਗੁਰਬਚਨ ਸਿੰਘ ਭੁੱਲਰ ਨੇ

ਦਿੱਲੀ ਨੂੰ ਆਪਣੀ ਕਰਮ ਭੂਮੀ ਬਣਾਇਆ ਤੇ ਜਗਰੂਪ ਨੇ ਪਟਿਆਲੇ ਨੂੰ , ਦੋਹਾਂ ਦੀ ਸਮਾਨਤਾ ਇਹ ਹੈ ਕਿ ਪੇਂਡੂ ਰਹਿਤਲ ਨੂੰ ਅਵਚੇਤਨ ਵਿਚ ਵਸਾਈ ਰੱਖਿਆ। ਜਗਰੂਪ ਦਾ ਖੁੱਲ੍ਹਾ-ਡੁੱਲਾ ਸੁਭਾਅ ਇਸ ਕਹਾਣੀ ਦੇ ਬਿਰਤਾਂਤ ਵਿਚ ਵੀ ਪੇਸ਼ ਹੋਇਆ ਹੈ।

'ਦੀਵੇ ਵਾਂਗ ਬਲਦੀ ਅੱਖ' ਦੀ ਨਾਇਕਾ ਜ਼ਮੀਨ ਦੀ ਵੰਡ ਨੂੰ ਰੋਕਣ ਲਈ ਆਪਣੇ ਦਿਉਰ ਮੈਂਗਲ ਨਾਲ ਸਰੀਰਕ ਸੰਬੰਧ ਕਾਇਮ ਕਰ ਲੈਂਦੀ ਹੈ। ਇਸ ਅਨੈਤਿਕ ਸੰਬੰਧ ਨੂੰ ਕਾਇਮ ਕਰਵਾਉਣ ਵਿਚ ਉਸਦੇ ਪਤੀ ਦੀ ਵੀ ਸਹਿਮਤੀ ਹੁੰਦੀ ਹੈ। ਕਹਾਣੀ 'ਬੰਜਰ' ਵਿਚ ਗਾਮੋ ਆਪਣੀ ਸੱਸ ਦੇ ਕਹਿਣ ਤੇ ਆਪਣੇ ਦਿਉਰ ਪਾਲੇ ਨਾਲ ਸਰੀਰਕ ਰਿਸ਼ਤਾ ਬਣਾ ਲੈਂਦੀ ਹੈ। ਅਖ਼ੀਰ ਸ਼ਰਾਬੀ ਪਤੀ ਬਚਨਾ ਵੀ ਇਸ ਨੂੰ ਸਵੀਕਾਰ ਕਰ ਲੈਂਦਾ ਹੈ। ਨਿੰਮੋ ਜਦ ਗਾਮੋ ਨੂੰ ਪੁੱਛਦੀ ਹੈ ਕਿ ਆਦਮੀ ਇਹ ਕਿਵੇਂ ਬਰਦਾਸ਼ਤ ਕਰ ਸਕਦਾ ਹੈ ਕਿ ਉਸ ਦੀ ਤੀਵੀਂ ਕਿਸੇ ਓਪਰੇ ਮਰਦ ਨਾਲ ਸੰਬੰਧ ਬਣਾਉਂਦੀ ਹੋਵੇ। ਉਹ ਉਸਨੂੰ ਜਾਨੋ ਮਾਰ ਮੁਕਾ ਸਕਦਾ ਹੈ, ਲੱਤਾਂ ਤੋੜ ਸਕਦਾ ਹੈ ਜਾਂ ਫਿਰ ਆਪ ਹੀ ਨਿਮੋਸ਼ੀ ਕਾਰਨ ਖਤਮ ਹੋ ਸਕਦੈ। ਗਾਮੋ ਉਸਨੂੰ ਦੱਸਦੀ ਹੈ 'ਕਿਵੇਂ ਤੋੜਦਾ ? ਔਲਾਦ ਦੀ ਕਿਸ ਨੂੰ ਲੋੜ ਨੀਂ । ਦੋ ਦਿਨ ਗੁੱਸੇ ਹੋ ਕੇ ਆਪੇ ਠੀਕ ਹੋ ਗਿਐ।'[4]

ਕਹਾਣੀ 'ਬੰਜਰ' ਵਿਚ ਗਾਮੋ ਵਾਂਗ ਹੀ ਰਾਣੋ ਵੀ ਇਕ ਅਜਿਹੀ ਪਾਤਰ ਹੈ ਜਿਸਦਾ ਪਤੀ ਪਰਿਵਾਰ ਨੂੰ ਅਗੇ ਤੋਰਨ ਵਿਚ ਕਾਮਯਾਬ ਨਹੀਂ ਹੁੰਦਾ। ਉਹ ਵੀ ਗਾਮੋ ਦੇ ਘਰਵਾਲੇ ਵਾਂਗ ਸਿਰੇ ਦਾ ਸ਼ਰਾਬੀ ਕਬਾਬੀ ਹੈ। ਗਰੀਬ-ਗੁਰਬਿਆਂ ਦੀਆਂ ਧੀਆਂ-ਭੈਣਾਂ 'ਤੇ ਮੈਲੀ ਅੱਖ ਰੱਖਦਾ ਹੈ। ਉਨ੍ਹਾਂ ਦੀ ਇੱਜਤ ਨਾਲ ਖੇਡਣਾ ਆਪਣਾ ਅਧਿਕਾਰ ਸਮਝਦਾ ਹੈ। ਇਸ ਤਰ੍ਹਾਂ ਕਰਕੇ ਉਹ ਵੀ ਗਾਮੋ ਦੇ ਘਰਵਾਲੇ ਵਾਂਗ ਆਪਣੀ ਨਾਮਰਦੀ ਨੂੰ ਛੁਪਾਉਣ ਦਾ ਜਤਨ ਕਰਦਾ ਹੈ। ਕੁਝ ਵਰ੍ਹੇ ਪਹਿਲਾਂ ਪੰਜਾਬੀ ਦੇ ਅਖਬਾਰ 'ਪੰਜਾਬੀ ਟ੍ਰਿਬਿਊਨ' ਵਿਚ ਇਕ ਕਹਾਣੀ 'ਮੈਲੀ ਚਾਦਰ' ਛੱਪੀ ਸੀ। ਇਹ ਕਹਾਣੀ ਸ਼ਾਹਮੁੱਖੀ ਤੋਂ ਗੁਰਮੁੱਖੀ ਵਿਚ ਅਨੁਵਾਦ ਕੀਤੀ ਗਈ ਸੀ। ਇਸਦਾ ਬਿਰਤਾਂਤਕ ਸਬੰਧ ਪਾਕਿਸਤਾਨ ਦੇ ਸਿੰਧ ਪ੍ਰਾਂਤ ਨਾਲ ਹੈ। ਕਹਾਣੀ ਵਿਚ ਇਕ ਬੁੱਢਾ ਮੁਸਲਮਾਨ ਜਗੀਰਦਾਰ ਇਕ ਨੌਜੁਆਨ ਕੁੜੀ ਨਾਲ ਵਿਆਹ ਕਰਵਾ ਲੈਂਦਾ ਹੈ। ਸੁਹਾਗਰਾਤ ਵੇਲੇ ਉਸਦੀ ਮਰਦਾਨਗੀ ਜੁਆਬ ਦੇ ਦਿੰਦੀ ਹੈ। ਪਰ ਆਪਣੀ ਇਸ ਕਮੀ ਨੂੰ ਜੱਗਜਾਹਿਰ ਹੋਣ ਤੋਂ ਬਚਾਉਣ ਲਈ ਤੇ ਆਪਣਾ ਰੋਅਬ ਤੇ ਰੁਤਬਾ ਉੱਚਾ ਰੱਖਣ ਲਈ ਉਹ ਬੜੀ ਚਲਾਕੀ ਨਾਲ ਚਾਕੂ ਨਾਲ ਕੁੜੀ ਦੇ ਗੁਪਤਅੰਗ ਨੂੰ ਚੀਰ ਦਿੰਦਾ ਹੈ। ਖ਼ੂਨ ਨਾਲ ਰੰਗੀ ਚਿੱਟੀ ਚਾਦਰ ਬੜੀ ਖੁਸ਼ੀ ਨਾਲ ਆਪਣੇ ਸੱਜਣਾਂ ਮਿੱਤਰਾਂ ਨੂੰ ਵਿਖਾਉਂਦਾ ਹੈ। ਉਹ ਆਪਣੇ ਆਪ ਨੂੰ ਸਮਾਜ ਵਿਚ ਉੱਚਾ ਵਿਖਾਉਣ ਲਈ ਨੈਤਿਕ ਪੱਖ ਤੋਂ ਕਿੱਥੋਂ ਤੱਕ ਗਿਰ ਜਾਂਦਾ ਹੈ। ਅਕਸਰ ਸਮਾਜਿਕ ਦਿਖਾਵਾ ਮਨੁੱਖ ਦੇ ਨੈਤਿਕ ਪਤਨ ਦਾ ਕਾਰਨ ਬਣਦਾ ਰਿਹਾ ਹੈ।

ਕਹਾਣੀ 'ਬੰਜਰ' ਵਿਚ ਨਿੰਮੋ ਤੇ ਗਾਮੋ ਦੀ ਵਾਰਤਾਲਾਪ ਤੋਂ ਪਤਾ ਲਗਦਾ ਹੈ ਕਿ ਰਾਣੋ ਨੂੰ ਕੋਈ ਸਰੀਰਕ ਦੋਸ਼ ਨਹੀਂ ਸਗੋਂ ਉਸੇ ਪਤੀ ਵਿਚ ਹੀ ਬੱਚਾ ਪੈਦਾ ਕਰਨ ਦੀ ਸਮਰੱਥਾ ਨਹੀਂ। ਆਪਣੇ ਨੁਕਸ ਕਾਰਨ ਉਹ ਹਰ ਰੋਜ਼ ਦਾਰੂ ਨਾਲ ਰੱਜ ਕੇ ਬਾਹਰਲੇ ਘਰ ਜਾ ਸੌਂ ਜਾਂਦਾ ਹੈ। ਰਾਣੋ ਦੀ ਸੱਸ ਔਲਾਦ ਨਾ ਪੈਦਾ ਕਰਨ ਦਾ ਕਸੂਰ ਉਸ ਵਿਚ ਕੱਢਦੀ ਹੈ। ਰਾਣੋ ਦੀ ਅਜਿਹੀ ਹਾਲਤ ਬਾਰੇ ਸੁਣ ਕੇ ਨਿੰਮੋ ਬਹੁਤ ਦੁੱਖੀ ਹੁੰਦੀ ਹੈ ਉਹ ਗਾਮੋ ਨੂੰ ਕਹਿੰਦੀ ਹੈ 'ਤੀਵੀਂ ਵਿਚਾਰੀ ਦਾ ਕੀ ਕਸੂਰ ਗਾਮੋ ? ਜੇ ਬੰਦਾ ਕਿਸੇ ਕੰਮ ਦਾ ਨਾ ਹੋਵੇ, ਤੀਵੀਂ ਨਿਆਣੇ ਕਿੱਥੋਂ ਹੱਗ ਦੇ।'[5] ਭਾਰਤੀ ਮਰਦ ਪ੍ਰਦਾਨ ਸਮਾਜ ਵਿਚ ਅੱਜ ਵੀ ਬੱਚਾ ਨਾ ਪੈਦਾ ਕਰਨ ਦਾ ਦੋਸ਼ੀ ਔਰਤ ਨੂੰ ਹੀ ਮੰਨਿਆ ਜਾਂਦਾ ਹੈ। ਕਹਾਣੀ ਵਿਚਲੀ ਪਾਤਰ ਰਾਣੋ ਨਾਲ ਵੀ ਇੰਝ ਹੀ ਹੁੰਦਾ ਹੈ। ਪੰਜਾਬੀ

ਸਾਹਿਤ ਵਿਚ ਦਿਉਰ ਤੇ ਭਰਜਾਈ ਦੇ ਅਨੈਤਿਕ ਸੰਬੰਧਾਂ ਵਾਲੀਆਂ ਬਹੁਤ ਕਹਾਣੀਆਂ ਮਿਲ ਜਾਣਗੀਆਂ ਪਰ ਜਗਰੂਪ ਦੀ ਇਸ ਕਹਾਣੀ ਦੀ ਵੱਖਰਤਾ ਤੇ ਵਿਸ਼ੇਸ਼ਤਾ ਇਹ ਹੈ ਕਿ ਰਾਣੋ ਦਾ ਸਰੀਰਕ ਸਬੰਧ ਕਿਸੇ ਰਿਸ਼ਤੇਦਾਰ ਨਾਲ ਨਹੀਂ ਸਗੋਂ 'ਸੀਰੀ' ਨਾਲ ਬਣ ਜਾਂਦਾ ਹੈ। ਇਸ ਤਰ੍ਹਾਂ ਦੇ ਵਿਸ਼ੇ ਨੂੰ ਲੈ ਕੇ ਪੰਜਾਬੀ ਦੇ ਬਹੁਤੇ ਕਹਾਣੀਕਾਰ ਜਿੱਥੇ ਚੁੱਪ ਵੱਟ ਲੈਂਦੇ ਹਨ ਉੱਥੇ ਜਗਰੂਪ ਖੁੱਲ੍ਹ ਕੇ ਇਸ ਸੰਬੰਧ ਦੀ ਚਰਚਾ ਕਰਦਾ ਹੈ। ਕਿਸਾਨ ਤੇ ਸੀਰੀ ਦਾ ਰਿਸ਼ਤਾ ਕੋਈ ਅੱਜ ਦਾ ਨਹੀਂ ਬਲਕਿ ਸਦੀਆਂ ਤੋਂ ਹੈ। ਇਸ ਨੂੰ ਪੰਜਾਬੀ ਦੇ ਕਈ ਨਾਮਵਰ ਕਵੀਆਂ, ਕਹਾਣੀਕਾਰਾਂ ਤੇ ਨਾਵਲਕਾਰਾਂ ਨੇ ਆਪਣੀਆਂ ਕਲਮਾਂ ਨਾਲ ਸ਼ਿੰਗਾਰਿਆਂ ਹੈ।

ਜਗਰੂਪ ਨੇ ਰਾਣੋ ਤੇ ਸੀਰੀ ਦੇ ਰਿਸ਼ਤੇ ਨੂੰ ਸਰੀਰਕ ਭੁੱਖ ਦੀ ਥਾਂ ਜ਼ਮੀਨ ਲਈ ਵਾਰਸ ਲਈ ਵਰਤਿਆ ਹੈ। ਰਾਣੋ ਦੀ ਕੁੱਖ ਅੱਠ ਵਰ੍ਹਿਆਂ ਤੋਂ ਬੰਜਰ ਜਮੀਨ ਵਾਂਗ ਹਰੀ ਹੋਣ ਲਈ ਤਰਸ ਰਹੀ ਹੈ। ਗਾਮੋ ਤੇ ਨਿੰਮੋ ਗੱਲਾਂ -ਗੱਲਾਂ ਵਿਚ ਰਾਣੋ ਤੋਂ ਸਾਰੇ ਭੇਤ ਖੁਲਵਾ ਲੈਂਦੀਆਂ ਹਨ। ਉਹ ਜ਼ਮੀਨ ਦੇ ਪ੍ਰਤੀਕ ਰਾਹੀਂ ਰਾਣੋ ਦਾ ਹਾਲ ਚਾਲ ਪੁੱਛਦੀਆਂ ਹਨ। 'ਹੋਰ ਖੇਤੀ-ਬਾੜੀ ਦਾ ਕੀ ਹਾਲ ਆ ? "ਇਸ ਵਾਰ ਤਾਂ ਅੱਛੀ ਆ ਨਿੰਮੋ, ਸੀਰੀ ਦੇ ਸਿਰ 'ਤੇ ਆ। ਜੇਠ ਤਾਂ ਥੋਡਾ ਦਾਰੂ ਦਾ ਰੱਜਿਆ ਰਹਿੰਦੈ। ਸਾਰੀ ਧਰਤੀ ਬੰਜਰ ਬਣ ਗਈ ਸੀ, ਸੀਰੀ ਨੇ ਕਾਇਆ ਪਲਟੀ ਆ ਭੈਣੇ, ਜਿਉਂਦਾ ਰਹੇ ਵਿਚਾਰਾ।"[6] ਗਾਮੋ ਤੇ ਨਿੰਮੋ ਪਹਿਲਾਂ ਹੀ ਰਾਣੋ ਦੇ ਇਨ੍ਹਾਂ ਸਬੰਧਾਂ ਨੂੰ ਚੰਗੀ ਤਰ੍ਹਾਂ ਜਾਣਦੀਆਂ ਸਨ। ਔਰਤ, ਔਰਤ ਤੋਂ ਢਿੱਡ ਨਹੀਂ ਲੁਕਾ ਸਕਦੀ।

ਕੁਲ ਮਿਲਾ ਕੇ ਕਿਹਾ ਜਾ ਸਕਦਾ ਹੈ ਕਿ ਜਗਰੂਪ ਦੀ ਕਹਾਣੀ 'ਬੰਜਰ' ਔਰਤ ਦੇ ਦੁਖਾਂਤ ਦੀ ਉਤਮ ਪੇਸ਼ਕਾਰੀ ਕਰਨ ਵਿਚ ਸਫ਼ਲ ਰਹੀ ਹੈ। ਜਗਰੂਪ ਦਾ ਬੇਵਕ਼ਤ ਤੁਰ ਜਾਣਾ ਪੰਜਾਬੀ ਸਾਹਿਤ ਖਾਸਕਰ ਕਹਾਣੀ ਦੇ ਖੇਤਰ ਵਿਚ ਬਹੁਤ ਵੱਡਾ ਘਾਟਾ ਹੈ। ਜਗਰੂਪ ਜਿਸ ਸੋਚ ਨੂੰ ਵਿਚਾਲੇ ਛੱਡ ਤੁਰ ਗਿਆ ਹੈ ਉਸਨੂੰ ਅੱਗੇ ਲੈ ਜਾਣ ਦੀ ਵੱਡੀ ਜਿੰਮੇਵਾਰੀ ਸਾਹਿਤਕਾਰਾਂ ਦੀ ਬਣਦੀ ਹੈ। ਸਾਹਿਤਕਾਰ ਸਮਾਜ ਦਾ ਦਰਪਣ ਹਨ। ਸਮਾਜ ਦੀ ਆਵਾਜ਼ ਹਨ।

**ਹਵਾਲੇ**


1. ਜਗਰੂਪ ਸਿੰਘ ਦਾਤੇਵਾਸ, ਬੰਜਰ ਕਹਾਣੀ ਸੰਗ੍ਰਹਿ, ਪੰਨਾ-10
2. ਸ੍ਰੀ ਗੁਰੂ ਨਾਨਕ ਦੇਵ ਜੀ, ਜਪੁ ਜੀ ਸਾਹਿਬ, ਪੰਨਾ-39
3. ਜਗਰੂਪ ਸਿੰਘ ਦਾਤੇਵਾਸ, ਬੰਜਰ ਕਹਾਣੀ ਸੰਗ੍ਰਹਿ, ਪੰਨਾ-66
4. ਜਗਰੂਪ ਸਿੰਘ ਦਾਤੇਵਾਸ, ਬੰਜਰ ਕਹਾਣੀ ਸੰਗ੍ਰਹਿ, ਪੰਨਾ-65
5. ਜਗਰੂਪ ਸਿੰਘ ਦਾਤੇਵਾਸ, ਬੰਜਰ ਕਹਾਣੀ ਸੰਗ੍ਰਹਿ, ਪੰਨਾ-64
6. ਜਗਰੂਪ ਸਿੰਘ ਦਾਤੇਵਾਸ, ਬੰਜਰ ਕਹਾਣੀ ਸੰਗ੍ਰਹਿ, ਪੰਨਾ-66


***


ਪੰਜਾਬੀ ਲੈਕਚਰਰ
ਕਰਨਾਲ (ਹਰਿਆਣਾ)
9050829378

# ਮਰਦ ਦੀ ਉਲਾਰ ਕਾਮ-ਪ੍ਰਵਿਰਤੀ ਦਾ ਬਿਰਤਾਂਤ 'ਤਿਕੋਨ'

**ਪ੍ਰੋ. ਕੰਵਲਜੀਤ ਸਿੰਘ**

'ਤਿਕੋਨ' ਜਗਰੂਪ ਸਿੰਘ ਦਾਤੇਵਾਸ ਦੇ ਕਹਾਣੀ-ਸੰਗ੍ਰਹਿ **ਬੰਜਰ** ਦੀ ਪਹਿਲੀ ਕਹਾਣੀ ਹੈ। ਕਹਾਣੀ ਦੇ ਖੇਤਰ ਵਿੱਚ ਦਾਤੇਵਾਸ ਚਰਚਿਤ ਨਾਂ ਨਹੀਂ। ਉਸਨੇ ਸਿਰਫ਼ ਗਿਆਰਾਂ ਕਹਾਣੀਆਂ ਦੀ ਰਚਨਾ ਕੀਤੀ ਹੈ। ਪਰ ਉਸ ਦੀਆਂ ਕਹਾਣੀਆਂ ਪੜ੍ਹ ਕੇ ਦਾਤੇਵਾਸ ਦੇ ਪ੍ਰੌੜ ਕਹਾਣੀਕਾਰ ਹੋਣ ਦੀ ਗਵਾਹੀ ਮਿਲਦੀ ਹੈ। ਉਸਨੂੰ ਕਹਾਣੀ ਦੇ ਕਾਵਿ-ਸ਼ਾਸਤਰ ਦੀ ਡੂੰਘੀ ਸਮਝ ਹੈ। ਇਹ ਗੱਲ ਵਿਚਾਰ ਅਧੀਨ ਕਹਾਣੀ ਨਾਲ਼ੋਂ ਇਸ ਸੰਗ੍ਰਹਿ ਦੀ ਦੂਸਰੀ ਕਹਾਣੀ 'ਤੇ ਵਧੇਰੇ ਲਾਗੂ ਹੁੰਦੀ ਹੈ। 'ਤਿਕੋਨ' ਕਹਾਣੀ ਵਿੱਚ ਸ਼ਿਲਪ ਅਤੇ ਪਾਤਰਾਂ ਦੀ ਮਨੋ-ਬਣਤਰ ਉੱਤੇ ਲੇਖਕ ਦੀ ਪਕੜ ਪੱਖੋਂ ਕੁਝ ਊਣਤਾਈਆਂ ਮਿਲ ਜਾਂਦੀਆਂ ਹਨ। ਪਰ 'ਅੰਟੀ ਨੇ ਠੀਕ ਕਿਹਾ ਸੀ' ਸ਼ਿਲਪ ਅਤੇ ਪਾਤਰਾਂ ਦੀ ਮਨੋ-ਬਣਤਰ ਉੱਤੇ ਕਹਾਣੀਕਾਰ ਦੀ ਪਕੜ ਪੱਖੋਂ 'ਤਿਕੋਨ' ਨਾਲ਼ੋਂ ਬਿਹਤਰ ਕਹਾਣੀ ਹੈ। 'ਤਿਕੋਨ' ਦਾ ਘਟਨਾ-ਸਥਲ ਸ਼ਹਿਰੀ ਹੈ ਅਤੇ 'ਅੰਟੀ ਨੇ ਠੀਕ ਕਿਹਾ ਸੀ' ਦਾ ਪੇਂਡੂ। 'ਤਿਕੋਨ' ਦੇ ਪਾਤਰ ਸ਼ਹਿਰੀ ਮੱਧ-ਸ਼੍ਰੇਣੀ ਵਿੱਚੋਂ ਹਨ। 'ਅੰਟੀ ਨੇ ਠੀਕ ਕਿਹਾ ਸੀ' ਦੇ ਪਾਤਰ ਪੇਂਡੂ ਕਿਸਾਨੀ ਵਰਗ ਦੇ ਹਨ। ਸਿਵਾਏ ਰਣਜੀਤ ਦੇ। 'ਅੰਟੀ ਨੇ ਠੀਕ ਕਿਹਾ ਸੀ' ਦੇ ਬਿਹਤਰੀਨ ਹੋਣ ਦੀ ਵਜ੍ਹਾ ਸ਼ਾਇਦ ਇਹ ਹੈ ਕਿ ਦਾਤੇਵਾਸ ਦਾ ਪਿਛੋਕੜ ਪੇਂਡੂ ਹੋਣ ਕਰਕੇ ਉਸਨੂੰ ਪੇਂਡੂ ਪਾਤਰਾਂ ਦੀ ਮਨੋ-ਬਣਤਰ ਦਾ ਸ਼ਹਿਰੀ ਮੱਧ-ਵਰਗੀ ਪਾਤਰਾਂ ਨਾਲ਼ੋਂ ਵਧੇਰੇ ਡੂੰਘਾ ਗਿਆਨ ਹੈ। ਕਹਾਣੀ ਦੀ ਵਿਧਾ ਦੀ ਚੰਗੀ ਸੂਝ ਹੋਣ ਦੇ ਬਾਵਜੂਦ ਵੀ ਦਾਤੇਵਾਸ ਵਰਗੇ ਸਮਰੱਥ ਕਹਾਣੀਕਾਰਾਂ ਦਾ ਬੇ-ਪਛਾਣ ਰਹਿ ਜਾਣਾ ਸੁਹਿਰਦ ਅਲੋਚਕਾਂ ਤੇ ਪਾਠਕਾਂ ਦੀ ਘਾਟ ਨੂੰ ਰੂਪਮਾਨ ਕਰਦਾ ਹੈ।

'ਤਿਕੋਨ' ਕਹਾਣੀ ਅੱਨਯ ਪੁਰਖ ਵਿਧੀ ਵਿੱਚ ਲਿਖੀ ਹੋਈ ਹੈ। ਕਹਾਣੀ ਦਾ ਆਰੰਭ ਬਿਰਤਾਂਤ ਚਿਤਰਨ ਦੀ ਵਰਣਾਤਮਕ ਜੁਗਤ ਨਾਲ਼ ਹੁੰਦਾ ਹੈ। ਕਹਾਣੀ ਦੇ ਪਹਿਲੇ ਵਾਕ 'ਘਰ ਅੱਜ ਫਿਰ ਚੁੱਪ ਹੈ' ਤੋਂ ਸੰਕੇਤ ਮਿਲਦਾ ਹੈ ਕਿ ਅੱਜ ਵਾਲ਼ੀ ਘਟਨਾ ਜਾਂ ਵਾਕਿਆ ਪਹਿਲਾਂ ਵੀ ਵਾਪਰ ਚੁੱਕਾ ਹੈ। ਵਾਰਣਾਤਮਕ ਵਿਧੀ ਨਾਲ਼ ਘਰ ਵਿਚਲੀਆਂ ਵਸਤਾਂ ਅਤੇ ਪਾਤਰਾਂ ਦੀ ਮਨੋਦਸ਼ਾ ਨੂੰ ਇਕਮਿਕ ਕਰਕੇ ਪੇਸ਼ ਕੀਤਾ ਗਿਆ ਹੈ। ਸਵੇਰ ਦਾ ਦ੍ਰਿਸ਼ ਹੈ। ਘਰ ਵਿੱਚ ਤਨਾਅਮਈ ਚੁੱਪ ਹੈ। ਮਿੰਦਰ, ਰਸੋਈ ਵਿੱਚ ਬਰਤਨ ਇੰਝ ਸਾਫ਼ ਕਰ ਰਹੀ ਹੈ ਜਿਵੇਂ ਬਰਤਨਾਂ 'ਤੇ ਗੁੱਸਾ ਕੱਢ ਰਹੀ ਹੋਵੇ। ਬਰਤਨਾਂ ਦੇ ਖੜਾਕ ਨਾਲ਼ ਧੀ ਬਿੰਦੂ, ਮਾਂ ਵੱਲ ਦੇਖਦੀ ਹੈ। ਸਹਿਮੀ ਹੋਈ। ਪਰ ਬੋਲਦੀ ਕੁਝ ਨਹੀਂ। ਸਰਦੂਲ ਰਜਾਈ ਵਿੱਚ ਦੜਿਆ ਅੱਚਵੀ ਮਹਿਸੂਸ ਕਰਦਾ ਹੈ। ਬੋਲਦਾ ਉਹ ਵੀ ਕੁਝ ਨਹੀਂ। ਆਪਣੇ ਸੁਭਾਅ ਅਨੁਸਾਰ ਗ਼ਾਲ਼ ਵੀ ਨਹੀਂ ਕੱਢਦਾ। ਇਸ ਵਰਣਾਤਮਕ ਚਿਤਰਨ ਤੋਂ ਇੰਝ ਜਾਪਦਾ ਹੈ ਜਿਵੇਂ ਘਰ ਵਿੱਚ ਮਿੰਦਰ ਦਾ ਦਬਦਬਾ ਕਾਇਮ ਹੈ। ਲਗਦਾ, ਸਮਾਜ ਸਾਡਾ ਭਾਵੇਂ ਮਰਦ ਪ੍ਰਧਾਨ ਹੈ ਪਰ ਘਰ ਔਰਤ ਪ੍ਰਧਾਨ। ਕਹਾਣੀ ਦਾ ਬਿਰਤਾਂਤ ਜਿਉਂ-ਜਿਉਂ ਗਤੀਸ਼ੀਲ ਹੁੰਦਾ ਹੈ, ਇਹ ਵਹਿਮ ਦੂਰ ਹੋਣਾ ਸ਼ੁਰੂ ਹੋ ਜਾਂਦਾ ਹੈ। ਪਰ ਇਹ ਕਹਾਣੀ ਦਾ ਇਕ ਮਹੱਤਵਪੂਰਨ ਥੀਮ ਹੈ। ਥੀਮ ਨਹੀਂ। ਥੀਮ ਦਾ ਰਹੱਸ ਅਜੇ ਕਾਇਮ ਹੈ। ਸ਼ਿਲਪੀ ਕਹਾਣੀਕਾਰ ਇਸ ਰਹੱਸ ਨੂੰ ਪਰਤ-ਦਰ-ਪਰਤ ਸੰਕੇਤਕ ਅੰਦਾਜ਼ ਵਿੱਚ ਰੂਪਮਾਨ ਕਰਦਾ ਹੈ।

ਕਹਾਣੀ ਦਾ ਮੁੱਖ ਮਰਦ-ਪਾਤਰ ਸਰਦੂਲ ਘੋੜੇ ਵੇਚ ਕੇ ਸੁੱਤਿਆਂ ਵਾਂਗ ਜਾਗਦਾ ਹੀ

ਪਿਐ…। ਇਸ ਤਰ੍ਹਾਂ ਮੰਜੀ ਉਸਨੇ ਕਈ ਵਾਰ ਮੱਲੀ ਹੈ।' ਤੋਂ ਇੰਞ ਆਭਾਸ ਹੁੰਦਾ ਜਿਵੇਂ ਉਸ ਨੂੰ ਕੋਈ ਜਿਸਮਾਨੀ ਰੋਗ ਹੈ। ਬਿਰਤਾਂਤਕ ਵਿਕਾਸ ਵਿੱਚੋਂ ਉਭਰਦਾ ਕਿ ਉਹ ਜਿਸਮਾਨੀ ਨਹੀਂ, ਜਿਸਮ ਦੀ ਭੁੱਖ ਦਾ ਮਨੋਰੋਗੀ ਹੈ। ਥੋੜ੍ਹੇ-ਬਹੁਤੇ ਫ਼ਰਕ ਨਾਲ਼ ਵਧੇਰੇ ਮੱਧ-ਵਰਗੀ ਆਦਮੀ ਇਸੇ ਮਨੋਰੋਗ ਵਾਲ਼ੀ ਮਨੋਬਿਰਤੀ ਦਾ ਸ਼ਿਕਾਰ ਹਨ। ਕਹਾਣੀ ਵਿੱਚੋਂ ਇਹ ਥੀਮਕ ਪਾਸਾਰ ਸ਼ਹਿਰੀ ਮੱਧ-ਵਰਗੀ ਆਦਮੀ ਦਾ ਪ੍ਰਤੀਨਿਧ ਸੱਚ ਬਣ ਕੇ ਉਭਰਦਾ ਹੈ। ਪਰ ਥੋੜ੍ਹਾ ਅੱਗੇ ਜਾ ਕੇ।

ਕਹਾਣੀ 'ਸਰਦੂਲ ਦੇ ਕਈ ਵਾਰ ਮੰਜੀ ਮੱਲਣ' ਦੇ ਭੇਤ ਨੂੰ ਖੋਲ੍ਹਣ ਲਈ ਪਿਛਲਝਾਤ ਦੀ ਜੁਗਤ ਅਪਣਾਉਂਦੀ ਹੈ। ਪਰ ਵਰਣਾਤਮਕ ਵਿਧੀ ਵਿੱਚ ਹੀ। 'ਅਜੇ ਪਿਛਲੇ ਹਫ਼ਤੇ ਹੀ ਤਾਂ ਗਿਰੀ ਸੀ ਇਕ ਬਿੱਜਲੀ, ਜਿਸ ਨਾਲ਼ ਘਰ ਅੱਜ ਵਾਂਗ ਹੀ ਰੋਇਆ ਸੀ। ਖ਼ੁਸ਼ੀ ਦੇ ਸਾਰੇ ਪਲ ਸੂਲ਼ੀ ਟੰਗੇ ਗਏ ਸਨ… ਘਰ ਦੇ ਜੀਆਂ ਦੀਆਂ ਧੜਾਂ 'ਤੇ ਸਿੰਗ ਉੱਗ ਆਏ ਸਨ। ਇਸ ਪ੍ਰਤੀਕ ਦੀ ਵਰਤੋਂ ਮਨੁੱਖਾਂ ਦੇ ਜਾਨਵਰਾਂ ਵਾਲ਼ੇ ਵਿਹਾਰ ਨੂੰ ਪ੍ਰਗਟਾਉਂਦੀ ਹੈ, ਪਰ ਕਿਉਂ ? ਕਹਾਣੀ ਵਿੱਚ ਭੇਤ ਹਾਲੇ ਬਰਕਰਾਰ ਹੈ। ਜਿਸ ਦੇ ਖੁੱਲ੍ਹਣ ਦਾ ਸਮਾਂ ਆ ਗਿਆ ਹੈ।

ਹਫ਼ਤਾ ਪਹਿਲੇ, ਪਤੀ-ਪਤਨੀ ਦੇ ਜਿਨਸੀ ਸੰਬੰਧਾਂ ਦੀ ਕ੍ਰੀੜਾ ਮੌਕੇ ਛੋਟੀ ਬੱਚੀ ਚੀਨੂੰ ਅਚਾਨਕ ਰੋਣ ਲੱਗ ਪਈ। ਚੀਕਾਂ ਮਾਰਨ ਲੱਗ ਪਈ। ਘਰ ਸਿਰ 'ਤੇ ਚੁੱਕ ਲਿਆ। ਮਿੰਦਰ ਉਸਨੂੰ ਦੁੱਧ ਪਿਆਉਣਾ ਚਾਹੁੰਦੀ ਹੈ। ਉਸਨੂੰ ਛੱਡ ਦੇਣ ਦੇ ਸਰਦੂਲ ਦੇ ਅੱਗੇ ਤਰਲੇ ਭਰਦੀ ਹੈ। ਸਰਦੂਲ, ਮਿੰਦਰ ਨੂੰ ਅੱਖਾਂ ਦਿਖਾਉਂਦਾ, ਮਸੂਮ ਕੁੜੀ 'ਤੇ ਗੁੱਸਾ ਕੱਢਦਾ, "ਇਸ ਨੇ ਹੁਣੇ ਮਰਨਾ ਸੀ ? ਇਸ ਨੂੰ ਇਸੇ ਵਕਤ ਰੋਣਾ ਯਾਦ ਆਉਂਦੈ ?" ਬੱਚੇ ਲਈ ਉਸਦਾ ਪਿਆਰ ਦੁਜੈਲਾ ਹੋ ਨਿਬੜਦਾ। ਕਾਮ ਭੁੱਖ ਪਹਿਲੀ ਤਰਜੀਹ। ਇਹ ਤੇ ਹਫ਼ਤਾ ਪਹਿਲਾਂ ਦੀ ਰਾਤ ਦਾ ਵਾਕਿਆ। ਵਰਤਮਾਨ ਬਿਰਤਾਂਤ ਵਿੱਚ ਵੱਡੀ ਕੁੜੀ ਬਿੰਦੂ ਪ੍ਰਤੀ ਵਿਹਾਰ ਵਿੱਚੋਂ ਵੀ ਉਸ ਦੇ ਚਰਿੱਤਰ ਦਾ ਇਹੋ ਕਠੋਰ ਖ਼ਾਸਾ ਉਭਰਦਾ। ਛੋਟੀ ਕੁੜੀ ਪ੍ਰਤੀ ਸਰਦੂਲ ਦੇ ਮੋਹ ਦਾ ਕੋਈ ਸੰਕੇਤ ਬਿਰਤਾਂਤ ਵਿੱਚੋਂ ਨਹੀਂ ਮਿਲਦਾ। ਇਸ ਲਈ ਸ਼ਾਇਦ ਉਹ ਬੱਚੀ ਅਣਚਾਹਿਆ ਜੀਅ ਹੋਵੇ। ਪਰ ਕਹਾਣੀ ਇਸ ਪਾਸੇ ਕੋਈ ਇਸ਼ਾਰਾ ਨਹੀਂ ਕਰਦੀ। ਕਹਾਣੀਕਾਰ ਸ਼ਾਇਦ ਕਹਾਣੀ ਦੀ ਬਣਤਰ ਵਿੱਚ ਇਹ ਥੀਮ ਜੜ ਕੇ ਕਹਾਣੀ ਦੇ ਕੇਂਦਰੀ ਵਿਸ਼ੇ ਨੂੰ ਖੰਡਿਤ ਨਹੀਂ ਕਰਨਾ ਚਾਹੁੰਦਾ। ਸਗੋਂ ਵਿਸ਼ੇ ਦਾ ਫ਼ੋਕਸ ਸਰਦੂਲ ਦੀ ਕਾਮ-ਪ੍ਰਵਿਰਤੀ ਦੇ ਇਰਦ-ਗਿਰਦ ਹੀ ਰੱਖਣਾ ਚਾਹੁੰਦਾ ਹੈ। ਸਰਦੂਲ ਦੀ ਉਲਾਰੂ ਕਾਮ-ਭੁੱਖ ਦੀਆਂ ਕਈ ਹੋਰ ਪਰਤਾਂ ਵੀ ਅੱਗੇ ਚੱਲ ਕੇ ਖੁੱਲ੍ਹਣਗੀਆਂ, ਪਰ ਹਫ਼ਤਾ ਪਹਿਲਾਂ ਰਾਤ ਦਾ ਵਾਕਿਆ ਅਜੇ ਸਿਰੇ ਨਹੀਂ ਲੱਗਾ। ਫ਼ਿਲਹਾਲ ਉਸ ਦੀ ਗੱਲ ਕਰਨੀਂ ਅਜੇ ਬਾਕੀ ਹੈ।

ਛੋਟੀ ਬੱਚੀ ਦਾ ਰੋਣਾ ਮਾਂ ਨੂੰ ਵਿਆਕੁਲ ਕਰ ਸੁੱਟਦਾ ਹੈ। ਪਤਨੀ ਦਾ ਗਰਮ ਸਰੀਰ ਬਰਫ਼ ਵਾਂਗ ਠੰਢਾ ਪੈ ਜਾਂਦਾ ਹੈ। ਉਹ ਸਰਦੂਲ ਦੇ ਜਿੰਨ ਵਰਗੀ ਤਾਕਤ 'ਚੋਂ ਨਿਕਲ ਕੇ, ਬੱਚੀ ਦੀ ਮੰਜੀ 'ਤੇ ਜਾ ਪੈਂਦੀ ਹੈ। ਭਾਵੇਂ ਇਸ ਲਈ ਮਿੰਦਰ ਨੂੰ ਪੁੜਿਆਂ 'ਤੇ ਸਰਦੂਲ ਦੀ ਜ਼ੋਰਦਾਰ ਲੱਤ ਖਾਣੀ ਪੈਂਦੀ ਹੈ। ਜਿਸ ਕਾਰਨ ਉਹ ਸਵੇਰੇ ਕੁੱਬੀ ਹੋ ਕੇ ਉੱਠਦੀ ਹੈ ਅਤੇ ਜਿਸ ਦੀਆਂ ਚੀਸਾਂ ਕਈ ਦਿਨ ਉਸ ਦੇ ਬਦਨ ਵਿੱਚੋਂ ਨਿਕਲਦੀਆਂ ਰਹਿੰਦੀਆਂ ਹਨ। ਪਰ ਰਾਤ ਦੇ ਉਸ ਪਲ 'ਮਿੰਦਰ 'ਚੋਂ ਸਰਦੂਲ ਮਨਫ਼ੀ ਹੋ ਜਾਂਦਾ ਹੈ।' ਦਰਅਸਲ ਔਰਤ ਵਿੱਚੋਂ ਮਰਦ ਮਨਫ਼ੀ ਪਹਿਲੇ ਬੱਚੇ ਦੇ ਜਨਮ ਨਾਲ਼ ਹੀ ਹੋ ਜਾਂਦਾ ਹੈ। ਜੇ ਮਨਫ਼ੀ ਨਹੀਂ ਤਾਂ ਦੁਜੈਲਾ ਤਾਂ ਜ਼ਰੂਰ ਬਣ ਜਾਂਦਾ ਹੈ। ਸਰਦੂਲ ਆਪਣੀ ਕਾਮ-ਪੂਰਤੀ ਵਿੱਚ ਰੋੜਾ ਬਣਨ ਵਾਲ਼ੀ ਬੱਚੀ ਨੂੰ

ਕੋਸ ਰਿਹਾ ਹੈ। ਮਰਨ ਦਾ ਸਰਾਪ ਦੇ ਰਿਹਾ ਹੈ। ਮਾਂ ਬੱਚੀ ਦਾ ਰੋਣਾ ਸੁਣ ਕੇ 'ਠੰਢੀ' ਪੈ ਜਾਂਦੀ ਹੈ। ਔਰਤ-ਮਰਦ ਦੇ ਕੁਦਰਤੀ ਸੁਭਾਅ ਦਾ ਇਹੋ ਖ਼ਾਸਾ ਉਨ੍ਹਾਂ ਦੇ ਵਿਆਹੁਤਾ ਜੀਵਨ ਦਾ ਸੋਧਕ ਕਾਰਕ ਹੋ ਨਿਬੜਦਾ ਹੈ।

ਵੈਸੇ, ਵਿਆਹੁਤਾ ਜ਼ਿੰਦਗੀ ਦੇ ਹੋਰ ਕਈ ਸੋਧਕ ਕਾਰਕ ਵੀ ਹਨ। ਜਿਨ੍ਹਾਂ ਵਿੱਚੋਂ ਪ੍ਰਮੁੱਖ ਘਰ ਦੀ ਆਰਥਿਕਤਾ ਹੈ। ਕਹਾਣੀ ਦਾ ਬਿਰਤਾਂਤ ਇਸ ਪਹਿਲੂ ਤੋਂ ਬਿਲਕੁੱਲ ਖ਼ਾਮੋਸ਼ ਹੈ। ਘਰ ਦੀ ਆਰਥਿਕ ਹਾਲਤ ਕਿਹੋ ਜਿਹੀ ਹੈ ? ਘਰ ਦੀ ਆਰਥਿਕਤਾ ਦਾ ਕੀ ਜ਼ਰੀਆ ਹੈ ? ਕਹਾਣੀ ਵਿੱਚ ਕੋਈ ਵੱਡਾ ਇਸ਼ਾਰਾ ਨਹੀਂ। ਮਿੰਦਰ ਸਰਦੂਲ ਦੇ ਸੰਵਾਦਾਂ ਤੋਂ, ਬਿੰਦੂ ਦੇ ਡਰੈੱਸ ਪਾ ਕੇ ਰਿਕਸ਼ੇ 'ਤੇ ਸਕੂਲ ਜਾਣ ਤੋਂ, ਘਰ ਵਿੱਚ ਸੌਣ ਲਈ ਮੰਜੀਆਂ ਆਦਿ ਤੋਂ ਸੰਕੇਤ ਮਿਲਦਾ ਹੈ ਕਿ ਹੇਠਲੇ ਮੱਧ ਵਰਗ ਦੇ ਨੇੜੇ-ਤੇੜੇ ਦਾ ਪਰਿਵਾਰ ਹੈ। ਹੋ ਸਕਦਾ ਮਿੰਦਰ ਘਰ ਦੀ ਆਰਥਿਕਤਾ ਤੋਂ ਸੰਤੁਸ਼ਟ ਹੋਵੇ ਪਰ ਇਹ ਸੰਤੁਸ਼ਟੀ ਮੱਧ-ਵਰਗੀ ਔਰਤ ਦਾ ਪ੍ਰਤੀਨਿਧ ਯਥਾਰਥ ਨਹੀਂ। ਮਨੋਵਿਗਿਆਨਕ ਖੋਜਾਂ ਸਿੱਟਾ ਕੱਢਦੀਆਂ ਹਨ ਕਿ ਆਦਮੀ ਦਾ ਬੈਂਕ ਬੈਲੇਂਸ ਅਤੇ ਔਰਤ ਨੂੰ ਪ੍ਰਾਪਤ ਸੁੱਖ-ਸੁਵਿਧਾਵਾਂ ਔਰਤ-ਮਰਦ ਦੇ ਜਿਨਸੀ ਸੰਬੰਧਾਂ ਵੇਲੇ ਆਨੰਦ ਦੀ ਡਿਗਰੀ ਨਿਰਧਾਰਤ ਕਰਦੀਆਂ ਹਨ। ਪਰ ਦਾਤੇਵਾਸ ਔਰਤ-ਮਰਦ ਦੇ ਦੰਪਤੀ ਸੰਬੰਧਾਂ ਵਿੱਚੋਂ ਆਰਥਿਕਤਾ ਦੇ ਮਹੱਤਵਪੂਰਨ ਸੋਧਕ ਤੱਤ ਨੂੰ ਬਿਲਕੁਲ ਨਜ਼ਰ-ਅੰਦਾਜ਼ ਕਰ ਦੇਂਦਾ ਹੈ। ਉਸ ਦਾ ਧਿਆਨ ਸਿਰਫ਼ ਸਰਦੂਲ ਦੀ ਕਾਮ-ਭੁੱਖ ਦੀ ਉਲਾਰੂ ਬਿਰਤੀ ਨੂੰ ਪ੍ਰਗਟਾਉਣ ਵਿੱਚ ਹੈ।

ਕਹਾਣੀ ਦਾ ਬਿਰਤਾਂਤ ਅੱਗੇ ਵਿਕਾਸ ਕਰਦਾ ਹੈ। ਸਰਦੂਲ ਦੀ ਨਾਰਾਜ਼ਗੀ ਦੋ ਦਿਨ ਕਾਇਮ ਰਹਿੰਦੀ ਹੈ। ਦੋ ਦਿਨ ਘਰ ਵਿੱਚ ਮਾਤਮ ਛਾਇਆ ਰਹਿੰਦਾ ਹੈ। ਬਿੰਦੂ ਦੀਆਂ ਵਾਰ-ਵਾਰ ਕੀਤੀਆਂ ਕੋਸ਼ਿਸ਼ਾਂ ਰੰਗ ਲਿਆਉਂਦੀਆਂ ਹਨ। ਘਰ ਦਾ ਮਾਤਮੀ ਮਾਹੌਲ ਖ਼ੁਸ਼ਗਵਾਰ ਹੋ ਜਾਂਦਾ ਹੈ। ਪਰ ਇਹ ਖ਼ੁਸ਼ਗਵਾਰ ਮਾਹੌਲ ਰਹਿੰਦਾ ਇਕ ਹਫ਼ਤਾ, ਦਸ ਦਿਨ ਹੀ ਹੈ। ਅੱਜ ਫਿਰ ਹਫ਼ਤਾ ਪਹਿਲਾਂ ਵਾਲ਼ੀ ਘੁਟਣ ਘਰ ਦੀ ਫ਼ਿਜ਼ਾ 'ਤੇ ਭਾਰੀ ਹੋ ਜਾਂਦੀ ਹੈ।

ਕਹਾਣੀ ਦਾ ਬਿਰਤਾਂਤ ਅਤੀਤ ਤੋਂ ਵਰਤਮਾਨ 'ਚ ਪ੍ਰਵੇਸ਼ ਕਰਦਾ ਹੈ। ਅਤੀਤ ਦਾ ਵਾਕਿਆ ਅੱਜ ਦੀ ਪਿੱਠ-ਭੂਮੀ ਹੋ ਨਿਬੜਦਾ ਹੈ। ਕਹਾਣੀ ਦੇ ਵਿਸ਼ੇ ਦਾ ਰਹੱਸ ਖੁੱਲ੍ਹ ਚੁੱਕਾ ਹੈ। ਪਰ ਪ੍ਰਸ਼ਨ ਪੈਦਾ ਹੁੰਦਾ ਹੈ, ਅੱਜ ਘਰ ਵਿੱਚੋਂ ਤਨਾਅ ਕਿਵੇਂ ਮੁੱਕੇਗਾ ? ਕੀ ਅੱਜ ਵੀ ਬਿੰਦੂ ਦੀਆਂ ਮਾਸੂਮ ਕੋਸ਼ਿਸ਼ਾਂ ਰੰਗ ਲਿਆਉਣਗੀਆਂ ? ਜੇ ਲਿਆਉਣਗੀਆਂ ਤਾਂ ਕਹਾਣੀ ਦੇ ਬਿਰਤਾਂਤ ਵਿੱਚ ਦੁਹਰਾਓ ਆ ਜਾਵੇਗਾ। ਤਾਂ ਤੇ ਕਹਾਣੀ ਇੱਥੇ ਮੁੱਕ ਜਾਣੀ ਚਾਹੀਦੀ ਸੀ। ਭਾਵ ਕਹਾਣੀ ਦਾ ਬਿਰਤਾਂਤ ਕਿਸੇ ਹੋਰ ਸਿਰੇ ਵੱਲ ਵਿਕਾਸ ਕਰੇਗਾ। ਕਿਸ ਸਿਰੇ ਵੱਲ ? ਇਹ ਭੇਤ ਹਾਲੇ ਬਰਕਰਾਰ ਹੈ। ਇਹੋ ਲੁਕਾਉਣ ਤੇ ਪ੍ਰਗਟਾਉਣ ਦੀ ਵਿਧੀ ਸ਼ਿਲਪੀ ਕਹਾਣੀ ਦੀ ਚੂਲ ਹੈ। ਜਿਸ ਨੂੰ ਡਾ. ਜੋਗਿੰਦਰ ਸਿੰਘ ਰਾਹੀ 'ਘੁੰਡ ਕੱਢਣਾ, ਪਰ ਤਵੀਤ ਨੰਗਾ ਰੱਖਣਾ' ਕਹਿੰਦਾ ਹੈ।

ਕਹਾਣੀ ਦਾ ਬਿਰਤਾਂਤ ਅਤੀਤ 'ਚੋਂ ਵਰਤਮਾਨ ਵਿੱਚ ਦਾਖ਼ਲ ਹੁੰਦਾ ਹੈ। ਪਰ ਕਹਾਣੀ ਦੇ ਸਾਰੇ ਪਾਤਰ ਚੁੱਪ ਹਨ। 'ਅਜਿਹੇ ਮੌਕਿਆਂ 'ਤੇ ਮਿੰਦਰ ਚੁੱਪ ਹੀ ਰਹਿੰਦੀ ਸੀ ਤੇ ਉਹ ਅੱਜ ਵੀ ਚੁੱਪ ਹੈ।' ਲੱਗਦਾ ਮਿੰਦਰ ਨੇ ਸਿਵਾਏ ਸਰਦੂਲ ਨਾਲ਼ ਜਿਸਮਾਨੀ ਸੰਬੰਧਾਂ ਦੇ ਵਿਰੋਧ ਤੋਂ ਬਿਨਾਂ ਉਸ ਸਾਹਮਣੇ ਪੂਰੀ ਤਰ੍ਹਾਂ ਆਤਮ-ਸਮਰਪਨ ਕੀਤਾ ਹੋਇਆ ਹੈ। ਉਹ ਗੁੱਸਾ ਭਾਂਡਿਆਂ 'ਤੇ ਤਾਂ ਕੱਢਦੀ ਹੈ, ਪਰ ਮੂੰਹੋਂ ਚੁੱਪ। ਸਰਦੂਲ ਅੱਜ ਵੀ ਚੁੱਪ ਹੈ। ਰਜਾਈ

ਵਾਂਗ ਉਸ ਨੇ ਚੁੱਪ ਵੀ ਆਪਣੇ 'ਤੇ ਓੜ੍ਹੀ ਹੋਈ ਹੈ। ਤਨਾਅ ਭਰੇ ਮਾਹੌਲ ਵਿੱਚ ਸਰਦੂਲ ਦੀ ਚੁੱਪ ਖ਼ਾਸ ਅਹਿਮੀਅਤ ਮੰਗਦੀ ਹੈ।

ਬਿੰਦੂ ਦੀਆਂ ਪਿਤਾ ਨੂੰ ਉਠਾਉਣ ਤੇ ਬੁਲਾਉਣ ਦੀਆਂ ਤਮਾਮ ਕੋਸ਼ਿਸ਼ਾਂ ਨਾਕਾਮ ਸਾਬਤ ਹੁੰਦੀਆਂ ਹਨ। ਹਫ਼ਤਾ ਪਹਿਲਾਂ ਉਸ ਨੇ ਹੀ ਘਰ ਦੀ ਚੁੱਪੀ ਤੋੜੀ ਸੀ। ਪਰ ਅੱਜ ਉਸ ਨੂੰ ਕਾਮਯਾਬੀ ਨਹੀਂ ਮਿਲੀ। ਉਸ ਦੇ ਤਰਲੇ ਮਾਂ ਦੀਆਂ ਅੱਖਾਂ ਵਿੱਚ ਅੱਥਰੂ ਲੈ ਆਉਂਦੇ ਹਨ। ਪਰ ਪਿਤਾ ਦਾ ਦਿਲ ਨਹੀਂ ਪਸੀਜਦਾ। ਦਰਅਸਲ ਉਹ ਆਪਣੀ ਚੁੱਪ ਅਤੇ ਨਾਰਾਜ਼ਗੀ ਨਾਲ਼ ਮਿੰਦਰ 'ਤੇ ਕਾਮ ਇੱਛਾ ਦੀ ਪੂਰਤੀ ਲਈ ਦਬਾਅ ਬਣਾਉਂਦਾ ਹੈ। ਬਿੰਦੂ ਨਾਲ਼ ਚੁੱਪੀ ਤੇ ਝਿੜਕਾਂ ਦਾ ਦਬਾਅ ਵੀ ਮਾਂ 'ਤੇ ਹੀ ਬਣਦਾ ਹੈ। ਮਿੰਦਰ ਘਰ ਵਿੱਚ ਤਣਾਅ ਹੋਰ ਜ਼ਿਆਦਾ ਨਹੀਂ ਵਧਾਉਣਾ ਚਾਹੁੰਦੀ। ਇਸ ਲਈ ਚੁੱਪ ਹੈ। ਕਹਾਣੀ ਦਾ ਬਿਰਤਾਂਤ ਇਹ ਸੱਚ ਚਿਤਰਦਾ ਹੈ। ਪਰ ਇਹ ਆਧੁਨਿਕ ਮੱਧ-ਵਰਗੀ ਔਰਤ ਦਾ ਪ੍ਰਤੀਨਿਧ ਸੱਚ ਨਹੀਂ। ਮੱਧ-ਵਰਗੀ ਔਰਤ ਦੇ ਪ੍ਰਤੀਨਿਧ ਵਿਹਾਰ ਦੀ ਗੱਲ ਥੋੜ੍ਹਾ ਅੱਗੇ ਜਾ ਕੇ ਕਰਾਂਗੇ। ਫ਼ਿਲਹਾਲ ਸਰਦੂਲ ਦੇ ਵਿਹਾਰ ਦੀ ਗੱਲ ਚੱਲ ਰਹੀ ਹੈ। ਸਰਦੂਲ ਬਿੰਦੂ ਨੂੰ ਆਪਣੀ ਜਾਨ ਨਾਲ਼ੋਂ ਵੱਧ ਸਮਝਦਾ ਹੈ। 'ਪਰ ਅਜਿਹੇ ਮੌਕਿਆਂ 'ਤੇ ਸਰਦੂਲ ਨੂੰ ਪਤਾ ਨਹੀਂ ਕੀ ਹੋ ਜਾਂਦੈ ?'

ਇਹ ਔਰਤ ਦੇ ਨਜ਼ਰੀਏ 'ਤੇ ਪ੍ਰਸ਼ਨ ਹੈ। ਔਰਤ (ਮਿੰਦਰ) ਆਪਣੇ ਵਿਹਾਰ ਪ੍ਰਤੀ ਸੁਚੇਤ ਨਹੀਂ। ਬਹੁਤੇ ਇਨਸਾਨ ਹੁੰਦੇ ਵੀ ਨਹੀਂ। ਇਹੋ ਸਾਰੇ ਝਗੜੇ ਦੀ ਜੜ੍ਹ ਹੈ। ਹਰ ਇਨਸਾਨ ਨੂੰ ਆਪਣੇ ਵਿਹਾਰ ਤੇ ਸੱਚਾਈਆਂ ਦੇ ਸਨਮੁੱਖ ਹੋਣ ਲਈ ਆਪਣੇ ਆਪ ਤੋਂ ਥੋੜ੍ਹੀ ਵਿੱਥ 'ਤੇ ਖਲ੍ਹੋਣਾ ਪੈਂਦਾ ਹੈ। ਇਹ ਬੇਹੱਦ ਕਠਿਨ ਕਾਰਜ ਹੈ। ਕਹਾਣੀ ਵਿੱਚ ਮਿੰਦਰ ਦੁਆਰਾ ਉਠਾਏ ਸਵਾਲ ਦੀਆਂ ਜੜ੍ਹਾਂ ਮੱਧ-ਵਰਗੀ ਬੰਦੇ ਦੀ ਮਨੋ-ਬਣਤਰ ਵਿੱਚ ਪਈਆਂ ਹੋਈਆਂ ਹਨ। ਮੱਧ-ਵਰਗੀ ਆਦਮੀ ਦਾ ਔਰਤ ਪ੍ਰਤੀ ਰਵੱਈਆ ਉਲਾਰ ਕਾਮ ਬਿਰਤੀ ਵਾਲ਼ਾ ਰਿਹਾ ਹੈ। ਉਸ ਦੇ ਅਵਚੇਤਨ ਵਿੱਚ ਔਰਤ ਕਾਮ ਦੀ ਵਸਤੂ ਹੀ ਹੈ। ਵਿਆਹੁਤਾ ਜੀਵਨ ਵਿੱਚ ਵੀ ਆਦਮੀ ਦੀ ਔਰਤ ਪ੍ਰਤੀ ਉਲਾਰ ਕਾਮ-ਬਿਰਤੀ ਓਸੇ ਤਰ੍ਹਾਂ ਕਾਇਮ ਰਹਿੰਦੀ ਹੈ। ਮੱਧ-ਵਰਗੀ ਆਦਮੀ ਦੀ ਅਜਿਹੀ ਮਨੋ-ਬਣਤਰ ਜਗੀਰਦਾਰੀ ਸੰਸਕਾਰਾਂ ਦੀ ਦੇਣ ਹੈ। ਜਗੀਰਦਾਰੀ ਪ੍ਰਬੰਧ ਤੋਂ ਸਰਮਾਏਦਾਰੀ ਢਾਂਚੇ ਵਿੱਚ ਦਾਖ਼ਲ ਹੋਣ ਨਾਲ਼ ਬੰਦੇ ਦੀ ਮਨੋ-ਬਣਤਰ ਵਿੱਚ ਵੱਡੀਆਂ ਤਬਦੀਲੀਆਂ ਨਹੀਂ ਵਾਪਰੀਆਂ। ਕਿਉਂਕਿ ਸਾਡੇ ਸਰਮਾਏਦਾਰੀ ਪ੍ਰਬੰਧ, ਜਗੀਰਦਾਰੀ ਪ੍ਰਬੰਧ ਦੀਆਂ ਕਦਰਾਂ-ਕੀਮਤਾਂ ਨੂੰ ਖ਼ੋਰ ਕੇ ਸਹਿਜ ਰੂਪ ਵਿੱਚ ਵਿਕਸਿਤ ਨਹੀਂ ਹੋਇਆ। ਬਲਕਿ ਅੰਗਰੇਜ਼ਾਂ ਦੁਆਰਾ ਪੈਰਾਸ਼ੂਟ ਨਾਲ਼ ਉਤਾਰਿਆ ਗਿਆ ਹੈ। ਇੱਥੋਂ ਤੱਕ ਕਿ ਕਬੀਲਾਚਾਰੀ ਦੇ ਕਈ ਸੰਸਕਾਰ ਅਜੇ ਵੀ ਮੱਧ-ਵਰਗੀ ਮਨੁੱਖ ਦੀ ਮਨੋ-ਬਣਤਰ ਦਾ ਹਿੱਸਾ ਬਣੇ ਹੋਏ ਹਨ। ਜਿਨ੍ਹਾਂ ਨੂੰ ਉਹ ਅਚੇਤ-ਸੁਚੇਤ ਨਿਭਾਅ ਰਿਹਾ ਹੈ।

ਮੱਧ-ਵਰਗੀ ਪਾਤਰ ਹੋਣ ਕਰਕੇ ਸਰਦੂਲ ਦੀ ਉਲਾਰ ਕਾਮ-ਪ੍ਰਵਿਰਤੀ ਉਸ ਦੀ ਕਮਜ਼ੋਰੀ ਬਣ ਜਾਂਦੀ ਹੈ। ਉਹ ਬਿੰਦੂ ਨੂੰ ਰੋਜ਼ ਦੀ ਤਰ੍ਹਾਂ ਨਾ ਸਕੂਲ ਲਈ ਤਿਆਰ ਕਰਦਾ ਹੈ ਅਤੇ ਨਾ ਬਾਹਰ ਤੱਕ ਛੱਡਣ ਜਾਂਦਾ ਹੈ। ਪਤਨੀ ਨਾਲ਼ ਨਰਾਜ਼ਗੀ ਸਮੇਂ ਮਰਦ ਬੱਚਿਆਂ ਪ੍ਰਤੀ ਨਿਭਾਅ ਰਹੀਆਂ ਜ਼ਿੰਮੇਵਾਰੀਆਂ ਤੋਂ ਆਪਣੇ ਆਪ ਨੂੰ ਅਲੱਗ ਕਰ ਲੈਂਦਾ ਹੈ। ਜਿਵੇਂ ਬੱਚੇ ਇਕੱਲੀ ਔਰਤ ਦੇ ਹੋਣ। ਅਜਿਹੇ ਵਿਹਾਰ ਨਾਲ਼ ਸਰਦੂਲ ਨਿਰੰਤਰ ਮਿੰਦਰ 'ਤੇ ਆਪਣੀ ਕਾਮ-ਇੱਛਾ ਪੂਰਤੀ ਲਈ ਦਬਾਅ ਬਣਾਈ ਰੱਖਣਾ ਚਾਹੁੰਦਾ ਹੈ।

ਸਰਦੂਲ ਦੀ ਨਰਾਜ਼ਗੀ ਪ੍ਰਤੀ ਬਿੰਦੂ ਦੇ ਪ੍ਰਸ਼ਨਾਂ ਦਾ ਉੱਤਰ ਲੱਭਦੀ, ਮਿੰਦਰ ਕਹਿੰਦੀ

ਹੈ, 'ਕੀ ਦੱਸਾਂ ਬਿੰਦੂ ? ਮੈਨੂੰ ਵੀ ਨਹੀਂ ਪਤਾ ਮੈਥੋਂ ਕੀ ਪਾਪ ਹੋ ਗਿਆ ?' ਮਿੰਦਰ ਆਪਣੇ 'ਪਾਪ' ਤੋਂ ਅਣਜਾਣ ਹੈ। ਇਹ ਔਰਤ ਦੇ ਨਜ਼ਰੀਏ ਤੋਂ ਹੈ। ਮਰਦ ਦੇ ਦ੍ਰਿਸ਼ਟੀ ਬਿੰਦੂ ਨੂੰ ਅਜੇ ਤੱਕ ਬਿਰਤਾਂਤ ਵਿੱਚ ਥਾਂ ਨਹੀਂ ਮਿਲੀ। ਵੈਸੇ ਵੀ ਕਹਾਣੀ ਦੇ ਕੇਂਦਰ ਵਿੱਚ ਔਰਤ ਦਾ ਦ੍ਰਿਸ਼ਟੀ ਬਿੰਦੂ ਹੀ ਹੈ। ਮਰਦ ਦੇ ਦ੍ਰਿਸ਼ਟੀ-ਬਿੰਦੂ ਦੇ ਖੱਪੇ ਅਸੀਂ ਭਰਨ ਦੀ ਕੋਸ਼ਿਸ਼ ਕਰਾਂਗੇ।

ਦਰਅਸਲ ਮਰਦ ਦੇ ਕਾਮ-ਰੋਗੀਆਂ ਵਾਲ਼ੇ ਰਵੱਈਏ ਪਿੱਛੇ ਔਰਤ ਦੀ ਕਾਮ-ਸੰਬੰਧਾਂ ਪ੍ਰਤੀ ਬੇ-ਰੁਖ਼ੀ ਛੁਪੀ ਹੋਈ ਹੈ। ਮੱਧ-ਵਰਗੀ ਔਰਤ ਮਰਦ ਨੂੰ ਜਿਨਸੀ ਸੰਬੰਧਾਂ ਲਈ ਪਹਿਲਾਂ ਤਰਸਾਉਂਦੀ, ਤੜਫ਼ਾਉਂਦੀ ਤੇ ਫੇਰ ਅਹਿਸਾਨ ਜਤਾਉਂਦੀ ਹੈ। ਇਸ ਦਾ ਹਲਕਾ ਜਿਹਾ ਇਸ਼ਾਰਾ ਮਿੰਦਰ ਦੇ ਹਰ ਵਾਰ 'ਨਾਂਹ' ਵਾਲ਼ੇ ਜਵਾਬ ਕਾਰਨ ਸਰਦੂਲ ਦੇ ਇਨ੍ਹਾਂ ਸ਼ਬਦਾਂ ਤੋਂ ਮਿਲਦਾ ਹੈ। 'ਤੇਰਾ ਤਾਂ ਘੜਿਆ-ਘੜਾਇਆ ਇਹੋ ਜਵਾਬ ਹੁੰਦੈ ?' ਕਹਾਣੀਕਾਰ ਔਰਤ ਦੀ ਤਰਾਸਦੀ ਦੇ ਚਿਤਰਨ ਦੇ ਮੋਹ ਵਿੱਚ ਬਿਰਤਾਂਤ ਨੂੰ ਇਸ ਦਿਸ਼ਾ ਵੱਲ ਨਹੀਂ ਤੋਰਦਾ। ਸਰਦੂਲ ਦੇ ਅਧੂਰੇ ਸੰਵਾਦ 'ਗਾਂ ਖ਼ੌਰੂ ਨਹੀਂ ਪੱਟਦੀ ਪਰ ਤੂੰ .. ?' ਰਾਹੀਂ ਮਿੰਦਰ ਦੇ ਵਿਹਾਰ ਦਾ ਹਲਕਾ ਜਿਹਾ ਇਕ ਹੋਰ ਇਸ਼ਾਰਾ ਜ਼ਰੂਰ ਮਿਲਦਾ ਹੈ। ਕਹਾਣੀਕਾਰ ਨੇ ਇਹ ਸੰਵਾਦ ਵੀ ਅਧੂਰਾ ਛੱਡਿਆ ਹੋਇਆ ਹੈ। ਕਿਉਂਕਿ ਪੂਰਾ ਕਰਨ ਨਾਲ਼ ਮਰਦ ਦਾ ਨਜ਼ਰੀਆ ਬਿਰਤਾਂਤ ਦਾ ਹਿੱਸਾ ਬਣਨਾ ਸੀ ਅਤੇ ਔਰਤ ਦੇ ਦੰਪਤੀ ਸੰਬੰਧਾਂ ਦੀ ਊਣ ਦ੍ਰਿਸ਼ਟੀਗੋਚਰ ਹੋਣੀ ਸੀ। ਇਸ ਤੋਂ ਪਹਿਲੇ ਬਿਰਤਾਂਤ ਵਿੱਚ ਸਰਦੂਲ ਲਗਭਗ ਖ਼ਾਮੋਸ਼ ਸੀ। ਉਹ ਕਥਾਨਕ ਵਿੱਚ ਹਾਜ਼ਰ ਹੋ ਕੇ ਗ਼ੈਰ-ਹਾਜ਼ਰ ਸੀ ਪਰ ਗ਼ੈਰ-ਹਾਜ਼ਰ ਹੋ ਕੇ ਹਾਜ਼ਰ ਸੀ।

ਸਰਦੂਲ ਹੁਣ ਬਿਰਤਾਂਤ ਦਾ ਹਾਜ਼ਰੀਨ (ਕਾਰਜਸ਼ੀਲ) ਪਾਤਰ ਬਣ ਜਾਂਦਾ। ਉਸ ਦੇ ਕਾਰਜਸ਼ੀਲ ਪਾਤਰ ਬਣਨ ਨਾਲ਼ ਮਰਦ ਦਾ ਨਜ਼ਰੀਆ ਵੀ ਬਿਰਤਾਂਤ ਦਾ ਹਿੱਸਾ ਬਣਨ ਲੱਗਦਾ ਹੈ। ਇਸ ਤੋਂ ਪਹਿਲਾਂ ਉਸਦੇ ਇਕ ਦੋ ਸੰਵਾਦ ਹੀ ਬਿਰਤਾਂਤ ਦਾ ਹਿੱਸਾ ਬਣੇ ਹਨ। ਕੜੱਤਣ ਭਰਪੂਰ। ਉਹ ਮਿੰਦਰ ਨੂੰ ਕਹਿੰਦਾ ਹੈ, 'ਤੂੰ ਜੁ ਹੈਂ ਭੌਂਕਣ ਵਾਸਤੇ। ਮੇਰੇ ਨਾਲ਼ ਭੌਂਕ ਸਕਦੀ ਏਂ ਇਸ ਨਾਲ਼ ਨ੍ਹੀਂ ਭੌਂਕ ਸਕਦੀ। ਦਫ਼ਾ ਹੋ ਜੋ ਏਥੋਂ, ਮੈਂ ਲੱਤਾਂ ਤੋੜਦੂੰ ਕਿਸੇ ਦੀਆਂ।' ਇਹ ਸਰਦੂਲ ਦਾ ਨਜ਼ਰੀਆ ਮਿੰਦਰ ਬਾਰੇ ਕਥਨੀ ਦੀ ਪੱਧਰ 'ਤੇ ਹੈ। ਇਹ ਬਿਰਤਾਂਤ ਵਿੱਚ ਦ੍ਰਿਸ਼ਟੀਗੋਚਰ ਨਹੀਂ ਹੁੰਦਾ। ਬਿਰਤਾਂਤ ਵਿੱਚੋਂ ਮਿੰਦਰ ਦੀ ਦਿੱਖ ਬਿਲਕੁਲ ਉਲਟ ਉਸਰਦੀ ਹੈ। ਸਾਊ ਗਾਂ ਵਾਲ਼ੀ। ਉਹ ਆਪ ਵੀ ਆਪਣੇ ਲਈ ਇਹੋ ਲਕਬ ਵਰਤਦੀ ਹੈ। ਕਰੀਬ ਹਰ ਹਫ਼ਤੇ ਹੀ ਸਰਦੂਲ ਕੋਲ਼ੋਂ ਗਾਲ਼ਾਂ ਤੇ ਲੱਤਾਂ ਖਾ ਕੇ ਵੀ ਉਹ ਸ਼ਾਂਤ ਰਹਿੰਦੀ ਹੈ। ਰੋਂਦੀ ਹੋਈ ਵੀ ਇਕ ਕਠੋਰ ਲਫ਼ਜ਼ ਮੂੰਹੋਂ ਨਹੀਂ ਕੱਢਦੀ। ਇਹੋ ਜਿਹੀ ਮੱਧਕਾਲੀ ਪਤੀਵਰਤਾ ਆਧੁਨਿਕ ਮੱਧ-ਵਰਗੀ ਔਰਤ ਵਿੱਚੋਂ ਲੱਭਣੀ ਦੁਰਲੱਭ ਹੈ। ਇਹ ਠੀਕ ਹੈ ਕਿ ਅੱਜ ਵੀ ਔਰਤ ਮਰਦ ਦੇ ਸ਼ੋਸ਼ਣ ਦਾ ਸ਼ਿਕਾਰ ਹੈ ਪਰ ਹੁਣ ਉਹ ਮਿੰਦਰ ਵਾਂਗ ਚੁੱਪ ਨਹੀਂ ਰਹਿੰਦੀ। ਮਰਦ ਖ਼ਿਲਾਫ਼ ਮੋਰਚਾ ਖੋਲ੍ਹਦੀ ਹੈ। ਮੱਧ-ਵਰਗੀ ਔਰਤ-ਮਰਦ ਦੀ ਵਿਆਹੁਤਾ ਜ਼ਿੰਦਗੀ ਨੂੰ ਵਿਸ਼ਾ ਬਣਾ ਕੇ, ਮਰਦ ਦੀ ਵਿਚਾਰਗੀ ਸੰਬੰਧੀ ਐਵੇਂ ਤੇ ਨਹੀਂ ਏਨੇਂ ਚੁਟਕਲੇ ਬਣੇ ਹੋਏ। ਕੋਈ ਤੇ ਸੱਚਾਈ ਹੋਵੇਗੀ ਇਨ੍ਹਾਂ ਵਿੱਚ। ਭਾਵੇਂ ਔਰਤ ਬੰਦੇ ਦੀ ਚਾਲਾਕੀ ਅੱਗੇ ਆਖ਼ਰ ਮਿੰਦਰ ਵਾਂਗ ਹਾਰ ਮੰਨ ਲੈਂਦੀ ਹੈ। ਅਜੇ ਉਸ ਨੂੰ ਆਪਣੇ ਸਵੈ 'ਤੇ ਵਿਸ਼ਵਾਸ ਨਹੀਂ। ਉਹ ਆਪਣੇ ਪ੍ਰਤੀ ਪਿਆਰ ਨੂੰ ਮਰਦ ਦੇ ਪਿਆਰ ਵਿੱਚੋਂ ਹੀ ਦੇਖਦੀ ਹੈ।

ਸਰਦੂਲ ਜਦੋਂ ਵੀ ਮਿੰਦਰ ਨਾਲ਼ ਨਾਰਾਜ਼ ਹੋ ਜਾਂਦਾ, ਉਸਨੂੰ ਮਨਾਉਣ ਦੀ ਕੋਸ਼ਿਸ਼ ਕਰਦੀ ਹੈ। 'ਉਸ ਨੂੰ ਬਾਂਹਾਂ 'ਚ ਲੈ ਕੇ ਘੁੱਟਦੀ ਹੈ। ਉਹ ਉਸ ਨਾਲ਼ ਨਿਰ-ਵਸਤਰ ਹੋ ਕੇ

ਪੈਂਦੀ ਹੈ। ਪਰ ਸਰਦੂਲ ਉਸਨੂੰ ਮਾਂ-ਭੈਣ ਦੀਆਂ ਨੰਗੀਆਂ ਗਾਲ੍ਹਾਂ ਕੱਢਣ ਲੱਗ ਪੈਂਦਾ। ਉਸਨੂੰ ਮੰਜੀ ਤੋਂ ਧੱਕਾ ਮਾਰਦੈ।' ਕਹਾਣੀ ਆਦਮੀ ਦੀ ਸਿਰਫ਼ ਉਲਾਰੂ ਕਾਮ-ਭੁੱਖ ਨੂੰ ਹੀ ਨਹੀਂ ਪ੍ਰਗਟਾਉਂਦੀ ਬਲਕਿ ਆਦਮੀ ਦੀ ਮਰਦ-ਹੰਕਾਰ ਵਿੱਚ ਔਰਤ ਦੇ ਅਸਤਿਤਵ ਨੂੰ ਖੰਡਿਤ ਕਰਨ ਦੀ ਰੁਚੀ ਨੂੰ ਵੀ ਦ੍ਰਿਸ਼ਟਮਾਨ ਕਰ ਜਾਂਦੀ ਹੈ।

ਕਹਾਣੀ ਇਕ ਵਾਰ ਫਿਰ ਤੋਂ ਅਤੀਤ ਤੋਂ ਵਰਤਮਾਨ ਵਿੱਚ ਪ੍ਰਵੇਸ਼ ਕਰਦੀ ਹੈ। ਇੱਥੋਂ ਤੱਕ ਕਹਾਣੀ ਦਾ ਬਿਰਤਾਂਤ ਮਿੰਦਰ ਦੇ ਨਜ਼ਰੀਏ ਤੋਂ ਵਿਕਾਸ ਕਰ ਰਿਹਾ ਸੀ। ਇੱਥੋਂ ਅੱਗੇ ਕਹਾਣੀ ਦਾ ਬਿਰਤਾਂਤਕਾਰ ਸਰਦੂਲ ਬਣ ਜਾਂਦਾ ਹੈ। ਉਹ ਰਜਾਈ ਦਾ ਮੋਰਚਾ ਤਿਆਗ ਚੁੱਕਾ ਹੈ। ਬਿੰਦੂ ਸਕੂਲ ਜਾ ਚੁੱਕੀ ਹੈ। ਪਰ ਅੱਜ ਉਹ ਉਦਾਸ ਸੀ। ਉਸ ਨੇ ਰੋਜ਼ ਦੀ ਤਰ੍ਹਾਂ ਨਾ ਮਾਂ ਨੂੰ ਚੁੰਮਿਆਂ ਅਤੇ ਨਾ ਹੱਥ ਹਿਲਾਇਆ। ਉਦਾਸੀ ਵੱਲ ਇਹ ਉਸਦਾ ਪਹਿਲਾ ਕਦਮ ਹੈ। ਘਰ ਦਾ ਤਨਾਓ ਭਰਪੂਰ ਮਾਹੌਲ ਹੌਲ਼ੀ-ਹੌਲ਼ੀ ਉਸ ਨੂੰ ਜ਼ਿੱਦੀ, ਸੜੀਅਲ, ਇਕਾਂਤ-ਪਸੰਦ ਤੇ ਆਖ਼ਰ ਮਾਂ-ਬਾਪ ਤੋਂ ਵਿਦਰੋਹੀ ਬਣਾ ਦੇਵੇਗਾ। ਮੱਧ-ਵਰਗੀ ਪਰਿਵਾਰਾਂ ਵਿੱਚ ਲਗਾਤਾਰ ਤਨਾਓ ਰਹਿਣ ਕਰਕੇ ਬੱਚਿਆਂ ਦੀ ਪਰਵਰਿਸ਼ ਕੁਝ ਇਸ ਤਰੀਕੇ ਨਾਲ਼ ਹੀ ਹੋ ਰਹੀ ਹੈ। ਕਹਾਣੀਕਾਰ ਇਸਨੂੰ ਬੜੇ ਸੂਖ਼ਮਮਈ ਅੰਦਾਜ਼ ਵਿੱਚ ਰੂਪਮਾਨ ਕਰਦਾ ਹੈ।

ਬਿੰਦੂ ਦੇ ਸਕੂਲ ਜਾਣ ਤੋਂ ਬਾਅਦ ਸਰਦੂਲ ਦੀ ਨਜ਼ਰ ਟੇਬਲ 'ਤੇ ਰੱਖੀ ਬਿੰਦੂ ਦੀ ਕਾਪੀ 'ਤੇ ਪੈਂਦੀ ਹੈ। ਕਾਪੀ 'ਤੇ ਇਕ ਤਿਕੋਨ ਬਣੀ ਹੋਈ ਹੈ। ਪਰ ਉਸ ਤਿਕੋਨ ਦੀਆਂ ਲਾਈਨਾਂ ਆਪਸ ਵਿੱਚ ਜੁੜੀਆਂ ਹੋਈਆਂ ਨਹੀਂ ਹਨ। ਸਰਦੂਲ ਨੂੰ ਪ੍ਰਤੀਤ ਹੁੰਦਾ ਹੈ ਕਿ ਇਹ ਲਾਈਨ ਇਕ ਦੂਜੀ ਨੂੰ ਮਿਲਣ ਦੀ ਬਜਾਇ ਦੂਰ ਭੱਜ ਰਹੀਆਂ ਹਨ। ਇਕ ਦੂਜੀ ਵੱਲ ਹਿੱਕਾਂ ਤਾਣ ਕੇ ਖੜ੍ਹੀਆਂ ਹਨ। ਇਕ ਦੂਜੀ ਨੂੰ ਘੂਰ ਰਹੀਆਂ ਹਨ। 'ਉਸਨੂੰ ਜਾਪਿਆ ਜਿਵੇਂ ਤਿੰਨ ਰੇਖਾਵਾਂ ਦੇ ਸਿਰਿਆਂ 'ਤੇ ਆਦਮ ਸਿਰ ਉੱਗ ਆਏ ਹੋਣ ਅਤੇ ਉਨ੍ਹਾਂ 'ਚ ਇਕ ਸਿਰ ਉਸ ਦਾ ਆਪਣਾ ਹੋਵੇ ਜੋ ਦੋਵਾਂ ਨਾਲ਼ ਜੁੜਨ ਦੀ ਬਜਾਇ ਉਨ੍ਹਾਂ ਨਾਲ਼ੋਂ ਟੁੱਟ ਰਿਹਾ ਹੈ।' ਇਸ ਪ੍ਰਤੀਕ ਦੀ ਵਰਤੋਂ ਕਹਾਣੀ ਦੇ ਅਰਥਾਂ ਨੂੰ ਡੂੰਘਿਆਂ ਕਰਦੀ ਹੈ। ਪਰ ਇੰਨੇ ਡੂੰਘੇ ਅਰਥਾਂ ਵਾਲ਼ੀ ਪ੍ਰਤੀਕਾਤਮਕ ਤਿਕੋਨ ਇਕ ਛੋਟੀ ਬੱਚੀ ਨਹੀਂ ਸਿਰਜ ਸਕਦੀ। ਬਿੰਦੂ ਰਬੜ ਨਾਲ਼ ਵਾਰ-ਵਾਰ ਮਿਟਾ ਕੇ ਤਿਕੋਨ ਦੀਆਂ ਲਾਈਨਾਂ ਜੋੜਨ ਦੀ ਕੋਸ਼ਿਸ਼ ਕਰਦੀ ਰਹੀ। ਆਖ਼ਰ ਤਿੰਨੇ ਲਾਈਨਾਂ ਨੂੰ ਜੋੜੇ ਬਿਨਾਂ ਅਧੂਰੀ ਤਿਕੋਨ ਬਣਾ ਕੇ ਸਕੂਲ ਚਲੇ ਜਾਂਦੀ ਹੈ। ਇਸਦੇ ਵੀ ਪ੍ਰਤੀਕਾਤਮ ਅਰਥ ਹਨ। ਸਕੂਲ ਜਾਣ ਤੋਂ ਪਹਿਲਾਂ ਘਰ 'ਚ ਤਨਾਅ ਘਟਾਉਣ ਲਈ ਉਹ ਲਗਾਤਾਰ ਯਤਨ ਕਰਦੀ ਰਹੀ। ਕਹਾਣੀਕਾਰ ਨੇ ਬੜੇ ਕਲਾਤਮਕ ਸੂਝ ਨਾਲ਼ ਬੱਚੀ ਕੋਲ਼ੋਂ ਅਣਜਾਣੇ ਵਿੱਚ ਅਧੂਰੀ ਤਿਕੋਨ ਬਣਵਾ ਕੇ, ਸਰਦੂਲ ਦੇ ਪਾਤਰ ਰਾਹੀਂ ਕਹਾਣੀ ਦੇ ਵਿਸ਼ੇ ਨੂੰ ਡੂੰਘਿਆਂ ਕਰਨ ਵਾਲ਼ੇ ਅਰਥ ਭਰ ਲਏ ਹਨ। ਕਹਾਣੀਕਾਰ ਦਾ ਬਿਰਤਾਂਤ ਵਿੱਚ ਕੋਈ ਸਿੱਧਾ ਦਖ਼ਲ ਨਹੀਂ।

ਇਸ ਤੋਂ ਅੱਗੇ ਕਹਾਣੀ ਦਾ ਬਿਰਤਾਂਤ ਸ਼ਿਲਪੀ ਜੁਗਤ ਤੋਂ ਪਾਸਾ ਵੱਟ ਕੇ ਸਿੱਧੀ ਪੇਸ਼ਕਾਰੀ ਦਾ ਸਰਲ ਅੰਦਾਜ਼ ਅਪਣਾ ਲੈਂਦਾ ਹੈ। 'ਸਰਦੂਲ ਨੂੰ ਆਪਣੀ ਗ਼ਲਤੀ ਦਾ ਅਹਿਸਾਸ ਹੁੰਦਾ ਹੈ। ਉਹ ਮਿੰਦਰ ਨਾਲ਼ ਸੁਲਾਹ ਕਰਨੀਂ ਚਾਹੁੰਦਾ। ਪਰ ਉਸ ਦਾ ਆਦਮ-ਮਨ ਨਹੀਂ ਮੰਨਦਾ। ਉਹ ਈਨ ਨਹੀਂ ਮੰਨਣੀ ਚਾਹੁੰਦਾ। ਮਨਵਾਉਣੀ ਚਾਹੁੰਦਾ ਹੈ। ਔਰਤ ਅੱਗੇ ਝੁਕਣਾ ਉਹ ਹੇਠੀ ਸਮਝਦੈ। ਛੋਟਾ ਹੋ ਜਾਣਾ ਸਮਝਦੈ।' ਕਹਾਣੀਕਾਰ 'ਦਿਖਾਉਣ' ਦੀ ਬਜਾਇ 'ਦੱਸਣ' ਦੀ ਸੂਚਨਾਤਮਕ ਵਿਧੀ ਵੱਲ ਮੋੜਾ ਕੱਟ ਗਿਆ ਹੈ। ਸਰਦੂਲ ਖ਼ਿਆਲ

ਅਵਸਥਾ ਵਿੱਚ ਬਿੰਦੂ ਕੋਲ਼ੋਂ ਮੁਆਫ਼ੀ ਮੰਗ ਰਿਹਾ ਹੁੰਦਾ ਹੈ ਕਿ ਬਿਰਤਾਂਤ ਵਿੱਚ ਮਿੰਦਰ ਦਾਖ਼ਲ ਹੁੰਦੀ ਹੈ। ਘਰ 'ਚ ਲੰਮੇ ਤਨਾਓ ਅਤੇ ਚੁੱਪੀ ਤੋਂ ਬਾਅਦ ਦੋਹਾਂ ਦਾ ਸੰਵਾਦ ਸ਼ੁਰੂ ਹੁੰਦਾ ਹੈ। ਦੋਵੇਂ ਆਪੋ-ਆਪਣੇ ਨਜ਼ਰੀਏ ਦੇ ਪੈਂਤੜੇ ਤੋਂ ਸਪੱਸ਼ਟੀਕਰਨ ਦੇਂਦੇ ਹਨ। ਮਿੰਦਰ ਦੇ ਦੋਵੇਂ ਸੰਵਾਦ ਉਪਭਾਵੁਕਤਾ ਭਰਪੂਰ ਹਨ। ਦਰਅਸਲ ਇਹ 'ਡਾਇਲੌਗ' ਦੇ ਓਹਲੇ ਵਿੱਚ 'ਮਨੋਲੌਗ' ਹੀ  ਹਨ। ਉਹ ਮਰਦ-ਪ੍ਰਧਾਨ ਸਮਾਜ ਵਿੱਚ ਆਪਣੀ ਨਿੱਜੀ ਹੋਣੀ ਨੂੰ ਔਰਤ ਜਾਤੀ ਦੀ ਸਾਂਝੀ ਤਰਾਸਦੀ ਬਣਾ ਲੈਂਦੀ ਹੈ। 'ਦਿਖਾਉਣ' ਦੀ ਬਜਾਇ ਇੱਥੇ ਵੀ 'ਦੱਸਣ' ਦੀ ਸਰਲ ਵਿਧੀ ਅੱਗੇ ਆ ਗਈ ਹੈ। ਹੁਨਰੀ ਕਹਾਣੀ ਕਲਾ ਪੱਖੋਂ ਇਹ ਸੰਵਾਦ ਵੀ ਊਣ-ਭਰਪੂਰ ਹਨ। ਪਰ ਕਹਾਣੀਕਾਰ ਨੇ ਕਹਾਣੀ ਨੂੰ ਸਿਰੇ ਬੜੀ ਹੁਨਰੀ ਵਿਧੀ ਨਾਲ਼ ਲਾਇਆ ਹੈ। 'ਦੱਸਣ' ਨਹੀਂ 'ਦਿਖਾਉਣ' ਦੇ ਸ਼ਿਲਪੀ ਤਰੀਕੇ ਨਾਲ਼। ਮਿੰਦਰ ਵਲੋਂ ਸਰਦੂਲ ਨੂੰ ਕਾਮ-ਇੱਛਾ-ਪੂਰਤੀ ਦਾ ਇਸ਼ਾਰਾ ਮਿਲਣ 'ਤੇ, 'ਉਹ ਉੱਠਦਾ ਹੈ ਤੇ ਅੰਦਰੋਂ ਕੁੰਡੀ ਮਾਰ ਲੈਂਦਾ ਹੈ।' ਡਾ. ਜੋਗਿੰਦਰ ਸਿੰਘ ਰਾਹੀ ਇਸੇ ਨੂੰ 'ਦਿਖਾਉਣ' ਦੀ ਸ਼ਿਲਪੀ ਜੁਗਤ ਕਹਿੰਦਾ ਹੈ। ਜੋ ਗਲਪ ਦੇ ਬਿਰਤਾਂਤ ਦੀ ਜ਼ਿੰਦ-ਜਾਨ ਹੈ।

'ਤਿਕੋਨ' ਕਹਾਣੀ ਦੀ ਇਕ ਕਲਾਤਮਕ ਖ਼ੂਬੀ ਇਹ ਵੀ ਹੈ ਕਿ ਕਹਾਣੀ ਸਿਰੇ ਲੱਗ ਕੇ ਵੀ ਸਿਰੇ ਨਹੀਂ ਲੱਗਦੀ। ਕਹਾਣੀ ਵਿੱਚ ਅਜਿਹੇ ਸੰਕੇਤ ਹਾਜ਼ਰ ਹਨ ਕਿ ਸਰਦੂਲ ਦੀਆਂ 'ਅੱਖਾਂ ਦੀ ਚਮਕ' ਥੋੜ੍ਹੇ ਸਮੇਂ ਲਈ ਹੀ ਹੈ। ਘਰ ਵਿੱਚ ਇਹੋ ਸਿਲਸਿਲਾ ਹਫ਼ਤੇ ਦਸਾਂ ਦਿਨਾਂ ਬਾਅਦ ਫਿਰ ਦੁਹਰਾਇਆ ਜਾਵੇਗਾ। ਦਰਅਸਲ, ਤਨਾਓ ਹੀ ਮੱਧ-ਵਰਗੀ ਘਰਾਂ ਦਾ ਸੱਚ ਹੈ। ਉੱਚ ਵਰਗ ਦੇ ਘਰ ਅਜਿਹੇ ਤਨਾਓ ਤੋਂ ਮੁਕਤ ਹੋ ਚੁੱਕੇ ਹਨ। ਉਚ-ਵਰਗੀ ਜੀਆਂ ਨੇ ਇਕ ਦੂਜੇ ਦੀ ਪ੍ਰਵਾਹ ਕਰਨੀ, ਇਕ ਦੂਜੇ 'ਤੇ ਹੱਕ ਜਤਾਉਣਾ ਹੀ ਛੱਡ ਦਿੱਤਾ ਹੈ। ਉਨ੍ਹਾਂ ਦੀਆਂ ਯਾਰੀਆਂ ਤੇ ਵਫ਼ਾਦਾਰੀਆਂ ਕਿਤੇ ਹੋਰ ਹਨ। ਪਰ ਮੱਧ-ਵਰਗੀ ਘਰਾਂ ਦੇ ਜੀਅ ਲੜਦੇ-ਝਗੜਦੇ, ਰੁੱਸਦੇ-ਮਨਾਉਂਦੇ ਵੀ ਇਕ ਦੂਜੇ ਨਾਲ਼ ਤਿਕੋਨ ਵਾਂਗ ਜੁੜੇ ਹੋਏ ਹਨ। ਇਸ ਪਿੱਛੇ ਵੀ ਉਨ੍ਹਾਂ ਦੇ ਮੱਧ-ਵਰਗੀ ਸੰਸਕਾਰ ਹੀ ਕੰਮ ਕਰਦੇ ਹਨ।

'ਤਿਕੋਨ' ਕਹਾਣੀ ਦੀ ਵਿਸ਼ੇ ਪੱਖੋਂ ਇਹ ਵੀ ਖ਼ਾਸੀਅਤ ਹੈ ਕਿ ਇਸ ਵਿੱਚ ਪਹਿਲੀ ਵਾਰ ਵਿਆਹੁਤਾ ਜੀਵਨ ਦੇ ਅੰਦਰੂਨੀ ਜਿਨਸੀ ਸੰਬੰਧਾਂ ਨੂੰ ਬੱਚਿਆਂ ਨਾਲ ਜੋੜ ਕੇ ਪੇਸ਼ ਕੀਤਾ ਗਿਆ ਹੈ। ਵਿਆਹ ਬਾਹਰੀ ਜਿਨਸੀ ਸੰਬੰਧੀ ਦੀ ਪੇਸ਼ਕਾਰੀ ਤਾਂ ਪਹਿਲਾਂ ਵੀ ਬਹੁਤ ਵਾਰ ਹੋ ਚੁੱਕੀ ਹੈ। ਕਹਾਣੀ ਲੁਕਵੇਂ ਤਰੀਕੇ ਨਾਲ਼ ਸੰਕੇਤ ਕਰਦੀ ਹੈ ਕਿ ਮਰਦ, ਔਰਤ ਨਾਲ਼ ਪ੍ਰੇਮ ਦਾ ਢੋਂਗ ਰਚਦਾ ਹੈ, ਉਸ ਨਾਲ਼ ਜਿਨਸੀ ਸੰਬੰਧ ਬਣਾਉਣ ਖ਼ਾਤਰ ਅਤੇ ਔਰਤ ਉਸ ਨਾਲ਼ ਜਿਨਸੀ ਸੰਬੰਧ ਬਣਾਉਂਦੀ ਹੈ, ਮਰਦ ਦੀ ਨਰਾਜ਼ਗੀ ਦੂਰ ਕਰਨ ਅਤੇ ਉਸ ਦਾ ਪਿਆਰ ਪਾਉਣ ਖ਼ਾਤਰ।

***

ਅਸਿਸਟੈਂਟ ਪ੍ਰੋਫ਼ੈਸਰ
ਡੀ. ਏ. ਵੀ. ਕਾਲਜ, ਜਲੰਧਰ।

# ਕਹਾਣੀ 'ਦੋ ਦੂਣੀ ਸੱਤ' : ਉੱਚ ਜਾਤੀ ਦਾ ਮਾਨਸਿਕ ਵਿਘਟਨ

**—ਨਵਜੋਤ ਕੌਰ**

ਕਹਾਣੀ ਆਕਾਰ ਵਿਚ ਛੋਟੀ ਹੁੰਦੀ ਹੋਈ ਵੀ ਵੱਡੀ ਸਮਾਜਿਕ ਘਟਨਾ ਦੇ ਨਤੀਜੇ ਨੂੰ ਆਪਣੇ ਵਿਚ ਸਮੋਣ ਦੀ ਯੋਗਤਾ ਰੱਖਦੀ ਹੈ। ਵਿਗਸਦੀ ਅਤੇ ਖੰਡਿਤ ਹੁੰਦੀ ਹੋਂਦਾਤਮਕ ਸਥਿਤੀ ਦੇ ਵਿਕੋਲਿਤਰੇ ਪ੍ਰਵਚਨਾਂ ਵਿਚ ਵਿਭਾਜਿਤ ਮਨੁੱਖੀ ਹੋਂਦ ਦੇ ਵਿਭਿੰਨ ਸੰਕਟ ਮੁੱਢ ਤੋਂ ਹੀ ਪੰਜਾਬੀ ਕਹਾਣੀ ਦਾ ਮਰਕਜ਼ ਰਹੇ ਹਨ। ਪੰਜਾਬੀ ਕਹਾਣੀਕਾਰਾਂ ਦੀ ਚੇਤਨਤਾ ਦੀ ਇਹ ਖ਼ਾਸੀਅਤ ਰਹੀ ਹੈ ਕਿ ਉਹਨਾਂ ਨੇ ਇਕ ਖ਼ਾਸ ਪ੍ਰਕਿਰਿਆ ਵਿਚੋਂ ਲੰਘ ਰਹੇ ਪ੍ਰੋਖ ਰੂਪ ਵਾਲੇ ਵਰਤਾਰਿਆਂ ਨੂੰ ਵੀ ਅੰਗੀਕਾਰ ਕੀਤਾ ਹੈ। ਅਜਿਹੀ ਪ੍ਰੋਖ ਤਬਦੀਲੀ ਦੀ ਘੜਮੱਸ ਵਿਚੋਂ ਲੰਘ ਰਹੀ ਇਕ ਜਮਾਤ ਉੱਚ ਵਰਗ ਦੀ ਰਹੀ ਹੈ। ਭਾਰਤੀ ਇਤਿਹਾਸ ਗਵਾਹ ਹੈ ਕਿ ਸਵਰਨ ਜਾਤਾਂ ਵੱਲੋਂ ਨੀਵੀਂਆਂ ਜਾਤਾਂ ਨਾਲ ਮੁੱਢ ਕਦੀਮ ਤੋਂ ਹੀ ਅਣਮਨੁੱਖੀ ਅਤੇ ਘਿਰਨਾ-ਯੋਗ ਵਤੀਰਾ ਅਪਣਾਇਆ ਜਾਂਦਾ ਰਿਹਾ ਹੈ। ਪਰੰਤੂ ਦਲਿਤ ਵਰਗ ਦੇ ਵਿਭਿੰਨ ਪਰਿਪੇਖਾਂ ਵਿਚ ਖੁੱਲ੍ਹਦੀ ਚੌਥੇ ਦੌਰ ਦੀ ਪੰਜਾਬੀ ਕਹਾਣੀ ਬਾਰੇ **ਡਾ.ਬਲਦੇਵ ਸਿੰਘ ਧਾਲੀਵਾਲ** ਲਿਖਦੇ ਹਨ ਕਿ :

> "ਆਰਥਿਕ ਤੌਰ 'ਤੇ ਸੰਪੰਨ ਹੋ ਚੁੱਕੇ ਨਿਮਨ-ਜਾਤੀ ਲੋਕਾਂ ਨੇ ਭੀਮ ਰਾਓ ਅੰਬੇਦਕਰ ਵਰਗੇ ਕ੍ਰਾਂਤੀਕਾਰੀ ਚਿੰਤਕਾਂ ਦੀ ਓਟ ਵਿਚ ਰਾਜਨੀਤਿਕ ਸੰਗਠਨ ਕਾਇਮ ਕਰਕੇ ਲੋਕ-ਰਾਜੀ ਢੰਗ ਨਾਲ ਦਲਿਤ ਮੁਕਤੀ ਦਾ ਨਾਅਰਾ ਦਿੱਤਾ ਜੋ ਅੰਤਿਮ ਸਿੱਟੇ ਵੱਜੋਂ ਉਹਨਾਂ ਸੰਪੰਨ ਦਲਿਤ ਲੋਕਾਂ ਦੀ ਹਿੱਤ-ਪੂਰਤੀ ਦੀ ਜੁਗਤ ਹੀ ਸਾਬਤ ਹੋਇਆ। ਇਸ ਤਰ੍ਹਾਂ ਦਲਿਤਾਂ 'ਚੋਂ ਹੀ ਇਕ ਨਵੀਂ ਸਵਰਨ-ਸ਼੍ਰੇਣੀ ਹੋਂਦ ਵਿਚ ਆ ਗਈ।[1]"

ਕਹਾਣੀਕਾਰ **ਜਗਰੂਪ ਸਿੰਘ ਦਾਤੇਵਸ** 1956-1997 ਦੀ ਰਚਨਾ ਦ੍ਰਿਸ਼ਟੀ ਮਨੋ ਯਥਾਰਥਵਾਦੀ ਮਾਨਵਵਾਦ ਦੀ ਧਾਰਨੀ ਹੋਣ ਕਰਕੇ,ਨਵੀਨ ਕਥਾ ਦ੍ਰਿਸ਼ਟੀ ਦੀ ਵਾਹਕ ਹੋ ਨਿਬੜਦੀ ਹੈ। ਪੰਜਾਬੀ ਤਹਿਜ਼ੀਬ ਦੇ ਉਪਾਸ਼ਕ ਦਾਤੇਵਸ ਦੇ ਕਹਾਣੀ ਘੇਰੇ ਵਿਚ ਮਲਵਈ ਆਂਚਲਿਕਤਾ ਪੂਰੇ ਜਲੌਅ ਵਿਚ ਰੂਪਮਾਨ ਹੁੰਦੀ ਹੋਈ, ਵਕਤ ਦੇ ਤਕਾਜ਼ੇ ਨੂੰ ਪੂਰਨ ਦੇ ਸਮਰੱਥ ਹੈ। ਉਸ ਦੀ ਲਿਖਤ ਦੀ ਮੁੱਖ ਸਿਫ਼ਤ ਜ਼ਿੰਦਗੀ ਯਥਾਰਥ ਦੀ ਸੂਖ਼ਮ ਪਕੜ-ਸ਼ਕਤੀ ਅਤੇ ਸਪੱਸ਼ਟ ਪ੍ਰਗਟਾਅ ਸ਼ੈਲੀ ਹੈ। ਆਪਣੇ ਸਮਾਜਿਕ ਚੁਗਿਰਦੇ ਵਿਚ ਵਾਪਰੀ ਘਟਨਾ ਤੋਂ ਸਾਹਿਤਕਾਰ/ਕਹਾਣੀਕਾਰ ਦੀ ਸੰਵੇਦਨਾ ਦਾ ਪ੍ਰਭਾਵਿਤ ਹੋਣਾ ਲਾਜ਼ਮੀ ਹੈ। ਪੰਜਾਬ ਵੰਡ ਸਦਕਾ ਹੋਏ ਵੱਡੇ ਤਬਾਦਲੇ ਨੇ ਪੰਜਾਬੀ ਮਾਨਸਿਕਤਾ ਨੂੰ ਝੰਜੋੜਦਿਆਂ, ਵਲੂੰਧਰਦਿਆਂ ਮੁੜ ਸਿਰਜਿਆ ਹੈ। ਇਹ ਸਾਰਾ ਅਮਲ ਵਿਅਕਤੀ/ਪਾਤਰ ਦੀ ਮਾਨਸਿਕ ਕਿਰਿਆ ਪ੍ਰਤਿਕਿਰਿਆ ਉੱਤੇ ਕਿਸ-ਕਿਸ ਰੂਪ ਵਿਚ ਅਸਰ-ਅੰਦਾਜ਼ ਹੋਇਆ,ਦਾਤੇਵਸ ਦੀ ਕਹਾਣੀ **'ਦੋ ਦੂਣੀ ਸੱਤ'** ਨੂੰ ਆਧਾਰ ਬਣਾ ਕੇ ਦਰਸਾਉਣਾ ਹੱਥਲੇ ਪਰਚੇ ਦਾ ਕੇਂਦਰੀ ਬਿੰਦੂ ਹੈ। ਜਾਤੀ ਕੁਹਜ ਦੀ ਅੱਕਾਸੀ ਕਰਦੀ ਇਸ ਕਹਾਣੀ ਦਾ ਬਿਰਤਾਂਤਕੀ ਪਰਿਪੇਖ ਸਮਾਜਿਕ ਯਥਾਰਥ ਦੀਆਂ ਵਿਭਿੰਨ ਪਰਤਾਂ ਨਾਲ ਤੁਆਰਫ਼ ਕਰਵਾਉਂਦਾ ਹੈ ਕਿ ਦਲਿਤ ਮਨੁੱਖ ਨੂੰ ਮਿਲੀ ਆਰਥਿਕ ਸੰਪੰਨਤਾ ਨੇ ਉਸ ਅੰਦਰ ਮੌਕਾਪ੍ਰਸਤੀ ਅਤੇ ਸਵੈ ਸਵਾਰਥ ਵਰਗੀਆਂ ਕੁਰੁਚੀਆਂ ਉਤਪੰਨ ਕਰ ਦਿੱਤੀਆਂ ਹਨ। ਦੂਜੇ ਪਾਸੇ ਹੀਣ ਭਾਵਨਾ ਅਤੇ ਸਮਕਾਲੀ ਸਮੇਂ ਦੇ ਹਤਾਸ਼ ਕਰਨ ਵਾਲੇ ਵਰਤਾਰੇ ਇਕ ਵਿਅਕਤੀ ਅੰਦਰ ਕਿਵੇਂ ਡਰ ਅਤੇ ਭਰਮ ਪੈਦਾ ਕਰਦੇ ਹਨ, ਦੇ ਮਾਰਮਿਕ ਬਿਆਨ ਨੂੰ ਸੰਬੰਧਿਤ ਕਹਾਣੀ ਕਾਂਟੇ ਹੇਠ ਲਿਆਉਂਦੀ ਹੈ। ਪੇਂਡੂ ਧਰਾਤਲ ਵਿਚ ਸਿਰਜੀ ਇਸ ਕਹਾਣੀ ਦਾ ਆਰੰਭ ਪਾਤਰ ਮਾਨਸਿਕਤਾ ਦੇ ਬਿਖਰਾਓ ਨੂੰ ਦਰਸਾਉਂਦਾ ਹੋਇਆ, ਪੰਜਾਬ ਵੰਡ ਦੇ ਸੰਕੇਤ ਨਾਲ ਹੁੰਦਾ ਹੈ। ਪੰਡਤ ਰੁਲਦੂ ਰਾਮ

ਉਰਫ਼ ਮਾਸਟਰ ਦੁਆਰਾ ਗਧੇ ਨੂੰ ਸਲੂਟ ਮਾਰਨਾ,ਉਸ ਦੇ ਮਾਨਸਿਕ ਤਵਾਜ਼ਨ ਵਿਗੜਣ ਦਾ ਪ੍ਰਤੀਕ ਅਤੇ ਪੰਜਾਬ ਵੰਡ ਦੇ ਵਰਤਾਰੇ ਨੂੰ ਵਿਅੰਗਮਈ ਰੂਪ ਵਿਚ ਮੂਰਖਾਨਾ ਕਾਰਜ ਚਿੰਨ੍ਹਿਤ ਕਰਦਾ ਹੈ। ਜਿਸ ਕਾਰਨ ਦੁਹਰਾਓ ਵਿਧੀ ਵਰਤਦਿਆਂ ਚਾਰ ਵਾਰ ਗਾਲ੍ਹਾਂ ਦੀ ਤਿਕੜੀ ਸਿਰਜਦਾ ਪਹਿਲੀ ਜੰਮਦਿਆਂ ਨੂੰ,ਦੂਜੀ ਮੁਲਕ ਦੀ ਆਜ਼ਾਦੀ ਲਈ ਕੁਰਬਾਨ ਹੋ ਗਿਆਂ ਨੂੰ ਅਤੇ ਤੀਜੀ ਕਾਨੂੰਨ ਦੇ ਘਾੜਿਆਂ ਨੂੰ ਕੇਂਦਰੀ ਪਾਤਰ ਦਾ ਵਿਹਾਰ ਅਸਚਰਜਤਾ ਪੈਦਾ ਕਰਦਾ ਹੈ।

ਕਿਸੇ ਅੰਦਰੂਨੀ ਡਰ ਕਾਰਨ ਬਾਹਰਲੇ ਉਤੇਜਕਾਂ ਦਾ ਗਿਆਨ ਇੰਦਰੀਆਂ ਦੁਆਰਾ ਗ਼ਲਤ ਪ੍ਰਤੱਖੀਕਰਨ ਜੋ ਮਾਨਸਿਕ, ਸਰੀਰਕ ਜਾਂ ਵਿਹਾਰਕ ਪਰੇਸ਼ਾਨੀ ਦਾ ਕਾਰਕ ਬਣਦਾ ਹੈ, ਲੰਮੇ ਸਮੇਂ ਤੱਕ ਠੀਕ ਨਾ ਹੋਣ ਦੀ ਸੂਰਤ ਵਿਚ ਮਨੋ-ਰੋਗ ਵਿਚ ਪਰਿਵਰਤਿਤ ਹੋ ਜਾਂਦਾ ਹੈ। ਪੰਜਾਬ ਵੰਡ ਕਾਰਨ ਜਾਤਾਂ ਦੀ ਆਰਥਿਕ ਸਥਿਤੀ ਦੀ ਬਦਲੀ ਤਰਜੀਹ, ਉਹਨਾਂ ਦੀ ਮਾਨਸਿਕ ਸਥਿਤੀ ਨੂੰ ਵੀ ਪ੍ਰਭਾਵਿਤ ਕਰ ਗਈ। ਅਜਿਹੀ ਮਾਨਸਿਕਤਾ ਜੋ ਜ਼ਿੰਦਗੀ ਨੂੰ ਘਮਾਸਾਣ ਬਣਾ ਛੱਡਦੀ ਹੈ। ਮਾਸਟਰ ਰੁਲਦੂ ਰਾਮ ਦੀ ਵਿਭਾਜਿਤ ਮਨੋ-ਅਵਸਥਾ ਇਸ ਦੀ ਮੂਲਾਰਥ ਉਦਹਾਰਨ ਹੈ। ਦਲਿਤ ਹੋਣਾ ਗੁਨਾਹ ਨਹੀਂ ਬਲਕਿ ਦਲਿਤ ਜਾਤ ਨਾਲ ਜੁੜੀ ਹੀਣ ਭਾਵਨਾ ਗੁਨਾਹ ਹੈ। ਦਲਿਤ ਵਰਗ ਦਾ ਆਰਥਿਕ ਅਤੇ ਪਦਾਰਥਕ ਪੱਖੋਂ ਸੰਪੰਨ ਹੋਣਾ, ਉੱਚ ਸ਼੍ਰੇਣੀਆਂ ਲਈ ਮੁਨਾਸਬ ਨਹੀਂ ਹੁੰਦਾ ਹੈ। ਮਾਸਟਰ ਦੇ ਮਾਨਸਿਕ ਵਿਚਲਨ ਦਾ ਕਾਰਨ ਉਸ ਦਾ ਵਿਦਿਆਰਥੀ ਜੈਲਾ ਹੈ,ਜਿਹੜਾ ਨੀਵੀਂ ਜਾਤ ਦਾ ਹੋਣ ਕਾਰਨ ਮਾਸਟਰ ਤੋਂ ਅੱਗੇ ਤਰੱਕੀ ਕਰਦਾ ਹੋਇਆ ਸਕੂਲ ਦਾ ਹੈਡਮਾਸਟਰ ਬਣ ਜਾਂਦਾ ਹੈ:

> "ਹਾਂ, ਮੇਰੇ ਪਿਉ, ਦੱਸ ਦੀਨਿਆ ਕੀ ਕਹਿਣੈ..?" ਉਸ ਨੇ ਗਧੇ ਦੀਆਂ ਚੱਪਣੀਆਂ ਨੂੰ ਛੂਹ ਕੇ ਮੱਥੇ ਨੂੰ ਹੱਥ ਲਾਇਆ। ਫਿਰ ਉਸ ਨੇ ਮੋਢਿਓਂ ਝੋਲ਼ਾ ਉਤਾਰਿਆ ਜੋ ਅਕਸਰ ਉਹ ਕਾਮਰੇਡਾਂ ਆਂਗੂੰ ਗਲ਼ ਪਾਈ ਰੱਖਦਾ ਸੀ ਤੇ ਉਸ 'ਚੋਂ ਮੁਰਝਾਏ ਜਿਹੇ ਫੁੱਲਾਂ ਦਾ ਹਾਰ ਕੱਢ ਕੇ ਗਧੇ ਦੇ ਗਲ਼ 'ਚ ਪਾ ਦਿੱਤਾ।
> "ਮੇਰੇ ਬਾਪੂ..ਮੇਰੇ ਮਾਈ ਬਾਪ, ਚੱਲਦੈਂ ਹੁਣ ਮੈਂ।[2]"

ਦਲਿਤਾਂ ਦੀ ਆਰਥਿਕ ਸਥਿਤੀ ਦੀ ਬਦਲੀ ਨੁਹਾਰ ਦਾ ਸਾਧਨ ਲੋਕਤੰਤਰੀ ਸੰਸਥਾਵਾਂ ਦਾ ਵੋਟ ਬੈਂਕ ਬਣਦਾ ਹੈ ਕਿਉਂਕਿ ਇਹ ਜਾਤ ਗਣਿਤੀ ਵਿਚ ਵਧੇਰੇ ਹੋਣ ਕਾਰਨ ਰਾਜਨੀਤਿਕ ਪਲਟਾਅ ਕਰਨ ਦੀ ਸਮਰੱਥਾ ਰੱਖਦੀ ਹੈ। ਦਲਿਤ ਚਿੰਤਨ ਸੰਬੰਧੀ ਵਿਸ਼ਲੇਸ਼ਣ ਤੋਂ ਇਹ ਸਿੱਟਾ ਨਿਕਲਦਾ ਹੈ ਕਿ ਦਲਿਤ ਕੇਵਲ ਜਾਤ ਤੱਕ ਸੀਮਿਤ ਨਹੀਂ ਸਗੋਂ ਹਰ ਉਹ ਵਿਅਕਤੀ ਹੈ,ਜਿਸਦਾ ਸ਼ੋਸ਼ਣ ਹੋ ਰਿਹਾ ਹੈ। ਆਰਥਿਕਤਾ ਦੇ ਹਨਨ ਕਾਰਨ ਉੱਚ ਜਾਤ ਵੱਲੋਂ ਵੀ ਰੁਜ਼ਗਾਰ ਪਰਿਵਰਤਨ ਦੀ ਕਨਸੋਅ ਇਸ ਕਹਾਣੀ ਵਿਚੋਂ ਮਿਲਦੀ ਹੈ ਕਿ ਪੜ੍ਹ-ਲਿਖ ਕੇ ਵੀ ਖਸਤਾ ਹਾਲਤ ਕਾਰਨ ਮਾਸਟਰ ਦੇ ਇਕ ਮੁੰਡੇ ਨੂੰ ਸ਼ਹਿਰ ਦੇ ਠੇਕੇਦਾਰ ਕੋਲ ਅਤੇ ਦੂਜੇ ਨੂੰ ਚਪੜਾਸੀ ਦੀ ਨੌਕਰੀ ਕਰਨੀ ਪੈਂਦੀ ਹੈ। ਰਾਖਵੇਂਕਰਨ ਤੇ ਹੋਰ ਸਰਕਾਰੀ ਸਹੂਲਤਾਂ ਨੇ ਜਿੱਥੇ ਨਿਮਨ ਜਾਤੀਆਂ ਦੇ ਜੀਵਨ ਨੂੰ ਸੁਖਾਲਾ ਬਣਾਉਣ ਵਿਚ ਅਹਿਮ ਭੂਮਿਕਾ ਨਿਭਾਈ ਹੈ, ਉੱਥੇ ਹੀ ਉੱਚ ਵਰਗ ਦੇ ਡਿਗਰੀ ਹੋਲਡਰ ਤਬਕੇ ਲਈ ਕਈ ਪਰੇਸ਼ਾਨੀਆਂ ਪੈਦਾ ਕੀਤੀਆਂ ਹਨ ਜਿਸ ਕਾਰਨ ਇਕ ਪਾਸੇ ਉੱਚ ਵਰਗ, ਨਿਮਨ ਵਰਗ ਨੂੰ ਰਾਖਵੇਂਕਰਨ ਦੀ ਨੀਤੀ ਤਹਿਤ ਮਿਲੀਆਂ ਸਹੂਲਤਾਂ ਦਾ ਤੌਖਲਾ ਕਰਦਾ ਹੈ ਤਾਂ ਦੂਜੇ ਪਾਸੇ ਦਲਿਤ ਵਰਗ ਘੀਸੂ ਮਜ਼ਹਬੀ ਉੱਚੀ ਪਦਵੀ ਦੀ ਹੈਂਕੜਤਾ ਦਾ ਪ੍ਰਭਾਵ ਉੱਚ ਵਰਗ ਉੱਤੇ ਪਾਉਣਾ ਲੋਚਦਾ ਹੈ :

> "ਨੌਕਰੀਆਂ ਭਲਾ ਕਿਤੇ ਰੂੜੀਆਂ 'ਤੇ ਰੁਲਦੀਆਂ ਨੇ। ਇਹ ਤਾਂ ਸਾਡੀ ਜਾਤ ਐ ਭਾਈ, ਜਿਨ੍ਹੂੰ ਨੌਕਰੀਆਂ ਮਿਲ ਜਾਂਦੀਆਂ ਨੇ। ਬਾਮ੍ਹਣਾਂ, ਬਾਣੀਆਂ ਤੇ ਜੱਟਾਂ

ਦੇ ਜ਼ਮਾਨੇ ਲੱਦ ਗੇ ਮੇਰੇ ਆਰ..! ਆਜ਼ਾਦੀ ਤਾਂ ਸਾਨੂੰ ਮਿਲੀ ਆ..”ਘੀਸੂ ਜਿੱਤ ਗਿਆਂ ਵਾਂਗ ਕਹਿ ਰਿਹਾ ਸੀ।[3]

ਕਹਾਣੀ ਦਾ ਵਿਸ਼ਾ ਭਾਵੇਂ ਪੂਰਵ ਬਿਰਤਾਂਤਕ ਵਿਸ਼ੇ ‘ਦਲਿਤ’ ਨਾਲ ਸੰਬੰਧਿਤ ਹੈ ਪਰੰਤੂ ਇਸ ਵਿਚ ਨਿਮਨ ਜਾਤੀ ਦੀ ਥਾਂ ਉੱਚ ਜਾਤੀ ਦੀ ਤ੍ਰਾਸਦੀ ਨੂੰ ਪੇਸ਼ ਕਰਦਿਆਂ ਕਹਾਣੀ ਨੂੰ ਮੌਲਿਕ ਤਸ਼ਬੀਹ ਦਿੱਤੀ ਗਈ ਹੈ। ਜਿਹੜੀ ਘਿਰਨਾ ਉੱਚ ਵਰਗ ਤੋਂ ਨਿਮਨ ਵਰਗ ਵੱਲ ਅਗ੍ਰਸਰ ਹੁੰਦੀ ਰਹੀ ਸੀ,ਉਹੀ ਘਿਰਨਾ ਹੁਣ ਨਿਮਨ ਵਰਗ ਵੱਲੋਂ ਉੱਚ ਵਰਗ ਵੱਲ ਪਲਾਇਨ ਕਰਦੀ ਹੋਈ, ਖ਼ੁਦਗਰਜ਼ੀ ਦਾ ਤੰਗ ਨਜ਼ਰੀਆ ਅਪਣਾਉਂਦੀ ਹੈ। ਇੰਜ ਜਾਤੀਗਤ ਸੰਕਟਾਂ ਤੋਂ ਬਚਣ ਲਈ ਆਪਣੇ ਪ੍ਰੰਪਰਾਗਤ ਧੰਦਿਆਂ ਤੋਂ ਬਾਗ਼ੀ ਹੋ,ਦਲਿਤ ਵਰਗ ਵਿਚੋਂ ਹੀ ਪੈਦਾ ਹੋਇਆ ਇਹ ਇਲੀਟ ਵਰਗ,ਉੱਚ ਵਰਗ ਦੀ ਤਰ੍ਹਾਂ ਹੀ ਜਾਤੀਗਤ ਭਾਵਨਾ ਵਿਚ ਪਰੋਇਆ ਹੋਇਆ ਖੁੰਦਕੀ ਟਕੋਰਾਂ ਲਗਾਉਣ ਲੱਗ ਪਿਆ ਹੈ :

“ਸਾਨੂੰ ਤਾਂ ਸੁਆਦ ਹੀ ਹੁਣ ਆਉਣ ਲੱਗਿਐ।ਜਦੋਂ ਦਾ ਮੁੰਡਾ ਛੋਟਾ ਠਾਣੇਦਾਰ ਲੱਗਿਐ।ਮੈਨੂੰ ਤਾਂ ਸਾਲ਼ਾ ਬੋਤਲ ਜਿੰਨਾ ਨਸ਼ਾ ਚੜ੍ਹਿਆ ਰਹਿੰਦੈ।ਮੈਂ ਤਾਂ ਮੁੰਡੇ ਨੂੰ ਕਿਹਾ ਸੀ ਕਿ ਪੁੱਤਰਾ ਸਭ ਤੋਂ ਪਹਿਲਾਂ ਕਿਸੇ ਜੱਟ ਦੇ ਚਿੱਤੜ ਕੁੱਟੀਂ।ਇਨ੍ਹਾਂ ਸਾਲ਼ਿਆਂ ਨੇ ਹੁਣ ਤੱਕ ਸਾਨੂੰ ਕੰਨ੍ਹਾ ਪਾਈ ਰੱਖਿਐ।ਮੇਰਾ ਬਾਪੂ ਸਾਰੀ ਉਮਰ ਇਨ੍ਹਾਂ ਦੇ ਫਿੱਡੇ ਗੰਢਦਾ ਮਰ ਗਿਆ।ਮਾਂ ਮੇਰੀ ਇਨ੍ਹਾਂ ਦੇ ਪਸ਼ੂਆਂ ਦਾ ਗੋਹਾ ਸਿਰ ’ਤੇ ਰੱਖ ਕੇ ਮਰੀ। ਭੈਣ ਨੇ ਇਨ੍ਹਾਂ ਦੇ ਖੇਤਾਂ ’ਚ ਜੁਆਨੀ ਗਾਲ਼ ਤੀ। ਇੰਨਾ ਕਰਕੇ ਵੀ ਦੋ ਡੰਗਾਂ ਦੀ ਰੋਟੀ ਮਸਾਂ ਜੁੜੀ। ਕੱਲ੍ਹ ਨੂੰ ਅਸੀਂ ਇਨ੍ਹਾਂ ਦੇ ਮੋਢਿਆਂ ’ਤੇ ਪੰਜਾਲੀ ਰੱਖਾਂਗੇ। ਝੂਠ ਨਿਕਲਿਆ, ਮੇਰੇ ਮੂੰਹ ’ਤੇ ਮੂਤ ਦੀਂ। ਹੁਣ ਨੌਕਰੀਆਂ ਨੰਬਰਾਂ ਨਾਲ ਨੀ, ਜਾਤਾਂ ਨਾਲ ਮਿਲਣਗੀਆਂ। ਜਿਉਂਦੇ ਵੱਸਦੈ ਰੈਣ੍ਹ ਇਹ ਕਾਂਗਰਸੀ, ਵੋਟਾਂ ਅਸੀਂ ਖਾਣੀਆਂ ਨੇ, ਵੋਟਾਂ ਇਨ੍ਹਾਂ ਦੀਆਂ, ਨੌਕਰੀਆਂ ਸਾਡੀਆਂ।[4]”

ਆਪਣੇ ਰਚਨਾਤਮਕ ਵਿਵੇਕ ਰਾਹੀਂ ਸੂਖ਼ਮ ਘਟਨਾਵੀ ਕਾਰਜ ਦੀ ਥਾਂ ਦਾਤੇਵਸ ਨੇ ਪਾਤਰ ਵੇਦਨਾ ਦੇ ਸੰਸਾਰ ਅੰਦਰਲੇ ਤਣਾਓ ਨੂੰ ਸੰਕੇਤਕ ਭਾਸ਼ਾ ਰਾਹੀਂ ਪੇਸ਼ ਕਰਦਿਆਂ,ਇਕ ਨਵੇਂ ਮੁਹਾਂਦਰੇ ਨੂੰ ਸਿਰਜਿਆ ਹੈ ਜੋ ਕਿ ਉਸ ਦੀ ਰਚਨਾ ਦਾ ਵਿਸ਼ੇਸ਼ ਹਾਸਲ ਬਣਦਾ ਹੈ। ਉਸ ਨੇ ਕੇਂਦਰੀ ਪਾਤਰ/ਮਾਸਟਰ ਦਾ ਵੱਡਾ ਸੰਘਰਸ਼ ਆਪਣੇ ਆਪੇ ਨਾਲ ਹੁੰਦਾ ਦਿਖਾਇਆ ਹੈ। ਇਸ ਸੰਘਰਸ਼ ਦਾ ਸਥਲ ਪਾਤਰ ਦੀ ਮਨੋਭੂਮੀ ਬਣਦੀ ਹੈ। ਕਹਾਣੀਕਾਰ ਨੇ ਮਾਸਟਰ ਦੀ ਭਟਕਣ, ਟੁੱਟ-ਭੱਜ, ਅਲਗਾਵ, ਬੇਗਾਨਗੀ ਦੇ ਦੁਖਾਂਤਕ ਕਥਾ ਬਿੰਬ ਸਿਰਜਦਿਆਂ, ਉਸ ਨੂੰ ਦਿਸ਼ਾਹੀਣ, ਅਰਥਹੀਣ, ਅਸੁਰੱਖਿਤ ਸਿੱਧ ਕਰਕੇ ਵੱਖਰੇ ਆਯਾਮ ਸਥਾਪਿਤ ਕੀਤੇ ਹਨ ਕਿ ਜੇਕਰ ਉਹ ਕਿਰਿਆਸ਼ੀਲ ਨਹੀਂ ਤਾਂ ਕਿਰਿਆਹੀਣ ਵੀ ਨਹੀਂ ਹੈ,ਪੂਰਨ ਭਾਂਤ ਸੱਚ ਦਾ ਪਹਿਰੇਦਾਰ ਨਹੀਂ ਤਾਂ ਦੰਭੀ ਕਿਰਦਾਰ ਵੀ ਨਹੀਂ ਹੈ। ਵਿਰੋਧਾਭਾਸ ਇਹ ਹੈ ਕਿ ਕੇਂਦਰੀ ਪਾਤਰ ਦਾ ਅਚੇਤਨ ਜੋ ਉਸ ਤੋਂ ਬੁਲਵਾ ਜਾਂ ਕਰਵਾ ਰਿਹਾ ਹੈ, ਉਹ ਪਾਠਕ ਦੀ ਸਮਝਗੋਚਰ ਤਾਂ ਬਣਦਾ ਹੈ ਪਰ ਕਹਾਣੀ ਦੇ ਹੋਰਾਂ ਪਾਤਰਾਂ ਲਈ ਉਹ ਐਬਸਰਡਤਾ ਦਾ ਲਖਾਇਕ ਬਣ ਜਾਂਦਾ ਹੈ :

“ਲੈ,ਲੈ ਡੀ.ਸੀ. ਦੀ ਅਪਐਂਟਮੈਂਟ” ਉਸ ਨੇ ਆਪਣੀ ਜੇਬ ’ਚੋਂ ਕਾਗਜ਼ ਕੱਢਿਆ ’ਤੇ ਗਧੇ ਦੇ ਸਿਰ ’ਤੇ ਚਿੱਪਕਾ ਦਿੱਤਾ। ਫਿਰ ਗਲ਼ ’ਚੋਂ ਮਫ਼ਲਰ ਉਤਾਰ ਕੇ ਉਸ ਨੂੰ ਝਾੜਨ ਲੱਗ ਪਿਆ। ਗਧੇ ਨੇ ਉਸ ਦੇ ਫਿਰ ਦੁਲੱਤਾ ਕੱਢ ਮਾਰਿਆ। “ਹੋਰ ਤੂੰ ਕਰ ਵੀ ਕੀ ਸਕਦੈਂ। ਤੇਰੇ ਕੋਲੋਂ ਇਹੋਂ ਆਸ ਕੀਤੀ ਜਾ

ਸਕਦੀ ਆ ਵੱਡੇ ਭਾਈ" ਮਾਸਟਰ ਗਿੱਟੇ ਪਲੋਸਦਾ ਬੋਲਿਆ। ਤੂੰ ਇਸ ਮੁਲਕ ਦਾ ਭਵਿੱਖ ਆਂ,ਅਸੀਂ ਤੇਰੇ ਨਾਲ ਪੰਗਾ ਲੈ ਕੇ ਮਰਨੈ।"[5]

ਪੰਜਾਬ ਦੇ ਪੇਂਡੂ ਭਾਈਚਾਰੇ ਦਾ ਮਾਡਲ ਰੂਪ ਉੱਚ ਜਾਤੀ ਰਹੀ ਹੈ। ਪਰ ਵਿਸ਼ਵੀਕਰਨ ਦੇ ਦੌਰ ਵਿਚ ਜਿੱਥੇ ਹਰ ਸ਼ੈਅ ਬਦਲਾਅ ਦੀ ਪ੍ਰਕਿਰਿਆ ਵਿਚੋਂ ਗੁਜ਼ਰੀ, ਉੱਥੇ ਇਹ ਜਮਾਤ ਵੀ ਪੂੰਜੀ ਦੇ ਫ਼ੈਲਾਅ ਦੀ ਅਸਥਿਰਤਾ ਕਾਰਨ ਉੱਤਪੰਨ ਹੋਏ ਨਾਸਾਜ਼ਗਾਰ ਹਾਲਾਤ ਦਾ ਮੁਕਾਬਲਾ ਕਰਦਿਆਂ ਆਪਣੇ ਅਸਲ ਨਕਸ਼ ਤੇ ਪਛਾਣ ਗੁਆਉਣ ਲੱਗੀ। ਜਿਸ ਕਰਕੇ ਉੱਚ ਜਮਾਤ ਦਾ ਵੱਡਾ ਹਿੱਸਾ ਬੇਜਮਾਤ ਹੋ ਹੋਂਦਗ੍ਰਸਤ ਹੋਣ ਲੱਗਾ। ਮਾਸਟਰ ਪਾਤਰ ਦੀ ਪਛਾਣ ਦਾ ਸੰਕਲਪ ਦੋ ਪੱਖੀ ਹੈ- ਬ੍ਰਾਹਮਣ ਅਤੇ ਨੀਮ ਪਾਗਲ ਹੋਣਾ। ਤਰਸ ਅਤੇ ਬੜ੍ਹਕ ਦੇ ਅੰਤਰ-ਦਵੰਦ ਦੀ ਸਥਿਤੀ ਵਿਚ ਘੁੰਮਦਾ ਉਹ ਸਮਾਜ ਨਾਲ ਅਸੰਤੁਸ਼ਟਤਾ ਦਾ ਸੰਬੰਧ ਬਣਾਉਂਦਾ ਹੋਇਆ ਕਈ ਕਿਸਮ ਦੇ ਵਿਰੋਧਾਂ ਨਾਲ ਜਾ ਜੁੜਦਾ ਹੈ। ਆਪਣੀਆਂ ਊਲ-ਜਲੂਲ ਹਰਕਤਾਂ ਕਾਰਨ ਪਿੰਡ ਵਾਲਿਆਂ ਦੇ ਮੌਜੂ ਦਾ ਸਾਧਨ ਬਣੇ ਰੁਲਦੂ ਰਾਮ ਅੰਦਰਲਾ ਵੇਗ ਉਸ ਨੂੰ ਜ਼ਲੀਲਤਾ ਦੇ ਅਹਿਸਾਸ ਤੋਂ ਬੇਨਿਆਜ਼ ਕਰ ਦਿੰਦਾ ਹੈ। ਉਸ ਦੇ ਮਾਨਸਿਕ ਦਬਾਓ ਦੇ ਤਿੰਨ ਆਧਾਰ ਬਣਦੇ ਹਨ- ਪਹਿਲਾ ਇੱਛਾ ਤੇ ਪ੍ਰਾਪਤੀ ਵਿਚਲਾ ਅੰਤਰ, ਦੂਜਾ ਭਾਵਨਾਵਾਂ ਦਾ ਦਮਨ ਅਤੇ ਤੀਜਾ ਮੁੱਖ ਲੋੜਾਂ ਦੀ ਅਪੂਰਤੀ। ਇਹਨਾਂ ਲੋੜਾਂ ਦੀ ਥੁੜ੍ਹ ਕਾਰਨ ਉਸ ਦੀ ਜ਼ਿੰਦਗੀ ਵੱਖ-ਵੱਖ ਅਲਾਮਤਾਂ ਵਿਚ ਆਜ਼ਾਬ ਬਣੀ, ਬੇਮੁਰਾਦ ਜੂਨ ਵਜੋਂ ਖ਼ਤਮ ਹੋ ਜਾਂਦੀ ਹੈ :

> ਪਿੰਡੋਂ ਬਾਹਰਲੀ ਢਾਬ 'ਤੇ ਖੜ੍ਹ ਕੇ ਕਿੰਨਾ ਚਿਰ ਉਹ ਆਪਣੀ ਸੂਰਤ ਪਾਣੀ 'ਚ ਤੱਕਦਾ ਰਿਹਾ। ਫਿਰ ਉਸ ਨੇ ਡਲ਼ੇ ਚੁੱਕ ਕੇ ਪਾਣੀ 'ਚ ਆਪਣੇ ਅਕਸ 'ਤੇ ਟਿਕਾਅ ਮਾਰੇ ਜਿਵੇਂ ਉਸ ਦੀ ਆਪਣੀ ਸ਼ਕਲ ਨਾ ਹੋ ਕੇ ਕਿਸੇ ਵੈਰੀ ਦੀ ਹੋਵੇ। ਅਚਾਨਕ ਡਲ਼ੇ ਸੁੱਟਦਾ-ਸੁੱਟਦਾ ਉਹ ਰੁੱਕ ਗਿਆ।ਆਪਣਾ ਪ੍ਰਛਾਵਾਂ ਪਕੜਨ ਲਈ ਅੱਗੇ ਵਧਿਆ ਤੇ ਟੁੱਟੀਆਂ ਜੁੱਤੀਆਂ ਸਣੇ ਢਾਬ 'ਚ ਵੜ ਗਿਆ। ਉਹ ਪਾਣੀ ਨੂੰ ਹੱਥਾਂ ਨਾਲ ਪਰ੍ਹੇ ਧੱਕਣ ਲੱਗਾ ਜਿਵੇਂ ਤੂੜੀ ਦੀ ਢਿੱਗ 'ਚੋਂ ਆਪਣੇ ਆਪ ਨੂੰ ਕੱਢ ਰਿਹਾ ਹੋਵੇ। ਕੋਸ਼ਿਸ਼ਾਂ ਬੇਕਾਰ ਜਾਂਦੀਆਂ ਵੇਖ ਉਹ ਸਿੱਧਾ ਹੋ ਗਿਆ।[6]

ਸਾਡੇ ਸਮਾਜ ਦਾ ਢਾਂਚਾ ਹੀ ਕੁਝ ਇਸ ਪ੍ਰਕਾਰ ਹੈ ਕਿ ਬਰਾਬਰ ਦੇ ਰੁਤਬੇ ਦੇ ਨਾਲ-ਨਾਲ ਬਰਾਬਰ ਦਾ ਜਾਤੀਗਤ ਰੁਤਬਾ ਵੀ ਲੋੜੀਂਦਾ ਹੈ।ਸਵਰਨ ਜਾਤੀ ਦੇ ਥੁੜ੍ਹਾਂ ਮਾਰੇ ਲੋਕ ਜਾਤੀਗਤ ਹਉਮੈਂ ਅਧੀਨ ਕੰਗਾਲੀ ਦੀ ਹਾਲਤ ਵਿਚ ਆਪਣੇ ਆਪ ਨੂੰ ਸਰਵ ਸ਼੍ਰੇਸਟ ਮੰਨਦੇ ਹੋਏ ਨੀਵੇਂ ਦਰਜ਼ੇ ਦੇ ਕੰਮਾਂ ਤੋਂ ਗੁਰੇਜ਼ ਕਰਦੇ ਹਨ। ਬ੍ਰਾਹਮਣ ਜਾਤੀ ਦੀ ਹੋਣ ਕਾਰਨ ਮਾਸਟਰ ਦੀ ਧੀ ਦਾ ਜੱਟਾਂ ਦੇ ਗੋਹਾ-ਕੂੜਾ ਕਰਨ ਤੋਂ ਪ੍ਰਹੇਜ਼ ਕਰਨਾ ਦੂਜੇ ਪਾਸੇ ਆਰਥਿਕ ਤੌਰ 'ਤੇ ਮਜ਼ਬੂਤ ਦਲਿਤ ਚਾਹੁੰਦਿਆਂ ਹੋਇਆਂ ਵੀ ਜਾਤ-ਪਾਤ ਦੀ ਭਾਵਨਾ ਵਿਚੋਂ ਬਾਹਰ ਨਹੀਂ ਆ ਸਕੇ।ਨੌਹਰਾ ਤੇ ਘੀਸੂ ਮਜ਼੍ਹਬੀ ਸੋਝੀ-ਵਿਸਤਾਰ ਵਾਲੀ ਹੋਣ ਕਾਰਨ ਕਹਾਣੀ ਵਿਚ ਦੋਵੇਂ ਧਿਰਾਂ ਸਿੱਧੇ ਰੂਪ ਵਿਚ ਸਨਮੁਖ ਨਹੀਂ ਹੁੰਦੀਆਂ ਹਨ ਬਲਕਿ ਦੋਹਾਂ ਦੀਆਂ ਆਰਥਿਕ ਤੇ ਸਮਾਜਿਕ ਪੁਜੀਸ਼ਨਾਂ ਵਿਰੋਧ ਸਿਰਜਦੀਆਂ ਹਨ। ਮਾਸਟਰ ਦੁਆਰਾ ਆਪਣੇ ਲਈ ਗਧੇ ਸ਼ਬਦ ਦੇ ਪ੍ਰਯੋਗ ਬਾਰੇ ਸੁਣ ਕੇ,ਜੈਲਾ ਇੰਜ ਸੁੰਨ ਹੋ ਜਾਂਦਾ ਹੈ ਜਿਵੇਂ ਕਿਸੇ ਨੇ ਉਸ ਨੂੰ ਹਵਾ ਵਿਚ ਲਮਕਾ ਦਿੱਤਾ ਹੋਵੇ।ਉਸ ਨੂੰ ਪ੍ਰਤੀਤ ਹੋਇਆ ਜਿਵੇਂ ਉਸ ਦੇ ਧੜ ਉੱਤੇ ਗਧੇ ਦਾ ਸਿਰ ਉੱਗ ਆਇਆ ਹੋਵੇ। ਹਾਲਾਂਕਿ ਮਾਸਟਰ ਨੇ ਹੀ ਉਸ ਨੂੰ ਦਸਵੀਂ ਵਿਚੋਂ ਦੋ ਵਾਰ ਫੇਲ੍ਹ ਹੋਣ ਉੱਤੇ ਜੱਟਾਂ ਦੇ ਸੀਰੀ ਲੱਗਣ ਤੋਂ ਹਟਾਅ ਕੇ ਮੁੜ ਸਕੂਲ ਵਿਚ ਦਾਖ਼ਲ ਕਰਵਾਇਆ ਸੀ :

"ਮੈਂ ਮਾਸਟਰ ਹੋਰਾਂ ਤੋਂ ਬੜਾ ਪੁੱਛਿਆ ਚਾਚੀ ਪਰ ਉਹ ਤਾਂ ਮੂੰਹ ਹੀ ਨ੍ਹੀ ਖੋਲ੍ਹਦੇ। ਮੈਂ ਕਈ ਵਾਰ ਉਨ੍ਹਾਂ ਦੀ ਕਲਾਸ 'ਚ ਵੀ ਗਿਐਂ ਪਰ ਉਹ ਤਾਂ ਜਿਵੇਂ ਪੱਥਰ ਬਣ ਜਾਂਦੇ ਨੇ। ਮੇਰੇ ਵੱਲ ਅੱਖਾਂ ਕੱਢ-ਕੱਢ ਕੇ ਇਸ ਤਰ੍ਹਾਂ ਦੇਖਦੇ ਨੇ ਜਿਵੇਂ ਮੈਨੂੰ..। ਇਕ ਦਿਨ ਮੈਨੂੰ ਕਹਿਣ ਲੱਗਾ-ਜੈਲਿਆ ਮੇਰੇ ਛੋਟੇ ਨੂੰ ਗਧਾ ਹੀ ਬਣਾ ਲੈ, ਉਸ ਦੀ ਜੂਨ ਸੁਧਰ ਜੂ ਬੱਲਿਆ। ਸਿਰਫ਼ ਕਾਗਜ਼ੀ ਗਧਾ ਬਣਾ ਲੈ।"[7]

ਇੰਜ ਅੰਤਰੀਵੀ ਸ਼ਕਤੀ ਅਤੇ ਸੰਭਾਵਨਾ ਵਿਚ ਫ਼ਰਕ ਹੋਣ ਕਾਰਨ ਜਿਵੇਂ-ਜਿਵੇਂ ਕਹਾਣੀ ਅੱਗੇ ਵੱਧਦੀ ਹੈ,ਉਵੇਂ-ਉਵੇਂ ਸੰਕਟ ਸਥਿਤੀ ਆਪਣੇ ਸਿਖ਼ਰ ਨੂੰ ਪੁੱਜ ਕੇ ਅਖ਼ੀਰ ਫੱਟਦੀ ਹੋਈ ਬਹੁਤ ਕੁਝ ਅਸਾਵਾਂ ਤੇ ਅਸੰਗਠਿਤ ਛੱਡ ਜਾਂਦੀ ਹੈ। ਜਿਸ ਕਾਰਨ ਕਹਾਣੀ ਦੇ ਅੰਤ ਵਿਚ ਮਸਲੇ ਦਾ ਅੰਤ ਹੋਣ ਦੀ ਥਾਂ ਮਾਯੂਸਕੁੰਨ ਸਥਿਤੀ ਵਿਚ ਮੁੱਖ ਪਾਤਰ ਦਾ ਹੀ ਇੰਤਕਾਲ ਹੋ ਜਾਂਦਾ ਹੈ ਅਤੇ ਕਹਾਣੀ ਦਾ ਅੰਤਲਾ ਵਾਕ "ਮਰ ਗਿਆ ਕੁੱਤਾ" ਪ੍ਰਤਿਰੋਧ ਵਿਚ ਮਰੇ ਪੀੜਤ ਪਾਤਰ ਦੀ ਅੰਦਰੂਨੀ ਨਾਬਰੀ ਦਾ ਮੈਟਾਫ਼ਰ ਬਣ ਕੇ ਰਹਿ ਜਾਂਦਾ ਹੈ।

ਇਸ ਪ੍ਰਕਾਰ ਜ਼ਿੰਦਗੀ ਦੇ ਵਿਸ਼ਾਲ ਖੇਤਰ ਵਿਚੋਂ ਯਥਾਰਥਕ ਘਟਨਾ, ਸਥਿਤੀ ਅਤੇ ਪਾਤਰ ਦੀ ਚੋਣ ਕਰਕੇ ਦੋ ਧਿਰਾਂ ਦੇ ਮੂਕ ਟਕਰਾਓ ਨੂੰ ਦਾਤੇਵਸ ਨੇ ਉਚੇਚ ਰਹਿਤ ਸੂਖ਼ਮਤਾ ਦੀ ਸਹਾਇਤਾ ਨਾਲ ਪੇਸ਼ ਕੀਤਾ ਹੈ। ਕਹਾਣੀਕਾਰ ਨੇ ਤੇਜ਼-ਤਰਾਰ ਵਿਅੰਗ ਅਤੇ ਪ੍ਰਤੀਕ ਦੀ ਸਹਿਜ ਵਰਤੋਂ ਨਾਲ ਉੱਚ ਵਰਗ ਦੀਆਂ ਆਰਥਿਕ ਤੇ ਮਾਨਸਿਕ ਤੰਗੀਆਂ ਨੂੰ ਰਚਨਾ ਵਸਤੂ ਬਣਾਇਆ ਹੈ। ਅਨਯ ਪੁਰਖੀ ਵਾਕ ਵਿਚ ਸਿਰਜੀ ਸੰਬੰਧਿਤ ਕਹਾਣੀ ਵਿਚ ਉਲਾਰਤਾ ਰਹਿਤ ਸਰਬਗਿਆਤਾ ਬਿਰਤਾਂਤਕਾਰ ਨੇ, ਕੇਂਦਰੀ ਪਾਤਰ ਦਾ ਕਥਾ ਵਸਤੂ ਵਾਂਗ ਉਖੜਿਆ ਅਤੇ ਬੇਸੁਰਤਾ ਭਰਿਆ ਅਕਸ ਪੇਸ਼ ਕੀਤਾ ਹੈ। ਅਰਥ ਅਤੇ ਉਦੇਸ਼ ਨੂੰ ਬਹੁਸੁਰੀ ਤੇ ਸੰਵਾਦੀ ਬਣਾਉਣ ਲਈ ਘਟਨਾ ਦੀ ਥਾਂ ਘਟਨਾ ਦੇ ਕਾਰਨ, ਸੰਕਟ ਸਥਿਤੀ ਨੂੰ ਵਿਸਫ਼ੋਟਕ ਸਥਿਤੀ ਉੱਤੇ ਪੁੱਜ ਕੇ ਫੱਟਦੀ ਦਿਖਾਉਂਦਿਆਂ ਕਹਾਣੀ ਦਾ ਅੰਤ ਅਜਿਹਾ ਦੁਖਾਂਤਕ ਰੂਪ ਅਖ਼ਤਿਆਰ ਕਰਦਾ ਲੈਂਦਾ ਹੈ,ਜਿਹੜਾ ਕੇ ਕਹਾਣੀ-ਅਰਥ ਦੀ ਤਾਸੀਰ ਬਦਲ ਦਿੰਦਾ ਹੈ।

## ਹਵਾਲੇ ਅਤੇ ਟਿੱਪਣੀਆਂ


1.ਡਾ.ਬਲਦੇਵ ਸਿੰਘ ਧਾਲੀਵਾਲ, **ਵਿਸ਼ਵੀਕਰਨ ਅਤੇ ਪੰਜਾਬੀ ਕਹਾਣੀ**,ਪੰਨਾ 57.
2.ਜਗਰੂਪ ਸਿੰਘ ਦਾਤੇਵਸ, "ਦੋ ਦੂਣੀ ਸੱਤ" **ਬੰਜਰ** ,ਪੰਨਾ 88.
3.ਉਹੀ,ਪੰਨਾ 90.
4.ਉਹੀ.
5.ਉਹੀ,ਪੰਨਾ 92.
6.ਉਹੀ,ਪੰਨਾ 93.
7.ਉਹੀ,ਪੰਨਾ 95.



ਖੋਜ ਵਿਦਿਆਰਥਣ,
ਪੰਜਾਬੀ ਅਧਿਐਨ ਸਕੂਲ,
ਗੁਰੂ ਨਾਨਕ ਦੇਵ ਯੂਨੀਵਰਸਿਟੀ, ਅੰਮ੍ਰਿਤਸਰ।
96460-11220

# ਤਾਇਆ ਪੰਜਾਬ ਸਿੰਘ (ਕਹਾਣੀ) ਵਿਸ਼ਾਗਤ ਅਧਿਐਨ

-ਡਾ. ਰਜਨੀਸ਼ ਕੌਰ*

'ਤਾਇਆ ਪੰਜਾਬ ਸਿੰਘ' ਕਹਾਣੀ ਜਗਰੂਪ ਸਿੰਘ ਦਾਤੇਵਾਸ ਦੁਆਰਾ ਲਿਖੀ ਗਈ ਹੈ। ਉਸ ਨੇ ਆਪਣਾ ਸਾਹਿਤਕ ਸਫ਼ਰ ਮਿੰਨੀ ਕਹਾਣੀ ਤੋਂ ਸ਼ੁਰੂ ਕੀਤਾ ਤੇ ਉਸ ਤੋਂ ਬਾਅਦ ਹੀ ਉਹ ਨਿੱਕੀ ਕਹਾਣੀ ਵੱਲ ਮੁੜਿਆ। ਉਸ ਦੀਆਂ ਕਹਾਣੀਆਂ ਦਾ ਖੇਤਰ ਮਾਲਵੇ ਦੀ ਭੂਮੀ ਹੈ। ਉਸ ਦੀਆਂ ਮਿੰਨੀ ਤੇ ਨਿੱਕੀ ਕਹਾਣੀਆਂ ਦੇ ਵਿਸ਼ੇ ਸਮਾਜ ਵਿਚਲੇ ਕੁਹਜ ਦੇ ਦਰਦ ਨੂੰ ਬਿਆਨ ਕਰਦੀਆਂ ਹਨ। ਉਸ ਨੇ ਆਪਣੇ ਭਾਵ, ਅਹਿਸਾਸ ਕਹਾਣੀ ਵਿਚ ਬੜੇ ਹੀ ਕਲਾਤਮਕ ਢੰਗ ਰਾਹੀਂ ਪੇਸ਼ ਕੀਤੇ। ਕਹਾਣੀ ਵਿਚਲੀ ਯਥਾਰਥਕਤਾ ਹੀ ਕਹਾਣੀ ਨੂੰ ਅਮੀਰੀ ਗੁਣ ਬਖਸ਼ਦੀ ਹੈ।

ਨਿੱਕੀ ਕਹਾਣੀ ਆਧੁਨਿਕ ਗਲਪ ਸਾਹਿਤ ਦੀ ਪ੍ਰਮੁੱਖ ਵਿਧਾ ਹੈ। ਕਥਾ, ਕਥਾਨਕ, ਪਾਤਰ, ਘਟਨਾਵਾਂ, ਸਥਿਤੀਆਂ ਹਰੇਕ ਬਿਰਤਾਂਤ ਰੂਪ ਦੇ ਅੰਗ ਹਨ। ਇਹਨਾਂ ਦੁਆਰਾ ਹੀ ਕੋਈ ਬਿਰਤਾਂਤ ਆਪਣਾ ਰੂਪ ਅਖ਼ਤਿਆਰ ਕਰਦਾ ਹੈ। ਕਹਾਣੀ ਦੀ ਬਣਤਰ ਵਿਚ ਵੀ ਇਹੀ ਅੰਗ ਆਉਂਦੇ ਹਨ। ਕਹਾਣੀ ਵਿਚ ਜਿਹੜੀ ਦੁਨੀਆਂ ਉਸਾਰੀ ਜਾਂਦੀ ਹੈ ਉਸ ਦੁਨੀਆਂ ਦਾ ਕਿਸੇ ਸਮੇਂ ਸਥਾਨ ਨਾਲ ਸੰਬੰਧ ਹੁੰਦਾ ਹੈ। ਕਹਾਣੀ ਨੂੰ ਬਿਰਤਾਂਤ ਦਾ ਹਿੱਸਾ ਮੰਨਿਆ ਜਾਂਦਾ ਹੈ। ਕਿਸੇ ਵੀ ਕਹਾਣੀ ਨੂੰ ਸਫ਼ਲ ਬਣਾਉਣ ਵਿਚ ਉਸ ਦਾ ਬਿਰਤਾਂਤਕ ਸੰਗਠਨ ਅਹਿਮ ਹਿੱਸਾ ਪਾਉਂਦਾ ਹੈ। "ਨਿੱਕੀ ਕਹਾਣੀ ਚੂੰਕਿ ਆਕਾਰ ਵਿਚ ਛੋਟੀ ਹੁੰਦੀ ਹੈ, ਇਸ ਕਾਰਣ ਬਹੁਤ ਸਾਰੇ ਆਲੋਚਕ ਇਸ ਗੱਲ ਤੇ ਠੀਕ ਜ਼ੋਰ ਦਿੰਦੇ ਹਨ ਕਿ ਸਿਆਣਾ ਕਹਾਣੀਕਾਰ ਆਪਣੀ ਇਕ ਨਿੱਕੀ ਕਹਾਣੀ ਵਿਚ ਇਕ ਮੁੱਖੀ ਪਾਤਰ ਜਾਂ ਇਕ ਮੁੱਖੀ ਘਟਨਾ ਦੀ ਹੀ ਚੋਣ ਕਰੇ ਤਾਂ ਕਿ ਉਹ ਇਸ ਨੂੰ ਨਿੱਕੀ ਕਹਾਣੀ ਦੇ ਕਲੇਵਰ ਵਿਚ ਰੱਖ ਕੇ ਕਲਾਤਮਕ ਤੇ ਪ੍ਰਭਾਵਸ਼ਾਲੀ ਤਰੀਕੇ ਨਾਲ ਨਿਭਾਅ ਸਕੇ।"[1] ਤਾਇਆ ਪੰਜਾਬ ਸਿੰਘ ਕਹਾਣੀ ਦੇ ਕੇਂਦਰ ਵਿਚ ਸਿਰਫ਼ ਇਕ ਘਟਨਾ ਨੂੰ ਮੁੱਖ ਰੱਖ ਕੇ ਉਸ ਦੇ ਆਲੇ-ਦੁਆਲੇ ਬਿਰਤਾਂਤ ਦੀ ਉਸਾਰੀ ਕੀਤੀ ਗਈ ਹੈ। ਕਹਾਣੀ ਦੀ ਸ਼ੁਰੂਆਤ ਕਹਾਣੀਕਾਰ ਆਪਣੇ ਵਿਦੇਸ਼ ਚਲੇ ਜਾਣ ਨਾਲ ਸ਼ੁਰੂ ਕਰਦਾ ਹੈ। ਉਹ ਵਿਦੇਸ਼ ਜਾ ਕੇ ਆਪਣੇ ਪਿੰਡ, ਪੰਜਾਬ ਤੇ ਆਪਣੇ ਪਿੰਡ ਵਿੱਚੋਂ ਹੀ ਤਾਏ ਪੰਜਾਬ ਸਿੰਘ ਨੂੰ ਨਹੀਂ ਭੁਲਾ ਪਾਉਂਦਾ। ਇਕ ਪਾਸੇ ਵਿਦੇਸ਼ ਦੀ ਚਮਕ-ਦਮਕ ਸੀ, ਦੂਸਰੇ ਪਾਸੇ ਆਪਣੇ ਪਿੰਡ ਦੇ ਮੈਲੇ-ਕੁਚਲੇ ਕੱਪੜਿਆਂ ਵਾਲੇ ਬੇਹੱਦ ਕਰੀਬੀ ਚਿਹਰੇ। ਉਹ ਇਸ ਸਮੇਂ ਦੌਰਾਨ ਬੜਾ ਮਾਨਸਿਕ ਸੰਤਾਪ ਭੋਗਦਾ ਹੈ। ਕਹਾਣੀਕਾਰ ਪਹਿਲਾਂ ਪਹਿਲ ਆਪਣੇ ਆਪ ਨੂੰ ਵਿਦੇਸ਼ ਵਿਚ ਇਕ ਦਮ ਸੈੱਟ ਨਹੀਂ ਕਰ ਪਾਉਂਦਾ। ਪਰ ਜਿਉਂ ਜਿਉਂ ਸਮਾਂ ਬੀਤਦਾ ਗਿਆ ਕਹਾਣੀਕਾਰ ਨੂੰ ਆਪਣਾ ਪਿੰਡ, ਆਪਣੇ ਪਿੰਡ ਦੇ ਲੋਕਾਂ ਦੇ ਚਿਹਰੇ ਧੁੰਦਲੇ ਪ੍ਰਤੀਤ ਹੋਣ ਲੱਗ ਪਏ। ਪਰ ਇਸ ਸਮੇਂ ਦੌਰਾਨ ਉਹ ਇਕ ਚਿਹਰਾ ਕਦੇ ਨਹੀਂ ਭੁੱਲ ਪਾਇਆ, ਉਹ ਤਾਇਆ ਪੰਜਾਬ ਸਿੰਘ ਸੀ। ਤਾਏ ਪੰਜਾਬ ਸਿੰਘ ਨਾਲ ਉਸ ਦਾ ਅਤੇ ਉਸ ਦੇ ਪਰਿਵਾਰ ਨਾਲ ਬਹੁਤ ਨੇੜੇ ਦਾ ਸੰਬੰਧ ਸੀ। ਕਹਾਣੀ ਦਾ ਮੁੱਖ ਥੀਮ ਤਾਇਆ ਪੰਜਾਬ ਸਿੰਘ ਦੇ ਜੀਵਨ ਵਿਚਲੀਆਂ ਵਾਪਰਦੀਆਂ ਘਟਨਾਵਾਂ ਹਨ। ਪਾਤਰ ਤਾਇਆ ਪੰਜਾਬ ਸਿੰਘ ਦੇ ਜ਼ਰੀਏ ਉਸ ਸਮੇਂ ਦੇ ਪੰਜਾਬ ਦੇ ਹਾਲਾਤਾਂ ਦਾ ਵਰਣਨ ਮਿਲਦਾ ਹੈ। ਤਾਇਆ ਪੰਜਾਬ ਸਿੰਘ ਕਹਾਣੀ ਵਿਚ ਇਕ ਸਾਧਾਰਣ ਜੱਟ ਪਰਿਵਾਰ ਨਾਲ

*ਅਸਿਸਟੈਂਟ ਪ੍ਰੋਫ਼ੈਸਰ, ਖ਼ਾਲਸਾ ਕਾਲਜ, ਅੰਮ੍ਰਿਤਸਰ।

ਸੰਬੰਧ ਰੱਖਣ ਵਾਲਾ ਸੀ। ਪਿੰਡ ਵਿੱਚ ਉਸ ਦਾ ਬਹੁਤ ਆਦਰ ਸਤਿਕਾਰ ਸੀ। ਉਹ ਰੱਜ ਕੇ ਦਾਨ ਕਰਨ ਵਾਲਾ ਸੀ। ਕਹਾਣੀ ਵਿਚ ਰਿਸ਼ਤਿਆਂ ਵਿਚਲੇ ਆ ਰਹੇ ਬਦਲਾਉ ਦੀ ਪੇਸ਼ਕਾਰੀ ਹੋਈ ਹੈ। ਪੂੰਜੀਵਾਦੀ ਪਦਾਰਥਕ ਕਦਰਾਂ-ਕੀਮਤਾਂ, ਖ਼ੂਨ ਦੇ ਰਿਸ਼ਤਿਆਂ ਉੱਤੇ ਭਾਰੂ ਹੋਣ ਲੱਗਦੀਆਂ ਹਨ। ਇਕ ਪਾਸੇ ਕਹਾਣੀਕਾਰ ਦਾ ਤਾਇਆ ਪੰਜਾਬ ਸਿੰਘ ਨਾਲ ਇਨਾਂ ਮੋਹ ਸੀ ਕਿ ਉਹ ਵਿਦੇਸ਼ ਰਹਿ ਕੇ ਵੀ ਤਾਏ ਪੰਜਾਬ ਸਿੰਘ ਨੂੰ ਭੁੱਲ ਨਹੀਂ ਪਾਉਂਦਾ। ਤਾਏ ਦੁਆਰਾ ਕੀਤੇ ਨੇਕ ਕੰਮਾਂ ਨੂੰ ਹਮੇਸ਼ਾਂ ਯਾਦ ਕਰਦਾ ਰਹਿੰਦਾ। ਦੂਜੇ ਪਾਸੇ ਤਾਇਆ ਪੰਜਾਬ ਸਿੰਘ ਦੇ ਪਰਿਵਾਰਕ ਮੈਂਬਰ ਹੀ ਉਸ ਨਾਲ ਧੋਖਾ ਕਰਦੇ ਹਨ। ਤਾਇਆ ਪੰਜਾਬ ਸਿੰਘ ਚਿੱਠੀ ਰਾਹੀਂ ਵਿਦੇਸ਼ ਬੈਠੇ ਕਹਾਣੀਕਾਰ ਨੂੰ ਆਪਣੇ ਘਰ ਦੇ ਹਾਲਾਤਾਂ ਦਾ ਵਰਣਨ ਇਸ ਤਰ੍ਹਾਂ ਦੱਸਦਾ ਹੈ:

> ਸਮਾਂ ਕਰਵੱਟ ਬਦਲ ਰਿਹੈ ਬੇਟੇ। ਸਾਡੇ ਘਰ ਦੀਆਂ ਦਿਵਾਰਾਂ 'ਚ ਤਰੇੜਾਂ ਆ ਰਹੀਆਂ ਨੇ। ਘਰ ਪਾਟਦਾ ਜਾ ਰਿਹੈ। ਇੱਥੋਂ ਤੱਕ ਹੁਣ ਤਾਂ ਬੁੱਢੀ ਮਾਂ ਵੀ ਮਤਰੇਈ ਬਣਦੀ ਜਾ ਰਹੀ ਹੈ। ਪਿਉ ਨੇ ਮੈਨੂੰ ਆਪਣਾ ਪੁੱਤਰ ਮੰਨਣ ਤੋਂ ਇਨਕਾਰ ਕਰ ਦਿਤੈ ਤੇ ਮੇਰੀ ਜ਼ਮੀਨ ਤੇ ਮੇਰੇ ਖੇਤਾਂ ਦਾ ਪਾਣੀ ਗੁਆਂਢੀਆਂ ਨੂੰ ਦੇ ਦਿੱਤੈ।[2]

ਤਾਇਆ ਪੰਜਾਬ ਸਿੰਘ ਦੇ ਪਰਿਵਾਰ ਵਾਲੇ ਉਸਨੂੰ ਜ਼ਮੀਨ-ਜਾਇਦਾਦ ਵਿੱਚੋਂ ਹਿੱਸਾ ਨਹੀਂ ਦਿੰਦੇ। ਉਸ ਨੂੰ ਆਪਣੇ ਮੁੰਡਿਆਂ ਤੋਂ ਬਹੁਤ ਉਮੀਦਾਂ ਸਨ, ਪਰ ਉਹ ਵੀ ਦੋਵੇਂ ਉਸਨੂੰ ਅੱਧ ਵਿਚਾਲੇ ਛੱਡ ਕੇ ਚਲੇ ਜਾਂਦੇ ਹਨ :

> ਆਪਣਾ ਖ਼ੂਨ ਵੀ ਪਰਾਇਆ ਹੋ ਗਿਐ ਬੇਟੇ। ਮੇਰੇ ਦੋਵੇਂ ਪੁੱਤਰ ਵੀ ਮੈਨੂੰ ਛੱਡ ਗਏ। ਦਾੜ੍ਹੀ ਦਾ ਜੋ ਕੋਈ ਵਾਲ ਮਾਂ-ਬਾਪ ਕੋਲ਼ੋਂ ਪੁੱਟਣਾ ਰਹਿ ਗਿਆ, ਉਹ ਮੇਰੇ ਦੋਵੇਂ ਪੁੱਤਰਾਂ ਦੇ ਹਿੱਸੇ ਆ ਗਿਐ। ਜਦੋਂ ਦਾ ਉਹਨਾਂ ਘਰ ਛੱਡਿਐ, ਮੁੜ ਕੇ ਮੂੰਹ ਨਹੀਂ ਵਿਖਾਇਆ, ਜੇ ਆਪਣੀਆਂ ਆਂਦਰਾਂ ਹੀ ਧੋਖਾ ਦੇ ਜਾਣ, ਫਿਰ ਬੇਟੇ ਕੀ ਕੀਤਾ ਜਾ ਸਕਦੈ।[3]

ਇੱਥੋਂ ਕਹਾਣੀ ਵਿਚ ਇਕ ਮਜ਼ਬੂਰ ਪਿਤਾ ਦਾ ਦੁਖਾਂਤ ਉਭਰ ਕੇ ਸਾਹਮਣੇ ਆਉਂਦਾ ਹੈ।

ਤਾਇਆ ਪੰਜਾਬ ਸਿੰਘ ਕਹਾਣੀ ਦਾ ਸਿਰਲੇਖ ਢੁੱਕਵਾਂ ਤੇ ਪ੍ਰਤੀਕਾਤਮਕ ਹੈ। ਕਹਾਣੀ ਦੀ ਬੁਨਿਆਦ ਜਾਂ ਹੋਂਦ ਕਹਾਣੀ ਦੇ ਸਿਰਲੇਖ ਤੋਂ ਸ਼ੁਰੂ ਹੁੰਦੀ ਹੈ। "ਸਿਰਲੇਖ ਕਿਸੇ ਕਹਾਣੀ ਦੀ ਅੰਤਰ-ਆਤਮਾ ਹੁੰਦਾ ਹੈ। ਜਿਹੜਾ ਸਾਰੀ ਦੀ ਸਾਰੀ ਕਹਾਣੀ ਦੇ ਰੋਮ ਰੋਮ ਵਿਚ ਸਮਾਇਆ ਹੰਦਾ ਹੈ।"[4] ਕਹਾਣੀ ਤਾਇਆ ਪੰਜਾਬ ਸਿੰਘ ਵਿਚ ਕੇਵਲ ਤਾਏ ਪੰਜਾਬ ਸਿੰਘ ਦੇ ਪਰਿਵਾਰ ਦੀ ਹੀ ਕਹਾਣੀ ਪੇਸ਼ ਨਹੀਂ ਹੋਈ ਬਲਕਿ ਇਸ ਵਿਚ ਸਾਰੇ ਪੰਜਾਬ ਦੇ ਉਸ ਸਮੇਂ ਦੇ ਸਮਾਜਿਕ, ਇਤਿਹਾਸਕ, ਆਰਥਿਕ ਪਹਿਲੂਆਂ ਨੂੰ ਪੇਸ਼ ਕੀਤਾ ਗਿਆ ਹੈ। ਪਰਵਾਸ ਧਾਰਨਾ, ਘਰਾਂ-ਪਰਿਵਾਰਾਂ ਵਿਚ ਜ਼ਮੀਨ-ਜਾਇਦਾਦ ਵਿਚ ਹੁੰਦੀ ਕਾਣੀ ਵੰਡ, ਅੱਤਵਾਦ, ਪੁਲਿਸ ਦਾ ਕਿਰਦਾਰ ਆਦਿ ਪਹਿਲੂ ਕਹਾਣੀ ਵਿਚੋਂ ਉਜਾਗਰ ਹੁੰਦੇ ਹਨ। ਕਹਾਣੀ ਵਿਚ ਤਾਇਆ ਪੰਜਾਬ ਸਿੰਘ ਦੀ ਸ਼ਖ਼ਸੀਅਤ ਬਹੁਤ ਮਹਾਨ ਦਿਖਾਈ ਗਈ ਹੈ। ਉਹ ਪਿੰਡ ਦਾ ਮੋਹਰੀ ਸੀ। ਇਕ ਤਰ੍ਹਾਂ ਨਾਲ ਉਹ ਪੰਜਾਬੀਆਂ ਦਾ ਰੋਲ ਮਾਡਲ ਪ੍ਰਤੀਤ ਹੁੰਦਾ ਹੈ। ਤਾਏ ਦੀ ਸਰੀਰਕ ਦਿੱਖ ਦਾ ਵਰਣਨ ਕਹਾਣੀਕਾਰ ਇਸ ਤਰ੍ਹਾਂ ਕਰਦਾ ਹੈ:

> ਦਗ਼ ਦਗ਼ ਕਰਦਾ ਲਾਲ ਸੁਰਖ਼ ਚਿਹਰਾ, ਕੁੰਡੀਆਂ ਮੁੱਛਾਂ, ਅੱਖਾਂ 'ਚ ਆਪਣਾ ਬਣਾ ਲੈਣ ਵਾਲੀ ਖਿੱਚ, ਤੁਰਲੇ ਵਾਲੀ ਪੱਗ, ਤੇੜ ਲੰਬਾ ਚਾਦਰਾ ਤੇ ਗੱਲ਼

ਕਲੀਆਂ ਵਾਲਾ ਕੁੜਤਾ। ਛੇ ਫੁੱਟ ਕੜੀ ਵਰਗਾ ਜਵਾਨ ਉਹ ਹਮੇਸ਼ਾ ਹਸੂੰ ਹਸੂੰ ਕਰਦਾ ਰਹਿੰਦਾ।[5]

ਤਾਇਆ ਪੰਜਾਬ ਸਿੰਘ ਕਹਾਣੀ ਦਾ ਘਟਨਾ-ਕ੍ਰਮ ਵਰਤਮਾਨ ਤੋਂ ਅਤੀਤ ਵੱਲ ਫ਼ੈਲਦਾ ਹੈ। ਜਿਸ ਨਾਲ ਬੀਤ ਚੁੱਕੇ ਸਮੇਂ ਵਿਚ ਵਾਪਰਿਆ ਕਾਰਜ ਸਾਹਮਣੇ ਵਾਪਰਦਾ ਪ੍ਰਤੀਤ ਹੁੰਦਾ ਹੈ। ਬਿਰਤਾਂਤਕ ਸ਼ਬਦਾਵਲੀ ਵਿਚ ਇਸ ਨੂੰ ਪਿੱਛਲਝਾਤ ਦੀ ਜੁਗਤ ਕਹਿੰਦੇ ਹਨ। ਬਿਰਤਾਂਤਕਾਰ ਚੇਤਨਾ-ਪ੍ਰਵਾਹ ਦੀ ਕਥਾ-ਜੁਗਤ ਰਾਹੀਂ ਲਗਾਤਾਰ ਸਮੇਂ ਅਤੇ ਸਥਾਨ ਦੀ ਸੀਮਾਵਾਂ ਤੋਂ ਆਰ-ਪਾਰ ਵਿਚਰਦਾ ਰਹਿੰਦਾ ਹੈ। ਕਹਾਣੀਕਾਰ ਨੇ ਕਹਾਣੀ ਵਿਚ ਨਕਸਲਬਾੜੀ ਅਤੇ ਅੱਤਵਾਦੀ ਦੌਰ ਦਾ ਵਰਣਨ ਕੀਤਾ ਹੈ। ਪੰਜਾਬ ਵਿਚ 1984 ਤੋਂ ਬਾਅਦ ਪੰਜਾਬੀਆਂ ਵਿਚਲਾ ਰੋਹ ਨਕਸਲਬਾੜੀ ਲਹਿਰ ਅਤੇ ਫਿਰ ਸਿੱਖ ਖਾੜਕੂਵਾਦ ਦੇ ਰੂਪਾਂ ਵਿਚ ਸਾਹਮਣੇ ਆਉਂਦਾ ਹੈ। ਪੰਜਾਬ ਨੇ ਬਹੁਤ ਮਾੜੇ ਵਕਤ ਆਪਣੇ ਤੇ ਝੱਲੇ ਹਨ, ਜਿਨ੍ਹਾਂ ਵਿਚ 1947 ਦੀ ਦੇਸ਼ ਵੰਡ, ਵੰਡ ਦੌਰਾਨ ਲੋਕਾਂ ਦੀ ਅਦਲਾ-ਬਦਲੀ ਦੌਰਾਨ ਹੋਏ ਮਨੁੱਖਤਾ ਦਾ ਘਾਣ, ਔਰਤਾਂ ਦੀ ਬੇਅਦਬੀ ਆਦਿ। ਉਸ ਸਮੇਂ ਨੌਜਵਾਨ ਨਕਸਲਬਾੜੀ ਲਹਿਰ ਨਾਲ ਮਿਲ ਕੇ ਸਮਾਜ ਵਿਚ ਤਬਦੀਲੀ ਲਿਆਉਣਾ ਚਾਹੁੰਦੇ ਸਨ। ਉਹ ਸਮਾਜ ਦੇ ਸਿਸਟਮ ਤੋਂ ਨਾਖ਼ੁਸ਼ ਸਨ। ਨੌਜਵਾਨ ਮੁੰਡੇ ਇਸ ਬਾਗੀ ਵਿਚਾਰਧਾਰਾ ਨਾਲ ਜੁੜ ਰਹੇ ਸਨ। ਪੁਲਿਸ ਪ੍ਰਸ਼ਾਸਨ ਲਈ ਇਹ ਲਹਿਰ ਬੜੀ ਵੱਡੀ ਸਿਰਦਰਦੀ ਬਣ ਗਈ ਸੀ। ਪੁਲਿਸ ਝੂਠੇ ਮੁਕਾਬਲਿਆਂ ਰਾਹੀਂ ਇਸ ਵਿਚਾਰਧਾਰਾ ਨਾਲ ਜੁੜੇ ਨੌਜਵਾਨਾਂ ਦਾ ਕਤਲ ਕਰ ਰਹੀ ਸੀ। ਕਹਾਣੀਕਾਰ ਨੇ ਵੀ ਤਾਇਆ ਪੰਜਾਬ ਸਿੰਘ ਕਹਾਣੀ ਵਿਚ ਅਜਿਹਾ ਹੀ ਤਾਇਆ ਪੰਜਾਬ ਸਿੰਘ ਨਾਲ ਵਾਪਰਦਾ ਦਿਖਾਇਆ ਹੈ:

"ਕੱਲ੍ਹ ਪੁਲਸ ਆਈ ਸੀ ਘਰ।" ਉਹ ਗਲ਼ਾ ਸਾਫ਼ ਕਰਦਿਆਂ ਬੋਲਿਆ।
"ਪਰ ਕਿਉਂ ?"
"ਕਹਿੰਦੇ ਸੀ ਤੂੰ ਅੱਤਵਾਦੀ ਪੈਦਾ ਕੀਤੇ ਐ। ਤੇ ਹੁਣ ਵੀ ਤੂੰ ਅੱਤਵਾਦੀਆਂ ਨੂੰ ਪਨਾਹ ਦਿੱਨੈ।"
"ਕੀ ਹੋ ਗਿਐ ਸਤਨਾਮ ਤੇ ਰਾਮ ਨੂੰ ਤਾਇਆ ?" "ਹਫ਼ਤਾ ਕੁ ਹੋਇਐ ਇੱਕ ਅੱਤਵਾਦੀਆਂ ਨੇ ਮਾਰ ਦਿੱਤੈ ਤੇ ਦੂਸਰਾ ਪੁਲਸ ਮੁਕਾਬਲੇ 'ਚ ਮਾਰਿਆ ਗਿਐ।" ਕਹਿਕੇ ਤਾਇਆ ਪੰਜਾਬ ਸਿੰਘ ਰੋਣ ਲੱਗ ਪਿਆ।[6]

ਕਹਾਣੀ ਦੇ ਅੰਤ ਵਿਚ ਤਾਇਆ ਪੰਜਾਬ ਸਿੰਘ ਦਾ ਇਕ ਪੁੱਤਰ ਅੱਤਵਾਦੀਆਂ ਦੁਆਰਾ ਅਤੇ ਦੂਸਰਾ ਪੁਲਿਸ ਨਾਲ ਮੁਕਾਬਲੇ ਦੌਰਾਨ ਮਾਰਿਆ ਜਾਂਦਾ ਹੈ। ਤਾਇਆ ਪੰਜਾਬ ਸਿੰਘ ਨੂੰ ਵੀ ਪੁਲਿਸ ਉਸ ਦੇ ਮੁੰਡਿਆਂ ਦੀ ਪੁੱਛ ਦੌਰਾਨ ਕੁੱਟ ਮਾਰ ਕਰਕੇ ਜ਼ਖ਼ਮੀ ਕਰ ਜਾਂਦੀ ਹੈ। ਸਾਰੀ ਕਹਾਣੀ ਵਿਚ ਪਾਤਰ ਤਾਇਆ ਪੰਜਾਬ ਸਿੰਘ ਹੀ ਸਭ ਤੋਂ ਵੱਧ ਦੁਖਾਂਤ ਭੋਗਦਾ ਹੈ। ਪਹਿਲਾਂ ਘਰ ਦੀ ਕਬੀਲਦਾਰੀ ਮਾਂ-ਪਿਉ ਦਾ ਮਾੜਾ ਵਤੀਰਾ ਅਤੇ ਫਿਰ ਪੁੱਤਰਾਂ ਦੀ ਮੌਤ ਨੇ ਉਸ ਦਾ ਲੱਕ ਤੋੜ ਦਿੱਤਾ। ਕਹਾਣੀ ਦੇ ਆਦਿ ਵਿਚ ਤਾਇਆ ਪੰਜਾਬ ਸਿੰਘ ਦੀ ਚੜ੍ਹਤ ਦਾ ਬਿਰਤਾਂਤ ਪੇਸ਼ ਹੋਇਆ ਹੈ ਤੇ ਕਹਾਣੀ ਦੇ ਅੰਤ ਵਿਚ ਉਹ ਬੇਵੱਸ ਅਤੇ ਲਾਚਾਰ ਨਜ਼ਰੀ ਆਉਂਦਾ ਹੈ।

ਪੰਜਾਬ ਦੀ ਇਹ ਤ੍ਰਾਸਦੀ ਰਹੀ ਹੈ ਕਿ ਉਸ ਨੇ ਹਜ਼ਾਰਾਂ ਔਕੜਾਂ ਝੱਲੀਆਂ। ਪਰਵਾਸ ਧਾਰਨ ਦੀ ਰੁਚੀ ਵੀ ਉਸ ਸਮੇਂ ਜ਼ਿਆਦਾ ਵਧੀ ਸੀ। ਕਹਾਣੀ ਵਿਚ ਵੀ ਕਹਾਣੀਕਾਰ ਆਪਣੇ ਚੰਗੇ ਭਵਿੱਖ ਖ਼ਾਤਿਰ ਪਰਵਾਸ ਧਾਰਨ ਕਰ ਜਾਂਦਾ ਹੈ। ਵਿਦੇਸ਼ ਵਿਚ ਰਹਿੰਦੇ ਹੋਏ ਕਹਾਣੀਕਾਰ ਦੋਹਾਂ ਸਭਿਆਚਾਰਾਂ ਦੀ ਤੁਲਾਨਤਮਕ ਪੇਸ਼ਕਾਰੀ ਵਿਅਕਤੀਗਤ ਮਹੱਤਤਾ ਦੇ ਰੂਪ ਵਿਚ

ਕਰਦਾ ਹੈ। ਤਾਇਆ ਪੰਜਾਬ ਸਿੰਘ ਇਕ ਬਹੁਤ ਹੀ ਨਿਮਰ, ਨਿੱਡਰ, ਦਾਨੀ, ਦਲੇਰ, ਖੁੱਲ੍ਹੇ ਸੁਭਾਅ ਦਾ ਮਾਲਿਕ ਸੀ। ਕਹਾਣੀ ਵਿਚ ਕਹਾਣੀਕਾਰ ਲਿਖਦਾ ਹੈ ਕਿ, "ਜਦੋਂ ਕਦੇ ਮੈਂ ਤਾਇਆ ਪੰਜਾਬ ਸਿੰਘ ਤੇ ਉਸ ਦੇ ਪਰਿਵਾਰ ਨੂੰ ਆਪਣੇ ਵਲੈਤੀ ਦੋਸਤਾਂ ਨਾਲ ਤੋਲਦਾ ਤਾਂ ਮੈਨੂੰ ਸਾਰੇ ਬਹੁਤ ਹੌਲ਼ੇ ਲੱਗਦੇ। ਇਕ ਦਿਨ ਮੈਨੂੰ ਮੇਰਾ ਇਕ ਦੋਸਤ ਕਹਿਣ ਲੱਗਾ "ਤੂੰ ਇਹਨਾਂ ਕਾਗਜ਼ੀ ਰਿਸ਼ਤਿਆਂ 'ਚ ਪੰਜਾਬ ਸਿੰਘ ਵਰਗਾ ਪਿਆਰ ਕਦੇ ਵੀ ਨਹੀਂ ਲੱਭ ਸਕਦਾ।" ਉਸ ਦੀ ਗੱਲ 'ਚ ਬੜੀ ਸਚਾਈ ਸੀ। ਮੈਂ ਸਾਰਾ ਯੂਰਪ ਘੁੰਮਿਆ, ਪਰ ਤਾਏ ਵਰਗਾ ਬੰਦਾ ਮੈਨੂੰ ਕਿਤੇ ਵੀ ਨਾ ਲੱਭਿਆ।"[7] ਇਸ ਤਰ੍ਹਾਂ ਕਹਾਣੀ ਵਿਚ ਪੱਛਮੀ ਸੰਸਕ੍ਰਿਤੀ ਦੀ ਸਰਵਉੱਚਤਾ ਨੂੰ ਰੱਦ ਕਰਦਿਆਂ ਸਵਦੇਸ਼ੀ ਕਦਰਾਂ ਕੀਮਤਾਂ ਨੂੰ ਆਦਰਸ਼ਕ ਪੇਸ਼ ਕਰਨ ਦਾ ਯਤਨ ਵੀ ਕਹਾਣੀਕਾਰ ਦੁਆਰਾ ਕੀਤਾ ਗਿਆ ਹੈ। ਕਹਾਣੀ ਵਿਚ ਆਰਥਿਕ, ਸਭਿਆਚਾਰਕ ਅਤੇ ਇਤਿਹਾਸਕ, ਪ੍ਰਸਥਿਤੀਆਂ ਦਾ ਵਰਣਨ ਮਿਲਦਾ ਹੈ। ਕਹਾਣੀ ਵਿਚੋਂ ਪੰਜਾਬੀ ਸਭਿਆਚਾਰ ਦੀ ਪੂਰੀ ਝਲਕ ਮਿਲਦੀ ਹੈ। ਪੰਜਾਬੀਆਂ ਦੇ ਸੁਭਾਅ, ਖਾਣ-ਪੀਣ, ਪ੍ਰਾਹੁਣਾਚਾਰੀ, ਪਹਿਰਾਵਾ ਆਦਿ ਦਾ ਵਰਣਨ ਮਿਲਦਾ ਹੈ। "ਜਿਹੜਾ ਵੀ ਕੋਈ ਉਸ ਦੇ ਘਰ ਜਾਂਦਾ, ਕਦੇ ਭੁੱਖਾ ਤਿਹਾਇਆ ਨਹੀਂ ਸੀ ਪਰਤਿਆ। ਦੁੱਧ ਜਾਂ ਲੱਸੀ ਪੀਤੇ ਬਿਨਾਂ ਤਾਂ ਕੋਈ ਵਾਪਸ ਮੁੜਨ ਹੀ ਨਹੀਂ ਦਿੱਤਾ ਜਾਂਦਾ ਸੀ। ਸਰ੍ਹੋਂ ਦਾ ਸਾਗ ਤੇ ਮੱਕੀ ਦੀ ਰੋਟੀ ਖਾਣ ਤਾਂ ਅਕਸਰ ਤਾਇਆ ਪੰਜਾਬ ਸਿੰਘ ਦੇ ਘਰ ਚਲੇ ਜਾਂਦੇ। ਇੱਕ ਵਾਰ ਜਦੋਂ ਮੈਂ ਉਨ੍ਹਾਂ ਦੇ ਘਰ ਗਿਆ ਤਾਂ ਤਾਇਆ ਆਪਣੀ ਘਰ ਵਾਲੀ ਨੂੰ ਕਹਿਣ ਲੱਗਾ "ਪੰਜਾਬ ਕੌਰੇ, ਬਈ ਦੇਖ ਤਾਂ, ਤੇਰਾ ਪੁੱਤ ਆਇਐ, ਇਸ ਦੀ ਖਾਤਰ-ਸੇਵਾ ਕਰ ਬਈ।"[8]

ਕਹਾਣੀ ਵਿਚ ਇਕ ਵਿਸ਼ਾ ਇਹ ਪੇਸ਼ ਹੋਇਆ ਹੈ ਕਿ ਕਈ ਵਾਰ ਕਈ ਵਿਅਕਤੀਆਂ ਨਾਲ ਖ਼ੂਨ ਦੀ ਸਾਂਝ ਨਹੀਂ ਹੁੰਦੀ ਬਲਕਿ ਭਾਵਨਾਤਮਕ ਸਾਂਝ ਹੁੰਦੀ ਹੈ। ਕਹਾਣੀ ਵਿਚ ਤਾਏ ਪੰਜਾਬ ਸਿੰਘ ਤੇ ਕਹਾਣੀਕਾਰ ਦਾ ਖ਼ੂਨ ਦਾ ਰਿਸ਼ਤਾ ਨਹੀਂ, ਪਰ ਫਿਰ ਵੀ ਉਹ ਇਕ ਦੂਜੇ ਦੇ ਦੁੱਖ-ਸੁੱਖ ਵਿਚ ਸ਼ਰੀਕ ਹੁੰਦੇ ਹਨ। ਕਹਾਣੀਕਾਰ ਦੀ ਇਹ ਭਾਵਨਤਾਮਕ ਸਾਂਝ ਹੀ ਸੀ ਕਿ ਤਾਏ ਪੰਜਾਬ ਸਿੰਘ ਦੀ ਚਿੱਠੀ ਮਿਲਣ ਉਪਰੰਤ ਉਹ ਵਾਪਿਸ ਪੰਜਾਬ ਤਾਏ ਦਾ ਹਾਲ ਪੁੱਛਣ ਲਈ ਪਹੁੰਚ ਜਾਂਦਾ ਹੈ।

ਇਹ ਕਹਾਣੀ ਸਰਲ ਬਿਰਤਾਂਤ ਮਾਡਲ ਵਾਲੀ ਹੈ। ਕਹਾਣੀ ਦੀ ਵਿਸ਼ੇਸ਼ਤਾ ਇਹ ਹੈ ਕਿ ਇਹ ਕਹਾਣੀ ਸਾਡੇ ਸਮਾਜ ਤੇ ਵਿਅੰਗ ਕਸਦੀ ਹੈ। ਕਹਾਣੀ ਵਿਚ ਬਹੁਤ ਕੁਝ ਅਣਕਿਹਾ ਛੱਡੇ ਜਾਣ ਤੇ ਵੀ ਕਹਾਣੀ ਵਿਚ ਰੌਚਿਕਤਾ ਬਣੀ ਰਹਿੰਦੀ ਹੈ। ਰਿਸ਼ਤਿਆਂ ਵਿਚ ਗਿਰਾਵਟ ਦਾ ਗਰਾਫ਼, ਮਨੁੱਖੀ ਰਿਸ਼ਤਿਆਂ ਦੇ ਬਦਲਦੇ ਪ੍ਰਤਿਮਾਨ, ਸਮਾਜਿਕ ਹਾਲਾਤ ਤੇ ਅੱਤਵਾਦ ਅਤੇ ਪੁਲਿਸ ਦਾ ਰਵੱਈਆ ਆਦਿ ਵਿਸ਼ੇ ਕਹਾਣੀ ਵਿਚ ਪੇਸ਼ ਹੋਏ ਹਨ। ਕਹਾਣੀ ਦਾ ਅੰਤ ਦੁਖਾਂਤ ਬੋਧਕ ਹੈ।

ਕਹਾਣੀਕਾਰ ਦਾ ਤਾਏ ਪੰਜਾਬ ਸਿੰਘ ਨਾਲ ਹਮਦਰਦੀ ਵਾਲਾ ਵਤੀਰਾ ਹਮੇਸ਼ਾਂ ਹੀ ਰਹਿੰਦਾ ਹੈ। ਕਹਾਣੀਕਾਰ ਨੇ ਕਹਾਣੀ ਦੇ ਅੰਤ ਵਿਚ ਤਾਇਆ ਪੰਜਾਬ ਸਿੰਘ ਦੀ ਮਨੋਅਵਸਥਾ ਦਾ ਚਿਤਰਣ ਭਾਵਪੂਰਤ ਸ਼ਬਦਾਂ ਵਿਚ ਕੀਤਾ ਹੈ : ਪੰਜਾਬ ਸਿੰਘ ਦੇ ਸਰੀਰ ਤੇ ਜ਼ਖ਼ਮਾਂ ਦੇ ਨਿਸ਼ਾਨ ਸਨ, ਜਿਨ੍ਹਾਂ 'ਚੋ ਅਜੇ ਵੀ ਖ਼ੂਨ ਸਿੰਮਦਾ ਪਿਆ ਸੀ। ਤਾਏ ਨੂੰ ਦੇਖ ਕੇ ਮੇਰੀ ਚੀਕ ਨਿਕਲ ਗਈ ਤੇ ਭੱਜ ਕੇ ਉਹਨੂੰ ਜੱਫ਼ੀ ਪਾ ਲਈ। ਤਾਇਆ, ਤੇਰਾ ਇਹ ਹਾਲ ਕਿਸ ਨੇ ਕੀਤੇ ?" ਮੈਂ ਉਸ ਦੇ ਜ਼ਖ਼ਮਾਂ ਵੱਲ ਇਸ਼ਾਰਾ ਕਰਦਿਆਂ ਪੁੱਛਿਆ।[9]

(ਬਾਕੀ ਪੰਨਾ 120 'ਤੇ)

# ਦਲਿਤ ਮਿੱਥ ਰੁਪਾਂਤਰਣ ਦਾ ਚਿਹਨ-ਪ੍ਰਬੰਧ 'ਦੋ ਦੂਣੀ ਸੱਤ'

**-ਮਨਵੀਰ ਕੌਰ***

ਜਗਰੂਪ ਸਿੱਘ ਦਾਤੇਵਾਸ ਭਾਵੇਂ ਕਾਫ਼ੀ ਸਮਾਂ ਮਿੰਨੀ ਕਹਾਣੀ ਨਾਲ ਜੁੜਿਆ ਰਿਹਾ ਪਰ 'ਅੰਟੀ ਨੇ ਠੀਕ ਕਿਹਾ ਸੀ' ਵਰਗੀਆਂ ਕਹਾਣੀਆਂ ਨਾਲ ਉਹ 'ਨਿੱਕੀ ਕਹਾਣੀ' ਦੇ ਖੇਤਰ ਵਿਚ ਵੀ ਜਾਣਿਆ ਜਾਣ ਲੱਗਾ। ਉਸ ਦੀਆਂ ਕਹਾਣੀਆਂ ਲਹਿੰਦੇ ਪੰਜਾਬ ਵਿੱਚ ਵੀ ਛਪੀਆਂ। ਮਲਵਈ ਰੰਗਤ ਤੇ ਸਮਾਜਿਕ ਕੁਹਜ ਨੂੰ ਨਸ਼ਰ ਕਰਦੇ ਨਿਵੇਕਲੇ ਵਿਸ਼ੇ ਉਸ ਦੀਆਂ ਕਹਾਣੀਆਂ ਦੇ ਵਿਸ਼ੇਸ਼ ਪਛਾਣ ਚਿੰਨ੍ਹ ਹਨ। ਉਸਦੀ ਕਹਾਣੀ 'ਦੋ ਦੂਣੀ ਸੱਤ' ਦਲਿਤ ਕਹਾਣੀ ਵਜੋਂ ਜਾਣੀ ਜਾਂਦੀ ਹੈ ਜੋ ਦਾਤੇਵਾਸ ਦੀ ਰਚਨਾ ਦ੍ਰਿਸ਼ਟੀ ਬਾਰੇ ਕਾਫ਼ੀ-ਕੁਝ ਧਿਆਨਗੋਚਰੇ ਕਰਦੀ ਹੈ।

'ਦੋ-ਦੂਣੀ ਸੱਤ' ਕਹਾਣੀ ਦਾ ਚਿਹਨ-ਪ੍ਰਬੰਧ ਦਲਿਤ ਕਹਾਣੀ ਦਾ ਅਗਲੇਰਾ ਆਯਾਮ ਸਿਰਜਦਾ ਹੈ। ਮੁੱਢਲੀ ਦਲਿਤ ਕਹਾਣੀ ਜ਼ਿਆਦਤਰ ਦਲਿਤ ਚਿਤਰਨ ਨਾਲ ਜੁੜੀ ਹੋਈ ਸੀ ਜਿਸ ਵਿਚ ਦਲਿਤ ਸਥਿਤੀਆਂ ਦਾ ਸਾਹਿਤਕ ਤੇ ਕਲਾਤਮਕ ਸੰਵੇਦਨਾਮਈ ਪ੍ਰਗਟਾਵਾ ਸੀ। 1990 ਤੋਂ ਬਾਅਦ ਦੇ ਵਿਸ਼ਵੀਕਰਨ ਪ੍ਰਭਾਵਿਤ ਦੌਰ ਵਿਚ ਦਲਿਤ ਕਹਾਣੀ ਚਿਤਰਨ ਤੋਂ ਚੇਤਨਾ ਵੱਲ ਅਗਰਸਰ ਹੁੰਦੀ ਹੈ। ਇਸ ਦੌਰ ਦੀ ਕਹਾਣੀ ਸਥਾਪਤ ਮਿੱਥਾਂ ਦੀ ਭੰਨ-ਤੋੜ ਕਰਦਿਆਂ ਰੁਪਾਂਤਰਨ ਤੇ ਦਲਿਤ ਦ੍ਰਿਸ਼ਟੀ ਤੋਂ ਨਵੀਆਂ ਮਿੱਥਾਂ ਸਿਰਜਣ ਦਾ ਆਹਰ ਜਟਾਉਂਦੀ ਹੈ। ਇਹਨਾਂ ਪਰਸਥਿਤੀਆਂ ਵਿੱਚ 1998 ਵਿੱਚ 'ਬੰਜਰ' ਕਹਾਣੀ ਸੰਗ੍ਰਹਿ ਵਿੱਚ ਛਪੀ ਜਗਰੂਪ ਸਿੰਘ ਦਾਤੇਵਾਸ ਦੀ ਹਥਲੀ ਕਹਾਣੀ ਦਾ ਸਿਰਜਣਾਤਮਕ ਪਰਿਵਹਿਣ ਦੇਖੀਏ ਤਾਂ ਇੱਕ ਵੱਖਰੀ ਗੱਲ ਇਹ ਸਾਹਮਣੇ ਆਉਂਦੀ ਹੈ ਕਿ ਇਸ ਕਹਾਣੀ ਦੇ ਚਿਹਨ ਦਲਿਤ ਦ੍ਰਿਸ਼ਟੀ ਦੇ ਪ੍ਰਮੁੱਖ ਚਿਹਨਾਂ ਦਾ ਭੰਜਨ ਕਰਦਿਆਂ ਅਜਿਹੇ ਚਿਹਨਿਤਾਂ ਨਾਲ ਜੁੜਦੇ ਹਨ ਜੋ ਦਲਿਤ ਦੀ ਜਾਤ ਆਧਾਰਿਤ ਸੰਕੀਰਣ ਤੇ ਸੰਕੁਚਿਤ ਪਰਿਭਾਸ਼ਾ ਨੂੰ ਨਕਾਰਦੇ ਹਨ। ਕਹਾਣੀ ਦੇ ਚਿਹਨ ਨੀਵੀਂ ਜਾਤ ਦੇ ਅਰਥਾਂ ਵਿੱਚ ਦੱਬੇ-ਕੁਚਲੇ ਰੂਪ ਵਿਚ ਪਛਾਣੇ ਗਏ ਦਲਿਤ ਮਨੁੱਖ ਨੂੰ ਆਰਥਿਕ ਤੌਰ ਤੇ ਕਰੜੇ ਤੇ ਸਮਾਜਿਕ ਆਰਥਿਕ ਸੰਕਟਾਂ ਨਾਲ ਸੰਘਰਸ਼ਸ਼ੀਲ ਉਚੀ ਜਾਤੀ ਦੇ ਮਨੁੱਖ ਦੇ ਸਨਮੁੱਖ ਖੜ੍ਹਾ ਕਰਕੇ ਦਲਿਤ ਦੀ ਪਰਿਭਾਸ਼ਾ ਨੂੰ ਵਸੀਹ ਘੇਰਾ ਦੇਣ ਦੀ ਅਪੀਲ ਕਰਦੇ ਹਨ।

ਬ੍ਰਾਹਮਣ ➞ ਉੱਚੀ ਜਾਤੀ ਗੌਰਵ ਮਈ ਅਵਚੇਤਨ ➞ ਕਰਮਕਾਂਡ ➞ ਸੋਸ਼ਕ ਤੇ ਭੰਜਕ

ਬ੍ਰਾਹਮਣ ➞ ਆਰਥਿਕ/ਸਮਾਜਿਕ ਸੰਕਟ ਸਾਹਮਣੇ ਜਾਤੀ ਗੌਰਵ ਅਵਚੇਤਨ ਦਾ ਖੰਡਿਤ ਰੂਪ ➞ ਕਿੱਤਾ ਮੁਖੀ ਚੇਤਨਾ ➞ ਤੇ ਖੰਡਿਤ

'ਬ੍ਰਾਹਮਣ' ਦੋ ਦੂਣੀ ਸੱਤ ਕਹਾਣੀ ਦਾ ਪ੍ਰਮੁੱਖ ਚਿਹਨ ਹੈ। ਦਲਿਤ ਕਹਾਣੀ ਵਿੱਚ ਬ੍ਰਾਹਮਣ ਮੁੱਖ ਤੌਰ ਤੇ ਸੋਸ਼ਿਤ ਤਹਿਤ ਅਜਿਹਾ ਮਿੱਥ ਭੰਡਾਰ ਸਿਰਜਿਆ ਜਿਸ ਕਾਰਨ ਇੱਕ ਵੱਡਾ ਜਨਸਮੂਹ ਮਨੁੱਖੀ ਅਧਿਕਾਰਾਂ ਤੋਂ ਵਾਂਝਾ ਕਰਕੇ ਗੁਲਾਮ ਬਣਾ ਲਿਆ ਗਿਆ। ਇਹ ਗੁਲਾਮੀ ਸਮਾਜਿਕ, ਮਾਨਸਿਕ, ਆਰਥਿਕ, ਸੱਭਿਆਚਾਰਕ, ਧਾਰਮਿਕ ਮਿੱਥਾਂ ਤੇ ਰਹੁ-ਰੀਤਾਂ

*ਖੋਜਾਰਥੀ, ਪੰਜਾਬੀ ਯੂਨੀਵਰਸਿਟੀ, ਪਟਿਆਲਾ।

ਰਾਹੀਂ ਕੁਦਰਤੀ ਤੇ ਅਟੱਲ ਅਖੰਡ ਰੂਪ ਵਿੱਚ ਸਥਾਪਿਤ ਕਰਦਿਆਂ ਅਖੌਤੀ ਨੀਵੀਂ ਜਾਤ ਵਿਚ ਜਨਮੇ ਲੋਕਾਂ ਉਪਰ ਸਦੀਆਂ ਤੱਕ ਥੋਪੀ ਜਾਂਦੀ ਰਹੀ। ਵੇਦ ਇਸ ਮਿੱਥ ਸਿਰਜਣਾ ਦੇ ਪ੍ਰਮੁੱਖ ਵਾਹਕ ਰਹੇ ਤੇ ਵੇਦਾਂ ਦੇ ਸਿਰਜਕ ਤੇ ਪ੍ਰਚਾਰਕ ਹੋਣ ਕਾਰਨ ਬ੍ਰਾਹਮਣ ਇਸ ਸਾਜਿਸ਼ੀ ਸੰਗਠਨ ਦੇ ਕਰਤਾ-ਧਰਤਾ ਦੇ ਰੂਪ ਵਿਚ ਸੋਸ਼ਕ ਮੰਨੇ ਗਏ। ਸਦੀਆਂ ਬਾਅਦ ਵੀ ਪੰਜਾਬੀ ਦਲਿਤ ਕਹਾਣੀ ਦੀ ਰਚਨਾ ਦ੍ਰਿਸ਼ਟੀ ਵਿਚ ਇਹ ਵਰਗ ਸੋਸ਼ਕ ਦਾ ਚਿਹਨ ਹੀ ਰਿਹਾ। ਦਾਤੇਵਾਸ ਨੇ ਇਸ ਕਹਾਣੀ ਵਿਚ ਬ੍ਰਾਹਮਣ ਨੂੰ ਸੋਸ਼ਿਤ ਦੇ ਚਿਹਨ ਵਜੋਂ ਸਿਰਜਿਆ ਹੈ। ਕਹਾਣੀ ਦਾ ਪਾਤਰ ਸਕੂਲ ਮਾਸਟਰ ਬ੍ਰਾਹਮਣ ਸਮਾਜਿਕ/ਆਰਥਿਕ ਸੰਕਟਾਂ ਵਿਚ ਦਰੜਿਆ ਹੋਇਆ ਹੈ। ਪਿੰਡ ਵਾਲਿਆਂ ਦੀ ਤਨਜ ਤੇ ਵਿਅੰਗ ਦਾ ਸ਼ਿਕਾਰ ਹੈ। ਆਰਥਿਕ ਮੰਦਹਾਲੀ ਕਾਰਨ ਉਸਦੀ ਧੀ ਵੱਡੀ ਉਮਰ ਤੱਕ ਅਣਵਿਆਹੀ ਬੈਠੀ ਹੈ ਜਿਸਦੀ ਇੱਜ਼ਤ ਦੀ ਰਾਖੀ ਉਸਦੀ ਘਰਵਾਲੀ ਲਈ ਸਵਾਲ ਬਣੀ ਹੋਈ ਹੈ। ਜਨਰਲ ਕੈਟਾਗਰੀ ਕਾਰਨ ਉਸਦੇ ਪੜ੍ਹੇ-ਲਿਖੇ ਪੁੱਤਰ ਨੂੰ ਨੌਕਰੀ ਨਹੀਂ ਮਿਲਦੀ ਤੇ ਉਹ ਨਿਗੂਣੀ ਤਨਖਾਹ 'ਤੇ ਸ਼ਹਿਰ ਵਿਚ ਰੁਲ ਰਿਹਾ ਹੈ। ਕਹਾਣੀ ਦਾ ਇਹ ਪਾਤਰ ਨਿਗੂਣੀਆਂ ਸਥਿਤੀਆਂ ਵਿਚ ਖੰਡਿਤ ਆਪਾ ਹੰਢਾਅ ਰਿਹਾ ਹੈ। ਉਸਦਾ ਗਧੇ ਨੂੰ ਬਾਪੂ ਕਹਿਣਾ, ਇੱਧਰ-ਉੱਧਰ ਭੱਜਿਆ ਫਿਰਨਾ ਅੰਤ ਵਿਚ ਗਲੀ ਵਿੱਚ ਡਿੱਗ ਕੇ ਮਰ ਜਾਣਾ, ਉਸਦੀ ਮੌਤ 'ਤੇ ਕੀੜੋ ਮਜ਼੍ਹਬਣ ਦਾ ਉਸਨੂੰ 'ਮਰ ਗਿਆ ਕੁੱਤਾ' ਕਹਿਣਾ ਚਿਹਨ ਬ੍ਰਾਹਮਣ ਪਾਤਰ ਨੂੰ ਸੋਸ਼ਿਤ ਧਿਰ ਦੇ ਪਾਤਰ ਵਜੋਂ ਸਿਰਜਦੇ ਹਨ ਤੇ ਬ੍ਰਾਹਮਣ ਤੋ ਸੋਸ਼ਕ ਹੋਣ ਦੀ ਮਿੱਥ ਦਾ ਭੰਜਨ ਕਰਦੇ ਹਨ। ਇੱਥੇ ਬ੍ਰਾਹਮਣ ਪਾਤਰ ਉਸੇ ਆਰਥਿਕ, ਸਮਾਜਿਕ, ਸਿਆਸੀ ਖੰਡਿਤ, ਦਮਿਤ ਦਰੜੀ ਅਵਸਥਾ ਦਾ ਲਖਾਇਕ ਹੈ ਜਿਸ ਵਿਚ ਦਲਿਤ ਹੋਂਦ ਨੂੰ ਪਰਿਭਾਸ਼ਿਤ ਕੀਤਾ ਜਾਂਦਾ ਹੈ। ਕਿਧਰੇ ਵੀ ਉਸ ਅੰਦਰ ਜਾਤੀ ਗੌਰਵ ਦੀ ਚੇਤਨਾ ਨਜ਼ਰ ਨਹੀਂ ਆਉਂਦੀ। ਉਹ ਤਾਂ ਖੁਦ ਸਥਿਤੀਆਂ ਤੋਂ ਭੱਜ ਰਿਹਾ ਹੈ ਤੇ ਸਥਿਤੀਆਂ ਉਸਨੂੰ ਨਕਾਰ ਰਹੀਆਂ ਹਨ।

> "ਮਾਸਟਰ ਜੀ ਦਾ ਦੇਣਾ ਮੈਂ ਕਦੇ ਵੀ ਨਹੀਂ ਦੇ ਸਕਦਾ ਚਾਚੀ। ਮੈਂ ਸੋਚਿਆ ਵੀ ਨ੍ਹੀ ਸੀ ਕਿ ਮੈਂ ਦਸਵੀਂ ਕਰ ਜਾਵਾਂਗਾ। ਜਦੋਂ ਦੂਜੇ ਸਾਲ ਵੀ ਮੈਂ ਪਾਸ ਨਾ ਹੋਇਆ ਤਾਂ ਸੋਚਿਆ ਕਿ ਹੁਣ ਜੱਟਾਂ ਦੇ ਸੀਰ ਕਰਨ ਤੋਂ ਬਿਨਾਂ ਕੋਈ ਚਾਰਾ ਨਹੀਂ। ਇਹ ਮਾਸਟਰ ਜੀ ਸਨ ਜੋ ਮੇਰਾ ਕੰਨ ਫੜਕੇ ਸਕੂਲ ਲੈ ਆਏ ਤੇ ਮੈਨੂੰ ਹੌਸਲਾ ਦਿੱਤਾ ਉਨ੍ਹਾਂ ਬਦੌਲਤ ਮੈਂ ਇਥੋਂ ਤੱਕ ਪਹੁੰਚ ਗਿਆਂ ਚਾਚੀ।"[1]

ਕਹਾਣੀ ਦਾ ਦਲਿਤ ਪਾਤਰ ਬ੍ਰਾਹਮਣ ਮਾਸਟਰ ਦੀ ਸਹਾਇਤਾ ਨਾਲ ਸਫ਼ਲ ਹੁੰਦਾ ਹੈ ਤੇ ਸੀਰ ਦੀ ਗ਼ੁਲਾਮੀ ਤੋਂ ਬਚਦਾ ਹੈ। ਮਾਸਟਰ ਆਪਣੇ ਕਿੱਤੇ ਪ੍ਰਤੀ ਸੁਹਿਰਦ ਹੈ। ਉਸਦੇ ਕਾਰ-ਵਿਹਾਰ ਵਿਚ ਕਿਧਰੇ ਵੀ ਕਰਮ-ਕਾਂਡ ਨਹੀਂ ਹਨ। ਉਹ ਸੁਹਿਰਦ ਅਧਿਆਪਕ ਵੱਜੋਂ ਵਿਚਰਦਾ ਹੈ। ਮਾਸਟਰ ਦਾ ਅਜਿਹੇ ਪਾਤਰ ਵਜੋਂ ਚਿਤਰਨ ਬ੍ਰਾਹਮਣ ਦੇ ਕਰਮ ਕਾਂਡੀ ਵਜੂਦ ਦੀ ਮਿੱਥ ਦਾ ਭੰਜਨ ਕਰਦਾ ਚਿਹਨ ਹੈ।

> "ਪਿੰਡ ਦੀ ਬਾਹਰਲੀ ਢਾਣੀ ਤੇ ਖੜ੍ਹਕੇ ਕਿੰਨਾ ਚਿਰ ਉਹ ਆਪਣੀ ਸੂਰਤ ਪਾਣੀ 'ਚੋਂ ਤੱਕਦਾ ਰਿਹਾ। ਫਿਰ ਉਸਨੇ ਦੋ ਡਲੇ ਚੁੱਕ ਕੇ ਪਾਣੀ 'ਚ ਆਪਣੇ ਅਕਸ ਤੇ ਟਿਕਾਅ ਮਾਰੇ ਜਿਵੇਂ ਉਸਦੀ ਆਪਣੀ ਸ਼ਕਲ ਨਾ ਹੋ ਕੇ ਕਿਸੇ ਵੈਰੀ ਦੀ ਹੋਵੇ।"[2]

ਬ੍ਰਾਹਮਣ ਮਾਸਟਰ ਦਾ ਪਾਣੀ ਵਿਚ ਅਕਸ ਨੂੰ ਪੱਥਰ ਮਾਰਨਾ 'ਬ੍ਰਾਹਮਣਵਾਦ' ਦੀ ਸਥਾਪਿਤ ਮਿੱਥ ਨੂੰ ਭੰਨ੍ਹਣ-ਘੜਣ ਦਾ ਚਿਹਨ ਹੈ। ਬ੍ਰਾਹਮਣ ਦੇ ਆਰਥਿਕ-ਸਮਾਜਿਕ ਸੰਕਟ ਦਾ ਆਧਾਰ

ਕਹਾਣੀਕਾਰ ਉਸੇ ਤਰ੍ਹਾਂ ਬ੍ਰਾਹਮਣੀ ਹੋਂਦ ਵਿੱਚੋਂ ਘੜਦਾ ਹੈ ਜਿਵੇਂ ਦਲਿਤ ਸੰਕਟ ਦਲਿਤ ਹੋਂਦ ਵਿਚੋਂ ਘੜਿਆ ਜਾਂਦਾ ਹੈ। ਉਹ ਪਿੰਡ ਦੇ ਲੋਕਾਂ ਦੇ ਵਿਅੰਗ ਦਾ ਸ਼ਿਕਾਰ ਬ੍ਰਾਹਮਣ ਹੋਣ ਕਾਰਨ ਬਣਦਾ ਹੈ। ਉਸਦੇ ਮੁੰਡੇ ਨੂੰ ਨੌਕਰੀ ਜਨਰਲ ਹੋਣ ਕਾਰਨ ਨਹੀਂ ਮਿਲਦੀ। ਆਪਣੇ ਅਕਸ ਨੂੰ ਰੋੜਾ ਮਾਰਕੇ ਬ੍ਰਾਹਮਣ ਪਾਤਰ ਆਪਣੀ ਬ੍ਰਾਹਮਣੀ ਹੋਂਦ ਨੂੰ ਨਕਾਰਦਾ ਹੈ ਜੋ ਉਸਦੇ ਸੰਕਟ ਦਾ ਕਾਰਨ ਬਣਦੀ ਹੈ। ਜਦਕਿ ਬਦਲੀਆਂ ਸਥਿਤੀਆਂ ਵਿਚ ਦਲਿਤ ਪਾਤਰ ਜੋ ਅਖੌਤੀ ਨੀਵੀਂ ਜਾਤ ਨਾਲ ਜੁੜੇ ਹੋਣ ਨਾਲ ਚੇਤਨ ਤੇ ਅਵਚੇਤਨੀ ਹੀਣਤਾ ਤੋਂ ਮੁਕਤ ਹਨ। ਉਹ ਸੋਸ਼ਕ ਤਾਂ ਭਾਵੇਂ ਨਹੀਂ ਹਨ ਪਰ ਉਪਰ ਉਹ ਸਮਾਜਿਕ/ਆਰਥਿਕ ਤੌਰ ਤੇ ਬ੍ਰਾਹਮਣ ਤੋਂ ਵੱਖਰੀ ਸਥਿਤੀ ਦੇ ਲਖਾਇਕ ਹਨ। ਕਹਾਣੀਕਾਰ ਦਾ ਦੋ ਤਰ੍ਹਾਂ ਦੇ ਪਾਤਰ ਸਿਰਜਣਾ ਤੇ ਉਨ੍ਹਾਂ ਦਾ ਦਵੰਦਮਈ ਮਕਾਨਕੀ ਵਿਹਾਰ ਭਾਰਤੀ ਸਮਾਜ ਦੇ ਜਾਤੀਵਾਦੀ ਸਰੂਪ ਦਾ ਚਿਹਨ ਹੈ ਪਰੰਤੂ ਇਸ ਵਿਚ ਸੋਸ਼ਕ ਵਜੋਂ ਘੜਿਆ ਤੇ ਸਥਾਪਿਤ ਕੀਤਾ ਗਿਆ ਬ੍ਰਾਹਮਣ ਸੋਸ਼ਿਤ ਧਿਰ ਨਾਲ ਖੜ੍ਹਾ ਹੈ। ਆਰਥਿਕ/ ਸਮਾਜਿਕ ਤੌਰ 'ਤੇ ਨਿਘਰਿਆ ਹੋ ਕੇ ਵੀ ਨੀਵੀਂ ਜਾਤ ਦੇ ਪਾਤਰ ਉਸਨੂੰ ਆਪਣੀ ਧਿਰ ਵਿਚ ਸ਼ਾਮਲ ਨਹੀਂ ਕਰਦੇ ਸਗੋਂ ਬ੍ਰਾਹਮਣ ਕਹਿ ਕੇ ਉਸਦੀ ਹੋਂਦ ਤੋਂ ਵਿੱਥ ਸਿਰਜਦੇ ਹਨ।

"ਬਾਪੂ ਹੋਊਗਾ ਬ੍ਰਾਹਮਣ ਤੇਰਾ ਸਾਡਾ ਕੀ ਸਾਲਾ ਲੱਗਦਾ।"

ਦਲਿਤ ਪਾਤਰਾਂ ਦਾ ਨਹਿਰੂ ਤੇ ਗਾਂਧੀ ਨੂੰ ਆਪਣੇ ਆਗੂ ਨਾ ਸਮਝਣਾ ਭਾਰਤੀ ਸਮਾਜ ਦੇ ਜਾਤੀਵਾਦੀ ਸਰੂਪ ਦਾ ਚਿਹਨੀਕਰਨ ਹੈ। ਕਹਾਣੀ ਦਾ ਚਿਹਨ ਪ੍ਰਬੰਧ ਅਸਲ ਵਿੱਚ ਮਿੱਥ ਭੰਜਨ ਰਾਹੀਂ ਭਾਰਤੀ ਸਮਾਜ ਦੇ ਜਾਤੀ ਆਧਾਰਿਤ ਸਰੂਪ ਨੂੰ ਨਕਾਰਦਾ ਹੈ। ਜੇਤਰ ਦਲਿਤ ਨੂੰ ਜਾਤ ਦੇ ਆਧਾਰ 'ਤੇ ਪਛਾਣ ਦਿੰਦਿਆ ਲੜਿਆ ਜਾਵੇਗਾ ਤਾਂ ਭਾਰਤੀ ਸਮਾਜ ਦਾ ਜਾਤੀਵਾਦੀ। ਸਮਾਜਿਕ ਵਰਜਨਾਵਾਂ ਤੇ ਵੱਖਵਾਦੀ ਸੰਸਕਾਰ ਉਸੇ ਤਰ੍ਹਾਂ ਕਾਇਮ ਰਹਿਣਗੇ ਤੇ ਇਸੇ ਆਧਾਰ ਤੇ ਕਿਸੇ ਨਾ ਕਿਸੇ ਰੂਪ ਵਿਚ ਮਨੁੱਖਤਾ ਪਿਸਦੀ ਤੇ ਸੋਸ਼ਿਤ ਹੁੰਦੀ ਰਹੇਗੀ। ਸੋਸ਼ਣ ਦੇ ਖਾਤਮੇ ਤੇ ਗੁਲਾਮੀ ਦੇ ਅੰਤ ਲਈ ਦਲਿਤ ਕੌਣ ਹੈ ਇਹ ਸਹੀ ਰੂਪ ਵਿਚ ਪਛਾਣਨਾ ਹੋਵੇਗਾ ਤੇ ਵਰਗ ਚੇਤਨਾ ਤਹਿਤ ਸਮਾਜਿਕ ਢਾਂਚੇ ਨੂੰ ਤਬਦੀਲ ਕਰਨਾ ਪਵੇਗਾ। ਸੰਕੀਰਨ ਮਾਪਦੰਡ ਸਮਾਜਿਕ ਵਰਗਵੰਡ ਨੂੰ ਹੋਰ ਵੀ ਪਕੇਰਾ ਕਰ ਦੇਣਗੇ।

***

---

(ਪੰਨਾ 117 ਦੀ ਬਾਕੀ)

## ਹਵਾਲੇ ਅਤੇ ਟਿੱਪਣੀਆਂ

1. ਡਾ. ਸਵਿੰਦਰ ਸਿੰਘ ਉੱਪਲ, **ਪੰਜਾਬੀ ਕਹਾਣੀ ਸਰੂਪ, ਸਿਧਾਂਤ ਤੇ ਵਿਕਾਸ**, ਪੰਨਾ 17.
2. ਦਰਸ਼ਨ ਸਿੰਘ ਗੋਪਾਲਪੁਰੀ (ਸੰਪਾ.), **ਬੰਜਰ, ਜਗਰੂਪ ਸਿੰਘ ਦਾਤੇਵਾਸ**, ਪੰਨਾ 97.
3. ਉਹੀ.
4. ਡਾ. ਸਵਿੰਦਰ ਸਿੰਘ ਉੱਪਲ, **ਪੰਜਾਬੀ ਕਹਾਣੀ ਸਰੂਪ, ਸਿਧਾਂਤ ਤੇ ਵਿਕਾਸ**, ਪੰਨਾ 79.
5. ਦਰਸ਼ਨ ਸਿੰਘ ਗੋਪਾਲਪੁਰੀ (ਸੰਪਾ.), **ਬੰਜਰ, ਜਗਰੂਪ ਸਿੰਘ ਦਾਤੇਵਾਸ**, ਪੰਨਾ 96.
6. ਉਹੀ, ਪੰਨਾ 98.
7. ਉਹੀ, ਪੰਨਾ 97.
8. ਉਹੀ.
9. ਉਹੀ, ਪੰਨਾ 98.


ਜਗਰੂਪ ਸਿੰਘ ਦਾਤੇਵਾਸ
ਦੀਆਂ ਕਹਾਣੀਆਂ ਦੀ ਪੁਸਤਕ


# ਤਿਕੋਨ

ਸੰਪਾਦਕ
**ਦਰਸ਼ਨ ਸਿੰਘ ਗੋਪਾਲਪੁਰੀ**

ਪ੍ਰਕਾਸ਼ਕ
**ਸੰਗਮ ਪਬਲੀਕੇਸ਼ਨਜ਼, ਸਮਾਣਾ**

ਜਿੰਦਰ ਮਾਲਕ ਤੇ ਪ੍ਰਕਾਸ਼ਕ ਨੇ ਬ੍ਰਾਈਟ ਪ੍ਰਿੰਟਿੰਗ ਪ੍ਰੈਸ, ਜਲੰਧਰ ਤੋਂ ਛਪਵਾ ਕੇ 984, ਮਾਡਲ ਹਾਊਸ, ਜਲੰਧਰ ਤੋਂ ਜਾਰੀ ਕੀਤਾ। ਮਿਤੀ ਅਕਤੂਬਰ 01, 2020





ਜਗਰੂਪ ਸਿੰਘ ਦਾਤੇਵਾਸ ਆਪਣੀ ਵੱਡੀ ਬੇਟੀ ਪੁਨੀਤ ਸਿੰਘ
ਤੇ ਛੋਟੀ ਬੇਟੀ ਸੁਮੀਤ ਸਿੰਘ ਦੇ ਨਾਲ